ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚੋ

# ਜ਼ਫ਼ਰਨਾਮਹ ਪਾ: 10

ਸਟੀਕ



ਟੀਕਾਕਾਰ: ਪੰਡਤ ਨਰੈਣ ਸਿੰਘ ਜੀ ਗਿਆਨੀ
ਵਿਦਿਆ ਮਾਰਤੰਡ ਮੁਜੰਗ ਨਿਵਾਸੀ ਲਾਹੌਰ

Sri Satguru Jagjit Singh Ji eLibrary NamdhariElibrary@gmail.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

# ਜ਼ਫਰਨਾਮਹ ਪਾ: ੧੦

## ਸਟੀਕ

ਟੀਕਾਕਾਰ—


**ਪੰਡਿਤ ਨਰੈਣ ਸਿੰਘ ਜੀ ਗਿਆਨੀ**

ਵਿਦਯਾ ਮਾਰਤੰਡ, ਮੁਜੰਗ (ਲਾਹੌਰ ਨਿਵਾਸੀ)



ਪ੍ਰਕਾਸ਼ਕ—

**ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:**



Sri Satguru Jagjit Singh Ji eLibrary NamdhariElibrary@gmail.com

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਭੇਟਾ : 130-00

ਪ੍ਰਕਾਸ਼ਕ -

**ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ :**

ਜਲ੍ਹਿਆਂ ਵਾਲਾ ਬਾਗ , ਅੰਮ੍ਰਿਤਸਰ ।

Publisher:

**B.Jawahar Singh Kirpal Singh & Co.**

Jallianwala Bagh , Amritsar -143006.

Website : www.jsks.co.in Email: contact@jsks.co.in

Phone/Fax : 0183-2545421

# ਬੇਨਤੀ

ਕੋਈ ਚਾਰ ਕੁ ਵਰ੍ਹੇ ਹੋਏ ਹਨ, ਤਾਂ ਸ਼੍ਰੋਮਣੀ ਕਮੇਟੀ ਵਲੋਂ ਐਲਾਨ ਛਪਿਆ ਸੀ, ਕਿ ਸ੍ਰੀ ਦਸਮ ਗ੍ਰੰਥ ਜੀ ਦਾ ਕੋਸ਼ ਲਿਖਣ ਵਾਲੇ ਨੂੰ ਕਮੇਟੀ ਵਲੋਂ ਪੰਜ ਸੌ ਰੁਪਏ ਇਨਾਮ ਦਿੱਤਾ ਜਾਵੇਗਾ। ਉਸ ਵੇਲੇ ਮੇਰੇ ਕਈ ਇਕ ਸੱਜਣਾਂ ਨੇ ਮੈਨੂੰ ਪ੍ਰੇਰਣਾ ਕੀਤੀ ਕਿ ਇਸ ਕੰਮ ਨੂੰ ਤੂੰ ਪੂਰਾ ਕਰ। ਉਹਨਾਂ ਮਿੱਤਰਾਂ ਦੀ ਪ੍ਰੇਰਣਾ ਨਾਲ ਮੈਂ ਦਸਮ ਗ੍ਰੰਥ ਦਾ ਪਾਠ ਕਰਨਾ ਅਰੰਭ ਕਰ ਦਿਤਾ ਅਤੇ ਸ਼ਬਦ ਲਿਖਣੇ ਸ਼ੁਰੂ ਕਰ ਦਿਤੇ। ਜਦ ਕੋਈ ਪੰਦਰਾਂ ਪਾਠ ਕਰ ਲਏ, ਅਤੇ ਏਨੇ ਸਮੇਂ ਵਿਚ ਤਕਰੀਬਨ-ਤਕਰੀਬਨ ਸਾਰੇ ਸ਼ਬਦ ਸੰਗ੍ਰਹਿ ਕਰ ਲਏ, ਜਿਨ੍ਹਾਂ ਦਾ ਕੋਸ਼ ਵਿਚ ਵਰਨਣ ਕਰਨਾ ਮੈਨੂੰ ਜ਼ਰੂਰੀ ਭਾਸਿਆ। ਤਾਂ ਇਕ ਦਿਨ ਮੇਰੀ ਨਿਗਾਹ ਵਿਚ ਕਈ ਇਕ ਅਜਿਹੇ ਛੰਦ ਆਏ, ਜਿਨ੍ਹਾਂ ਦਾ ਪੂਰਾ-ਪੂਰਾ ਅਰਥ ਕੀਤੇ ਤੋਂ ਬਿਨਾਂ ਕੁਝ ਭੇਦ ਪਤਾ ਨਹੀਂ ਲਗ ਸਕਦਾ ਸੀ। ਉਂਞ ਤਾਂ ਸਾਰੇ ਛੰਦ ਵਿਚ ਕੋਈ ਔਖਾ ਪਦ ਮਲੂਮ ਨਹੀਂ ਹੁੰਦਾ ਸੀ, ਪਰ ਛੰਦ ਬਣ ਕੇ ਅਰਥ ਔਖਾ ਹੋ ਚੁਕਾ ਹੋਇਆ ਸੀ। ਸ਼ਸਤਰ ਨਾਮ ਮਾਲਾ ਪੁਰਾਣ ਵਿਚ ਅਕਸਰ ਇਸੇ ਤਰ੍ਹਾਂ ਦੇ ਹੀ ਛੰਦ ਹਨ। ਉਸ ਵਕਤ ਫੁਰਨਾ ਹੋਇਆ ਕਿ ਕੋਸ਼ ਲਿਖਣ ਦੀ ਬਜਾਏ ਜੇਕਰ ਸਾਰੇ ਸ੍ਰੀ ਦਸਮ ਗ੍ਰੰਥ ਜੀ ਦਾ ਟੀਕਾ ਕਰ ਦਿਤਾ ਜਾਏ ਤਾਂ ਬਹੁਤ ਹੀ ਚੰਗਾ ਹੋਵੇਗਾ। ਬਸ, ਇਸ ਖ਼ਿਆਲ ਦੇ ਹੁੰਦੇ ਹੀ ਮੈਂ ਟੀਕਾ ਲਿਖਣਾ ਅਰੰਭ ਕਰ ਦਿਤਾ ਅਤੇ ਵਾਹਿਗੁਰੂ ਦੀ ਕ੍ਰਿਪਾ ਨਾਲ ਕੋਈ ਢਾਈ ਕੁ ਵਰ੍ਹਿਆਂ ਦੇ ਸਮੇਂ ਵਿਚ ਉਹ ਟੀਕਾ ਪੂਰਾ ਹੋ ਗਿਆ।

ਇਸ ਟੀਕੇ ਵਿਚ ਮੈਨੂੰ ਕਿੰਨੀ ਕੁ ਮਿਹਨਤ ਤੇ ਖ਼ਰਚ ਕਰਨਾ ਪਿਆ ਹੈ, ਇਸ ਗੱਲ ਨੂੰ ਪਾਠਕ ਆਪੇ ਹੀ ਟੀਕਾ ਪੜ੍ਹ ਕੇ ਅਨੁਮਾਨ ਲਗਾ ਸਕਦੇ ਹਨ, ਮੈਨੂੰ ਆਪਣੀ ਜ਼ਬਾਨੀ ਦੱਸਣ ਦੀ ਲੋੜ ਨਹੀਂ ਹੈ।

ਜਦ ਟੀਕਾ ਲਿਖ ਚੁਕਾ ਤਾਂ ਛਾਪਣ ਦੇ ਵੇਲੇ ਮੈਨੂੰ ਇਸ ਗੱਲ ਨੇ ਬਹੁਤ ਹੈਰਾਨ ਕਰ ਦਿਤਾ ਕਿ ਮੈਂ ਕਿਸ ਕਰਮਾਨੁਸਾਰ ਟੀਕੇ ਛਾਪਾਂ ? ਕਿਉਂਕਿ ਜਿਸ ਤਰ੍ਹਾਂ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਛੇ ਸੱਤ ਭੇਦ ਨਜ਼ਰ ਆਏ ਹਨ, ਜਿਨ੍ਹਾਂ ਦਾ ਨਿਰਣਾ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਪੋਥੀ ਦੇ ਅਰੰਭ ਵਿਚ ਮੁੱਢਲੀ ਬੇਨਤੀ ਵਿਚ ਲਿਖ ਚੁਕਾ ਹਾਂ। ਓਵੇਂ ਹੀ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਵੀ ਸੱਤ-ਅੱਠ ਭੇਦ ਹਨ, ਜਿਨ੍ਹਾਂ ਵਿਚ ਪਾਠਾਂ ਦਾ ਫ਼ਰਕ ਹੀ ਨਹੀਂ, ਸਗੋਂ ਉਹਨਾਂ ਸੱਤਾਂ ਦਾ ਕ੍ਰਮ ਹੀ ਵੱਖੋ ਵੱਖਰਾ ਹੈ।

ਭ੍ਰਿਤਾਨੁਜ-ਨਰੈਣ ਸਿੰਘ ਗਜ਼ਾਨੀ

Sri Satguru Jagjit Singh Ji eLibrary NamdhariElibrary@gmail.com

# ਟੀਕੇ ਦੇ ਨਿਯਮ

੧. ਮੂਲ ਪਾਠ ਮੋਟੇ ਅੱਖਰਾਂ ਵਿਚ ਹੈ ।

੨. ਮੂਲ ਪਾਠ ਵਿਚ ਜਿਹੜੇ ਔਖੇ ਪਦ ਆਏ ਹਨ, ਉਹਨਾਂ ਦਾ ਅਰਥ ਬਰੇਸਾਂ ਵਿਚ ਪਹਿਲੋਂ ਲਿਖ ਦਿੱਤਾ ਹੈ ।

੩. ਕਈ ਜਗ੍ਹਾ ਤੇ ਸਾਰੇ ਛੰਦ ਵਿਚ ਇਕੋ ਇਕ ਔਖਾ ਪਦ ਹੈ। ਉਥੇ ਤੁਕ ਦੇ ਅਰਥ ਵਿਚ ਹੀ=ਮੁਸਾਵੀ ਦੇ ਪਿਛੇ ਮੂਲ ਪਦ ਰੱਖ ਕੇ ਉਸ ਤੋਂ ਅਗੇ ਅਰਥ ਲਿਖ ਦਿਤਾ ਹੈ ।

੪. ਅਰਥ ਕਰਮ ਨੂੰ ਪੂਰਾ ਨਿਭਾਉਣ ਵਾਸਤੇ, ਅਤੇ ਮੁਹਾਵਰਿਆਂ ਨੂੰ ਸ਼ੁਧ ਬਣਾਉਣ ਲਈ ਕਈ ਜਗ੍ਹਾ ਤੇ ਆਪਣੇ ਪਾਸੋਂ ਅੱਖਰ ਵਰਤੇ ਹਨ, ਜੋ ਮੂਲ ਛੰਦਾਂ ਵਿਚ ਤਾਂ ਨਹੀਂ ਹਨ । ਪਰ ਉਹਨਾਂ ਦੇ ਲਿਖੇ ਤੋਂ ਬਿਨਾਂ ਅਰਥ ਪੂਰਾ ਨਹੀਂ ਬਣ ਸਕਦਾ, ਉਨ੍ਹਾਂ ਅੱਖਰਾਂ ਨੂੰ ਅਜਿਹੇ ( ) ਨਿਸ਼ਾਨਾਂ ਦੇ ਵਿਚ ਲਿਖ ਦਿਤਾ ਹੈ ।

੫. ਜੇ ਕਿਤੇ ਮੁਸਾਵੀ ਨਾਲ ਲਿਖੇ ਪਦ ਨੂੰ ਹੋਰ ਵੀ ਸਪਸ਼ਟ ਕਰਨਾ ਜ਼ਰੂਰੀ ਭਾਸਿਆ ਹੈ, ਤਾਂ ਉਸ ਨੂੰ ਇਸ ਤਰ੍ਹਾਂ ਦੇ [ ] ਨਿਸ਼ਾਨ ਵਿਚ ਲਿਖ ਦਿਤਾ ਹੈ ।

੬. ਚੱਵੀ ਅਵਤਾਰਾਂ ਵਿਚ ਹਰੇਕ ਅਵਤਾਰ ਦੇ ਅੰਤ ਵਿਚ ਇਕ 'ਖੁਲਾਸਾ' ਲਿਖਿਆ ਹੈ । ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖੇ ਹੋਏ ਪ੍ਰਸੰਗ ਨੂੰ ਅਨੇਕਾਂ ਪੁਰਾਣਾਂ ਦੇ ਹਵਾਲੇ ਦੇ ਦੇ ਕੇ ਪੂਰੇ ਪੂਰੇ ਵਿਸਥਾਰ ਨਾਲ ਵਰਨਣ ਕੀਤਾ ਹੈ ।

੭. ਜੇ ਕਿਤੇ ਕਿਸੇ ਪ੍ਰਸੰਗ ਦਾ ਕਿਸੇ ਪ੍ਰਸੰਗ ਨਾਲੋਂ ਵਿਰੋਧ ਭਾਸਿਆ ਹੈ, ਤਾਂ ਅਨੇਕਾਂ ਪ੍ਰਮਾਣ ਦੇ ਕੇ ਉਸ ਦੇ ਵਿਰੋਧ ਦੀ ਨਵਿਰਤੀ ਕੀਤੀ ਹੈ ।

੮. ਕਈ ਜਗ੍ਹਾ ਤੇ ਹੇਠਾਂ ਫੁਟਨੋਟ ਦਿਤੇ ਹਨ । ਉਨਾਂ ਨੂੰ * ਇਸ ਤਰ੍ਹਾਂ ਦਾ ਨਿਸ਼ਾਨ ਲਾਇਆ ਹੈ।

Sri Satguru Jagjit Singh Ji eLibrary NamdhariElibrary@gmail.com

# ੧ੳ ਹੁਕਮ ਸੱਤਿ ਸ੍ਰੀ ਵਾਹਿਗੁਰੂ ਜੀ ਕੀ ਫ਼ਤਹ ॥

**ਅਰਥ**—ਇਕ ਅਦੁੱਤੀ ਪ੍ਰਮਾਤਮਾ। ਜਿਸ ਦਾ ਹੁਕਮ ਹਰ ਸਮੇਂ ਵਿਚ ਸੱਚਾ ਹੈ। ਉਸ ਪ੍ਰਮਾਤਮਾ ਦੀ ਹਰ ਸਮੇਂ ਵਿਚ ਫ਼ਤਹਿ ਹੈ। (ਜੋ ਜੀਵ ਉਸ ਦੀ ਸ਼ਰਣ ਲੈਂਦਾ ਹੈ, ਉਸ ਦੀ ਵੀ ਹਰ ਸਮੇਂ ਫ਼ਤਹਿ ਹੁੰਦੀ ਹੈ)।

# ਜ਼ਫਰਨਾਮਹ ਸ੍ਰੀ ਮੁਖਵਾਕ ਪਾਤਿਸ਼ਾਹੀ ੧੦ ॥

**ਅਰਥ**—ਇਹ ਜ਼ਫ਼ਰਨਾਮਾ (ਫ਼ਤਿਹ ਦੀ ਚਿੱਠੀ) ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਉਚਾਰਣ ਕੀਤੀ ਹੋਈ ਹੈ।

ਅਕਾਲ ਪੁਰਖ (ਵਾਹਿਗੁਰੂ) ਦੀ ਉਸਤਤ

**ਕਮਾਲੇ ਕਰਾਮਾਤ ਕਾਇਮ ਕਰੀਮ ॥**
**ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੁਨ ਰਹੀਮ ॥੧॥**

**ਪਦ ਅਰਥ**—ਕਮਾਲੇ=ਪੂਰਨ। ਕਰਾਮਾਤ=ਸ਼ਕਤੀ, ਅਲੌਕਿਕ ਤਾਕਤ। ਕਾਇਮ=ਇਸਥਿਤ। ਕਰੀਮ=ਕ੍ਰਿਪਾਲੂ, ਕ੍ਰਿਪਾ ਕਰਨ ਵਾਲਾ। ਰਜ਼ਾ=ਭਾਣਾ, ਰੱਬੀ ਹੁਕਮ। ਬਖ਼ਸ਼=ਬਖ਼ਸ਼ਿਸ਼ ਕਰਨ ਵਾਲਾ, ਮੇਹਰ ਕਰਨ ਵਾਲਾ। ਰਾਜ਼ਿਕ=ਅੰਨ ਦਾਤਾ, ਰਿਜ਼ਕ ਦੇਣ ਵਾਲਾ। ਰਿਹਾਕੁਨ=ਛੁਟਕਾਰਾ ਕਰਨ ਵਾਲਾ, ਰਿਹਾਈ ਦੇਣ ਵਾਲਾ। ਰਹੀਮ=ਦਿਆਲੂ, ਰਹਿਮ ਕਰਨ ਵਾਲਾ, ਦਇਆ ਕਰਨ ਵਾਲਾ।

**ਅਰਥ**—ਉਹ ਅਕਾਲ ਪੁਰਖ (ਵਾਹਿਗੁਰੂ) ਸ਼ਕਤੀ ਵਿਚ ਪੂਰਨ ਹੈ, ਅਲੌਕਿਕ ਤਾਕਤਾਂ ਦਾ ਮਾਲਕ ਹੈ, ਉਸਦੀ (ਪਾਤਸ਼ਾਹੀ) ਸਦਾ ਕਾਇਮ ਹੈ, ਉਹ ਸਭ ਤੇ ਕ੍ਰਿਪਾ ਕਰਨ ਵਾਲਾ ਹੈ। ਜਿਹੜਾ ਉਸਦੇ ਹੁਕਮ ਵਿਚ ਰਹਿੰਦਾ ਹੈ, ਉਸ ਤੇ ਬਖ਼ਸ਼ਿਸ਼ ਕਰਨ ਵਾਲਾ, ਉਸ ਦਾ ਅੰਨ ਦਾਤਾ ਭਾਵ ਉਸ ਨੂੰ ਰਿਜ਼ਕ ਦੇਣ ਵਾਲਾ, ਉਸ ਨੂੰ ਬੰਧਨਾਂ ਤੋਂ ਰਿਹਾਈ ਦੇਣ ਵਾਲਾ ਤੇ ਉਸ 'ਤੇ ਦਇਆ ਕਰਨ ਵਾਲਾ ਹੈ।੧।

[ਦਸਮ ਗ੍ਰੰਥ ਪੰਨਾ ੧੩੮੯

Sri Satguru Jagjit Singh Ji eLibrary NamdhariElibrary@gmail.com

**ਅਮਾਂ ਬਖ਼ਸ਼ ਬਖ਼ਸ਼ਿੰਦ ਓ ਦਸਤਗੀਰ ॥**
**ਖ਼ਤਾ ਬਖ਼ਸ਼ ਰੋਜ਼ੀ ਦਿਹੋ ਦਿਲ ਪਜ਼ੀਰ ॥੨॥**

***ਪਦ ਅਰਥ***—ਅਮਾਂ=ਈਮਾਨ, ਧਰਮ। ਬਖ਼ਸ਼ਿੰਦ=ਬਖ਼ਸ਼ਣ ਵਾਲਾ, ਖਿਮਾਂ ਕਰਨ ਵਾਲਾ। ਓ=ਅਤੇ। ਦਸਤਗੀਰ=ਹੱਥ ਫੜਨ ਵਾਲਾ, ਪਨਾਹ ਦੇਣ ਵਾਲਾ। ਖ਼ਤਾ ਬਖ਼ਸ਼=ਭੁਲਾਂ ਬਖ਼ਸ਼ਣ ਵਾਲਾ। ਰੋਜ਼ੀ=ਰਿਜ਼ਕ। ਦਿਹੋ=ਦੇਣ ਵਾਲਾ। ਦਿਲ ਪਜ਼ੀਰ=ਮਨ ਭਾਉਂਦਾ, ਮਨ ਨੂੰ ਚੰਗਾ ਲਗਣ ਵਾਲਾ, ਮਨ-ਪਸੰਦ।

***ਅਰਥ***—ਉਹ ਵਾਹਿਗੁਰੂ ਧਰਮ ਤੇ ਸੁਖ ਬਖ਼ਸ਼ਣ ਵਾਲਾ ਹੈ ਅਤੇ (ਹਰ ਔਖੇ ਸਮੇਂ) ਬਾਂਹ ਫੜਨ ਵਾਲਾ ਹੈ। ਸਭ ਦੀਆਂ ਭੁਲਾਂ ਬਖ਼ਸ਼ਣ ਵਾਲਾ ਹੈ, ਹਰ ਇਕ ਨੂੰ ਰਿਜ਼ਕ ਦੇਣ ਵਾਲਾ ਤੇ ਮਨ-ਭਾਉਂਦੇ ਪਦਾਰਥ ਦੇਣ ਵਾਲਾ ਹੈ।੨।

**ਸ਼ਹਿਨਸ਼ਾਹਿ ਖ਼ੂਬੀ ਦਿਹੋ ਰਹਨਮੂੰ ॥**
**ਕਿ ਬੇਗੂੰਨ ਬੇਚੂੰਨ ਚੂੰ ਬੇਨਮੂੰ ॥੩॥**

***ਪਦ ਅਰਥ***—ਸ਼ਹਿਨਸ਼ਾਹਿ=ਬਾਦਸ਼ਾਹਾਂ ਦਾ ਬਾਦਸ਼ਾਹ। ਖ਼ੂਬੀ=ਚੰਗਿਆਈ। ਦਿਹੋ=ਦੇਣ ਵਾਲਾ। ਰਹਨਮੂੰ= ਰਸਤਾ ਦਿਖਾਉਣ ਵਾਲਾ, ਰਹਿਨੁਮਾਈ ਕਰਨ ਵਾਲਾ। ਕਿ=ਜੋ। ਬੇਗੂੰਨ=ਰੰਗ ਤੋਂ ਬਿਨਾਂ। ਬੇਚੂੰਨ=ਰੂਪ ਤੋਂ ਬਿਨਾਂ, ਅਰੂਪ। ਚੂੰ=ਜਿਹਾ ਕਿ। ਬੇਨਮੂੰ=ਲਾਸਾਨੀ, ਉਸ ਦੀ ਸ਼ਕਲ ਕਿਸੇ ਵਰਗੀ ਨਹੀਂ ਹੈ।

***ਅਰਥ***—ਉਹ (ਵਾਹਿਗੁਰੂ) ਬਾਦਸ਼ਾਹਾਂ ਦਾ ਬਾਦਸ਼ਾਹ ਹੈ, ਚੰਗਿਆਈ ਦੇਣ ਵਾਲਾ ਤੇ (ਚੰਗਾ) ਰਸਤਾ ਦਿਖਾਉਣ ਵਾਲਾ ਹੈ। ਉਸ ਦਾ ਕੋਈ ਰੂਪ ਨਹੀਂ, ਉਹ ਲਾਸਾਨੀ ਹੈ ਭਾਵ ਉਸ ਦੀ ਸ਼ਕਲ ਵਰਗਾ ਹੋਰ ਕੋਈ ਨਹੀਂ, ਉਹ ਰੰਗ, ਰੂਪ ਤੇ ਸ਼ਕਲ ਤੋਂ ਬਿਨਾਂ ਹੈ।੩।

**ਨ ਸਾਜ਼ੋ ਨ ਬਾਜ਼ੋ ਨ ਫ਼ੌਜੋ ਨ ਫ਼ਰਸ਼ ॥**
**ਖ਼ੁਦਾਵੰਦ ਬਖ਼ਸ਼ਿੰਦ ਏ ਐਸ਼ ਅਰਸ਼ ॥੪॥**

***ਪਦ ਅਰਥ***—ਨ=ਨਹੀਂ। ਸਾਜ਼ੋ=ਸਾਮਾਨ। ਬਾਜ਼ੋ=ਘੋੜਾ। ਫ਼ੌਜੋ=ਫ਼ੌਜਾਂ। ਫ਼ਰਸ਼=ਦਰੀਆਂ, ਗਲੀਚੇ ਆਦਿ। ਖ਼ੁਦਾਵੰਦ=ਵਾਹਿਗੁਰੂ, ਪ੍ਰਮਾਤਮਾ। ਐਸ਼=ਖ਼ੁਸ਼ੀਆਂ, ਸੁਖ। ਅਰਸ਼=ਸਵਰਗ।

***ਅਰਥ***—ਜਿਸਦੇ ਕੋਲ ਕੋਈ ਸਾਮਾਨ ਨਹੀਂ, ਘੋੜਾ ਨਹੀਂ, ਫ਼ੌਜ ਨਹੀਂ ਤੇ ਨਾ ਹੀ (ਆਰਾਮ) ਕਰਨ ਲਈ ਕੋਈ ਦਰੀ ਜਾਂ ਗਲੀਚਾ ਆਦਿ ਹੀ ਹੈ। ਪਰ ਜੇ ਵਾਹਿਗੁਰੂ ਚਾਹੇ ਤਾਂ ਉਸ ਨੂੰ ਖ਼ੁਸ਼ੀਆਂ, ਸੁਖ ਦੇ ਸਾਮਾਨ ਤੇ ਸਵਰਗ ਦੀ ਬਖ਼ਸ਼ਸ਼ ਕਰ ਦੇਂਦਾ ਹੈ।੪।

**ਜਹਾਂ ਪਾਕ ਜ਼ਬਰਅਸਤ ਜ਼ਾਹਿਰ ਜ਼ਹੂਰ ॥**
**ਅਤਾਮੇ ਦਿਹਦ ਹਮ ਚੁ ਹਾਜ਼ਿਰ ਹਜ਼ੂਰ ॥੫॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਜਹਾਂ=ਜਹਾਨ, ਸੰਸਾਰ । ਪਾਕ=ਪਵਿੱਤ੍ਰ । ਜ਼ਬਰਅਸਤ=ਜ਼ੋਰ ਵਾਲਾ, ਬਲਵਾਨ । ਜ਼ਾਹਿਰ=ਪ੍ਰਗਟ । ਜ਼ਹੂਰ=ਜਲਵਾ । ਦਿਹੋ=ਦੇਂਦਾ ਹੈ । ਹਮਚੁ=ਜੈਸਾ ਕਿ । ਹਾਜ਼ਿਰ=ਸਾਮ੍ਹਣੇ । ਹਜ਼ੂਰ=ਪ੍ਰੱਤਖ । ਹਾਜ਼ਿਰਾ ਹਜ਼ੂਰ=ਹਰ ਥਾਂ ਮੌਜੂਦ ।

**ਅਰਥ**—ਉਹ ਸੰਸਾਰ ਤੋਂ ਪਵਿੱਤ੍ਰ ਹੈ, ਸਾਰਿਆਂ ਤੋਂ ਜ਼ੋਰ ਵਾਲਾ ਭਾਵ ਬਲਵਾਨ ਹੈ, ਜਿਸ ਦਾ ਜਲਵਾ (ਪ੍ਰਕਾਸ਼) ਹਰ ਥਾਂ ਪ੍ਰਗਟ ਹੋ ਰਿਹਾ ਹੈ । ਕਿਉਂਕਿ ਉਹ ਹਰ ਇਕ ਨੂੰ ਦਾਤਾਂ ਦੇਂਦਾ ਹੈ, ਉਹ ਹਰ ਥਾਂ ਮੌਜੂਦ ਹੈ ਤੇ ਸਾਮ੍ਹਣੇ ਪ੍ਰਤੱਖ ਦਿਸ ਰਿਹਾ ਹੈ ।੫।

**ਅਤਾ ਬਖ਼ਸ਼ਦੌ ਪਾਕ ਪਰਵਰਦਿਗਾਰ ॥**
**ਰਹੀਮ ਅਸਤੁ ਰੋਜ਼ੀ ਦਿਹੋ ਹਰ ਦਿਯਾਰ ॥੬॥**

**ਪਦ ਅਰਥ**—ਅਤਾ=ਦਾਤ । ਪਾਕ=ਪਵਿਤ੍ਰ । ਪਰਵਰਦਿਗਾਰ=ਪਾਲਣਾ ਕਰਨ ਵਾਲਾ । ਰਹੀਮਸਤੁ=ਰਹਿਮ ਭਾਵ ਤਰਸ ਕਰਨ ਵਾਲਾ । ਰੋਜ਼ੀ=ਰਿਜ਼ਕ । ਦਿਹੋ=ਦੇਣ ਵਾਲਾ । ਹਰ=ਹਰ ਇਕ । ਦਿਯਾਰ=ਮੁਲਕ, ਦੇਸ਼ ।

**ਅਰਥ**—ਭਾਵੇਂ ਉਹ ਸੰਸਾਰ ਤੋਂ ਪਵਿਤ੍ਰ ਹੈ, ਫਿਰ ਵੀ ਸਾਰਿਆਂ ਨੂੰ ਦਾਤਾਂ ਬਖ਼ਸ਼ਦਾ ਹੈ, ਸਭ ਦੀ ਪਾਲਣਾ ਕਰਦਾ ਹੈ । ਦਇਆ ਭਾਵ ਤਰਸ ਕਰਨ ਵਾਲਾ ਹੈ ਅਤੇ ਹਰ ਇਕ ਮੁਲਕ, ਦੇਸ਼ ਨੂੰ ਰਿਜ਼ਕ ਦੇਂਦਾ ਹੈ, ਉਹ ਸਭ ਨੂੰ ਦਾਤਾਂ ਦੇਂਦਾ ਹੈ, ਹਰ ਪ੍ਰਕਾਰ ਸਭ ਦੀ ਪਾਲਣਾ ਕਰਦਾ ਹੈ, ਸਾਰੇ ਦੇਸ਼ਾਂ ਨੂੰ ਰੋਜ਼ੀ ਦੇਂਦਾ ਹੈ, ਫਿਰ ਵੀ ਸਭ ਤੋਂ ਵਖਰਾ ਹੈ, ਉਸ ਨੂੰ ਕੋਈ ਲਗ-ਲਗਾਓ ਨਹੀਂ ।੬।

**ਕਿ ਸਾਹਿਬ ਦਿਯਾਰ ਅਸਤੁ ਆਜ਼ਮ ਅਜ਼ੀਮ ॥**
**ਕਿ ਹੁਸਨੁਲ ਜਮਾਲ ਅਸਤੁ ਰਾਜ਼ਕ ਰਹੀਮ ॥੭॥**

**ਪਦ ਅਰਥ**—ਕਿ=ਜੋ । ਸਾਹਿਬ=ਮਾਲਕ । ਦਿਯਾਰ=ਦੇਸ਼ । ਅਸਤੁ=ਹੈ । ਆਜ਼ਮ=ਵੱਡਾ । ਅਜ਼ੀਮ=ਬਹੁਤ ਹੀ ਵੱਡਾ । ਹੁਸਨੁਲ=ਬੜਾ ਸੁੰਦਰ, ਵਡੇ ਜਲਾਲ ਵਾਲਾ । ਜਮਾਲ=ਮਨ ਨੂੰ ਲੁਭਾਉਣ ਵਾਲੀ ਸੁੰਦਰਤਾ ਵਾਲਾ । ਰਾਜ਼ਕ=ਰੋਜ਼ੀ ਦੇਣ ਵਾਲਾ । ਰਹੀਮ=ਦਇਆ ਕਰਨ ਵਾਲਾ ।

**ਅਰਥ**—ਜੋ ਮੁਲਕਾਂ ਜਾਂ ਦੇਸ਼ਾਂ ਦਾ ਮਾਲਕ ਹੈ ਅਤੇ ਵਡਿਆਂ ਨਾਲੋਂ ਵੀ ਬਹੁਤ ਹੀ ਵਡਾ ਹੈ। ਬੜਾ ਸੁੰਦਰ ਤੇ ਭਾਰੇ ਜਲਾਲ ਵਾਲਾ ਹੈ, ਏਨਾ ਜਲਾਲ ਭਾਵ ਤੇਜ ਵਾਲਾ ਹੁੰਦਾ ਹੋਇਆ ਵੀ ਮਨ ਨੂੰ ਲੁਭਾਉਣ ਵਾਲੀ ਸੁੰਦਰਤਾ (ਮਿਠਾਸ) ਵਾਲਾ ਹੈ । ਰੋਜ਼ੀ ਦੇਣ ਵਾਲਾ ਹੋ ਕੇ ਵੀ ਕਿਸੇ ਦੇ ਔਗੁਣਾਂ ਦੀ ਵਿਚਾਰ ਨਹੀਂ ਕਰਦਾ, ਸਗੋਂ (ਔਗੁਣਾਂ ਨੂੰ ਵੇਖ ਕੇ ਵੀ) ਦਇਆ ਕਰਨ ਵਾਲਾ ਹੈ।੭।

**ਕਿ ਸਾਹਿਬ ਸ਼ਊਰ ਅਸਤੁ ਆਜਿਜ਼ ਨਿਵਾਜ਼ ॥**
**ਗ਼ਰੀਬੁਲ ਪਰਸਤੋ ਗ਼ਨੀਮੁਲ ਗੁਦਾਜ਼ ॥੮॥**

**ਪਦ ਅਰਥ**—ਕਿ=ਜੋ । ਸਾਹਿਬ=ਮਾਲਕ । ਸ਼ਊਰ ਅਸਤੁ=ਸਮਝ ਵਾਲਾ ਹੈ । ਆਜਿਜ਼=ਦੀਨ, ਅਨਾਥ, ਗ਼ਰੀਬ, ਯਤੀਮ । ਨਿਵਾਜ਼=ਵਡਿਆਈ ਦੇਣ ਵਾਲਾ । ਗ਼ਰੀਬੁਲ=ਗ਼ਰੀਬਾਂ ਦੀ । ਪਰਸਤੋ=ਪਾਲਣਾ ਕਰਨ ਵਾਲਾ । ਗ਼ਨੀਮੁਲ=ਵੈਰੀਆਂ ਦਾ । ਗੁਦਾਜ਼=ਗਾਲਣ ਵਾਲਾ ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਜੋ ਮਾਲਕ ਸਮਝ ਵਾਲਾ ਹੈ, ਦੀਨਾਂ-ਅਨਾਥਾਂ ਨੂੰ ਵਡਿਆਈ ਦੇਣ ਵਾਲਾ ਹੈ। ਗ਼ਰੀਬਾਂ ਦੀ ਪਾਲਣਾ ਕਰਨ ਵਾਲਾ ਹੈ, ਵੈਰੀਆਂ ਤੇ ਹੰਕਾਰੀਆਂ ਨੂੰ ਗਾਲ ਸੁਟਣ ਵਾਲਾ ਭਾਵ ਨਾਸ ਕਰਨ ਵਾਲਾ ਹੈ ।੮।

**ਸ਼ਰੀਅਤ ਪਰਸਤੋ ਫ਼ਜ਼ੀਲਤ ਮਆਬੁ ॥**
**ਹਕੀਕਤ ਸ਼ਨਾਸੋ ਨਬੀਉਲ ਕਿਤਾਬ ॥੯॥**

***ਪਦ ਅਰਥ***—ਸ਼ਰੀਅਤ=ਮਰਯਾਦਾ, ਨਿਆਉਂ, ਇਨਸਾਫ਼ । ਪਰਸਤੋ=ਪਾਲਣਾ ਕਰਨ ਵਾਲਾ। ਫ਼ਜ਼ੀਲਤ=ਵਡਿਆਈ । ਮਆਬੁ=ਭਰਿਆ ਹੋਇਆ । ਹਕੀਕਤ=ਸਚਿਆਈ, ਤੱਤ । ਸ਼ਨਾਸੋ=ਪਛਾਨਣ ਵਾਲਾ । ਨਬੀਉਲ=ਪ੍ਰਵਾਨ ਕੀਤਾ ਹੋਇਆ । ਕਿਤਾਬ=ਕੁਰਾਨ ਆਦਿਕ ਧਰਮ ਗ੍ਰੰਥ ।

***ਅਰਥ***—ਜੋ ਹੱਕ, ਸੱਚ, ਇਨਸਾਫ਼ ਤੇ ਨਿਆਉਂ ਦੀ ਪਾਲਣਾ ਕਰਨ ਵਾਲਾ ਹੈ, ਉਹ ਵਡਿਆਈ ਨਾਲ ਲਬਾ-ਲਬ ਭਰਿਆ ਹੋਇਆ ਹੈ, ਉਹ ਸਚਿਆਈ ਦੇ ਤੱਤਾਂ ਨੂੰ ਪਛਾਨਣ ਵਾਲਾ ਹੈ, ਉਹ ਕੁਰਾਨ ਆਦਿ ਧਰਮ ਗ੍ਰੰਥਾਂ ਦਾ ਪ੍ਰਵਾਨ ਕੀਤਾ ਹੋਇਆ ਰੱਬ ਹੈ, ਅਰਥਾਤ ਸਾਰੇ ਧਰਮ ਗ੍ਰੰਥ ਭਾਵ ਕੁਰਾਨ ਆਦਿਕ ਜਿਸ ਨੂੰ ਰੱਬ ਮੰਨਦੇ ਹਨ ।੯।

**ਕਿ ਦਾਨਸ਼ ਪਯੋਹਸਤੋ ਸਾਹਿਬ ਸ਼ਊਰ ॥**
**ਹਕੀਕਤ ਸ਼ਨਾਸਸਤੋ ਜ਼ਾਹਰ ਜ਼ਹੂਰ ॥੧੦॥**

***ਪਦ ਅਰਥ***—ਦਾਨਸ਼=ਦਨਾਈ, ਸਿਆਣਾ, ਸਮਝਣ ਵਾਲਾ। ਪਯੋਹ ਅਸਤੁ=ਢੂੰਡਣ ਵਾਲਾ, ਲੱਭਣ ਵਾਲਾ, ਤਲਾਸ਼ ਕਰਨ ਵਾਲਾ ਭਾਵ ਕਦਰ ਪਾਉਣ ਵਾਲਾ । ਸਾਹਿਬ=ਮਾਲਕ। ਸ਼ਊਰ=ਅਕਲ । ਹਕੀਕਤ=ਸਚਾਈ । ਸ਼ਨਾਸਸਤੋ=ਪਛਾਣ ਵਾਲਾ । ਜ਼ਾਹਰ=ਪ੍ਰਤੱਖ, ਰੋਸ਼ਨ । ਜ਼ਹੂਰ=ਪ੍ਰਕਾਸ਼, ਜਲਵਾ।

***ਅਰਥ***—ਜੋ ਸਿਆਣਪ ਦੀ ਕਦਰ ਪਾਉਣ ਵਾਲਾ ਅਤੇ ਅਕਲ ਦਾ ਮਾਲਕ ਹੈ । ਸਚਾਈ ਦੀ ਪਛਾਣ ਵਾਲਾ ਹੈ, ਉਸਦਾ ਜਲਵਾ ਹਰ ਥਾਂ ਪ੍ਰਤੱਖ ਰੋਸ਼ਨ ਹੋ ਰਿਹਾ ਹੈ ।੧੦।

**ਸ਼ਨਾਸ਼ਿੰਦ ਏ ਇਲਮ ਆਲਮ ਖ਼ੁਦਾਇ ॥**
**ਕੁਸ਼ਾਇੰਦ ਏ ਕਾਰਿ ਆਲਮ ਕੁਸ਼ਾਇ ॥੧੧॥**

***ਪਦ ਅਰਥ***—ਸ਼ਨਾਸ਼ਿੰਦ=ਪਛਾਨਣ ਵਾਲਾ, ਜਾਨਣ ਵਾਲਾ । ਏ=ਦਾ । ਇਲਮ=ਵਿਦਿਆ। ਆਲਮ=ਧਰਤੀ, ਸੰਸਾਰ ਭਾਵ ਸਾਰੀ ਦੁਨੀਆਂ । ਖ਼ੁਦਾਇ=ਮਾਲਕ, ਪ੍ਰਮਾਤਮਾ ਭਾਵ ਵਾਹਿਗੁਰੂ। ਕੁਸ਼ਾਇੰਦ=ਖੋਹਲਣ ਵਾਲਾ, ਸੌਖਿਆਂ ਕਰਨ ਵਾਲਾ। ਕਾਰਿ=ਕੰਮਾਂ ਨੂੰ। ਕੁਸ਼ਾਇ=ਤਰਤੀਬ ਦੇਣ ਵਾਲਾ।

***ਅਰਥ***—ਜੋ ਪ੍ਰਮਾਤਮਾ ਸਾਰੀ ਦੁਨੀਆਂ ਦੀ (ਗੁਪਤ ਤੇ ਪ੍ਰਗਟ) ਵਿਦਿਆ ਨੂੰ ਜਾਨਣ ਵਾਲਾ ਹੈ। ਜੋ (ਪ੍ਰਮਾਤਮਾ) ਸ੍ਰਿਸ਼ਟੀ ਦੇ ਕੰਮਾਂ ਦੀ (ਹਰੇਕ ਮੁਸ਼ਕਲ ਨੂੰ) ਖੋਹਲਣ ਭਾਵ ਸੌਖਿਆਂ ਕਰਨ ਵਾਲਾ ਹੈ, ਸਭ ਦੇ (ਵਿਗੜੇ ਕੰਮਾਂ ਨੂੰ) ਸਵਾਰਨ ਤੇ ਚਲਾਉਣ ਵਾਲਾ ਹੈ ।੧੧।

Sri Satguru Jagjit Singh Ji eLibrary NamdhariElibrary@gmail.com

## ਗੁਜ਼ਾਰਿੰਦ ਏ ਕਾਰਿ ਆਲਮ ਕਬੀਰ ॥
## ਸ਼ਨਾਸਿੰਦ ਏ ਇਲਮਿ ਆਲਮ ਅਮੀਰ ॥੧੨॥

***ਪਦ ਅਰਥ***—ਗੁਜ਼ਾਰਿੰਦ ਏ=ਚਲਾਉਣ ਵਾਲਾ । ਕਾਰਿ=ਕੰਮਾਂ ਨੂੰ । ਆਲਮ=ਜਹਾਨ, ਸੰਸਾਰ। ਕਬੀਰ=ਵੱਡਾ । ਸ਼ਨਾਸਿੰਦ ਏ=ਪਛਾਨਣ ਵਾਲਾ । ਇਲਮਿ=ਵਿਦਿਆ । ਅਮੀਰ=ਹੁਕਮ ਕਰਨ ਵਾਲਾ।

***ਅਰਥ***—ਜੋ ਮਾਲਕ ਇਸ ਸੰਸਾਰ ਦੇ ਵੱਡੇ ਵੱਡੇ ਕੰਮਾਂ ਨੂੰ ਚੰਗੇ ਤਰੀਕੇ ਨਾਲ ਚਲਾਉਣ ਵਾਲਾ ਹੈ । ਜੋ ਸੰਸਾਰ ਨੂੰ ਪਛਾਨਣ ਵਾਲਾ ਹੈ, ਦੁਨੀਆਂ ਦੇ ਇਲਮਾਂ ਵਾਲਾ ਹੈ ਅਤੇ ਦੁਨੀਆਂ ਉਤੇ ਅਟੱਲ ਹੁਕਮ ਕਰਨ ਵਾਲਾ ਹੈ ।੧੨।

ਇਨ੍ਹਾਂ ਬਾਰ੍ਹਾਂ ਬੈਂਤਾਂ ਵਿਚ ਸਤਿਗੁਰੂ ਜੀ ਨੇ ਅਕਾਲ ਪੁਰਖ (ਵਾਹਿਗੁਰੂ) ਦੇ ਗੁਣਾਂ ਤੇ ਸਿਫ਼ਤਾਂ ਦਾ ਵਰਨਣ ਕੀਤਾ ਹੈ । ਇਹ ਵੀ ਦਸਿਆ ਹੈ ਕਿ ਮੈਂ ਉਸ (ਵਾਹਿਗੁਰੂ) ਨੂੰ ਮੰਨਣ ਵਾਲਾ ਹਾਂ । ਪਰ ਮੇਰੇ ਤੇ ਤੇਰੇ ਮੰਨਣ ਵਿਚ ਫ਼ਰਕ ਹੈ, ਕਿਉਂਕਿ ਤੂੰ ਮੰਨਦਾ ਹੈਂ ਕਿ ਉਹ ਪ੍ਰਮਾਤਮਾ ਸੰਸਾਰ ਦੀ ਹਰ ਇਕ ਗੁਪਤ ਤੇ ਪ੍ਰਗਟ ਗੱਲ ਨੂੰ ਜਾਣਦਾ ਹੈ, ਪਰ ਫਿਰ ਵੀ ਤੂੰ ਦੁਨੀਆਂ ਨਾਲ ਧੋਖਾ, ਫਰੇਬ ਤੇ ਠੱਗੀ ਕਰਦਾ ਹੈਂ । ਤੂੰ ਆਪਣੀ ਹਰ ਗੱਲ ਨੂੰ ਠੀਕ ਸਾਬਤ ਕਰਨ ਵਾਸਤੇ ਹਰ ਤਰ੍ਹਾਂ ਦੀ ਬੇਈਮਾਨੀ, ਠੱਗੀ, ਝੂਠ ਤੇ ਬੁਰਾਈ ਤੋਂ ਬਾਜ ਨਹੀਂ ਆਉਂਦਾ । ਫਿਰ ਅਸੀਂ ਇਹ ਕਿਵੇਂ ਮੰਨ ਲਈਏ ਕਿ ਤੂੰ ਖ਼ੁਦਾ ਨੂੰ ਮੰਨਦਾ ਹੈਂ ? ਅਸੀਂ ਤੇਰੇ ਵਲੋਂ ਕੀਤੀਆਂ ਚਾਲਾਕੀਆਂ, ਝੂਠੀਆਂ ਸੌਹਾਂ, ਆਖੀਆਂ ਗੱਲਾਂ ਨੂੰ ਲਿਖਕੇ ਤੇਰੇ ਵੱਲ ਭੇਜਿਆ ਹੈ, ਇਹਨਾਂ ਨੂੰ ਪੜ੍ਹ ਕੇ ਵੇਖ ਕਿ ਤੂੰ ਇਸ ਵਿਚ ਕਿੰਨਾ ਕੁ ਸੱਚਾ ਹੈਂ ?

ਇਸ ਤੋਂ ਅਗੇ ਸਤਿਗੁਰੂ ਚਿੱਠੀ ਆਰੰਭ ਕਰਦੇ ਹਨ, ਇਸ ਲਈ ਸਤਿਗੁਰੂ ਜੀ ਨੇ 'ਦਾਸਤਾਨ' ਸਿਰਲੇਖ ਦੇ ਕੇ ਸੂਚਿਤ ਕੀਤਾ ਹੈ ਕਿ ਇਥੋਂ ਨਵੀਂ ਕਥਾ ਸ਼ੁਰੂ ਹੁੰਦੀ ਹੈ।

ਦਾਸਤਾਨ-ਕਥਾ (ਪਹਿਲੀ)

## ਮਰਾ ਐਤਬਾਰੇ ਬਰੀਂ ਕਸਮ ਨੇਸਤ ॥
## ਕਿ ਏਜ਼ਦ ਗਵਾਹਸਤੁ ਯਜ਼ਦਾ ਯਕੇਸਤ ॥੧੩॥

***ਪਦ ਅਰਥ***—ਮਰਾ=ਮੈਨੂੰ । ਐਤਬਾਰੇ=ਇਤਬਾਰ, ਭਰੋਸਾ, ਯਕੀਨ । ਬਰੀਂ=ਉਪਰ, ਇਸ ਉਤੇ। ਕਸਮ=ਸੌਂਹ, ਸੌਗੰਧ । ਨੇਸਤ=ਨਹੀਂ ਹੈ । ਕਿ=ਜੋ । ਏਜ਼ਦ=ਖ਼ੁਦਾ, ਪ੍ਰਮਾਤਮਾ । ਗਵਾਹਸਤੁ=ਗਵਾਹ ਹੈ। ਯਜ਼ਦਾ=ਖ਼ੁਦਾ, ਅੱਲਾਹ । ਯਕੇਸਤ=ਇਕ ਹੈ ।

***ਅਰਥ***—ਮੈਨੂੰ ਤੇਰੀ ਇਸ ਸੌਂਹ ਉਤੇ ਭਰੋਸਾ ਨਹੀਂ, ਜੋ (ਤੂੰ ਲਿਖਿਆ ਹੈ ਕਿ) ਖ਼ੁਦਾ ਇਕ ਹੈ (ਅਤੇ ਤੇਰੇ ਤੇ ਮੇਰੇ ਵਿਚ ਉਹ) ਖ਼ੁਦਾ ਗਵਾਹ ਹੈ ।੧੩।

ਔਰੰਗਜ਼ੇਬ ਨੂੰ ਸੰਬੋਧਨ ਕਰਕੇ ਲਿਖਦੇ ਹਨ ਕਿ-ਹੇ ਔਰੰਗਜ਼ੇਬ ! ਤੇਰੀ ਇਸ ਸੌਂਹ ਉਤੇ ਮੈਨੂੰ ਯਕੀਨ ਨਹੀਂ, ਜੋ ਤੂੰ ਲਿਖਿਆ ਹੈ ਕਿ ਖ਼ੁਦਾ ਇਕ ਹੈ ਅਤੇ ਉਹ ਖ਼ੁਦਾ ਮੇਰੇ ਤੇ ਤੇਰੇ ਵਿਚ ਗਵਾਹ ਹੈ, ਇਸ ਸੌਂਹ ਸਬੰਧੀ ਅਗੇ ਬੈਂਤ ਨੰ: ੪੫-੪੬ ਵਿਚ ਜ਼ਿਕਰ ਆਵੇਗਾ ।

**ਨ ਕਤਰਹ ਮਰਾ ਐਤਬਾਰੇ ਬਰੋਸਤੁ ॥**
**ਕਿ ਬਖਸ਼ੀ ਵ ਦੀਵਾਂ ਹਮਹ ਕਿਜ਼ਬ ਗੋਸਤ ॥੧੪॥**

***ਪਦ ਅਰਥ***—ਕਤਰਹ=ਇਕ ਬੂੰਦ, ਇਕ ਛਿੱਟ। ਐਤਬਾਰੇ=ਭਰੋਸਾ, ਯਕੀਨ। ਬਰੋਸਤ=ਉਸ ਉਤੇ। ਕਿ=ਜੋ। ਬਖਸ਼ੀ=ਫ਼ੌਜਾਂ ਦੇ ਜਰਨੈਲ। ਦੀਵਾਂ=ਦੀਵਾਨ, ਬਾਦਸ਼ਾਹ ਦੇ ਸਲਾਹਕਾਰ, ਦਰਬਾਰੀ ਲੋਕ। ਹਮਹ=ਸਾਰੇ। ਕਿਜ਼ਬ ਗੋਸਤ=ਝੂਠ ਬੋਲਣ ਵਾਲੇ।

***ਅਰਥ***—ਮੈਨੂੰ ਤੇਰੇ ਜਰਨੈਲਾਂ, ਸਲਾਹਕਾਰਾਂ ਤੇ ਦਰਬਾਰੀ ਲੋਕਾਂ ਤੇ ਜੋ ਮੇਰੇ ਕੋਲ ਆਏ ਸਨ, ਇਕ ਬੂੰਦ ਭਾਵ ਜਰਾ ਜਿੰਨਾ ਵੀ ਭਰੋਸਾ ਨਹੀਂ ਕਿਉਂਕਿ ਉਹ ਸਾਰੇ ਝੂਠ ਬੋਲਣ ਵਾਲੇ ਸਨ।੧੪।

ਪਿਛਲੇ ਬੈਂਤ ਵਿਚ ਕਲਗੀਧਰ ਜੀ ਨੇ ਔਰੰਗਜ਼ੇਬ ਨੂੰ ਲਿਖਿਆ ਹੈ ਮੈਨੂੰ ਤੇਰੀ ਸੌਂਹ ਤੇ ਇਤਬਾਰ ਭਾਵ ਯਕੀਨ ਨਹੀਂ। ਹੁਣ ਆਖਦੇ ਹਨ ਕਿ ਤੇਰੀ ਲਿਖੀ ਹੋਈ ਸੌਂਹ ਨੂੰ ਲੈ ਕੇ ਆਉਣ ਵਾਲੇ ਫ਼ੌਜਾਂ ਦੇ ਜਰਨੈਲ, ਦਰਬਾਰੀ ਲੋਕ ਤੇ ਤੇਰੇ ਸਲਾਹਕਾਰ ਜੋ ਮੇਰੇ ਪਾਸ ਆਏ ਹਨ, ਉਹਨਾਂ ਉਤੇ ਮੈਨੂੰ ਪਾਣੀ ਦੀ ਇਕ ਛਿੱਟ ਜਿੰਨਾਂ ਵੀ ਇਤਬਾਰ ਨਹੀਂ। ਇਤਬਾਰ ਇਸ ਕਰਕੇ ਨਹੀਂ ਕਿ ਉਹ ਮੁਸਲਮਾਨ ਜਾਂ ਪਹਾੜੀਏ ਹਨ, ਕੇਵਲ ਇਸ ਕਰਕੇ ਕਿ ਉਹ ਸਾਰੇ ਝੂਠ ਬੋਲਣ ਵਾਲੇ ਹਨ।

**ਕਸੇ ਕਉਲਿ ਕੁਰਆਂ ਕੁਨੱਦ ਐਤਬਾਰ ॥**
**ਹਮਾ ਰੋਜ਼ ਆਖਰ ਸ਼ਵੱਦ ਮਰਦ ਖ੍ਵਾਰ ॥੧੫॥**

***ਪਦ ਅਰਥ***—ਕਸੇ=ਕੋਈ। ਕਉਲਿ=ਸੁਖ਼ਨ, ਗੱਲ ਉਤੇ। ਕੁਰਆਂ=ਕੁਰਾਨ, ਮੁਸਲਮਾਨੀ ਕਿਤਾਬ, ਜੋ ਹਜ਼ਰਤ ਮੁਹੰਮਦ ਸਾਹਿਬ ਰਾਹੀਂ ਖ਼ੁਦਾ ਵਲੋਂ ਨਾਜ਼ਲ ਹੋਈ ਮੰਨੀ ਗਈ ਹੈ। ਕੁਨੱਦ=ਕਰਦਾ ਹੈ। ਐਤਬਾਰ=ਯਕੀਨ, ਭਰੋਸਾ। ਹਮਾਂ=ਉਹ ਵੀ। ਆਖਰ=ਅੰਤ ਨੂੰ। ਸ਼ਵੱਦ=ਹੁੰਦਾ ਹੈ। ਮਰਦ=ਆਦਮੀ। ਖ੍ਵਾਰ=ਮੰਦੇ ਹਾਲ, ਭੈੜੀ ਦਸ਼ਾ ਵਾਲਾ।

***ਅਰਥ***—ਜੇ ਕੋਈ (ਆਦਮੀ) ਤੁਹਾਡੀ ਕੁਰਾਨ ਦੀ ਖਾਧੀ ਕਸਮ ਉਤੇ ਭਰੋਸਾ ਕਰਦਾ ਹੈ, ਤਾਂ ਉਹ ਵੀ ਅੰਤ ਨੂੰ ਮੰਦੇ ਹਾਲ ਹੁੰਦਾ ਹੈ।੧੫।

**ਹੁਮਾ ਰਾਂ ਕਸੇ ਸਾਯਹ ਆਯਦ ਬਜ਼ੇਰ ॥**
**ਬਰੋ ਦਸਤ ਦਾਰਦ ਨ ਜਾਗੋ ਦਲੇਰ ॥੧੬॥**

***ਪਦ ਅਰਥ***—ਹੁਮਾ=ਇਕ ਪੰਛੀ। ਕਸੇ=ਕੋਈ। ਸਾਯਹ=ਪ੍ਰਛਾਵਾਂ। ਆਯਦ=ਆਉਂਦਾ। ਬਜ਼ੇਰ=ਹੇਠਾਂ, ਥੱਲੇ। ਬਰੋ=ਉਸ ਉਤੇ। ਦਸਤ=ਹੱਥ। ਦਾਰਦ=ਪਾਵੇਗਾ। ਜਾਗੋ=ਕਾਂ। ਦਲੇਰ=ਬਹਾਦਰ, ਯੋਧਾ, ਸੂਰਮਾ।

***ਅਰਥ***—ਜੇ ਕੋਈ ਆਦਮੀ ਹੁਮਾ ਪੰਛੀ (ਜਿਸ ਬਾਬਤ ਲਿਖਿਆ ਹੈ ਕਿ ਉਸ ਵਿਚ ਏਨੀ ਸ਼ਕਤੀ ਹੈ ਕਿ ਜਿਸ ਆਦਮੀ ਉਤੇ ਉਸ ਦਾ ਪ੍ਰਛਾਵਾਂ ਵੀ ਪੈ ਜਾਵੇ ਉਹ ਮਾਲਾ-ਮਾਲ ਭਾਵ ਬਾਦਸ਼ਾਹ ਬਣ ਜਾਂਦਾ ਹੈ) ਦੇ ਪ੍ਰਛਾਵੇਂ ਹੇਠ ਆ ਜਾਵੇ, ਉਸ ਉਤੇ ਦਲੇਰ ਕਾਂ ਵੀ ਹੱਥ ਨਹੀਂ ਪਾਵੇਗਾ।੧੬।

Sri Satguru Jagjit Singh Ji eLibrary NamdhariElibrary@gmail.com

ਜਦੋਂ ਅਸਾਂ ਅਜੇਹੇ ਅਕਾਲ ਪੁਰਖ ਦੀ ਓਟ ਲੈ ਕੇ (ਤੇਰੀਆਂ ਝੂਠੀਆਂ ਸੌਂਹਾਂ ਤੇ ਇਤਬਾਰ ਕਰਕੇ) ਅਨੰਦਪੁਰ ਦਾ ਕਿਲ੍ਹਾ ਛੱਡਿਆ ਤਾਂ ਇਹ ਤੇਰੀਆਂ ਫ਼ੌਜਾਂ ਮੇਰਾ ਕੁਝ ਨਹੀਂ ਵਿਗਾੜ ਸਕਦੀਆਂ।

**ਕਸੇ ਪੁਸ਼ਤ ਅਫਤਦ ਪਸੇ ਸ਼ੇਰ ਨਰ ॥**
**ਨ ਗੀਰਦ ਬੁਜ਼ੋ ਮੇਸ਼ ਆਹੂ ਗੁਜ਼ਰ ॥੧੭॥**

**ਪਦ ਅਰਥ**—ਕਸੇ=ਕੋਈ। ਪੁਸ਼ਤ=ਪਿੱਠ। ਅਫਤਦ=ਖੜਾ ਹੋਵੇ। ਪਸੇ=ਪਿਛੇ। ਗੀਰਦ=ਫੜ ਸਕਦਾ। ਬੁਜ਼ੋ=ਬੱਕਰੀ । ਮੇਸ਼=ਭੇਡ । ਆਹੂ=ਹਿਰਨ । ਗੁਜ਼ਰ=ਲੰਘ ।

**ਅਰਥ**—ਜੇ ਕੋਈ ਆਦਮੀ ਸ਼ੇਰ ਦੀ ਪਿੱਠ ਪਿਛੇ ਖੜਾ ਹੋਵੇ, ਬੱਕਰੀ, ਭੇਡ ਜਾਂ ਹਿਰਨ ਦਾ ਉਸ ਨੂੰ ਫੜਨਾ ਤਾਂ ਇਕ ਪਾਸੇ ਰਿਹਾ, ਉਹ ਉਸ ਪਾਸਿਓਂ ਲੰਘ ਵੀ ਨਹੀਂ ਸਕਦਾ।੧੭।

ਹੇ ਔਰੰਗਜ਼ੇਬ! ਤੂੰ ਭਰੇ ਦਰਬਾਰ ਵਿਚ ਬਹਿਕੇ ਕੁਰਾਨ ਦੀ ਸੌਂਹ ਖਾਧੀ ਸੀ, ਤੂੰ ਆਪਣੇ ਬਚਨਾਂ 'ਤੇ ਕਾਇਮ ਨਹੀਂ ਰਿਹਾ ਤੇ ਧੋਖਾ ਕਰਕੇ ਸਾਡੇ ਉਤੇ ਫ਼ੌਜ ਚੜ੍ਹਾ ਭੇਜੀ ਹੈ, ਸਾਨੂੰ ਅਕਾਲ ਪੁਰਖ ਦਾ ਆਸਰਾ ਹੈ, ਉਸ ਦੀ ਸ਼ਰਣ ਪਿਆਂ ਸਾਨੂੰ ਕੋਈ ਦੁਨਿਆਵੀ ਡਰ ਭਉ ਨਹੀਂ-

ਸਿੰਘ ਸਰਣ ਕਤ ਜਾਈਐ ਜਉ ਜੰਬੁਕੁ ਗ੍ਰਾਸੈ॥

**ਕਸਮ ਮੁਸਹਫੇ ਖਫੀਯਹ ਗਰ ਈਂ ਖੁਰਮ ॥**
**ਨ ਫਉਜੇ ਅਜ਼ੀਜ਼ੇ ਰਾ ਸੁਮ ਅਫਕੁਨਮ ॥੧੮॥**

**ਪਦ ਅਰਥ**—ਕਸਮ=ਸੌਂਹ, ਸੁਗੰਧ । ਮੁਸਹਫੇ=ਕੁਰਾਨ । ਖਫੀਯਹ=ਧੋਖਾ । ਗਰ=ਅਗਰ, ਜੇਕਰ। ਈਂ=ਇਸ। ਖੁਰਮ=ਖਾਂਦੇ। ਫਉਜੇ=ਫ਼ੌਜ ਨੂੰ। ਅਜ਼ੀਜ਼ੇ=ਪਿਆਰੀ। ਸੁਮ ਅਫਕੁਨਮ=ਲੰਗੜਾ ਕਰਵਾ ਲੈਂਦਾ।

**ਅਰਥ**—ਜੇਕਰ ਇਸ ਤੇਰੀ ਕੁਰਾਨ ਦੀ ਖਾਧੀ ਸੌਂਹ ਵਰਗਾ ਧੋਖਾ ਮੈਂ ਵੀ ਮਨ ਵਿਚ ਰਖਦਾ ਤਾਂ ਮੈਂ ਵੀ ਆਪਣੀ ਪਿਆਰੀ ਫ਼ੌਜ ਨੂੰ ਲੰਗੜਾ ਨਾ ਕਰਵਾ ਲੈਂਦਾ ਭਾਵ ਐਵੇਂ ਨਾ ਮਰਵਾ ਦੇਂਦਾ।੧੮।

ਸਤਿਗੁਰੂ ਜੀ ਅਗੇ ਚਮਕੌਰ ਦੇ ਜੰਗ ਦਾ ਹਾਲ ਦਸਦੇ ਹਨ—

**ਗੁਰਿਸਨਹ ਚਿ ਕਾਰੇ ਕੁਨਦ ਚਿਹਲ ਨਰ ॥**
**ਕਿ ਦਹ ਲਕ ਬਰਾਯਦ ਬਰੋ ਬੇਖ਼ਬਰ ॥੧੯॥**

**ਪਦ ਅਰਥ**—ਗੁਰਿਸਨਹ=ਭੁਖੇ। ਚਿ=ਕੀ। ਕਾਰੇ=ਕੰਮ। ਕੁਨਦ=ਕਰਦਾ। ਚਿਹਲ=ਚਾਲ੍ਹੀ (੪੦)। ਨਰ=ਮਨੁੱਖ । ਕਿ=ਜੋ । ਦਹ=ਦਸ । ਲਕ=ਲੱਖ। ਬਰਾਯਦ=ਆ ਪਏ । ਬਰੋ=ਉਨ੍ਹਾਂ ਉਤੇ । ਬੇਖ਼ਬਰ=ਅਚਾਨਕ।

**ਅਰਥ**—ਵਿਡੋਂ ਭੁਖੇ ਚਾਲ੍ਹੀ ਆਦਮੀ ਕੀ ਕਰ ਸਕਦੇ ਸਨ, ਜੋ ਉਨ੍ਹਾਂ ਉਤੇ ਦਸ ਲੱਖ (ਫ਼ੌਜੀ) ਅਚਾਨਕ ਆ ਪਏ ।੧੯।

Sri Satguru Jagjit Singh Ji eLibrary NamdhariElibrary@gmail.com

**ਕਿ ਪੈਮਾ ਸ਼ਿਕਨ ਬੇਦਰੰਗ ਆਮਦੰਦ ॥**
**ਮਯੇ ਤੇਗੁ ਤੀਰੋ ਤੁਫੰਗ ਆਮਦੰਦ ॥੨੦॥**

***ਪਦ ਅਰਥ***—ਪੈਮਾ=ਅਹਿਦ, ਬਚਨ। ਪੈਮਾ ਸ਼ਿਕਨ=ਬਚਨ ਤੋੜਨ ਵਾਲਾ ਭਾਵ ਬਚਨ ਤੋਂ ਫਿਰ ਜਾਣ ਵਾਲਾ। ਬੇਦਰੰਗ=ਦੇਰ ਤੋਂ ਬਿਨਾਂ, ਝਟਪਟ। ਆਮਦੰਦ=ਆ ਗਏ। ਮਯੇ=ਸਮੇਤ। ਤੇਗੁ=ਤਲਵਾਰ। ਤੀਰੋ=ਤੀਰ। ਤੁਫੰਗ=ਬੰਦੂਕ।

***ਅਰਥ***—ਆਪਣੇ ਕੀਤੇ ਵਾਅਦੇ ਨੂੰ ਤੋੜਨ ਵਾਲੇ ਭਾਵ ਆਪਣੇ ਬਚਨਾਂ ਤੋਂ ਫਿਰ ਜਾਣ ਵਾਲੇ ਛੇਤੀ ਨਾਲ ਆ ਗਏ। ਉਹ ਤੀਰਾਂ, ਤਲਵਾਰਾਂ ਤੇ ਬੰਦੂਕਾਂ ਸਮੇਤ ਆ ਗਏ।੨੦। [ਦ: ਗ੍ਰੰ: ਪੰਨਾ ੧੩੯੦

**ਬ ਲਾਚਾਰਗੀ ਦਰ ਮਿਯਾਂ ਆਮਦਮ ॥**
**ਬ ਤਦਬੀਰ ਤੀਰੋ ਤੁਫੰਗ ਆਮਦਮ ॥੨੧॥**

***ਪਦ ਅਰਥ***—ਬ=ਨਾਲ। ਲਾਚਾਰਗੀ=ਮਜਬੂਰੀ। ਦਰ=ਵਿਚ। ਮਿਯਾਂ=ਮੈਦਾਨਿ-ਜੰਗ। ਆਮਦਮ=ਮੈਂ ਆਇਆ। ਤਦਬੀਰ=ਵਿਧੀ, ਤਰੀਕਾ।

***ਅਰਥ***—ਫਿਰ ਮਜਬੂਰੀ ਨਾਲ ਮੈਦਾਨਿ-ਜੰਗ ਵਿਚ ਮੈਂ ਆਇਆ ਅਤੇ ਤੀਰਾਂ, ਬੰਦੂਕਾਂ ਦੀ ਵਿਧੀ ਸਮੇਤ ਆਇਆ।੨੧।

**ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ ॥**
**ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥**

***ਪਦ ਅਰਥ***—ਚੁ=ਜਦ। ਕਾਰ=ਕੰਮ। ਅਜ਼=ਤੋਂ। ਹਮਹ=ਸਾਰੇ। ਹੀਲਤੇ=ਹੀਲਿਆਂ, ਨੀਤੀ ਦੇ ਸਾਰੇ ਢੰਗ ਜਾਂ ਤਰੀਕੇ। ਦਰ ਗੁਜ਼ਸ਼ਤ=ਲੰਘ ਜਾਵੇ। ਹਲਾਲ ਅਸਤੁ=ਜਾਇਜ਼ ਹੈ, ਯੋਗ ਹੈ। ਬੁਰਦਨ=ਲੈ ਜਾਣਾ। ਬ ਸ਼ਮਸ਼ੇਰ= ਤਲਵਾਰ ਉਤੇ। ਦਸਤ=ਹੱਥ।

***ਅਰਥ***—ਜਦੋਂ ਨੀਤੀ ਦੇ ਸਾਰੇ ਢੰਗ, ਤਰੀਕਿਆਂ ਤੋਂ ਕੰਮ ਲੰਘ ਜਾਵੇ ਤਾਂ ਤਲਵਾਰ ਉਤੇ ਹੱਥ ਲੈ ਜਾਣਾ ਯੋਗ ਹੈ।੨੨।

**ਚਿ ਕਸਮੇ ਕੁਰਾਂ ਮਨ ਕੁਨਮ ਐਤਬਾਰ ॥**
**ਵਗਰ ਨਹ ਤੁ ਗੋਈ ਮਨ ਈ ਰਹ ਚਿ ਕਾਰ ॥੨੩॥**

***ਪਦ ਅਰਥ***—ਚਿ=ਕੀ। ਕਸਮੇ=ਸੌਂਹ। ਕੁਰਾਂ=ਕੁਰਾਨ। ਮਨ=ਮੈਂ। ਕੁਨਮ=ਕਰਾਂ। ਐਤਬਾਰ=ਭਰੋਸਾ, ਯਕੀਨ। ਵਗਰ ਨਹ=ਨਹੀਂ ਤਾਂ। ਤੂ=ਤੂੰਹੀਂ। ਗੋਈ=ਆਖ, ਦਸ। ਮਨ ਈ=ਮੈਨੂੰ ਇਸ। ਰਹ=ਰਾਹ, ਰਸਤੇ। ਚਿ ਕਾਰ=ਕੀ ਕੰਮ।

***ਅਰਥ***—ਮੈਂ (ਤੇਰੀ) ਕੁਰਾਨ ਦੀ ਸੌਂਹ ਦਾ ਕੀ ਭਰੋਸਾ ਕਰਾਂ? ਨਹੀਂ ਤਾਂ ਤੂੰਹੀਂ ਦੱਸ, ਮੈਨੂੰ ਇਸ ਰਾਹ ਉਤੇ (ਚੱਲਣ ਦਾ) ਕੀ ਕੰਮ ਸੀ?।੨੩।

Sri Satguru Jagjit Singh Ji eLibrary NamdhariElibrary@gmail.com

**ਨ ਦਾਨਮ ਕਿ ਈਂ ਮਰਦ ਰੋਬਾਹਿ ਪੇਚ ॥**
**ਦਿਗਰ ਹਰਗਿਜ਼ੀਂ ਰਾਹ ਨਿਯਾਰਦ ਬਹੇਚ ॥੨੪॥**

***ਪਦ ਅਰਥ***—ਨ ਦਾਨਮ=ਮੈਂ ਨਹੀਂ ਜਾਣਦਾ। ਈਂ=ਇਹ। ਰੋਬਾਹਿ=ਲੂੰਬੜੀ ਵਾਂਗੂੰ। ਪੇਚ=ਛਲ, ਫ਼ਰੇਬ। ਦਿਗਰ=ਦੂਜਾ। ਹਰਗਿਜ਼ੀਂ=ਕਦੇ ਵੀ। ਰਾਹ=ਰਸਤੇ। ਨਿਯਾਰਦ=ਨਾ ਆਉਂਦਾ। ਬਹੇਚ=ਕਿਸੇ ਗੱਲ ਨਾਲ।

***ਅਰਥ***—ਮੈਂ ਨਹੀਂ ਜਾਣਦਾ ਸਾਂ ਕਿ ਇਹ ਆਦਮੀ ਲੂੰਬੜੀ ਵਾਂਗੂੰ ਧੋਖੇ-ਬਾਜ਼, ਛਲ-ਫ਼ਰੇਬ ਵਾਲਾ ਹੈ। ਹੋਰ ਕਿਸੇ ਦੂਜੀ ਗੱਲ ਨਾਲ ਕਦੇ ਵੀ ਇਸ ਰਸਤੇ ਉਤੇ ਨਾ ਆਉਂਦਾ।੨੪।

**ਹਰਾਂ ਕਸ ਕਿ ਕਉਲੇ ਕੁਰਾਂ ਆਯਦਸ਼ ॥**
**ਨਜ਼ੋ ਬਸਤਨੋ ਕੁਸ਼ਤਨੋ ਬਾਯਦਸ਼ ॥੨੫॥**

***ਪਦ ਅਰਥ***—ਹਰਾਂ=ਕੋਈ ਉਹ। ਕਸ=ਆਦਮੀ। ਕਿ=ਜੋ। ਕਉਲੇ ਕੁਰਾਂ=ਕੁਰਾਨ ਦੀ ਸੌਂਹ। ਆਯਦਸ਼=ਆਵੇ। ਨਜ਼ੋ=ਨਾ ਤਾਂ। ਬਸਤਨੋ=ਬੰਨ੍ਹ ਲੈਣਾ, ਕੈਦ ਕਰਨਾ। ਕੁਸ਼ਤਨੋ=ਕੁਹ ਸੁਟਣਾ, ਮਾਰ ਦੇਣਾ। ਬਾਯਦਸ਼=ਚਾਹੀਦਾ।

***ਅਰਥ***—ਕੋਈ ਉਹ ਆਦਮੀ, ਜੋ ਕੁਰਾਨ ਦੀ ਸੌਂਹ ਤੇ ਆ ਜਾਵੇ, ਨਾ ਹੀ ਉਸ ਨੂੰ ਮਾਰਣਾ ਅਤੇ ਨਾ ਹੀ ਉਸਨੂੰ ਬੰਨ੍ਹ ਲੈਣਾ, ਜਾਂ ਕੈਦ ਕਰਨਾ ਚਾਹੀਦਾ ਹੈ।੨੫।

**ਬਰੰਗੇ ਮਗਸ ਸਜਾਹ ਪੋਸ਼ ਆਮਦੰਦ ॥**
**ਬ ਯਕ ਬਾਰਗੀ ਦਰ ਖ਼ਰੋਸ਼ ਆਮਦੰਦ ॥੨੬॥**

***ਪਦ ਅਰਥ***—ਬਰੰਗੇ=ਰੰਗ ਵਰਗੇ। ਮਗਣ=ਮੱਖੀਆਂ। ਸਜਾਹ ਪੋਸ਼=ਕਾਲੇ ਪਹਿਰਾਵੇ ਵਾਲੇ। ਆਮਦੰਦ=ਆ ਗਏ। ਯਕ ਬਾਰਗੀ=ਇਕੋ ਵਾਰੀ ਹੀ। ਦਰ ਖ਼ਰੋਸ਼=ਰੌਲੇ ਗੌਲੇ ਵਿਚ

***ਅਰਥ***—ਕਾਲੀਆਂ ਮੱਖੀਆਂ ਵਾਂਗੁ ਕਾਲੇ ਪਹਿਰਾਵੇ ਵਾਲੇ ਤੇਰੇ (ਸੂਰਮੇ) ਆ ਗਏ। ਇਕੋ ਵਾਰੀ ਹੀ ਰੌਲਾ-ਗੌਲਾ ਭਾਵ ਸ਼ੋਰ-ਸ਼ਰਾਬਾ ਕਰਦੇ ਆ ਕੇ ਪੈ ਗਏ।੨੬।

**ਹਰਾਂਕਸ ਜ਼ਿ ਦੀਵਾਰ ਆਮਦ ਬਿਰੂੰ ॥**
**ਬਖ਼ੁਰਦਨ ਯਕੇ ਤੀਰ ਸ਼ੁਦ ਗ਼ਰਕਿ ਖ਼ੂੰ ॥੨੭॥**

***ਪਦ ਅਰਥ***—ਹਰਾਂਕਸ=ਜੇ ਕੋਈ ਆਦਮੀ। ਜ਼ਿ=ਤੋਂ। ਦੀਵਾਰ=ਕੰਧ। ਆਮਦ=ਆ ਗਿਆ। ਬਿਰੂੰ=ਬਾਹਰ। ਬਖ਼ੁਰਦਨ=ਖਾਣ ਨਾਲ। ਯਕੇ=ਇਕੋ ਹੀ। ਸ਼ੁਦ=ਹੋ ਗਿਆ। ਗ਼ਰਕਿ ਖ਼ੂੰ=ਖ਼ੂਨ ਵਿਚ ਗ਼ਰਕ ਹੋ ਗਿਆ ਭਾਵ ਲਹੂ ਵਿਚ ਡੁਬ ਗਿਆ।

***ਅਰਥ***—ਜੇ ਕੋਈ ਆਦਮੀ ਕੰਧ (ਦੇ ਆਸਰੇ) ਤੋਂ ਬਾਹਰ ਆ ਗਿਆ। ਉਹ ਸਾਡਾ ਇਕੋ ਹੀ ਤੀਰ ਖਾਣ ਨਾਲ ਲਹੂ ਵਿਚ ਡੁਬ ਗਿਆ।੨੭।

**ਕਿ ਬੇਰੂੰ ਨਿਯਾਮਦ ਕਸੇ ਜਾਂ ਦਿਵਾਰ ॥**
**ਨਾ ਖ਼ੁਰਦੰਦ ਤੀਰੋ ਨ ਗਸ਼ਤੰਦ ਖ਼੍ਵਾਰ ॥੨੮॥**

***ਪਦ ਅਰਥ***—ਬੇਰੂੰ=ਬਾਹਰ । ਨਿਯਾਮਦ=ਨਹੀਂ ਆਇਆ । ਕਸੇ=ਕੋਈ । ਜਾਂ=ਉਸ ਤੋਂ । ਦਿਵਾਰ=ਕੰਧ। ਖ਼ੁਰਦੰਦ=ਖਾਧਾ । ਗਸ਼ਤੰਦ=ਹੋਇਆ । ਖ਼੍ਵਾਰ=ਰੁਲਿਆ, ਖ਼ਰਾਬ ।

***ਅਰਥ***—ਜੋ ਕੋਈ ਕੰਧ ਤੋਂ ਬਾਹਰ ਨਹੀਂ ਆਇਆ । ਉਸ ਨੇ ਤੀਰਾਂ ਨੂੰ ਨਹੀਂ ਖਾਧਾ ਅਤੇ ਨਾ ਹੀ ਉਹ ਖ਼ਰਾਬ ਹੋਇਆ ਹੈ ।੨੮।

**ਚੁ ਦੀਦਮ ਕਿ ਨਾਹਰ ਬਿਯਾਮਦ ਬ ਜੰਗ ॥**
**ਚਸ਼ੀਦਹ ਯਕੇ ਤੀਰ ਤਨ ਬੇਦਰੰਗ ॥੨੯॥**

***ਪਦ ਅਰਥ***—ਚੁ=ਜਦ । ਦੀਦਮ=ਮੈਂ ਵੇਖਿਆ । ਬਿਯਾਮਦ=ਆਇਆ । ਚਸ਼ੀਦਹ=ਚਖਾਇਆ। ਯਕੇ=ਇਕ । ਬੇਦਰੰਗ=ਸ਼ੀਘਰ, ਛੇਤੀ ਹੀ।

***ਅਰਥ***—ਜਦੋਂ ਮੈਂ ਵੇਖਿਆ ਕਿ ਨਾਹਰ ਖਾਂ ਜਰਨੈਲ ਜੰਗ ਵਿਚ ਆਇਆ ਹੈ । ਤਾਂ ਮੈਂ ਉਸ ਦੇ ਸਰੀਰ ਨੂੰ ਛੇਤੀ ਨਾਲ ਤੀਰ ਚਖਾਇਆ ਭਾਵ ਮਾਰਿਆ, ਜਿਸ ਤੇ ਉਹ ਤੀਰ ਖਾ ਕੇ ਮਰ ਗਿਆ ।੨੯। ਨਾਹਰ ਖਾਂ ਜਰਨੈਲ ਦੇ ਮਰਣ ਨਾਲ ਜਿਹੜੇ ਉਹਦੇ ਸਾਥੀ ਸਨ, ਉਹ ਵੀ ਓੜਕ ਨੂੰ ਭੱਜ ਗਏ—

**ਹਮ ਆਖਰ ਗੁਰਜ਼ੇਦ ਬ ਜਾਏ ਮੁਸਾਫ ॥**
**ਬਸੇ ਖਾਨਹ ਖੁਰਦੰਦ ਬੇਰੂੰ ਗਜ਼ਾਫ਼ ॥੩੦॥**

***ਪਦ ਅਰਥ***—ਹਮ=ਭੀ । ਆਖਰ=ਓੜਕ, ਅੰਤ ਨੂੰ । ਗੁਰਜ਼ੇਦ=ਭੱਜ ਗਏ । ਬ=ਵਿਚੋਂ । ਜਾਏ=ਜਗ੍ਹਾ। ਮੁਸਾਫ=ਜੰਗ । ਬਸੇ=ਬਹੁਤੇ । ਖਾਨਹ=ਖਾਣਿਆਂ । ਖੁਰਦੰਦ=ਖਾਣ ਵਾਲੇ । ਬੇਰੂੰ=ਬਾਹਰ । ਗਜ਼ਾਫ਼= ਗੱਪਾਂ।

***ਅਰਥ***—ਉਹ ਵੀ ਅੰਤ ਨੂੰ ਜੰਗ ਦੇ ਮੈਦਾਨ ਵਿਚੋਂ ਭੱਜ ਗਏ । ਜੋ ਸੂਰਮੇ ਬਹੁਤੇ ਖਾਣਿਆਂ ਦੇ ਖਾਣ ਵਾਲੇ ਭਾਵ ਸਾਬਤ, ਸਾਬਤ ਬੱਕਰਿਆਂ ਨੂੰ ਖਾਣ ਵਾਲੇ ਸਨ ਅਤੇ ਜੋ ਬਾਹਰ ਬੈਠੇ ਗੱਪਾਂ ਮਾਰਣ ਵਾਲੇ ਸਨ ।੩੦।

**ਕਿ ਅਫ਼ਗਾਨ ਦੀਗਰ ਬਿਯਾਮਦ ਬਜੰਗ ॥**
**ਚੁ ਸੈਲੇ ਰਵਾਂ ਹਮ ਚੁ ਤੀਰੋ ਤੁਫੰਗ ॥੩੧॥**

***ਪਦ ਅਰਥ***—ਕਿ=ਜੋ । ਅਫ਼ਗਾਨ=ਪਠਾਣ । ਦੀਗਰ=ਦੂਸਰਾ, ਇਕ ਹੋਰ । ਬਿਯਾਮਦ=ਆ ਗਿਆ। ਬਜੰਗ=ਜੰਗ ਵਿਚ। ਸੈਲੇ=ਪਰਬਤ, ਪਹਾੜ । ਰਵਾਂ=ਛੇਤੀ । ਹਮਚੁ=ਵਾਂਗੂ । ਤੀਰੋ=ਤੀਰ । ਤੁਫੰਗ=ਬੰਦੂਕ ।

***ਅਰਥ***—ਜੋ ਇਕ ਹੋਰ ਪਠਾਣ ਜੰਗ ਲਈ ਆਇਆ, ਉਹ ਪਹਾੜ ਭਾਵ ਦਰਿਆ ਦੇ ਹੜ੍ਹ ਅਤੇ ਤੀਰ ਤੇ ਬੰਦੂਕ ਦੀ ਗੋਲੀ ਵਾਂਗੂੰ ਛੇਤੀ ਨਾਲ ਆਇਆ ।੩੧।

Sri Satguru Jagjit Singh Ji eLibrary NamdhariElibrary@gmail.com

## ਬਸੇ ਹਮਲਹ ਕਰਦੰਦ ਬ-ਮਰਦਾਨਗੀ ॥
## ਹਮ ਅਜ਼ ਹੋਸ਼ਗੀ ਹਮ ਜ਼ਿ ਦੀਵਾਨਗੀ ॥੩੨॥

***ਪਦ ਅਰਥ***—ਬਸੇ-ਬਹੁਤ ਸਾਰੇ। ਹਮਲਹ=ਹੱਲੇ। ਕਰਦੰਦ=ਕੀਤੇ। ਬ=ਨਾਲ। ਮਰਦਾਨਗੀ=ਬਹਾਦਰੀ। ਹਮ=ਭੀ। ਅਜ਼=ਨਾਲ। ਹੋਸ਼ਗੀ=ਹੁਸ਼ਿਆਰੀ ਨਾਲ, ਅਕਲਮੰਦੀ ਨਾਲ। ਹਮ=ਭੀ। ਜ਼ਿ=ਨਾਲ। ਦੀਵਾਨਗੀ=ਸ਼ੁਦਾਈ-ਪੁਣਾ, ਬੇਹੋਸ਼ੀ।

***ਅਰਥ***—(ਅਫ਼ਗਾਨ ਖਾਂ ਨੇ ਆਉਂਦਿਆਂ ਹੀ) ਬਹੁਤ ਸਾਰੇ ਹੱਲੇ ਬਹਾਦਰੀ ਨਾਲ ਕੀਤੇ। ਕੁਝ ਕੁ ਤਾਂ ਹੁਸ਼ਿਆਰੀ ਨਾਲ ਵੀ ਕੀਤੇ, ਤੇ ਕੁਝ ਸ਼ੁਦਾਈ-ਪੁਣੇ ਨਾਲ ਕੀਤੇ।੩੨।

## ਬਸੇ ਹਮਲਹ ਕਰਦਹ ਬਸੇ ਜ਼ਖਮ ਖੁਰਦ ॥
## ਦੁ ਕਸਰਾ ਬਜਾਂ ਕੁਸ਼ਤ ਜਾਂ ਹਮ ਸਪੁਰਦ ॥੩੩॥

***ਪਦ ਅਰਥ***—ਬਸੇ=ਬਹੁਤ। ਹਮਲਹ=ਹੱਲੇ। ਕਰਦਹ=ਕੀਤੇ। ਖੁਰਦ=ਖਾਧੇ। ਦੁ ਕਸਰਾ=ਦੋ ਆਦਮੀ। ਬਜਾਂ=ਜਾਨ ਨਾਲ। ਕੁਸ਼ਤ=ਕੋਹ। ਹਮ=ਭੀ। ਸਪੁਰਦ=ਸੌਂਪ ਦਿਤਾ।

***ਅਰਥ***—(ਅਫ਼ਗਾਨ ਖਾਂ ਨੇ) ਬਹੁਤ ਹੱਲੇ ਕੀਤੇ, ਤੇ ਉਸਨੇ ਆਪ ਵੀ ਬਹੁਤ ਸਾਰੇ ਜ਼ਖ਼ਮ ਖਾਧੇ। ਅਫ਼ਗਾਨ ਖਾਂ ਨੇ ਦੋ ਆਦਮੀ ਭਾਵ ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਕੋਹ ਦਿਤੇ ਤੇ ਅੰਤ ਨੂੰ ਅਫ਼ਗਾਨ ਖਾਂ ਨੇ ਆਪਣੀ ਜਾਨ ਵੀ ਸਾਨੂੰ ਸੌਂਪ ਦਿਤੀ।੩੩।

## ਕਿ ਆਂ ਖ਼੍ਵਾਜਹ ਸਾਯਹ ਦਿਵਾਰ ॥
## ਬ ਮੈਦਾਂ ਨਿਯਾਮਦ ਬ ਮਰਦਾਨਹ ਵਾਰ ॥੩੪॥

***ਪਦ ਅਰਥ***—ਕਿ=ਜੋ। ਆਂ=ਉਹ। ਖ਼੍ਵਾਜਹ=ਫ਼ੌਜ ਦਾ ਜਰਨੈਲ, ਜੋ ਗੁਰੂ ਜੀ ਨੂੰ ਫੜਕੇ ਲਿਆਉਣ ਦਾ ਸਭਾ ਵਿਚ ਬੀੜਾ ਚੁਕ ਕੇ ਆਇਆ ਸੀ। ਮਰਦੂਦ=ਗੀਦੀ, ਕਾਇਰ। ਸਾਯਹ=ਛਾਇਆ, ਪ੍ਰਛਾਵਾਂ। ਦਿਵਾਰ=ਕੰਧ। ਬ ਮੈਦਾਂ=ਮੈਦਾਨ ਵਿਚ। ਨਿਯਾਮਦ=ਨਾ ਆਇਆ। ਬ=ਨਾਲ। ਮਰਦਾਨਹ=ਬਹਾਦਰੀ ਨਾਲ।

***ਅਰਥ***—ਪਰ ਉਹ ਫ਼ੌਜਾਂ ਦਾ ਕਾਇਰ ਜਰਨੈਲ ਕੰਧਾਂ ਦੀ ਓਟ ਥੱਲੇ ਰਿਹਾ। ਉਹ ਬਹਾਦਰਾਂ ਵਾਂਗੂ ਮੈਦਾਨ ਵਿਚ ਨਾ ਆਇਆ।੩੪।

## ਦਰੋਗਾ ਅਗਰ ਰੋਇ ਓ ਦੀਦਮੇ ॥
## ਬ ਯਕ ਤੀਰ ਲਾਚਾਰ ਬਖਸ਼ੀਦਮੇ ॥੩੫॥

***ਪਦ ਅਰਥ***—ਦਰੋਗਾ=ਅਫ਼ਸੋਸ। ਅਗਰ=ਜੇਕਰ। ਰੋਇ=ਮੂੰਹ, ਚਿਹਰਾ। ਓ=ਉਸਦਾ। ਦੀਦਮੇ=ਵੇਖਦੇ। ਬ=ਨਾਲ। ਯਕ=ਇਕ। ਲਾਚਾਰ=ਓੜਕ, ਅੰਤ, ਮਜਬੂਰੀ। ਬਖਸ਼ੀਦਮੇ=ਬਖ਼ਸ਼ ਦੇਂਦੇ।

**ਅਰਥ**—ਅਫ਼ਸੋਸ ਹੈ ਜੇਕਰ ਉਸਦਾ ਮੂੰਹ ਅਸੀਂ ਵੇਖਦੇ ਤਾਂ ਮਜਬੂਰੀ ਨਾਲ ਇਕ ਤੀਰ ਉਹਨੂੰ ਬਖ਼ਸ਼ ਦੇਂਦੇ ਭਾਵ ਇਕ ਤੀਰ ਉਸਨੂੰ ਜ਼ਰੂਰ ਮਾਰਦੇ। ਜਿਸ ਨਾਲ ਉਹ ਨਰਕਾਂ ਵਿਚ ਨਾ ਜਾਂਦਾ, ਸਗੋਂ ਬਹਿਸ਼ਤਾਂ ਦੇ ਸੁਖ ਭੋਗਦਾ। ਧੰਨ ਹਨ, ਕਲਗੀਧਰ ਪਾਤਸ਼ਾਹ ਜੀ, ਜੋ ਵੈਰੀ ਦਾ ਵੀ ਭਲਾ ਸੋਚ ਰਹੇ ਹਨ।੩੫।

**ਹਮ ਆਖਰ ਬਸੇ ਜ਼ਖਮ ਤੀਰੋ ਤੁਫ਼ੰਗ ॥**
**ਦੁ ਸੂਏ ਬਸੇ ਕੁਸ਼ਤਹ ਸ਼ੁਦ ਬੇਦਰੰਗ ॥੩੬॥**

**ਪਦ ਅਰਥ**—ਹਮ ਆਖਰ=ਪਿਛੋਂ, ਅੰਤ ਨੂੰ। ਬਸੇ=ਬਹੁਤ ਸਾਰੇ। ਤੁਫ਼ੰਗ=ਬੰਦੂਕ। ਦੁ ਸੂਏ=ਦੋਹਾਂ ਪਾਸਿਆਂ ਦੇ। ਕੁਸ਼ਤਹ ਸ਼ੁਦ=ਮੁਰਦਾ ਹੋ ਗਏ, ਮਰ ਗਏ। ਬੇਦਰੰਗ=ਝਟਪਟ, ਛੇਤੀ।

**ਅਰਥ**—ਅੰਤ ਨੂੰ ਤੀਰਾਂ, ਬੰਦੂਕਾਂ ਦੇ ਬਹੁਤ ਸਾਰੇ ਜ਼ਖ਼ਮ ਖਾ ਕੇ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਆਦਮੀ ਝਟਪਟ ਹੀ ਛੇਤੀ ਨਾਲ ਮਰ ਗਏ।੩੬।

**ਬਸੇ ਬਾਨ ਬਾਰੀਦ ਤੀਰੋ ਤੁਫੰਗ ॥**
**ਜ਼ਿਮੀ ਗਸ਼ਤ ਹਮ ਚੂੰ ਗੁਲੇ ਲਾਲਹ ਰੰਗ ॥੩੭॥**

**ਪਦ ਅਰਥ**—ਬਸੇ=ਬਹੁਤ ਸਾਰੇ। ਬਾਨ=ਤੀਰ। ਬਾਰੀਦ=ਬਰਸੇ, ਬਾਰਸ਼ ਹੋਈ। ਤੀਰੋ ਤੁਫੰਗ=ਬੰਦੂਕਾਂ ਦੀਆਂ ਗੋਲੀਆਂ। ਗਸ਼ਤ=ਹੋ ਗਈ। ਹਮ ਚੂੰ=ਵਾਂਗੂ। ਗੁਲੇ=ਫੁਲ। ਲਾਲਹ=ਲਾਲਾ (ਕਾਬਲ ਦੇ ਇਲਾਕੇ ਦੇ ਇਕ ਖ਼ਾਸ ਕਿਸਮ ਦੇ ਫੁਲ ਦਾ ਨਾਮ ਹੈ, ਜੋ ਗੂੜ੍ਹੇ ਲਾਲ ਰੰਗ ਦਾ ਹੁੰਦਾ ਹੈ, ਗਜ਼ਨੀ ਦੇ ਇਲਾਕੇ ਵਿਚ ਇਹ ਬਹੁਤ ਹੁੰਦਾ ਹੈ। ਪਰ ਸੰਪ੍ਰਦਾਈ ਇਸਨੂੰ ਪੋਸਤ ਦਾ ਫੁਲ ਆਖਦੇ ਹਨ।

**ਅਰਥ**—ਤੀਰਾਂ ਤੇ ਗੋਲੀਆਂ ਦੀ ਬੜੀ ਭਾਰੀ ਬਾਰਸ਼ ਹੋਈ, ਧਰਤੀ ਪੋਸਤ ਦੇ ਫੁਲ ਵਾਂਗ ਲਾਲ ਰੰਗ ਦੀ ਹੋ ਗਈ।੩੭।

**ਸਰੋ ਪਾਂਇ ਅੰਬੋਹੁ ਚੰਦਾਂ ਸ਼ੁਦਹ ॥**
**ਕਿ ਮੈਦਾਂ ਪੁਰ ਅਜ਼ ਗੋਇ ਚੌਗਾਂ ਸ਼ੁਦਹ ॥੩੮॥**

**ਪਦ ਅਰਥ**—ਸਰੋ ਪਾਂਇ=ਸਿਰ ਤੇ ਪੈਰ। ਅੰਬੋਹੁ=ਇਕੱਠ। ਚੰਦਾਂ=ਏਨਾ। ਸ਼ੁਦਹ=ਹੋ ਗਿਆ ਸੀ। ਕਿ=ਜੋ। ਮੈਦਾਂ=ਮੈਦਾਨ, ਰਣਭੂਮੀ। ਪੁਰ=ਭਰ ਗਈ ਸੀ। ਅਜ਼=ਸੇ, ਨਾਲ। ਗੋਇ=ਖਿੱਦੂ, ਗੇਂਦ ਭਾਵ ਸਿਰ। ਚੌਗਾਂ=ਖੂੰਡੀ ਭਾਵ ਲੱਤਾਂ।

**ਅਰਥ**—ਸਿਰ ਤੇ ਪੈਰਾਂ ਦਾ ਏਨਾ ਇਕੱਠ ਹੋ ਗਿਆ ਸੀ, ਜੋ ਮੈਦਾਨ ਖਿਦੂ-ਖੂੰਡੀ ਭਾਵ ਲੱਤਾਂ, ਪੈਰਾਂ ਨਾਲ ਭਰ ਗਿਆ ਸੀ।੩੮।

**ਤਰੰਕਾਰ ਤੀਰੋ ਤਰੰਕੇ ਕਮਾਂ ॥**
**ਬਰਾਮਦ ਯਕੇ ਹਾਇ ਹੂ ਅਜ਼ ਜਹਾਂ ॥੩੯॥**

**ਪਦ ਅਰਥ**—ਤਰੰਕਾਰ=ਟਣਕਾਰ, ਤਿੜ ਤਿੜ ਦੀ ਆਵਾਜ਼। ਤੀਰੋ=ਤੀਰੋ ਦੀ। ਤਰੰਕੇ=

ਕੜਕੀਆਂ, ਚਿਰੜ ਚਿਰੜ ਦੀ ਆਵਾਜ਼ (ਜੋ ਕਮਾਨ ਦੇ ਖਿਚਣ ਨਾਲ ਨਿਕਲਦੀ ਹੈ)। ਕਮਾਂ=ਕਮਾਣ। ਬਰਾਮਦ=ਨਿਕਲੀ। ਯਕੇ=ਇਕੋ ਹੀ। ਹਾਇ ਹੂ=ਹਾਇ ਓਏ ਦੀ ਡੰਡ-ਰੌਲੀ। ਅਜ਼=ਸੇ, ਨਾਲ। ਜਹਾਂ=ਜਹਾਨ, ਸੰਸਾਰ।

**ਅਰਥ**—ਤੀਰਾਂ ਦੇ ਚਲਣ ਦੀ ਟਣਕਾਰ ਤੇ ਕਮਾਣਾਂ ਦੀ ਚਿਰੜ ਚਿਰੜ ਦੀ ਆਵਾਜ਼ ਨਿਕਲੀ। ਇਕੋ ਹੀ ਹਾਇ-ਓਏ ਦੀ ਡੰਡ-ਰੌਲੀ ਨਾਲ ਸੰਸਾਰ ਭਰ ਗਿਆ।੩੯।

## ਦਿਗਰ ਸ਼ੋਰਸ਼ੇ ਕੈਬਰੇ ਕੀਨਹ ਕੋਸ਼ ॥
## ਜ਼ਿ ਮਰਦਾਨਿ ਮਰਦਾਂ ਬਰੂੰ ਰਫ਼ਤ ਹੋਸ਼ ॥੪੦॥

**ਪਦ ਅਰਥ**—ਦਿਗਰ=ਫਿਰ। ਸ਼ੋਰਸ਼ੇ=ਰੌਲਾ-ਗੌਲਾ, ਸ਼ੋਰ-ਸ਼ਰਾਬਾ। ਕੈਬਰੇ=ਤੀਰ। ਕੀਨਹ ਕੋਸ਼=ਦੁਸ਼ਮਣ, ਵੈਰ ਵਧਾਉਣ ਵਾਲਾ। ਮਰਦਾਨਿ ਮਰਦਾਂ=ਸੂਰਬੀਰ, ਬਹਾਦਰ। ਬਰੂੰ=ਬਾਹਰ। ਰਫ਼ਤ=ਚਲੀ ਗਈ। ਹੋਸ਼=ਅਕਲ, ਬੁਧੀ।

**ਅਰਥ**—ਫਿਰ ਤੀਰਾਂ ਦੇ ਰੌਲੇ-ਗੌਲੇ ਭਾਵ ਸ਼ੋਰ-ਸ਼ਰਾਬੇ ਨਾਲ ਦੁਸ਼ਮਣ ਦੀ ਚਲਾਕੀ ਖ਼ਤਮ ਹੋ ਗਈ। ਬਹਾਦਰਾਂ ਤੋਂ ਵੀ ਬਹਾਦਰ ਸੂਰਮਿਆਂ ਦੀ ਅਕਲ ਚਲੀ ਗਈ।੪੦।

## ਹਮਾਖ਼ਰ ਚਿ ਮਰਦੀ ਕੁਨੱਦ ਕਾਰਜ਼ਾਰ ॥
## ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ ॥੪੧॥

**ਪਦ ਅਰਥ**—ਹਮਾਖ਼ਰ=ਅੰਤ ਨੂੰ, ਓੜਕ ਨੂੰ। ਚਿ=ਕੀ। ਮਰਦੀ=ਬਹਾਦਰੀ, ਸੂਰਮਤਾਈ। ਕੁਨੱਦ=ਕਰਦੀ। ਕਾਰਜ਼ਾਰ=ਲੜਾਈ। ਬਰ=ਉਤੇ। ਚਿਹਲ ਤਨ=ਚਾਲ੍ਹੀ ਬੰਦੇ। ਆਯਦਸ਼=ਆ ਗਏ। ਬੇਸ਼ੁਮਾਰ=ਅਣਗਿਣਤ।

**ਅਰਥ**—ਅੰਤ ਨੂੰ ਲੜਾਈ ਵਿਚ ਸੂਰਮਤਾਈ ਭਾਵ ਬਹਾਦਰੀ ਕੀ ਕਰਦੀ ? ਜਦੋਂ ਚਾਲ੍ਹੀ ਬੰਦਿਆਂ ਉਤੇ (ਇਕ ਦਮ) ਅਣਗਿਣਤ (ਫ਼ੌਜ) ਆ ਪਈ।੪੧।

ਅੰਕ ੧੯ ਵਿਚ 'ਦਹ ਲਕ ਬਰਾਯਦ' ਲਿਖਿਆ ਸੀ, ਉਸ ਦਹ ਲਕ ਦਾ ਅਰਥ-ਅਣਗਿਣਤ ਕਲਗੀਧਰ ਜੀ ਆਪ ਹੀ ਇਸ ਬੈਂਤ ਵਿਚ ਦਸ ਰਹੇ ਹਨ।

ਚਮਕੌਰ ਦੇ ਜੰਗ ਦਾ ਸੰਖੇਪ ਹਾਲ-

ਹੇ ਔਰੰਗਜ਼ੇਬ ! ਤੇਰੇ ਵਲੋਂ ਲਿਖਕੇ ਭੇਜੀਆਂ ਝੂਠੀਆਂ ਕਸਮਾਂ ਤੇ ਅਸੀਂ ਇਤਬਾਰ ਕਰਕੇ ਅਨੰਦਪੁਰ ਤੋਂ ਨਿਕਲਕੇ ਸਾਰਾ ਦਿਨ ਲੜਦੇ ਭਿੜਦੇ ਭੁਖੇ-ਭਾਣੇ (ਨਾ ਕੁਝ ਖਾਧਾ ਨਾ ਪੀਤਾ) ਤੇ ਨਾ ਹੀ ਆਰਾਮ ਕੀਤਾ, ਪੋਹ ਮਾਘ ਦੀਆਂ ਬਰਫ਼ਾਨੀ ਤੇ ਠੰਢੀਆਂ ਰਾਤਾਂ, ਨਦੀ ਦੇ ਕੰਢੇ ਧੋਖੇ-ਬਾਜ਼ ਦੁਸ਼ਮਣ ਮਗਰ, ਫਿਰ ਉਸ ਵੇਲੇ ਕੀ ਹੋ ਸਕਦਾ ਸੀ ? ਜਦੋਂ ਇਸ ਤਰ੍ਹਾਂ ਭੁਖ-ਤ੍ਰੇਹ ਤੇ ਦੁਖਾਂ ਨੂੰ ਸਹਿੰਦੇ ਸਿਰਫ਼ ਚਾਲ੍ਹੀ ਆਦਮੀ ਰਹਿ ਜਾਣ ਤੇ ਉਹਨਾਂ ਚਾਲ੍ਹੀਆਂ ਉਤੇ ਦਸ ਲਖ ਫ਼ੌਜ ਅਚਨਚੇਤ ਹੀ ਹਮਲਾ ਕਰ ਦੇਵੇ, ਉਹ ਚਾਲ੍ਹੀ ਜੋ ਸਾਰੇ ਦਿਨ ਦੇ ਭੁਖੇ-ਭਾਣੇ ਤੇ ਥਕੇ ਹੋਏ ਸਨ, ਕੀ ਕਰ ਸਕਦੇ ਸਨ ?

Sri Satguru Jagjit Singh Ji eLibrary NamdhariElibrary@gmail.com

ਹੇ ਔਰੰਗਜ਼ੇਬ! ਸਾਨੂੰ ਅਨੰਦਪੁਰ ਤੋਂ ਨਿਕਲਦਿਆਂ ਹੀ ਛੇਤੀ ਨਾਲ ਖਾਧੀ ਕਸਮ ਨੂੰ ਤੋੜਕੇ ਤੇਰੇ ਫ਼ੌਜੀ ਜਵਾਨ ਸਾਡੇ ਉਤੇ ਆ ਪਏ। ਅਸੀਂ ਉਹਨਾਂ ਦੀ ਮਾਰ ਨੂੰ ਝਲਦੇ ਤੇ ਆਪਣੇ ਆਪ ਨੂੰ ਬਚਾਉਂਦੇ ਹੋਏ ਚਮਕੌਰ ਦੀ ਕੱਚੀ ਗੜ੍ਹੀ ਵਿਚ ਆ ਪੁਜੇ। ਇਥੇ ਰਾਤ ਆਰਾਮ ਕਰਕੇ ਅਸਾਂ ਅਗੇ ਨੂੰ ਤੁਰ ਜਾਣਾ ਸੀ, ਪਰ ਉਹਨਾਂ ਨੇ ਇਥੇ ਵੀ ਸਾਡਾ ਪਿੱਛਾ ਕੀਤਾ, ਸਾਨੂੰ ਇਥੇ ਪਹੁੰਚਿਆਂ ਅਜੇ ਥੋਹੜਾ ਹੀ ਸਮਾਂ ਹੋਇਆ ਸੀ, ਕਿ ਉਹਨਾਂ ਆਉਂਦਿਆਂ ਹੀ ਲੜਾਈ ਸ਼ੁਰੂ ਕਰ ਦਿਤੀ।

ਹੇ ਔਰੰਗਜ਼ੇਬ! ਅਸੀਂ ਲੜਾਈ ਨਹੀਂ ਕਰਨਾ ਚਾਹੁੰਦੇ ਸਾਂ, ਪਰ ਤੇਰੇ ਜਰਨੈਲਾਂ ਨੇ ਸਾਨੂੰ ਲੜਾਈ ਲਈ ਮਜਬੂਰ ਕਰ ਦਿਤਾ। ਸਾਨੂੰ ਮਜਬੂਰੀ ਦੀ ਹਾਲਤ ਵਿਚ ਸ਼ਸਤ੍ਰ ਫੜਕੇ ਮੈਦਾਨ ਵਿਚ ਆਉਣਾ ਪਿਆ।

ਹੇ ਔਰੰਗਜ਼ੇਬ! ਤੂੰ ਆਪਣੇ ਮਜ਼੍ਹਬ ਨੂੰ ਵਧਾਉਣਾ ਚਾਹੁੰਦਾ ਹੈਂ, ਇਹ ਕੰਮ ਚੰਗਾ ਹੈ, ਪਰ ਇਸ ਕੰਮ ਨੂੰ ਕਰਨ ਲਈ ਤੂੰ ਜ਼ੋਰ, ਧੱਕਾ ਤੇ ਜ਼ੁਲਮ ਦੀ ਤਲਵਾਰ ਵਰਤ ਰਿਹਾ ਹੈਂ। ਇਸ ਜ਼ੁਲਮ ਨੂੰ ਰੋਕਣ ਲਈ ਅਕਾਲ ਪੁਰਖ ਨੇ ਮੈਨੂੰ ਆਪਣਾ ਪੁਤਰ ਬਣਾ ਕੇ ਇਥੇ ਘੱਲਿਆ ਹੈ, ਇਸ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਮੈਂ ਆਪਣੇ ਪਿਤਾ ਦੀ ਕੁਰਬਾਨੀ ਦਿੱਤੀ, ਉਹਨਾਂ ਦੇ ਨਾਲ ਉਹਨਾਂ ਦੇ ਕਈ ਸਿੱਖ ਵੀ ਸ਼ਹੀਦੀ ਪਾ ਗਏ, ਇਸ ਗੱਲ ਨੇ ਹੀ ਹੁਣ ਮੈਨੂੰ ਮਜਬੂਰ ਕੀਤਾ ਹੈ ਕਿ ਮੈਂ ਹਥਿਆਰ ਫੜਕੇ ਜੰਗ ਦੇ ਮੈਦਾਨ ਵਿਚ ਆਵਾਂ।

ਹੇ ਔਰੰਗਜ਼ੇਬ! ਹੁਣ ਜੰਗ ਕਰਨ ਤੋਂ ਬਿਨਾਂ ਮੇਰੇ ਕੋਲ ਕਿਹੜਾ ਚਾਰਾ ਸੀ ? ਜੇ ਜੰਗ ਨਾ ਕਰਦਾ ਤਾਂ ਭੇਡ-ਬੱਕਰੀ ਵਾਂਗੂ ਕੋਹਿਆ ਜਾਂਦਾ, ਇਸ ਤਰ੍ਹਾਂ ਦੀ ਮੌਤੇ-ਮਰਣਾ ਸੂਰਮਿਆਂ ਨੂੰ ਮੇਹਣਾ ਹੈ। ਜੇ ਹਥਿਆਰ ਛੱਡ ਦੇਵਾਂ ਤਾਂ ਬਹਾਦਰੀ ਨੂੰ ਦਾਗ ਲਗਦਾ ਹੈ। ਜੰਗ ਤੋਂ ਬਿਨਾਂ ਕਿਸੇ ਤਰ੍ਹਾਂ ਉਥੋਂ ਨਹੀਂ ਬਚ ਸਕਦਾ ਸਾਂ। ਜਿਨ੍ਹਾਂ ਨੇ ਕੁਰਾਨ ਦੀ ਸੌਂਹ ਖਾ ਕੇ ਮੇਰੇ ਨਾਲ ਧੋਖਾ ਕੀਤਾ, ਜੇ ਉਹ ਮੇਰਾ ਪਿੱਛਾ ਕਰਕੇ ਜੰਗ ਨਾ ਕਰਦੇ, ਤਾਂ ਮੈਨੂੰ ਜੰਗ ਕਰਨ ਦੀ ਕੀ ਲੋੜ ਸੀ ? ਜੇ ਮੈਂ ਜੰਗ ਕਰਨਾ ਹੁੰਦਾ ਤਾਂ ਕਿਲ੍ਹਾ ਹੀ ਕਿਉਂ ਛੱਡਦਾ ? ਕਿਲ੍ਹੇ ਵਿਚ ਰਹਿ ਕੇ ਜੰਗ ਕਰਨਾ ਠੀਕ ਸੀ ਕਿ ਜਾਂ ਕਿਲ੍ਹੇ ਤੋਂ ਬਾਹਰ ? ਮੈਨੂੰ ਕਿਸੇ ਤਿਆਰੀ ਤੋਂ ਬਿਨਾਂ ਜੰਗ ਕਰਨ ਲਈ ਮਜਬੂਰ ਕੀਤਾ ਗਿਆ।

ਹੇ ਔਰੰਗਜ਼ੇਬ! ਮੈਨੂੰ ਇਸ ਗੱਲ ਦਾ ਚਿਤ-ਚੇਤਾ ਵੀ ਨਹੀਂ ਸੀ ਕਿ ਤੇਰੇ ਫ਼ੌਜੀ ਜਰਨੈਲ ਲੂੰਬੜੀ ਵਾਂਗੂ ਧੋਖੇ-ਫ਼ਰੇਬ ਨਾਲ ਭਰੇ ਹੋਏ ਹਨ। ਮਰਦ ਜ਼ੁਬਾਨ ਦਾ ਪੱਕਾ ਹੁੰਦਾ ਹੈ। ਮੈਂ ਤੇਰੇ ਵਲੋਂ ਲਿਖੀ ਕੁਰਾਨ ਦੀ ਕਸਮ ਨੂੰ ਮਰਦ ਦੇ ਬਚਨ ਮੰਨਕੇ ਕਿਲ੍ਹੇ ਤੋਂ ਬਾਹਰ ਆਇਆ ਸਾਂ। ਧੋਖੇ ਨਾਲ ਕੀਤੀ ਇਸ ਕਾਰਵਾਈ ਤੋਂ ਪਤਾ ਲਗਿਆ ਕਿ ਇਹ ਮਰਦ ਨਹੀਂ, ਇਹ ਮਰਦ ਦੇ ਭੇਸ ਵਿਚ ਲੂੰਬੜੀ ਵਰਗਾ ਚਾਲਾਕ ਤੇ ਧੋਖੇ-ਬਾਜ਼ ਹੈ, ਹੁਣ ਮੈਂ ਆਪਣੇ ਆਪ ਨੂੰ ਸੰਭਲ ਕੇ ਇਸ ਧੋਖੇ ਤੇ ਫ਼ਰੇਬ ਦੇ ਜਾਲ ਨੂੰ ਤੋੜਨ ਲਈ ਬੰਦੂਕਾਂ ਤੇ ਤੀਰਾਂ ਦੀ ਵਰਤੋਂ ਸ਼ੁਰੂ ਕੀਤੀ ਹੈ। ਮੇਰੇ ਸਾਧੂ-ਸੁਭਾਅ ਨੇ ਤੇਰੇ ਇਸ ਕਪਟੀ ਮਨ ਨੂੰ ਨਹੀਂ ਸਮਝਿਆ ਸੀ। ਮੈਨੂੰ ਇਸ ਗੱਲ 'ਤੇ ਯਕੀਨ ਸੀ ਕਿ ਕੋਈ ਕੁਰਾਨ ਦੀ ਸੌਂਹ ਖਾ ਕੇ ਇਸ ਤਰ੍ਹਾਂ ਧੋਖਾ ਨਹੀਂ ਕਰ ਸਕਦਾ।

ਹੇ ਔਰੰਗਜ਼ੇਬ! ਅਸੀਂ ਤੇਰੀ ਕੁਰਬਾਨੀ ਦੀ ਸੌਂਹ ਤੇ ਇਤਬਾਰ ਕਰਕੇ ਸ਼ਾਂਤੀ ਨਾਲ ਮਸਤ ਹਾਥੀ ਦੀ ਚਾਲ ਤੁਰੇ ਆਉਂਦੇ ਸਾਂ। ਸਾਡੇ ਕਿਸੇ ਸਿੱਖ-ਸੇਵਕ ਨੇ ਪਹਿਲ ਨਹੀਂ ਕੀਤੀ, ਅਸੀਂ ਆਪਣੇ ਮਾਲਕ ਦੀ

Sri Satguru Jagjit Singh Ji eLibrary NamdhariElibrary@gmail.com

ਯਾਦ ਤੇ ਭਰੋਸੇ ਉਤੇ ਅਨੰਦ ਨਾਲ ਜਾ ਰਹੇ ਸਾਂ ਕਿ ਇਹਨਾਂ ਨੇ ਕਸਮ ਖਾਧੀ ਹੋਈ ਹੈ। ਸੌਂਹ ਖਾਧੇ ਨੂੰ ਕੈਦ ਕਰਨਾ, ਮਾਰਣਾ ਜਾਂ ਫੜਨਾ ਉਚਿਤ ਨਹੀਂ, ਕਿਲ੍ਹੇ ਤੋਂ ਜਦੋਂ ਅਸੀਂ ਥੋਹੜੀ ਦੂਰ ਹੀ ਗਏ ਤਾਂ ਤੇਰੇ ਸਿਪਾਹੀ ਮੱਖੀਆਂ ਵਾਂਗੂ ਭਿਣ ਭਿਣ ਕਰਦੇ, ਡੰਡ-ਰੌਲੀ ਪਾਉਂਦੇ ਇਕੋ ਵਾਰੀ ਹੀ ਸਾਡੇ ਉਤੇ ਟੁੱਟ ਪਏ।

ਹੇ ਔਰੰਗਜ਼ੇਬ! ਤੇਰੇ ਫ਼ੌਜੀਆਂ ਨੂੰ ਪਤਾ ਵੀ ਸੀ ਕਿ ਮੇਰੇ ਨਾਲ ਸੌ ਤੋਂ ਘੱਟ ਸੂਰਮੇ ਹਨ, ਫਿਰ ਵੀ ਉਹ ਆਉਂਦਿਆਂ ਹੀ ਗਿੱਦੜਾਂ ਵਾਂਗ ਕੰਧਾਂ ਦੇ ਓਹਲੇ ਖੜੇ ਹੋ ਗਏ। ਜਿਥੇ ਮੇਰਾ ਤੀਰ ਨਹੀਂ ਪਹੁੰਚ ਸਕਦਾ ਸੀ। ਤੇਰਾ ਜਿਹੜਾ ਵੀ ਕੋਈ ਸੂਰਮਾ ਕੰਧ ਦਾ ਆਸਰਾ ਛੱਡ ਕੇ ਬਾਹਰ ਆਇਆ, ਉਹੋ ਹੀ ਇਕ ਤੀਰ ਦਾ ਸਵਾਦ ਚਖ ਕੇ ਬਹਿਸ਼ਤ (ਸਵਰਗ) ਨੂੰ ਚਲਾ ਗਿਆ।

ਹੇ ਔਰੰਗਜ਼ੇਬ! ਤੇਰੇ ਬਹਾਦਰ ਸੂਰਮੇ ਜਦੋਂ ਇਕ ਤੀਰ ਵੀ ਨਾ ਸਹਾਰ ਕੇ ਮਰ ਜਾਂਦੇ ਸਨ ਤਾਂ ਬਾਕੀਆਂ ਨੂੰ ਏਨਾ ਡਰ ਹੋ ਗਿਆ ਕਿ ਕੰਧ ਦੀ ਓਟ ਛੱਡ ਕੇ ਫਿਰ ਕੋਈ ਬਾਹਰ ਨਾ ਆਇਆ। ਜਦੋਂ ਕੋਈ ਬਾਹਰ ਨਾ ਆਇਆ ਤਾਂ ਅਸੀਂ ਮਜਬੂਰਨ ਚੁਪ ਬੈਠੇ ਰਹੇ, ਕਿਉਂਕਿ ਅਸੀਂ ਕਿਸੇ ਨੂੰ ਮਾਰਣਾ ਨਹੀਂ ਚਾਹੁੰਦੇ ਸਾਂ, ਕੇਵਲ ਆਪਣੀ ਰਖਵਾਲੀ ਕਰਨਾ ਹੀ ਸਾਡਾ ਮੁਖ ਫ਼ਰਜ਼ ਸੀ। ਇਸ ਤਰ੍ਹਾਂ ਨਾ ਕੋਈ ਤੇਰਾ ਸੂਰਮਾ ਕੰਧ ਦੀ ਓਟ ਤੋਂ ਬਾਹਰ ਆਇਆ ਤੇ ਨਾ ਹੀ ਸਾਡੇ ਤੀਰ ਦਾ ਸਵਾਦ ਚਖ ਕੇ ਖਵਾਰ ਹੋਇਆ ਭਾਵ ਮਾਰਿਆ ਗਿਆ।

ਹੇ ਔਰੰਗਜ਼ੇਬ! ਜਦੋਂ ਹਰ ਤਰ੍ਹਾਂ ਨਾਲ ਆਪਣੀ ਹਾਰ ਹੁੰਦੀ ਵੇਖੀ ਤਾਂ ਤੇਰਾ ਜਰਨੈਲ ਨਾਹਰ ਖਾਂ ਲੜਾਈ ਦੀ ਮਨਸ਼ਾ ਨਾਲ ਕਿਲ੍ਹੇ ਦੀ ਓਟ ਤੋਂ ਬਾਹਰ ਆਇਆ। ਮੈਂ ਉਹਨੂੰ ਵੇਖਦਿਆਂ ਹੀ ਝਟ ਇਕ ਤੀਰ ਉਸ ਵਲ ਛਡਿਆ। ਉਸ ਦਾ ਨਾਮ ਤਾਂ ਭਾਵੇਂ *ਨਾਹਰ ਖਾਂ (ਸ਼ੇਰ) ਸੀ, ਪਰ ਇਕ ਤੀਰ ਨਾਲ ਹੀ ਸਵਰਗ ਨੂੰ ਚਲਾ ਗਿਆ। ਨਾਹਰ ਖਾਂ ਨੂੰ ਮਰਦਾ ਵੇਖਕੇ ਬਾਕੀ ਫ਼ੌਜ ਦੀ ਜੋ ਹਾਲਤ ਹੋਈ, ਉਹ ਵੀ ਧਿਆਨ ਨਾਲ ਸੁਣ ਲੈ।

ਹੇ ਔਰੰਗਜ਼ੇਬ! ਜਿਹੜੇ ਤੇਰੇ ਪਠਾਣ, ਜਰਨੈਲਾਂ ਦੇ ਨਾਲ ਬੜੇ ਡੀਂਗਾਂ ਮਾਰਦੇ ਲੜਾਈ ਕਰਨ ਲਈ ਆਏ ਸਨ, ਉਹਨਾਂ ਨੂੰ ਲੜਾਈ ਵਿਚ ਮਰਦਾ ਵੇਖਕੇ, ਉਹਨਾਂ ਦੀਆਂ ਲਾਸ਼ਾਂ ਚੁਕਣ ਲਈ ਵੀ ਕੋਈ ਨਹੀਂ ਆਇਆ। ਉਹਨਾਂ ਦੇ ਮੁਰਦਿਆਂ ਨੂੰ ਮੈਦਾਨ ਵਿਚ ਰੁਲਦੇ ਵੇਖਕੇ ਵਡੇ ਵਡੇ ਗੱਪਾਂ ਮਾਰਣ ਵਾਲੇ ਤੇਰੇ ਸੂਰਮੇ ਇਸ ਤਰ੍ਹਾਂ ਭੱਜ ਗਏ, ਜਿਵੇਂ ਕਾਂ ਗੁਲੇਲੇ ਤੋਂ ਭੱਜਦਾ ਹੈ।

ਹੇ ਔਰੰਗਜ਼ੇਬ! ਜਸੋਂ ਨਾਹਰ ਖਾਂ ਮਰ ਗਿਆ ਤੇ ਉਹਦੇ ਸਾਥੀ ਮੈਦਾਨ ਛੱਡਕੇ ਭੱਜ ਗਏ ਤਾਂ ਇਕ ਹੋਰ ਪਠਾਣ ਦਰਿਆ ਦੇ ਹੜ੍ਹ ਵਾਂਗ ਮੈਦਾਨਿ ਵਿਚ ਆਇਆ। ਉਹ ਇਕੱਲਾ ਨਹੀਂ ਸੀ, ਉਸ ਨਾਲ ਹੋਰ ਅਣਗਿਣਤ ਪਠਾਣਾਂ ਦੀ ਫ਼ੌਜ ਸੀ।

ਹੇ ਔਰੰਗਜ਼ੇਬ! ਉਸ ਪਠਾਣ ਨੇ ਮੇਰੇ ਉਤੇ ਬੜੀ ਬਹਾਦਰੀ ਨਾਲ ਬੜੇ ਹੱਲੇ ਕੀਤੇ। ਉਹਨਾਂ

---

*ਨਾਹਰ ਖਾਨ-ਨੁਸਰਤ ਖਾਨ ਅਤੇ ਵਲੀ ਮੁਹੰਮਦ ਖਾਨ ਦਾ ਭਾਈ ਮਾਲੇਰ ਦਾ ਪਠਾਣ, ਜੋ ਸਰਹਿੰਦ ਦੇ ਸੂਬੇ ਵਜ਼ੀਰ ਖਾਨ ਦੇ ਹੁਕਮ ਨਾਲ ਅਨੰਦਪੁਰ ਅਤੇ ਚਮਕੌਰ ਦੇ ਜੰਗਾਂ ਵਿਚ ਦਸਮੇਸ਼ ਨਾਲ ਲੜਿਆ- 'ਚੁ ਦੀਦਮ ਕਿ ਨਾਹਰ ਬਯਾਮਦ ਬਜੰਗ॥' [ਮਹਾਨ ਕੋਸ਼]

Sri Satguru Jagjit Singh Ji eLibrary NamdhariElibrary@gmail.com

ਵਿਚੋਂ ਕਈ ਹਮਲੇ ਤਾਂ ਬੜੀ ਹੁਸ਼ਿਆਰੀ ਤੇ ਦਲੇਰੀ ਨਾਲ ਕੀਤੇ, ਪਰ ਕਈ ਸ਼ੁਦਾਈ-ਪੁਣੇ ਨਾਲ ਕੀਤੇ। ਇਹ ਨਹੀਂ ਪਤਾ ਕਿ ਉਹ ਸੱਚ-ਮੁਚ ਹੀ ਸ਼ੁਦਾਈ ਸੀ ਜਾਂ ਨਹੀਂ ? ਪਰ ਉਹਦੇ ਹਮਲੇ ਅਜਿਹੇ ਸਨ, ਜਿਨ੍ਹਾਂ ਤੋਂ ਉਹ ਸ਼ੁਦਾਈ ਪ੍ਰਤੀਤ ਹੁੰਦਾ ਸੀ।

ਹੇ ਔਰੰਗਜ਼ੇਬ! ਉਹ ਪਠਾਣ ਚਮਕੌਰ ਦੀ ਕੱਚੀ ਗੜ੍ਹੀ ਨੂੰ ਜਿੱਤਣ ਲਈ ਬੜੇ ਰੋਹ ਵਿਚ ਹੱਲੇ ਤੇ ਹੱਲਾ ਕਰਕੇ ਆਉਂਦਾ ਰਿਹਾ, ਗੜ੍ਹੀ ਨੂੰ ਫ਼ਤਹਿ ਕਰਨ ਲਈ ਉਹਨੇ ਬੜੇ ਹੱਲੇ ਕੀਤੇ ਅਤੇ ਆਪਣੇ ਸਰੀਰ ਉਤੇ ਜ਼ਖ਼ਮ ਵੀ ਖਾਧੇ, ਪਰ ਅੰਤ ਨੂੰ ਸਿੱਟਾ ਕੀ ਨਿਕਲਿਆ ? ਗੜ੍ਹੀ ਉਸ ਤੋਂ ਫ਼ਤਹਿ ਨਾ ਹੋਈ। ਮੇਰੇ ਦੋ ਆਦਮੀਆਂ ਨੂੰ ਹੀ ਮਾਰ ਸਕਿਆ ਤੇ ਆਪਣੀ ਜਾਨ ਵੀ ਮੈਦਾਨ ਦੇ ਸਪੁਰਦ ਕਰ ਗਿਆ, ਆਪਣੇ ਏਨੇ ਸਾਥੀ ਮਰਵਾਕੇ ਮੇਰੇ ਸਿਰਫ਼ ਦੋ ਸਾਥੀਆਂ ਨੂੰ ਹੀ ਮਾਰ ਸਕਿਆ।

ਹੇ ਔਰੰਗਜ਼ੇਬ! ਜੋ ਭਰੇ ਦਰਬਾਰ ਵਿਚੋਂ ਮੈਨੂੰ ਫੜਨ ਲਈ ਪਾਨ ਦਾ ਬੀੜਾ ਚੁਕ ਕੇ ਆਇਆ ਸੀ ਤੇ ਜਿਸ ਨੂੰ ਤੂੰ ਇਸ ਬਦਲੇ ਤੋਹਫ਼ੇ ਤੇ ਉੱਚ ਔਹਦੇ ਦਿਤੇ ਸਨ, ਉਹ ਲੜਨ ਲਈ ਨਾ ਆਇਆ, ਸਗੋਂ ਉਹ ਕਾਇਰਾਂ ਵਾਂਗੂ ਲੁਕ ਕੇ ਕੰਧ ਦੇ ਉਹਲੇ ਖੜੋਤਾ ਰਿਹਾ।

ਹੇ ਔਰੰਗਜ਼ੇਬ! ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਜਿਹੜਾ ਮੈਨੂੰ ਫੜਨ ਲਈ ਆਇਆ ਸੀ, ਮੈਂ ਉਸਦਾ ਮੂੰਹ ਵੀ ਨਹੀਂ ਵੇਖ ਸਕਿਆ, ਪਤਾ ਨਹੀਂ ਉਹ ਕਿਥੇ ਲੁਕ ਕੇ ਬੈਠਾ ਰਿਹਾ ? ਮੈਨੂੰ ਇਕ ਏਸੇ ਗੱਲ ਦਾ ਅਫ਼ਸੋਸ ਹੈ। ਜੇਕਰ ਮੈਂ ਉਹਨੂੰ ਵੇਖ ਲੈਂਦਾ ਤਾਂ ਇਕ ਤੀਰ ਨਾਲ ਹੀ ਉਹਦੇ ਗੁਨਾਹ ਬਖ਼ਸ਼ ਕੇ ਉਹਨੂੰ ਬਹਿਸ਼ਤ ਭਾਵ ਸਵਰਗ ਵਿਚ ਭੇਜ ਦਿੰਦਾ। ਕਿਉਂਕਿ ਉਹਨੇ ਧੋਖੇ ਨਾਲ ਮੈਨੂੰ ਫੜਨ ਦੀ ਨੀਅਤ ਮਨ ਵਿਚ ਧਾਰੀ ਹੋਈ ਸੀ। ਇਹ ਇਕ ਬਹੁਤ ਭਾਰੀ ਗੁਨਾਹ ਸੀ, ਜੋ ਕਿਸੇ ਤਰ੍ਹਾਂ ਵੀ ਬਖ਼ਸ਼ਿਆ ਨਹੀਂ ਸੀ ਜਾ ਸਕਦਾ। ਇਸ ਲਈ ਉਹ ਜ਼ਰੂਰ ਹੀ ਦੋਜ਼ਕ (ਨਰਕਾਂ) ਦੀ ਅੱਗ ਵਿਚ ਸੜੇਗਾ। ਜੇਕਰ ਉਹ ਮੈਨੂੰ ਦਿਸ ਪੈਂਦਾ ਤਾਂ ਮੈਂ ਇਕ ਤੀਰ ਨਾਲ ਹੀ ਉਹਦੇ ਸਾਰੇ ਗੁਨਾਹ ਨਾਸ ਕਰ ਦੇਂਦਾ। ਜੋ ਉਸਨੂੰ ਹੋਰ ਕਿਸੇ ਤੋਂ ਪ੍ਰਾਪਤ ਨਹੀਂ ਹੋ ਸਕਦੇ।

ਹੇ ਔਰੰਗਜ਼ੇਬ! ਤੈਨੂੰ ਪਿਛੇ ਦਸਿਆ ਸੀ ਕਿ ਖਵਾਜਾ ਮਰਦੂਦ (ਗੀਦੀ) ਕੰਧ ਉਹਲੇ ਹੀ ਲੁਕਿਆ ਰਿਹਾ। ਤੇਰੇ ਜਰਨੈਲ ਦੀ ਅਜੇਹੀ ਕਰਤੂਤ ਹੈ, ਪਰ ਸਿਪਾਹੀਆਂ ਦੀ ਕੀ ਹਾਲਤ ਹੋਈ ? ਤੀਰਾਂ ਤੇ ਗੋਲੀਆਂ ਦਾ ਮੀਂਹ ਵੱਸ ਪਿਆ, ਜਿਸ ਨਾਲ ਮਰਿਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਹ ਗੱਲ ਠੀਕ ਹੈ ਕਿ ਦੋਹਾਂ ਹੀ ਪਾਸਿਆਂ ਦੇ ਜਵਾਨ ਮਰੇ ਸਨ, ਪਰ ਮੇਰੇ ਨਾਲ ਤਾਂ ਕੇਵਲ ਗਿਣਤੀ ਦੇ ਚਾਲ੍ਹੀ ਸਿੰਘ ਹੀ ਸਨ, ਉਹਨਾਂ ਵਿਚੋਂ ਕਿੰਨੇ ਕੁ ਮਰ ਜਾਣੇ ਸਨ ? ਬਹੁਤੇ ਤੇਰੇ ਸਿਪਾਹੀ ਹੀ ਮਰੇ ਹਨ, ਉਹਨਾਂ ਦੀ ਗਿਣਤੀ ਨਹੀਂ ਹੋ ਸਕਦੀ ? ਪਰ ਲਹੂ ਨਾਲ ਸਾਰੀ ਧਰਤੀ ਦਾ ਰੰਗ ਪੋਸਤ ਦੇ ਫੁਲ ਵਾਂਗ ਲਾਲ-ਸੂਹਾ ਹੋ ਗਿਆ।

ਹੇ ਔਰੰਗਜ਼ੇਬ! ਮਰਣ ਵਾਲਿਆਂ ਦੀ ਗਿਣਤੀ ਤਾਂ ਹੋ ਨਹੀਂ ਸਕਦੀ, ਪਰ ਜੰਗ ਦਾ ਮੈਦਾਨ ਲੱਤਾਂ, ਬਾਹਵਾਂ ਤੇ ਸਿਰਾਂ ਨਾਲ ਏਨਾ ਭਰਿਆ ਹੋਇਆ ਸੀ ਕਿ ਜਿਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਏ ਕਿ ਮਰਣ ਵਾਲਿਆਂ ਦੀ ਗਿਣਤੀ ਬੇਅੰਤ ਹੋਵੇਗੀ। ਮੈਨੂੰ ਫੜਨ ਦੇ ਦਮਗਜੇ ਮਾਰਣ ਵਾਲਾ

Sri Satguru Jagjit Singh Ji eLibrary NamdhariElibrary@gmail.com

ਕਾਇਰ ਆਪ ਕੰਧ ਪਿਛੇ ਲੁਕ ਕੇ ਹੀ ਆਪਣੀ ਜਾਨ ਬਚਾਉਂਦਾ ਰਿਹਾ, ਪਰ ਗ਼ਰੀਬ ਲੋਕਾਂ ਨੂੰ ਏਨਾ ਮਰਵਾ ਦਿਤਾ, ਜਿਸ ਦੀ ਗਿਣਤੀ ਨਹੀਂ ਹੋ ਸਕਦੀ।

ਹੇ ਔਰੰਗਜ਼ੇਬ! ਜਦੋਂ ਸਾਰੇ ਪਾਸੇ ਹਾਇ ਓਏ ਦੀਆਂ ਡਰਾਉਣੀਆਂ ਅਵਾਜ਼ਾਂ ਸੁਣਾਈ ਦੇਂਦੀਆਂ ਸਨ ਤੇ ਭਾਰੀ ਰੌਲੇ-ਗੌਲੇ ਨੇ ਸ਼ੋਰ ਮਚਾਇਆ ਹੋਇਆ ਸੀ, ਵਡੇ ਵਡੇ ਬਹਾਦਰ ਸੂਰਮਿਆਂ ਦੇ ਵੀ ਸਾਹ ਗੁੰਮ ਹੋ ਗਏ ਸਨ। ਇਸ ਦਾ ਕਾਰਣ ਕੇਵਲ ਇਹ ਸੀ ਕਿ ਚਮਕੌਰ ਦੀ ਗੜ੍ਹੀ ਤੋਂ ਜੋ ਤੀਰ ਅਸੀਂ ਛਡਦੇ ਸਾਂ, ਉਹ ਕਈ ਕਈ ਸੂਰਮਿਆਂ ਨੂੰ ਮਾਰੀ ਜਾਂਦੇ ਸਨ, ਤੀਰਾਂ ਦੀ ਇਸ ਭਿਆਨਕ ਮਾਰ ਨੂੰ ਵੇਖਕੇ ਤੇਰੀ ਫ਼ੌਜ ਦੇ ਵਡੇ ਵਡੇ ਬਹਾਦਰਾਂ ਦੇ ਹੌਂਸਲੇ ਟੁਟ ਗਏ ਸਨ।

ਹੇ ਔਰੰਗਜ਼ੇਬ! ਤੂੰ ਆਪ ਹੀ ਸੋਚ, ਉਹਨਾਂ ਸੂਰਮਿਆਂ ਦੀ ਬਹਾਦਰੀ ਕੀ ਕਰ ਸਕਦੀ ਏ? ਜਿਨ੍ਹਾਂ ਸਿਰਫ਼ ਚਾਲ੍ਹੀ ਆਦਮੀਆਂ ਉਤੇ ਅਣਗਿਣਤ ਫ਼ੌਜ ਆ ਪਵੇ। ਫਿਰ ਉਹ ਚਾਲ੍ਹੀ ਵੀ ਥਕੇ ਹੋਏ, ਠੰਢ ਦੇ ਮਾਰੇ ਹੋਏ, ਤੇਰੀ ਧੋਖੇ-ਬਾਜ਼, ਝੂਠੀ ਫ਼ੌਜ ਦੇ ਸਤਾਏ ਹੋਏ ਅਤੇ ਢਿਡੋਂ ਵੀ ਭੁਖੇ। ਚਾਲ੍ਹੀਆਂ ਨਾਲ ਹਜ਼ਾਰ-ਦੋ ਹਜ਼ਾਰ ਦਾ ਮੁਕਾਬਲਾ ਹੁੰਦਾ ਤਾਂ ਆਖਿਆ ਜਾ ਸਕਦਾ ਸੀ ਕਿ ਲੜਾਈ ਹੋਈ, ਪਰ ਚਾਲ੍ਹੀਆਂ ਉਤੇ ਚੁਪ-ਚੁਪੀਤੇ ਹੀ ਅਣਗਿਣਤ ਫ਼ੌਜ ਆ ਪਈ, ਫਿਰ ਉਹ ਕਿੰਨੀ ਕੁ ਬਹਾਦਰੀ ਵਿਖਾਉਂਦੇ?

ਨੋਟ—ਕਲਗੀਧਰ ਜੀ ਇਥੋਂ ਤਕ ਚਮਕੌਰ ਦੇ ਜੰਗ ਦਾ ਹਾਲ ਦਸਦੇ ਅਗੇ ਆਪਣਾ ਚਮਕੌਰ ਤੋਂ ਬਾਹਰ ਨਿਕਲ ਜਾਣ ਦਾ ਹਾਲ ਦਸਦੇ ਹਨ।

(ਚਮਕੌਰ ਤੋਂ ਬਾਹਰ ਨਿਕਲਣਾ)

**ਚਰਾਗੇ ਜਹਾਂ ਚੂੰ ਸ਼ੁਦਹ ਬੁਰਕਹ ਪੋਸ਼॥**
**ਸ਼ਬੇ ਸ਼ਹ ਬਰਾਮਦ ਹਮਹ ਜਲਵਹ ਜੋਸ਼॥੪੨॥**

***ਪਦ ਅਰਥ***—ਚਰਾਗੇ ਜਹਾਂ=ਜਗਤ ਦਾ ਦੀਵਾ ਭਾਵ ਸੂਰਜ। ਚੂੰ=ਜਦ ਕਿ। ਸ਼ੁਦਹ=ਹੋ ਗਿਆ। ਬੁਰਕਹ ਪੋਸ਼=ਪੜਦੇ ਹੇਠਾਂ ਭਾਵ ਲੁਕ ਗਿਆ। ਸ਼ਬੇ ਸ਼ਹ=ਰਾਤ ਦਾ ਸ਼ਹੁ, ਰਾਤ ਦਾ ਸਵਾਮੀ, ਚੰਦ੍ਰਮਾ। ਬਰਾਮਦ=ਉਪਰ ਆਇਆ, ਚੜ੍ਹ ਪਿਆ। ਹਮਹ=ਸਾਰੇ। ਜਲਵਹ ਜੋਸ਼=ਚਮਕ-ਦਮਕ।

***ਅਰਥ***—ਜਦ ਜਗਤ ਦਾ ਦੀਵਾ, ਸੂਰਜ ਪੜਦੇ ਹੇਠਾਂ ਲੁਕ ਗਿਆ ਤਾਂ ਰਾਤ ਦਾ ਸਵਾਮੀ, ਚੰਦ੍ਰਮਾ ਪੂਰੀ ਚਮਕ-ਦਮਕ ਨਾਲ ਉਪਰ ਆ ਗਿਆ।੪੨।

ਬੈਂਤ ਨੰਬਰ ੧੯ ਤੋਂ ੪੧ ਤੱਕ ਚਮਕੌਰ ਦੇ ਜੰਗ ਦਾ ਵਰਨਣ ਕੀਤਾ ਹੈ, ਇਹ ਸਾਰਾ ਕੁਝ ਇਕ ਦਿਨ ਭਾਵ ੮ ਪੋਹ ਨੂੰ ਹੀ ਹੋਇਆ। ਇਸ ਗੱਲ ਨੂੰ ਕਲਗੀਧਰ ਜੀ ਦਸਦੇ ਹਨ ਕਿ ਜਦ ਸੂਰਜ ਛੁਪ ਗਿਆ ਤੇ ਚੰਦ੍ਰਮਾ ਚੜ੍ਹਿਆ, ਤਾਂ ਫਿਰ ਕੀ ਹੋਇਆ?

**ਹਰਾਂਕਸ ਕਿ ਕਉਲੇ ਕੁਰਾਂ ਆਯਦਸ਼॥**
**ਕਿ ਯਜ਼ਦਾ ਬਰੋ ਰਹਿਨੁਮਾ ਆਯਦਸ਼॥੪੩॥**

**ਪਦ ਅਰਥ**—ਹਰਾਂਕਸ=ਜੋ ਕੋਈ ਆਦਮੀ। ਕਉਲੇ=ਕੌਲ, ਕਸਮ। ਕੁਰਾਂ=ਕੁਰਾਨ। ਆਯਦਸ਼=ਆਉਂਦਾ ਹੈ ਭਾਵ ਯਕੀਨ ਕਰਦਾ ਹੈ। ਯਜ਼ਦਾ=ਵਾਹਿਗੁਰੂ, ਪ੍ਰਮੇਸ਼ਰ। ਬਰੋ=ਉਸ ਪਰ। ਰਹਿਨੁਮਾ=ਆਗੂ, ਰਾਹ ਵਿਖਾਉਣ ਵਾਲਾ।

**ਅਰਥ**—ਜਿਸ ਕਿਸੇ ਨੂੰ ਕੁਰਾਨ ਦੀ ਸੌਂਹ ਉਤੇ ਯਕੀਨ ਆਉਂਦਾ ਹੈ, ਉਸ ਦੇ ਉਪਰ ਵਾਹਿਗੁਰੂ ਕ੍ਰਿਪਾ ਕਰਦਾ ਹੈ ਤੇ ਉਸਦਾ ਆਗੂ ਹੋ ਆਉਂਦਾ ਹੈ।੪੩। [ਦ: ਗ੍ਰੰ: ਪੰਨਾ ੧੩੯੧

ਹੇ ਔਰੰਗਜ਼ੇਬ! ਯਾਦ ਰੱਖ, ਸਿਦਕ ਦੇ ਬੇੜੇ ਪਾਰ ਹੁੰਦੇ ਹਨ। ਜੋ ਕੋਈ ਵੀ ਕੁਰਾਨ ਦੀ ਸੌਂਹ ਉਤੇ ਯਕੀਨ ਲਿਆਉਂਦਾ ਹੈ, (ਸੌਂਹ ਖਾਣ ਵਾਲਾ ਭਾਵੇਂ ਉਸ ਨਾਲ ਦਗਾ ਕਰੇ) ਪਰ ਪ੍ਰਭੂ ਉਸਦੀ ਸਹਾਇਤਾ ਕਰਕੇ ਉਸਦੀ ਸਹੀ ਅਗਵਾਈ ਕਰਦਾ ਹੈ।

ਸਚੈ ਮਾਰਗਿ ਚਲਦਿਆਂ ਉਸਤਤਿ ਕਰੇ ਜਹਾਨੁ॥

**ਨਾ ਪੇਚੀਦ ਮੂਏ ਨਾ ਰੰਜੀਦ ਤਨ॥**
**ਕਿ ਬੇਰੂੰ ਖ਼ੁਦਾ ਆਵੁਰਦ ਦੁਸ਼ਮਨ ਸ਼ਿਕਨ॥੪੪॥**

**ਪਦ ਅਰਥ**—ਪੇਚੀਦ=ਵਿੰਗਾ, ਟੇਢਾ। ਮੂਏ=ਵਾਲ, ਕੇਸ। ਰੰਜੀਦ=ਦੁਖ। ਤਨ=ਸਰੀਰ। ਬੇਰੂੰ=ਬਾਹਰ। ਆਵੁਰਦ=ਲੈ ਆਂਦਾ। ਸ਼ਿਕਨ=ਮਾਰ ਕੇ।

**ਅਰਥ**—ਨਾ ਉਸਦਾ ਵਾਲ ਵਿੰਗਾ ਤੇ ਨਾ ਹੀ ਸਰੀਰ ਨੂੰ ਦੁਖ ਹੋਇਆ। ਪ੍ਰਮੇਸ਼ਰ ਨੇ ਦੁਸ਼ਮਣ ਨੂੰ ਮਾਰ ਕੇ ਉਹਨੂੰ ਬਾਹਰ ਲੈ ਆਂਦਾ।੪੪।

ਹੇ ਔਰੰਗਜ਼ੇਬ! ਧਿਆਨ ਕਰ, ਤੇਰੀ ਅਣਗਿਣਤ ਫ਼ੌਜ ਆਈ ਉਹਨੇ ਕੁਰਾਨ ਦੀ ਸੌਂਹ ਵੀ ਤੋੜ ਦਿਤੀ ਫਿਰ ਵੀ ਮੈਨੂੰ ਖੁਲ੍ਹੇ ਮੈਦਾਨ ਵਿਚ ਫੜ ਨਾ ਸਕੀ। ਚਮਕੌਰ ਦੀ ਗੜ੍ਹੀ ਵਿਚ ਆ ਕੇ ਉਨ੍ਹਾਂ ਜੰਗ ਛੇੜ ਦਿਤੀ। ਸਾਡੇ ਨਾਲ ਕੇਵਲ ਚਾਲ੍ਹੀ ਸਿੰਘ ਸਨ। ਉਸ ਟਿਡੀ ਦਲ ਫ਼ੌਜ ਨੇ ਕਈ ਕੋਹਾਂ ਤਕ ਗੜ੍ਹੀ ਦੇ ਦੁਆਲੇ ਘੇਰਾ ਪਾ ਲਿਆ, ਪਰ ਅਸੀਂ ਰੱਬ ਦੇ ਭਰੋਸੇ ਵਾਲੇ ਸਾਂ ਇਸ ਲਈ ਉਸਨੇ ਸਾਨੂੰ ਆਪ ਰਾਹ ਵਿਖਾ ਦਿੱਤਾ ਤੇ ਹਨੇਰੀ ਰਾਤ ਵਿਚ ਤੇਰੀ ਫ਼ੌਜ ਵਿਚੋਂ ਪ੍ਰਮੇਸ਼ਰ ਨੇ ਬਾਹਰ ਲੈ ਆਂਦਾ। ਸਾਡੇ ਸਰੀਰ ਨੂੰ ਕੋਈ ਵੀ ਦੁਖ ਨਾ ਹੋਇਆ ਤੇ ਨਾ ਹੀ ਸਾਡਾ ਵਾਲ ਵਿੰਗਾ ਕਰ ਸਕੇ।

ਵਿਚਿ ਕਰਤਾ ਪੁਰਖੁ ਖਲੋਆ॥ ਵਾਲੁ ਨ ਵਿੰਗਾ ਹੋਆ॥

**ਨਾ ਦਾਨਮ ਕਿ ਈਂ ਮਰਦ ਪੈਮਾਂ ਸ਼ਿਕਨ॥**
**ਕਿ ਦਉਲਤ ਪਰਸਤ ਅਸਤੁ ਈਮਾਂ ਫ਼ਿਕਨ॥੪੫॥**

**ਪਦ ਅਰਥ**—ਦਾਨਮ=ਮੈਂ ਸਮਝਦਾ। ਈਂ=ਅਹਿਦ, ਇਕਰਾਰ। ਸ਼ਿਕਨ=ਤੋੜਨ ਵਾਲਾ। ਦੌਲਤ=ਧਨ, ਮਾਇਆ। ਪਰਸਤਸਤੁ=(ਪਰਸਤ+ਸਤੁ) ਪੂਜਾ ਕਰਨ ਵਾਲਾ ਹੈ। ਈਮਾਂ=ਈਮਾਨ, ਧਰਮ। ਫ਼ਿਕਨ=ਧੱਕਾ ਦੇਣ ਵਾਲਾ, ਸੁੱਟ ਦੇਣ ਵਾਲਾ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਮੈਂ ਇਹ ਨਹੀਂ ਸਮਝਦਾ ਸਾਂ ਕਿ ਇਹ ਮਰਦ (ਔਰੰਗਜ਼ੇਬ) ਕੀਤੇ ਇਕਰਾਰ ਨੂੰ ਤੋੜਨ ਵਾਲਾ ਹੈ। ਜੋ ਧਨ ਦੀ ਪਾਲਣਾ ਕਰਨ ਵਾਲਾ ਤੇ ਈਮਾਨ ਨੂੰ ਸੁਟ ਦੇਣ ਵਾਲਾ ਹੈ।੪੫।

ਹੇ ਔਰੰਗਜ਼ੇਬ! ਮਰਦ ਸਦਾ ਬਚਨਾਂ ਦੇ ਬਧੇ ਹੁੰਦੇ ਹਨ। ਜਿਸ ਮਰਦ ਦਾ ਬਚਨ ਪੂਰਾ ਨਹੀਂ ਉਹ ਮਰਦ ਕਹਾਉਣ ਦਾ ਕੋਈ ਹੱਕ ਨਹੀਂ ਰਖਦਾ। ਨੀਤੀ ਤਾਂ ਇਥੋਂ ਤਕ ਕਹਿੰਦੀ ਹੈ ਕਿ ਜਿਸ ਮੂੰਹ ਵਿਚੋਂ ਨਿਕਲੀ ਹੋਈ ਗੱਲ ਪੂਰੀ ਨਹੀਂ ਹੁੰਦੀ ਉਹ ਮੂੰਹ ਨਹੀਂ, ਬਲਕਿ ਗੰਦੀ ਹਵਾ ਕੱਢਣ ਵਾਲੀ ਮੋਰੀ ਭਾਵ ਗੁੱਦਾ ਹੈ। ਹੇ ਔਰੰਗਜ਼ੇਬ! ਅਸੀਂ ਤੈਨੂੰ ਅਜਿਹਾ ਨਹੀਂ ਸਮਝਦੇ ਸਾਂ ਕਿ ਤੂੰ ਕੀਤੇ ਹੋਏ ਇਕਰਾਰ ਨੂੰ ਤੋੜ ਸੁਟੇਂਗਾ ਤੇ ਦੌਲਤ ਦੇ ਪਿਆਰ ਵਿਚ ਲੱਗ ਕੇ ਧਰਮ ਨੂੰ ਧੱਕਾ ਦੇ ਦੇਵੇਂਗਾ।

ਬਚਨ ਕਰੇ ਤੈ ਖਿਸਕਿ ਜਾਇ ਸੋਈ ਨਰੁ ਕਚਾ॥

**ਨ ਈਮਾਂ ਪਰਸਤੀ ਨ ਅਉਜ਼ਾਇ ਦੀਂ॥**
**ਨ ਸਾਹਿਬ ਸ਼ਨਾਸੀ ਨ ਮਹਮਦ ਯਕੀਂ॥੪੬॥**

**ਪਦ ਅਰਥ**—ਈਮਾਂ=ਈਮਾਨ, ਧਰਮ। ਪਰਸਤੀ=ਪੂਜਾ ਕਰਨੀ। ਅਉਜ਼ਾਇ=(ਵਜਾਅ ਦੀ ਜਮ੍ਹਾਂ) ਢੰਗ, ਤਰੀਕਾ। ਸਾਹਿਬ=ਮਾਲਕ, ਖ਼ੁਦਾ। ਸ਼ਨਾਸੀ=ਪਛਾਣ। ਯਕੀਂ=ਯਕੀਨ, ਭਰੋਸਾ।

**ਅਰਥ**—(ਤੂੰ) ਨਾ ਧਰਮ ਦੀ ਪਾਲਣਾ ਕਰਦਾ ਹੈਂ ਤੇ ਨਾ ਹੀ ਕੋਈ ਧਰਮ ਦੀ ਸਹਾਇਤਾ ਕਰਨ ਵਾਲਾ ਹੈਂ। ਤੂੰ ਨਾ ਹੀ ਮਾਲਕ ਦੀ ਪਛਾਣ ਕੀਤੀ ਹੈ ਤੇ ਨਾ ਹੀ ਪੈਗੰਬਰ ਮੁਹੰਮਦ ਸਾਹਿਬ ਉਤੇ ਯਕੀਨ ਰਖਦਾ ਹੈਂ।੪੬॥

ਹੇ ਔਰੰਗਜ਼ੇਬ! ਅਸੀਂ ਸੁਣਦੇ ਸਾਂ ਕਿ ਪੈਗੰਬਰ ਮੁਹੰਮਦ ਸਾਹਿਬ ਦੇ ਭਰੋਸੇ ਵਾਲਾ, ਰੱਬ ਦੀ ਪਛਾਣ ਵਾਲਾ ਆਪਣੇ ਦੀਨ ਦੇ ਪਿਆਰ ਵਾਲਾ ਤੇ ਧਰਮ ਦਾ ਸੱਚਾ ਉਪਾਸ਼ਕ ਹੈਂ। ਪਰ ਤਜਰਬੇ ਨੇ ਜੋ ਕੁਝ ਸਾਬਤ ਕੀਤਾ ਹੈ, ਉਹ ਬਿਲਕੁਲ ਹੀ ਇਸ ਦੇ ਉਲਟ ਹੈ ਤੂੰ ਧਰਮ ਦਾ ਉਪਾਸ਼ਕ ਵੀ ਨਹੀਂ ਤੇਰੇ ਵਿਚ ਧਰਮ ਦਾ ਪਿਆਰ ਹੋਣਾ ਤਾਂ ਇਕ ਪਾਸੇ ਰਿਹਾ ਤੇਰੇ ਵਿਚ ਧਰਮੀਆਂ ਵਾਲੀ ਕੋਈ ਗੱਲ ਹੀ ਨਹੀਂ ਤੇ ਨਾ ਹੀ ਮੁਹੰਮਦ ਸਾਹਿਬ ਉਤੇ ਤੇਰਾ ਭਰੋਸਾ ਹੈ।

ਅਗੇ ਗੁਰੂ ਜੀ ਧਰਮ ਦੇ ਲੱਛਣ ਦਸਦੇ ਹਨ—

**ਹਰਾਂ ਕਸ ਕਿ ਈਮਾਂ ਪਰਸਤੀ ਕੁਨੱਦ॥**
**ਨ ਪੈਮਾਂ ਖ਼ੁਦਸ਼ ਪੇਸੋ ਪਸਤੀ ਕੁਨੱਦ॥੪੭॥**

**ਪਦ ਅਰਥ**—ਹਰਾਂ ਕਸ=ਜੋ ਕੋਈ ਬੰਦਾ। ਪਰਸਤੀ=ਪੂਜ। ਕੁਨੱਦ=ਕਰਦਾ ਹੈ। ਪੈਮਾਂ=ਅਹਿਦ, ਸੁਖ਼ਨ। ਖ਼ੁਦਸ਼=ਆਪਣੇ। ਪੇਸ਼=ਅਗੇ। ਪਸਤੀ=ਪਿਛੇ। ਕੁਨੱਦ=ਕਰਦੇ।

**ਅਰਥ**—ਜੋ ਕੋਈ ਬੰਦਾ ਧਰਮ ਦੀ ਪਾਲਣਾ ਭਾਵ ਪੂਜਾ ਕਰਦਾ ਹੈ ਉਹ ਆਪਣੇ ਵਲੋਂ ਕੀਤੇ ਇਕਰਾਰ ਨੂੰ ਅਗੇ ਪਿਛੇ ਨਹੀਂ ਕਰਦਾ।੪੭।

ਹੇ ਔਰੰਗਜ਼ੇਬ! ਜੇ ਤੂੰ ਪੁਛੇਂ ਕਿ ਤੇਰੇ ਵਿਚ ਧਰਮ ਦੀ ਕੋਈ ਗੱਲ ਨਹੀਂ ? ਇਸ ਦਾ ਉੱਤਰ ਸਾਫ਼

Sri Satguru Jagjit Singh Ji eLibrary NamdhariElibrary@gmail.com

ਹੈ ਕਿ ਧਰਮੀ ਬੰਦੇ ਉਹ ਹੁੰਦੇ ਹਨ, ਜੋ ਆਪਣੇ ਕੀਤੇ ਹੋਏ ਇਕਰਾਰ ਨੂੰ ਪੂਰਾ ਕਰਦੇ ਹਨ। ਭਾਵੇਂ ਕਿੰਨੀਆਂ ਵੀ ਰੁਕਾਵਟਾਂ ਤੇ ਮੁਸੀਬਤਾਂ ਕਿਉਂ ਨਾ ਪੈ ਜਾਣ, ਫਿਰ ਵੀ ਉਹ ਪਿਛੇ ਨਹੀਂ ਹਟਦੇ ਅਤੇ ਆਪਣੇ ਕੀਤੇ ਬਚਨਾਂ ਤੇ ਪੂਰਾ ਉਤਰਦੇ ਹਨ। ਉਹ ਬਹਾਨੇ ਬਣਾ ਕੇ ਆਪਣੀ ਜਾਨ ਬਚਾਉਣ ਦਾ ਯਤਨ ਨਹੀਂ ਕਰਦੇ ਤੇ ਨਾ ਹੀ ਝੂਠ-ਸੱਚ ਬੋਲਦੇ ਹਨ, ਸਗੋਂ ਉਸ ਲਈ ਕੋਈ ਦੁਖ ਵੀ ਸਹਿਣਾ ਪਵੇ ਤਾਂ ਖਿੜੇ ਮੱਥੇ ਸਹਿੰਦੇ ਹਨ।

## ਕਿ ਈਂ ਮਰਦ ਰਾ ਜ਼ੱਰਹ ਐਤਬਾਰ ਨੇਸਤ ॥
## ਚਿ ਕਸਮੇ ਕੁਰਾਨਅਸਤ ਯਜ਼ਦਾ ਯਕੇਸਤ ॥੪੮॥

***ਪਦ ਅਰਥ***—ਰਾ=ਦਾ। ਜ਼ੱਰਹ=ਰੇਤ ਦਾ ਕਿਣਕਾ (ਏਨਾ ਛੋਟਾ ਟੁਕੜਾ ਜਿਸਦੀ ਵੰਡ ਨਾ ਹੋ ਸਕੇ ਭਾਵ ਬਿਲਕੁਲ ਥੋੜਾ)। ਨੇਸਤ=(ਨ-ਅਸਤ) ਨਹੀਂ ਹੈ। ਕੁਰਾਨਅਸਤ=(ਕੁਰਾਨ-ਅਸਤ) ਕੁਰਾਨ ਹੈ। ਯਕੇਸਤ=(ਯਕ-ਅਸਤ) ਇਕ ਹੈ।

***ਅਰਥ***—ਇਸ ਮਰਦ (ਔਰੰਗਜ਼ੇਬ) ਦਾ ਇਕ ਕਿਣਕੇ ਜਿੰਨਾਂ ਵੀ ਇਤਬਾਰ ਨਹੀਂ ਹੈ। ਜੋ ਆਖਦਾ ਕੁਰਾਨ ਦੀ ਕਸਮ ਹੈ ਤੇ ਖ਼ੁਦਾ ਇਕ ਹੈ।੪੮।

ਹੇ ਔਰੰਗਜ਼ੇਬ! ਤੈਨੂੰ ਆਪਣੇ ਰੱਬ ਤੇ ਆਪਣੀ ਕੁਰਾਨ ਦੀ ਸੌਂਹ ਉਤੇ ਜ਼ਰਾ ਜਿੰਨਾ ਵੀ ਭਰੋਸਾ ਨਹੀਂ ਹੈ। ਤੇਰੇ ਵਾਸਤੇ ਖ਼ੁਦਾ ਕੋਈ ਨਹੀਂ। ਕੁਰਾਨ ਕੁਝ ਚੀਜ਼ ਨਹੀਂ। ਸਿਰਫ਼ ਦੁਨੀਆਂ ਨੂੰ ਧੋਖੇ ਵਿਚ ਰਖਣ ਲਈ ਤੂੰ ਖ਼ੁਦਾ ਤੇ ਕੁਰਾਨ ਦਾ ਪਾਖੰਡ ਬਣਾਇਆ ਹੋਇਆ ਹੈ। ਜੇ ਸਚ-ਮੁਚ ਤੈਨੂੰ ਇਸ ਗੱਲ ਦਾ ਭਰੋਸਾ ਹੁੰਦਾ ਕਿ ਖ਼ੁਦਾ ਇਕ ਹੈ ਉਸਦੀ ਦਰਗਾਹ ਵਿਚ ਮੇਰਾ ਹਿਸਾਬ ਹੋਣਾ ਹੈ। ਫਿਰ ਤੂੰ ਇਸ ਤਰ੍ਹਾਂ ਦੀ ਧੋਖੇ-ਬਾਜ਼ੀ ਨਾ ਕਰਦਾ। ਜੇ ਤੈਨੂੰ ਇਤਬਾਰ ਹੁੰਦਾ ਕਿ ਮੈਂ ਉਸ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਆਪਣੇ ਕੀਤੇ ਕਰਮਾਂ ਦਾ ਜਵਾਬ ਦੇਣਾ ਹੈ ਤਾਂ ਫਿਰ ਤੂੰ ਆਪਣੇ ਕੀਤੇ ਕੌਲ ਤੋਂ ਨਾ ਮੁਕਰਦਾ। ਤੇਰੇ ਇਹਨਾਂ ਕੰਮਾਂ ਨੂੰ ਵੇਖ ਕੇ ਮੈਂ ਨਿਡਰ ਹੋ ਕੇ ਆਖਦਾ ਹਾਂ ਕਿ ਤੈਨੂੰ ਕੁਰਾਨ ਦੀ ਸੌਂਹ ਅਤੇ ਖ਼ੁਦਾ ਤੇ ਜ਼ਰਾ ਜਿੰਨਾਂ ਵੀ ਭਰੋਸਾ ਨਹੀਂ।

## ਚੁ ਕਸਮੇ ਕੁਰਾ ਸਦ ਕੁਨੱਦ ਇਖ਼ਤੀਆਰ ॥
## ਮਰਾ ਕਤਰਹ ਨਯਾਯਦ ਅਜ਼ੋ ਐਤਬਾਰ ॥੪੯॥

***ਪਦ ਅਰਥ***—ਚੁ=ਜੇਕਰ। ਕਸਮੇ ਕੁਰਾ=ਕੁਰਾਨ ਦੀ ਕਸਮ। ਸਦ=ਸੌਂ, ਸੈਂਕੜੇ। ਕੁਨੱਦ=ਕਰੇ। ਇਖ਼ਤੀਆਰ=ਪ੍ਰਵਾਨ, ਮੰਨੇ। ਮਰਾ=ਮੈਨੂੰ। ਕਤਰਹ=ਬੂੰਦ ਜਿੰਨਾ। ਨਯਾਯਦ=ਨਹੀਂ ਆਉਂਦਾ। ਅਜ਼ੋ=ਉਸ ਉਤੇ। ਐਤਬਾਰ=ਭਰੋਸਾ।

***ਅਰਥ***—ਜੇਕਰ ਉਹ ਕੁਰਾਨ ਦੀਆਂ ਸੌ ਕਸਮਾਂ ਵੀ ਮੰਨ ਲਵੇ, ਤਾਂ ਵੀ ਮੈਨੂੰ ਉਸ ਉਤੇ ਜ਼ਰਾ ਜਿੰਨਾ ਵੀ ਭਰੋਸਾ ਨਹੀਂ ਆਉਂਦਾ।੪੯।

Sri Satguru Jagjit Singh Ji eLibrary NamdhariElibrary@gmail.com

ਕਈ ਆਖਦੇ ਹਨ ਕਿ ਔਰੰਗਜ਼ੇਬ ਨੇ ਕੁਰਾਨ ਦੀ ਸੌਂਹ ਖਾ ਕੇ ਸਦ ਭੇਜਿਆ ਸੀ ਕਿ ਆਪ ਜੰਗ ਛੱਡ ਕੇ ਮੇਰੇ ਕੋਲ ਆ ਜਾਓ, ਤੁਹਾਨੂੰ ਕੋਈ ਮੁਸ਼ਕਲ ਨਹੀਂ ਆਵੇਗੀ। ਇਸ ਲਈ ਉਸ (ਔਰੰਗਜ਼ੇਬ) ਨੂੰ ਆਖ ਰਹੇ ਹਨ ਕਿ ਮੈਨੂੰ ਤੇਰੇ ਤੇ ਜ਼ਰਾ ਜਿੰਨਾ ਵੀ ਯਕੀਨ ਨਹੀਂ ਰਿਹਾ, ਕਿਉਂਕਿ ਤੂੰ ਧੋਖੇ-ਬਾਜ਼, ਝੂਠਾ ਤੇ ਮੱਕਾਰ ਹੈਂ। ਇਸ ਲਈ ਤੈਨੂੰ ਹਰ ਗੱਲ ਬੁਰੀ ਲੱਗਦੀ ਹੈ, ਮੈਨੂੰ ਹੁਣ ਤੇਰੇ ਤੇ ਭਰੋਸਾ ਨਹੀਂ, ਇਸ ਲਈ ਮੈਂ ਤੇਰੇ ਕੋਲ ਨਹੀਂ ਆ ਸਕਦਾ।

## ਅਗਰਚਿਹ ਤੁਰਾ ਐਤਬਾਰ ਆਮਦੇ ॥
## ਕਮਰ ਬਸਤਹ ਏ ਪੇਸ਼ਵਾ ਆਮਦੇ ॥੫੦॥

***ਪਦ ਅਰਥ***—ਅਗਰਚਿਹ=ਜੇਕਰ। ਤੁਰਾ=ਤੈਨੂੰ। ਐਤਬਾਰ=ਯਕੀਨ। ਆਮਦੇ=ਆਉਂਦਾ। ਕਮਰ=ਲੱਕ। ਬਸਤਹ=ਬੰਨ੍ਹਕੇ। ਪੇਸ਼ਵਾ=ਅੱਗੋਂ ਦੀ। ਆਮਦੇ=ਆ ਜਾਂਦੋਂ।

***ਅਰਥ***—ਜੇਕਰ ਤੈਨੂੰ (ਸਾਡੇ ਉਤੇ) ਭਰੋਸਾ ਭਾਵ ਯਕੀਨ ਆਉਂਦਾ ਭਾਵ ਹੁੰਦਾ ਤਾਂ ਲੱਕ ਬੰਨ੍ਹ ਕੇ ਅਗੋਂ ਦੀ ਆ ਜਾਂਦੋਂ।੫੦।

ਹੇ ਔਰੰਗਜ਼ੇਬ! ਇਹ ਠੀਕ ਹੈ ਕਿ ਤੂੰ ਸਾਨੂੰ ਸਦ ਭੇਜਿਆ ਸੀ, ਪਰ ਅਸਾਂ ਸਾਫ਼ ਲਿਖ ਦਿਤਾ ਸੀ ਕਿ ਜੇ ਤੂੰ ਗੁਰੂ-ਘਰ ਨਾਲ ਪਿਆਰ ਕਰਕੇ ਮਿਲਣਾ ਚਾਹੁੰਦਾ ਹੈਂ ਤਾਂ ਸਾਨੂੰ ਕੋਈ ਇਨਕਾਰ ਨਹੀਂ। ਗੁਰੂ ਨਾਨਕ ਦਾ ਦਰ-ਘਰ ਸਾਰਿਆਂ ਦਾ ਸਾਂਝਾ ਹੈ ਸਭ ਲਈ ਹਰ ਵੇਲੇ ਖੁਲ੍ਹਾ ਹੈ। ਪਤ੍ਰਕੇ ਤੂੰ ਝਟ ਸਾਡੇ ਕੋਲ ਆ ਜਾਂਦੋਂ, ਪਰ ਤੂੰ ਨਹੀਂ ਆਇਆ, ਕਿਉਂਕਿ ਤੈਨੂੰ ਆਪਣੀ ਸੌਂਹ ਉਤੇ ਭਰੋਸਾ ਨਹੀਂ ਸੀ। ਤੂੰ ਇਹ ਸੌਂਹ ਧੋਖਾ ਦੇਣ ਲਈ ਖਾਧੀ ਸੀ, ਤੂੰ ਸਮਝਿਆ ਸੀ ਕਿ ਮੇਰੀ ਸੌਂਹ ਤੇ ਯਕੀਨ ਕਰਕੇ ਗੋਬਿੰਦ ਸਿੰਘ ਮੇਰੇ ਕੋਲ ਆਵੇਗਾ, ਫਿਰ ਜਾਣਾ ਕਿਥੇ ਸੂ? ਤੇਰੀਆਂ ਪਿਛਲੀਆਂ ਝੂਠੀਆਂ ਸੌਂਹਾਂ ਨੇ ਤੇਰਾ ਇਤਬਾਰ ਗੁਆ ਦਿਤਾ ਹੈ, ਇਸ ਲਈ ਮੈਂ ਨਹੀਂ ਆਇਆ। ਤੈਨੂੰ ਆਪਣੀ ਸੌਂਹ ਉਤੇ ਵੀ ਇਤਬਾਰ ਨਹੀਂ ਸੀ, ਇਸ ਬੇ-ਦਲੀਲੀ ਕਰਕੇ ਹੀ ਤੂੰ ਸਾਡੇ ਕੋਲ ਵੀ ਨਹੀਂ ਆਇਆ।

## ਕਿ ਫ਼ਰਜ਼ਅਸਤੁ ਬਰਸਰ ਤੁਰਾ ਈਂ ਸੁਖਨ ॥
## ਕਿ ਕਉਲੇ ਖ਼ੁਦਾ ਅਸਤੁ ਕਸਮ ਅਸਤੁ ਮਨ ॥੫੧॥

***ਪਦ ਅਰਥ***—ਫਰਜ਼=ਧਰਮ, ਭਾਰ। ਬਰ ਸਰ=ਸਿਰ ਉਤੇ। ਤੁਰਾ=ਤੇਰੇ। ਈਂ=ਇਸ। ਸੁਖਨ=ਬਚਨ। ਕਉਲੇ=ਸੌਂਹ। ਅਸਤੁ=ਹੈ। ਮਨ=ਮੈਨੂੰ, ਮੇਰੇ।

***ਅਰਥ***—ਇਸ ਬਚਨ ਦਾ ਤੇਰੇ ਸਿਰ ਉਤੇ ਭਾਰ ਹੈ। ਜਿੰਨਾ ਚਿਰ ਤੂੰ ਇਸ ਬਚਨ ਨੂੰ ਪੂਰਾ ਨਹੀਂ ਕਰੇਂਗਾ, ਉਨਾ ਚਿਰ ਇਹ ਭਾਰ ਉਤਰੇਗਾ ਨਹੀਂ। ਜੋ ਮੈਨੂੰ ਖ਼ੁਦਾ ਦੀ ਕਸਮ ਹੈ ਮੈਂ ਤੁਹਾਡੇ ਨਾਲ ਧੋਖਾ ਨਹੀਂ ਕਰਾਂਗਾ।੫੧।

ਹੇ ਔਰੰਗਜ਼ੇਬ! ਤੂੰ ਬਚਨ ਨੂੰ ਪੂਰਾ ਕਰਨ ਲਈ ਮੇਰੇ ਨਾਲ ਵਾਇਦਾ ਕੀਤਾ ਸੀ ਤੂੰ ਆਖਿਆ ਸੀ ਮੈਨੂੰ ਕੁਰਾਨ ਦੀ ਕਸਮ ਹੈ ਮੈਂ ਆਪਣਾ ਬਚਨ ਪੂਰਾ ਕਰਾਂਗਾ। ਤੇਰੇ ਆਖਣ ਨਾਲ ਹੀ ਬਚਨ ਪੂਰਾ ਕਰਨ ਦਾ ਫ਼ਰਜ਼ ਤੇਰੇ ਉਤੇ ਆ ਜਾਂਦਾ ਹੈ, ਹੁਣ ਤੂੰ ਉਸ ਨੂੰ ਪੂਰਾ ਕਰ।

**ਅਗਰ ਹਜ਼ਰਤ ਖ਼ੁਦ ਸਿਤਾਦਹ ਸ਼ਵਦ ॥**
**ਬ ਜਾਨੋ ਦਿਲੇ ਕਾਰ ਵਾਜ਼ਹ ਸ਼ਵਦ ॥੫੨॥**

***ਪਦ ਅਰਥ***—ਅਗਰ=ਜੇਕਰ । ਹਜ਼ਰਤੇ=ਹੇ ਬਾਦਸ਼ਾਹ! ਖ਼ੁਦ=ਆਪ । ਸਿਤਾਦਹ=ਖੜਾ । ਸ਼ਵਦ=ਹੋਵੇਂ । ਬ=ਸਾਥ, ਨਾਲ । ਜਾਨੋ=ਸਰੀਰ । ਕਾਰ=ਕੰਮ । ਵਾਜ਼ਹ=ਪ੍ਰਗਟ, ਰੋਸ਼ਨ ।

***ਅਰਥ***—ਹੇ ਬਾਦਸ਼ਾਹ! ਜੇਕਰ ਤੂੰ ਆਪ ਸਾਹਮਣੇ ਖੜਾ ਹੋਵੇਂ । ਤਾਂ ਦਿਲ, ਜਾਨ ਨਾਲ ਜੋ ਵੀ ਕੰਮ ਮੇਰੇ ਪਾਸੋਂ ਹੋਇਆ ਹੈ, ਉਹ ਤੈਨੂੰ ਪ੍ਰਗਟ ਭਾਵ ਰੋਸ਼ਨ ਹੋ ਜਾਵੇ।੫੨।

ਹੇ ਔਰੰਗਜ਼ੇਬ! ਮੇਰੇ ਵਲੋਂ ਸੱਚ ਝੂਠ ਲਿਖ ਕੇ ਜਿਨ੍ਹਾਂ ਨੇ ਤੈਨੂੰ ਗੁਮਰਾਹ ਕੀਤਾ ਹੈ, ਜਿਸ ਕਰਕੇ ਲੜਾਈ ਸ਼ੁਰੂ ਹੋਈ ਹੈ, ਜੇਕਰ ਤੂੰ ਇਥੇ ਆ ਜਾਵੇਂਗਾ ਤਾਂ ਸਾਰੀ ਗੱਲ ਦਾ ਤੈਨੂੰ ਚਾਨਣ ਹੋ ਜਾਵੇਗਾ। ਫਿਰ ਤੈਨੂੰ ਯਕੀਨ ਆ ਜਾਵੇਗਾ ਕਿ ਮੈਂ ਤੇਰੇ ਖ਼ਿਲਾਫ਼ ਜੰਗ ਕਰਨ ਵਾਲਾ ਹਾਂ ਜਾਂ ਜ਼ੁਲਮ ਦਾ ਨਾਸ ਕਰਕੇ ਸਚੇ ਧਰਮ ਦਾ ਰਾਜ ਕਰਨ ਵਾਲਾ ਹਾਂ ।

**ਸ਼ੁਮਾਰਾ ਚੁ ਫ਼ਰਜ਼ ਅਸਤੁ ਕਾਰੇ ਕੁਨੀ ॥**
**ਬਮੂਜਬ ਨਵਿਸ਼ਤਹ ਸ਼ੁਮਾਰੇ ਕੁਨੀ ॥੫੩॥**

***ਪਦ ਅਰਥ***—ਸ਼ੁਮਾਰਾ=ਤੁਹਾਡਾ । ਕਾਰੇ ਕੁਨੀਂ=ਫ਼ਰਜ਼ । ਬਮੂਜਬ=ਮੁਤਾਬਿਕ । ਨਵਿਸ਼ਤਹ=ਲਿਖੇ ਹੋਏ । ਸ਼ੁਮਾਰੇ=ਗਿਣਤੀ ਭਾਵ ਵਿਚਾਰ। ਕੁਨੀਂ=ਕਰ ਲਵੇਂ।

***ਅਰਥ***—ਹੁਣ ਤੇਰਾ ਫ਼ਰਜ਼ ਬਣਦਾ ਹੈ ਕਿ ਤੂੰ ਇਸ ਕੰਮ ਨੂੰ ਪੂਰਾ ਕਰੇਂ । ਆਪਣੇ ਲਿਖੇ ਹੋਏ ਮੁਤਾਬਿਕ ਇਸ ਤੇ ਵੀਚਾਰ ਕਰੇਂ।੫੩।

ਹੇ ਔਰੰਗਜ਼ੇਬ! ਜੋ ਕੁਝ ਤੂੰ ਲਿਖਿਆ ਸੀ ਉਸ ਮੁਤਾਬਿਕ ਅਮਲ ਕਰਨਾ ਤੇਰਾ ਫ਼ਰਜ਼ ਹੈ ਤੇ ਉਸ ਅਨੁਸਾਰ ਕੰਮ ਕਰਨਾ ਤੇਰਾ ਧਰਮ ਹੈ ਇਸ ਲਈ ਤੂੰ ਹੁਣ ਆਪਣੇ ਬਚਨ ਨੂੰ ਪੂਰਾ ਕਰ ਤੇ ਆਪਣੇ ਲਿਖੇ ਮੁਤਾਬਿਕ ਕੰਮ ਕਰ।

**ਨਵਿਸ਼ਤਹ ਰਸੀਦੋ ਬਿਗੁਫ਼ਤਹ ਜ਼ੁਬਾਂ ॥**
**ਬੁਬਾਯਦ ਕਿ ਕਾਰ ਈਂ ਬਰਾਹਤ ਰਸਾਂ ॥੫੪॥**

***ਪਦ ਅਰਥ***—ਨਵਿਸ਼ਤਹ=ਲਿਖੇ ਹੋਏ। ਰਸੀਦੋ=ਪੁਜ ਗਈ ਹੈ। ਬਿਗੁਫ਼ਤਹ=ਆਖ ਦਿਤਾ। ਜ਼ੁਬਾਂ=ਜ਼ਬਾਨੀ। ਬੁਬਾਯਦ=ਚਾਹੀਦਾ । ਬਰਾਹਤ=ਸੁਖ ਨਾਲ । ਰਸਾਂ=ਪੁਚਾ ਜਾਵੇਂ ।

***ਅਰਥ***—ਤੇਰੀ ਲਿਖੀ ਹੋਈ ਚਿੱਠੀ ਪੁਜ ਗਈ ਹੈ ਤੇ ਜ਼ਬਾਨੀ ਵੀ ਆਖ ਦਿਤਾ ਹੈ। ਤੈਨੂੰ ਚਾਹੀਦਾ ਹੈ ਕਿ ਇਸ ਕੰਮ ਨੂੰ ਸੁਖ-ਸ਼ਾਂਤੀ ਨਾਲ ਪੁਚਾਵੇਂ ।੫੪।

ਹੇ ਔਰੰਗਜ਼ੇਬ! ਤੇਰੀ ਲਿਖੀ ਹੋਈ ਚਿੱਠੀ ਕਾਜ਼ੀ ਦੇ ਰਾਹੀਂ ਸਾਨੂੰ ਪੁੱਜ ਗਈ ਹੈ ਤੇ ਉਹਨੇ ਜ਼ਬਾਨੀ ਵੀ ਸਾਨੂੰ ਕਿਹਾ ਹੈ, ਪਰ ਤੈਨੂੰ ਚਾਹੀਦਾ ਹੈ ਕਿ ਆਪਣੇ ਲਿਖੇ ਤੇ ਜ਼ਬਾਨੀ ਕਹੇ ਅਨੁਸਾਰ ਇਸ ਕੰਮ ਨੂੰ ਸੁਖ ਸ਼ਾਂਤੀ ਨਾਲ ਪੂਰਾ ਕਰੇਂ, ਤਾਂ ਕਿ ਕੋਈ ਮਸਲਾ ਨਾ ਖੜ੍ਹਾ ਹੋ ਜਾਵੇ।

Sri Satguru Jagjit Singh Ji eLibrary NamdhariElibrary@gmail.com

## ਹਮੂੰ ਮਰਦ ਬਾਯਦ ਸ਼ਵਦ ਸੁਖਨ ਵਰ ॥
## ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥੫੫॥

***ਪਦ ਅਰਥ***—ਹਮੂੰ=ਸਾਰੇ। ਬਾਯਦ=ਚਾਹੀਦਾ ਹੈ। ਸ਼ਵਦ=ਹੋਵੇ। ਸੁਖਨ ਵਰ=ਗੱਲ ਦਾ ਪੱਕਾ। ਸ਼ਿਕਮੇ=ਪੇਟ ਵਿਚ। ਦਿਗਰ=ਹੋਰ, ਦੂਸਰਾ। ਦਰ=ਵਿਚ। ਦਹਾਨੇ=ਮੂੰਹ ਦੇ।

***ਅਰਥ***—ਸਾਰੇ ਆਦਮੀਆਂ ਨੂੰ ਗੱਲ ਦਾ ਪੱਕਾ ਹੋਣਾ ਚਾਹੀਦਾ। ਢਿੱਡ ਵਿਚ ਹੋਰ ਤੇ ਮੂੰਹ ਵਿਚ ਹੋਰ ਗੱਲ ਨਹੀਂ ਹੋਣੀ ਚਾਹੀਦੀ।੫੫।

ਜਿਨਿ ਮਨਿ ਹੋਰੁ ਮੁਖਿ ਹੋਰਿ ਸਿ ਕਾਢੇ ਕਚਿਆ॥

ਹੇ ਔਰੰਗਜ਼ੇਬ! ਇਨਸਾਨ ਨੂੰ ਆਪਣੇ ਕਹੇ 'ਤੇ ਪੂਰਾ ਉਤਰਨਾ ਚਾਹੀਦਾ ਹੈ। ਜਿਸ ਦੇ ਕਹਿਣ ਤੇ ਕਰਨ ਵਿਚ ਫ਼ਰਕ ਹੋਵੇ, ਉਹਨੂੰ ਮਰਦ ਕਹਾਉਣ ਦਾ ਹੱਕ ਨਹੀਂ।

## ਕਿ ਕਾਜ਼ੀ ਮਰਾ ਗੁਫ਼ਤਹ ਬੇਰੂੰ ਨਿਯਮ ॥
## ਅਗਰ ਰਾਸਤੀ ਖ਼ੁਦ ਬਿਯਾਰੀ ਕਦਮ ॥੫੬॥

***ਪਦ ਅਰਥ***—ਮਰਾ=ਮੈਨੂੰ। ਗੁਫ਼ਤਹ=ਆਖਿਆ। ਬੇਰੂੰ=ਬਾਹਰ। ਨਿਯਮ=ਨਹੀਂ ਹਾਂ। ਅਗਰ=ਜੇਕਰ। ਰਾਸਤੀ=ਸਚਾਈ। ਖ਼ੁਦ=ਆਪਣਾ ਆਪ। ਬਿਯਾਰੀ=ਲਿਆਓ। ਕਦਮ=ਪੈਰ।

***ਅਰਥ***—ਜੋ ਕਾਜ਼ੀ ਕਹਿੰਦਾ ਹੈ, ਮੈਨੂੰ ਉਸ ਵਰਗਾ ਸਮਝੋ, ਮੈਂ ਉਸ ਤੋਂ ਬਾਹਰ ਨਹੀਂ ਹਾਂ। ਜੇਕਰ ਤੇਰੇ ਵਿਚ ਸਚਾਈ ਹੈ ਤਾਂ ਆਪਣੇ ਪੈਰ ਬਾਹਰ ਲਿਆਓ।੫੬।

ਹੇ ਔਰੰਗਜ਼ੇਬ! ਜਦੋਂ ਕਾਜ਼ੀ ਨੇ ਦਰਬਾਰ ਵਿਚ ਹਾਜ਼ਰ ਹੋ ਕੇ ਤੇਰੀ ਲਿਖਤ ਦਿਤੀ ਤੇ ਜ਼ਬਾਨੀ ਵੀ ਆਖਿਆ ਕਿ ਬਾਦਸ਼ਾਹ ਆਪ ਦੀ ਕਦਰ ਕਰਦਾ ਹੈ, ਹੁਣ ਜੰਗ ਵਿਚ ਰੁਝਾ ਹੋਣ ਕਾਰਣ ਹਾਜ਼ਰ ਨਹੀਂ ਹੋ ਸਕਦਾ, ਓਧਰੋਂ ਵੇਹਲਾ ਹੋ ਕੇ ਫਿਰ ਆਪ ਦੇ ਦਰਸ਼ਨ ਕਰੇਗਾ। ਜਿਵੇਂ ਤੀਜੇ ਸਤਿਗੁਰਾਂ ਨੂੰ ਅਕਬਰ ਆ ਕੇ ਮਿਲਿਆ ਸੀ।

## ਤੁਰਾ ਗਰ ਬੁਬਾਯਦ ਕਉਲੇ ਕੁਰਾਂ ॥
## ਬਨਿਜ਼ਦੇ ਸ਼ੁਮਾਰਾ ਰਸਾਨਮ ਹੁਮਾਂ ॥੫੭॥

***ਪਦ ਅਰਥ***—ਤੁਰਾ=ਤੈਨੂੰ। ਗਰ=ਜੇਕਰ। ਬੁਬਾਯਦ=ਚਾਹੀਦਾ। ਕਉਲੇ ਕੁਰਾਂ=ਇਕਰਾਰ ਲਿਖੇ ਵਾਲਾ ਕੁਰਾਨ। ਬਨਿਜ਼ਦੇ=ਨਜ਼ਦੀਕ, ਪਾਸ। ਸ਼ੁਮਾਰਾ=ਤੁਹਾਡੇ। ਰਸਾਨਮ=ਪਹੁੰਚਾਉਂਦਾ ਹਾਂ। ਹੁਮਾਂ=ਉਹ ਵੀ।

***ਅਰਥ***—ਜੇਕਰ ਤੈਨੂੰ ਚਾਹੀਦਾ ਹੈ ਤਾਂ ਉਹ ਇਕਰਾਰ ਲਿਖੇ ਵਾਲਾ ਕੁਰਾਨ ਮੈਂ ਉਹ ਵੀ ਤੇਰੇ ਪਾਸ ਪਹੁੰਚਾ ਦੇਂਦਾ ਹਾਂ।੫੭।

ਜਦੋਂ ਕਿਸੇ ਬਾਦਸ਼ਾਹ ਦਾ ਦੂਸਰੇ ਬਾਦਸ਼ਾਹ ਨਾਲ ਇਕਰਾਰ ਨਾਮਾ ਹੁੰਦਾ ਸੀ ਤਾਂ ਉਹ ਕੁਰਾਨ ਦੇ ਖ਼ਾਲੀ ਸਫ਼ਿਆਂ 'ਤੇ ਲਿਖਕੇ ਉਹ ਕੁਰਾਨ ਹੀ ਉਸਨੂੰ ਦੇ ਦੇਂਦਾ ਸੀ। ਅਜਿਹਾ ਹੀ ਇਕ ਕੁਰਾਨ ਕਿਸੇ

Sri Satguru Jagjit Singh Ji eLibrary NamdhariElibrary@gmail.com

ਸੱਜਣ ਪਾਸ ਦੱਸਿਆ ਜਾਂਦਾ ਹੈ, ਜਿਸ ਉਤੇ ਕਾਬਲ ਦੇ ਬਾਦਸ਼ਾਹ ਵਲੋਂ ਮਹਾਰਾਜਾ ਰਣਜੀਤ ਸਿੰਘ ਨਾਲ ਅਹਿਦਨਾਮਾ ਕੀਤਾ ਗਿਆ ਸੀ। ਜੇਕਰ ਤੂੰ ਚਾਹੇਂ ਤਾਂ ਤੇਰਾ ਕੁਰਾਨ ਹੀ ਤੇਰੇ ਕੋਲ ਭੇਜ ਦੇਵਾਂ ? ਜਿਸ ਨੂੰ ਪੜ੍ਹਕੇ ਤੂੰ ਆਪ ਹੀ ਆਪਣੀ ਕਸਮ ਤੇ ਧੋਖੇ-ਬਾਜ਼ੀ ਨੂੰ ਵੇਖ ਲਵੇਂਗਾ।

**ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨੱਦ ॥**
**ਵਜ਼ਾਂ ਪਸ ਮੁਲਾਕਾਤ ਬਹਮ ਸ਼ਵੱਦ ॥੫੮॥**

***ਪਦ ਅਰਥ***—ਕਿ=ਜੋ। ਤਸ਼ਰੀਫ=ਆਉਣਾ। ਦਰ=ਅੰਦਰ। ਕਸਬਹ=ਪਿੰਡ। ਕਾਂਗੜ=ਇਕ ਪਿੰਡ ਦਾ ਨਾਮ ਹੈ, ਜੋ ਫ਼ੀਰੋਜ਼ਪੁਰ ਜ਼ਿਲ੍ਹੇ ਵਿਚ ਹੈ। ਜਿਥੋਂ ਦੇ ਰਈਸ ਰਾਇ ਜੋਧ ਨੇ ਛੇਵੇਂ ਪਾਤਸ਼ਾਹ ਦੀ ਸੇਵਾ ਵਿਚ ਹਾਜ਼ਰ ਹੋ ਕੇ ਤੁਰਕੀ ਦਲ ਨਾਲ ਜੰਗ ਕੀਤਾ ਸੀ, ਜੋ ਦਿਲਬਾਗ ਤੇ ਗੁਲਬਾਗ ਘੋੜਿਆਂ ਦੇ ਕਾਰਣ ਹੋਇਆ ਸੀ। ਵਜ਼ਾਂ=ਉਸ ਤੋਂ। ਪਸ=ਪਿਛੋਂ। ਮੁਲਾਕਾਤ=ਮੇਲ-ਗੇਲ। ਬਹਮ=ਆਪੋ ਵਿਚ। ਸ਼ਵੱਦ=ਹੋ ਜਾਵੇ।

***ਅਰਥ***—ਜੇ ਤੂੰ ਕਾਂਗੜ ਪਿੰਡ ਵਿਚ ਆ ਜਾਵੇਂ, ਉਸ ਪਿਛੋਂ ਆਪੋ ਵਿਚ ਮੇਲ-ਗੇਲ ਹੋ ਜਾਵੇਗਾ।੫੮।

ਹੇ ਔਰੰਗਜ਼ੇਬ! ਉਸ ਵੇਲੇ ਤਾਂ ਤੂੰ ਜੰਗ ਵਿਚ ਰੁਝਾ ਹੋਇਆ ਸੀ, ਪਰ ਹੁਣ ਤਾਂ ਤੈਨੂੰ ਕੋਈ ਰੁਝੇਵਾਂ ਨਹੀਂ। ਸਾਡੇ ਪਾਸ ਆ ਜਾ, ਅਸੀਂ ਮਾਲਵੇ ਵਿਚ ਕਾਂਗੜ ਪਿੰਡ ਵਿਚ ਠਹਿਰੇ ਹੋਏ ਹਾਂ, ਇਥੇ ਤੈਨੂੰ ਕੋਈ ਡਰ ਨਹੀਂ, ਕਿਉਂਕਿ-

**ਨ ਜ਼ੱਰਹ ਦਰੀਂ ਰਾਹਿ ਖ਼ਤਰਹ ਤੁਰਾਸਤ ॥**
**ਹਮਹ ਕੌਮ ਬੈਰਾੜ ਹੁਕਮੇ ਮਰਾਸਤ ॥੫੯॥**

***ਪਦ ਅਰਥ***—ਜ਼ੱਰਹ=ਜ਼ਰਾ ਜਿੰਨੀ ਵੀ। ਦਰੀਂ=ਇਸ ਵਿਚ। ਰਾਹਿ=ਰਸਤੇ ਵਿਚ। ਖ਼ਤਰਹ=ਡਰ। ਤੁਰਾਸਤ=ਤੈਨੂੰ ਹੈ। ਹਮਹ=ਸਾਰੀ। ਮਰਾਸਤ=ਮੇਰੇ ਹੈ।

***ਅਰਥ***—ਇਸ ਰਸਤੇ ਵਿਚ ਤੈਨੂੰ ਜ਼ਰਾ ਜਿੰਨਾ ਵੀ ਡਰ ਨਹੀਂ ਹੈ। ਸਾਰੀ ਬੈਰਾੜ ਕੌਮ ਮੇਰੇ ਹੁਕਮ ਵਿਚ ਹੈ।੫੯।

ਹੇ ਔਰੰਗਜ਼ੇਬ! ਤੂੰ ਕਾਂਗੜ ਪਿੰਡ ਵਿਚ ਆ ਕੇ ਮੈਨੂੰ ਮਿਲ, ਇਸ ਰਾਹ ਵਿਚ ਤੈਨੂੰ ਕੋਈ ਖ਼ਤਰਾ ਨਹੀਂ। ਇਸ ਇਲਾਕੇ ਦੇ ਮਾਲਕ ਬੈਰਾੜ ਕੌਮ ਦੇ ਸਰਦਾਰ ਹਨ, ਉਹ ਸਾਰੇ ਸਿੱਖ ਹੋਣ ਕਰਕੇ ਮੇਰੇ ਹੁਕਮ ਵਿਚ ਹਨ। ਇਸ ਲਈ ਤੈਨੂੰ ਉਹਨਾਂ ਤੋਂ ਕੋਈ ਡਰ ਖ਼ਤਰਾ ਨਹੀਂ।

**ਬਿਯਾ ਤਾ ਬ ਮਨ ਖ਼ੁਦ ਜ਼ਬਾਨੀ ਕੁਨੇਮ ॥**
**ਬੇਰੂਏ ਸ਼ੁਮਾ ਮਿਹਰਬਾਨੀ ਕੁਨੇਮ ॥੬੦॥**

***ਪਦ ਅਰਥ***—ਬਿਯਾ=ਆਓ। ਤਾ=ਤਾਈਂ। ਮਨ=ਮੈਂ। ਖ਼ੁਦ=ਆਪ। ਕੁਨੇਮ=ਅਸੀਂ ਕਰ ਲਈਏ। ਬੇਰੁਏ=ਮੂੰਹ ਉਤੇ, ਸਾਹਮਣੇ। ਸ਼ੁਮਾ=ਤੇਰੇ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਆਓ, ਅਸੀਂ ਆਪੋ ਵਿਚ ਬਹਿ ਕੇ ਗੱਲ ਕਰ ਲਈਏ। ਤੇਰੇ ਸਾਹਮਣੇ ਮੇਹਰਬਾਨੀ ਕਰ ਦਿਆਂਗੇ ਭਾਵ ਤੇਰੀ ਭੁਲ ਬਖ਼ਸ਼ ਦਿਆਂਗੇ।੬੦।

ਹੇ ਔਰੰਗਜ਼ੇਬ! ਤੂੰ ਮੈਥੋਂ ਬਾਹਰ ਨਹੀਂ, ਅਸੀਂ ਦੋਵੇਂ ਇਕੋ ਕੰਮ ਨੂੰ ਪੂਰਾ ਕਰਨ ਵਾਸਤੇ ਪ੍ਰਮੇਸ਼ਰ ਦੇ ਭੇਜੇ ਸੰਸਾਰ ਵਿਚ ਆਏ ਹਾਂ। ਤੂੰ ਆਪਣੇ ਮਿਸ਼ਨ ਤੋਂ ਦੂਰ ਚਲਾ ਗਿਆ ਹੈਂ, ਇਸ ਕਰਕੇ ਖ਼ੁਦਾ ਦਾ ਕਹਿਰ ਤੇਰੇ ਉਤੇ ਹੋਵੇਗਾ, ਤੇ ਤੂੰ ਦੁਖ ਪਾਵੇਂਗਾ। ਮੇਰੇ ਕੋਲ ਆ ਤੇ ਮੈਂ ਤੈਨੂੰ ਦਸਾਂ ਕਿ ਤੂੰ ਕਿਹੜੀ ਗ਼ਲਤੀ ਕੀਤੀ ਹੈ, ਤਾਂ ਕਿ ਉਸ ਦਾ ਪਸ਼ਚਾਤਾਪ ਕਰਕੇ ਉਸ ਤੋਂ ਬਚ ਜਾਵੇਂ।

**ਯਕੇ ਅਸਪ ਸ਼ਾਇਸਤਹ ਏ ਯਕ ਹਜ਼ਾਰ॥**
**ਬਿਯਾ ਤਾ ਬਗੀਰੀ ਬ ਮਨ ਈਂ ਦਿਯਾਰ॥੬੧॥**

***ਪਦ ਅਰਥ***—ਯਕੇ-ਇਕ। ਅਸਪ=ਘੋੜਾ। ਸ਼ਾਇਸਤਹ=ਸੁੰਦਰ। ਬਿਯਾ=ਲਿਆਓ। ਬਗੀਰੀ= ਲੈ ਲੈ। ਬ ਮਨ=ਮੇਰੇ ਪਾਸੋਂ। ਈਂ=ਇਹ। ਦਿਯਾਰ=ਇਲਾਕਾ, ਦੇਸ਼।

***ਅਰਥ***—ਸਿਰਫ਼ ਇਕ ਸੁੰਦਰ ਘੋੜਾ ਇਕ ਹਜ਼ਾਰ ਦਾ ਲੈ ਆਓ, ਫਿਰ ਮੇਰੇ ਪਾਸੋਂ ਇਹ ਇਲਾਕਾ ਭਾਵ ਦੇਸ਼ ਲੈ ਲੈ।੬੧।

**ਸ਼ਹਿਨਸ਼ਾਹਿ ਰਾ ਬੰਦਹੇ ਚਾਕਰੇਮ॥**
**ਅਗਰ ਹੁਕਮ ਆਯਦ ਬ ਜਾਂ ਹਾਜ਼ਰੇਮ॥੬੨॥**

***ਪਦ ਅਰਥ***—ਸ਼ਹਿਨਸ਼ਾਹਿ=ਪਾਤਸ਼ਾਹ ਦੇ ਪਾਤਸ਼ਾਹ ਭਾਵ ਵਾਹਿਗੁਰੂ। ਰਾ=ਦਾ। ਬੰਦਹੇ=ਬੰਦਾ, ਸੇਵਕ। ਚਾਕਰੇਮ=ਨੌਕਰ, ਦਾਸ। ਅਗਰ=ਜੇਕਰ। ਆਯਦ=ਆ ਜਾਵੇ। ਬ=ਸਮੇਤ, ਨਾਲ। ਜਾਂ=ਜਾਨ। ਹਾਜ਼ਰੇਮ=ਹਾਜ਼ਰ।

***ਅਰਥ***—ਪਾਤਸ਼ਾਹਾਂ ਦੇ ਪਾਤਸ਼ਾਹ ਭਾਵ ਵਾਹਿਗੁਰੂ ਦਾ ਮੈਂ ਬੰਦਾ ਤੇ ਸੇਵਕ ਹਾਂ। ਜੇਕਰ ਉਸ (ਪ੍ਰਮਾਤਮਾ ਦਾ) ਮੈਨੂੰ ਹੁਕਮ ਆ ਜਾਵੇ ਤਾਂ ਜਾਨ ਸਮੇਤ ਹਾਜ਼ਰ ਹਾਂ।੬੨।

ਹੇ ਔਰੰਗਜ਼ੇਬ! ਤੂੰ ਮੈਨੂੰ ਮਾਰਨ ਲਈ ਕਈ ਤਰੀਕੇ ਵਰਤੇ ਹਨ, ਪਰ ਤੈਨੂੰ ਪਤਾ ਹੈ ਕਿ ਮੈਂ ਉਸ ਵਾਹਿਗੁਰੂ ਦਾ ਬੰਦਾ ਤੇ ਸੇਵਕ ਹਾਂ, ਜਿਸ ਦਾ ਹੁਕਮ ਸਾਰੇ ਸੰਸਾਰ ਤੇ ਵਰਤ ਰਿਹਾ ਹੈ।

**ਅਗਰਚਿਹ ਬਿਯਾਮਦ ਬਫ਼ੁਰਮਾਨੇ ਮਨ॥**
**ਹਜ਼ੂਰਤ ਬਿਯਾਮ ਹਮਹ ਜਾਨੇ ਤਨ॥੬੩॥**

***ਪਦ ਅਰਥ***—ਅਗਰਚਿਹ=ਜੇਕਰ। ਬਿਯਾਮਦ=ਆ ਗਈ। ਬਫ਼ੁਰਮਾਨੇ=ਆਗਿਆ, ਹੁਕਮ। ਮਨ=ਮੈਂ। ਹਜ਼ੂਰਤ=ਤੇਰੇ ਸਾਹਮਣੇ। ਬਿਯਾਮ=ਮੈਂ ਆਵਾਂਗਾ। ਹਮਹ=ਸਾਰੇ। ਤਨ=ਸਰੀਰ।

***ਅਰਥ***—ਜੇਕਰ (ਉਸ ਪ੍ਰਮਾਤਮਾ ਦਾ) ਹੁਕਮ ਆ ਗਿਆ ਤਾਂ ਮੈਂ ਤੇਰੇ ਸਾਹਮਣੇ ਜਾਨ ਤੇ ਸਰੀਰ ਨਾਲ ਆ ਜਾਵਾਂਗਾ।੬੩।

ਹੇ ਔਰੰਗਜ਼ੇਬ! ਮੈਂ ਉਸ ਪ੍ਰਮਾਤਮਾ ਦਾ ਬੰਦਾ ਤੇ ਸੇਵਕ ਹਾਂ, ਜਦੋਂ ਮੈਨੂੰ ਉਸ ਦਾ ਹੁਕਮ ਆ

Sri Satguru Jagjit Singh Ji eLibrary NamdhariElibrary@gmail.com

ਗਿਆ ਤਾਂ ਮੈਂ ਤਨ ਮਨ ਕਰਕੇ ਤੇਰੇ ਕੋਲ ਆ ਜਾਵਾਂਗਾ, ਉਸ ਦੇ ਹੁਕਮ ਤੋਂ ਬਿਨਾਂ ਮੇਰਾ ਤੇਰੇ ਕੋਲ ਆਉਣਾ ਮੁਸ਼ਕਲ ਹੈ।

**ਅਗਰ ਤੁ ਬਯਜ਼ਦਾਂ ਪਰਸਤੀ ਕੁਨੀ॥**
**ਬ ਕਾਰੇ ਮਰਾ ਈਂ ਨ ਸੁਸਤੀ ਕੁਨੀ॥੬੪॥**

***ਪਦ ਅਰਥ***—ਅਗਰ=ਜੇਕਰ। ਤੁ=ਤੂੰ। ਬਯਜ਼ਦਾਂ=ਵਾਹਿਗੁਰੂ, ਪ੍ਰਮੇਸ਼ਰ। ਪਰਸਤੀ=ਪੂਜਾ, ਬੰਦਗੀ। ਕੁਨੀ=ਕਰੇਂ। ਬ=ਵਿਚ। ਕਾਰੇ=ਕੰਮ। ਮਰਾ-ਮੇਰੇ। ਸੁਸਤੀ=ਆਲਸ, ਢਿਲ।

***ਅਰਥ***—ਜੇਕਰ ਤੂੰ ਰੱਬ ਦੀ ਬੰਦਗੀ ਕਰਦਾ ਏਂ ਭਾਵ ਵਾਹਿਗੁਰੂ ਦੀ ਪਛਾਣ ਵਾਲਾ ਹੋਵੇਂ ਤਾਂ ਮੇਰੇ ਇਸ ਕੰਮ ਵਿਚ ਆਲਸ ਨਾ ਕਰੀਂ ਭਾਵ ਮੈਨੂੰ ਛੇਤੀ ਉੱਤਰ ਦੇਵੀਂ।੬੪।

**ਤੇ ਬੁਬਾਯਦ ਕਿ ਯਜ਼ਦਾਂ ਸ਼ਨਾਨੀ ਕੁਨੀ॥**
**ਨ ਗੁਫ਼ਤਹ ਕਸੇ ਕਸ ਖਰਾਸ਼ੀ ਕੁਨੀ॥੬੫॥**

***ਪਦ ਅਰਥ***—ਤੇ=ਤੈਨੂੰ। ਬੁਬਾਯਦ=ਚਾਹੀਦਾ। ਕਿ=ਜੋ। ਯਜ਼ਦਾਂ=ਪ੍ਰਮਾਤਮਾ। ਸ਼ਨਾਨੀ=ਪਛਾਣ। ਕੁਨੀ=ਕਰ। ਗੁਫ਼ਤਹ=ਕਹਿਣ। ਕਸੇ=ਲੋਕਾਂ। ਕਸ=ਮਨੁੱਖ। ਖਰਾਸ਼ੀ=ਛਿਲਣਾ ਭਾਵ ਦੁਖੀ।

***ਅਰਥ***—ਤੈਨੂੰ ਚਾਹੀਦਾ ਹੈ ਜੋ ਪ੍ਰਮਾਤਮਾ ਦੀ ਪਛਾਣ ਕਰ। ਕਿਸੇ ਆਦਮੀ ਦੇ ਕਹਿਣ ਤੇ ਲੋਕਾਂ ਨੂੰ ਦੁਖੀ ਨਾ ਕਰ।੬੫। [ਦ: ਗ੍ਰੰ: ਪੰਨਾ ੧੩੯੨

ਹੇ ਔਰੰਗਜ਼ੇਬ! ਤੂੰ ਖ਼ੁਦਾ ਦੇ ਮੰਨਣ ਵਾਲਾ ਅਖਵਾਉਂਦਾ ਹੈਂ, ਪਰ ਤੂੰ ਉਸ ਨੂੰ ਪਛਾਣਿਆ ਨਹੀਂ। ਜੇ ਤੂੰ ਪਛਾਣ ਲੈਂਦਾ ਤਾਂ ਕਿਸੇ ਨੂੰ ਦੁਖ ਨਾ ਦੇਂਦਾ, ਏਸੇ ਲਈ ਅਸੀਂ ਤੈਨੂੰ ਚੇਤਾ ਕਰਾਉਂਦੇ ਹਾਂ ਕਿ ਤੂੰ ਰੱਬ ਵਾਲਾ ਹੋ ਕੇ ਕਿਸੇ ਨੂੰ ਦੁਖ ਨਾ ਦੇਹ ਭਾਵ ਦੁਖੀ ਨਾ ਕਰ।

**ਤੁ ਮਸਨਦ ਨਸ਼ੀਂ ਸਰਵਰੇ ਕਾਇਨਾਤ॥**
**ਕਿ ਅਜਬਸਤੁ ਇਨਸਾਫ਼ ਈਂ ਹਮ ਸਿਫ਼ਾਤ॥੬੬॥**

***ਪਦ ਅਰਥ***—ਤੁ=ਤੂੰ। ਮਸਨਦ=ਰਾਜ-ਗੱਦੀ, ਤਖ਼ਤ। ਨਸ਼ੀਂ=ਬੈਠਾ ਹੈਂ। ਸਰਵਰੇ=ਸਰਦਾਰ। ਕਾਇਨਾਤ=ਪਰਜਾ, ਦੁਨੀਆਂ। ਕਿ=ਜੋ। ਅਜਬਸਤੁ=ਅਸਚਰਜ ਹੈ। ਇਨਸਾਫ਼=ਨਿਆਂ। ਈਂ=ਇਹ। ਹਮ=ਭੀ। ਸਿਫ਼ਾਤ=ਸਿਫ਼ਤਾਂ।

***ਅਰਥ***—ਤੂੰ ਪਰਜਾ ਦਾ ਸਰਦਾਰ ਹੋ ਕੇ ਰਾਜ-ਗੱਦੀ ਉਤੇ ਬੈਠਾ ਹੈਂ। ਜੋ ਇਹ ਤੇਰਾ ਨਿਆਂ ਹੈ, ਇਹ ਤੇਰੀਆਂ ਸਿਫ਼ਤਾਂ ਭੀ 'ਅਸਚਰਜ' ਹਨ।੬੬।

ਇਹ ਅਸਚਰਜ ਪਦ ਵਿਅੰਗ-ਬਚਨ ਹੈ ਭਾਵ ਲਾਹਨਤ ਦਾ ਪ੍ਰਤੀਕ ਹੈ।

**ਕਿ ਅਜਬਸਤੁ ਇਨਸਾਫ਼ੇ ਦੀਂ ਪਰਵਰੀ॥**
**ਕਿ ਹੈਫ ਅਸਤ ਸਦ ਹੈਫ ਈਂ ਸਰਵਰੀ॥੬੭॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਕਿ=ਜੋ । ਅਜਬਸਤੁ=ਅਸਚਰਜ ਹੈ । ਇਨਸਾਫ਼=ਨਿਆਂ । ਦੀਂ=ਧਰਮ, ਦੀਨ । ਪਰਵਰੀ= ਪਾਲਣਾ ਕਰਨੀ। ਹੈਫ=ਲਾਹਨਤ। ਅਸਤ=ਹੈ। ਸਦ=ਸੌ ਵਾਰੀ। ਈਂ=ਇਸ। ਸਰਵਰੀ=ਸਰਦਾਰੀ ਭਾਵ ਬਾਦਸ਼ਾਹੀ ਉਤੇ।

**ਅਰਥ**—ਤੇਰਾ ਨਿਆਂ ਤੇ ਧਰਮ ਦੀ ਪਾਲਣਾ ਕਰਨੀ ਵੀ ਅਸਚਰਜ ਹੈ। ਤੇਰੀ ਇਸ ਸਰਦਾਰੀ ਭਾਵ ਬਾਦਸ਼ਾਹੀ ਉਤੇ ਵੀ ਸੌ ਵਾਰੀ ਲਾਹਨਤ ਹੈ ।੬੭।

ਹੇ ਔਰੰਗਜ਼ੇਬ! ਜੋ ਤੂੰ ਆਪਣੇ ਪਿਓ ਤੇ ਭਰਾਵਾਂ ਅਥਵਾ ਸੂਫ਼ੀ ਫ਼ਕੀਰਾਂ, ਹਿੰਦੂਆਂ ਅਤੇ ਰੱਬ ਦੇ ਪਿਆਰਿਆਂ (ਫ਼ਕੀਰਾਂ) ਉਤੇ ਦੀਨ ਦੇ ਬਹਾਨੇ ਜ਼ੁਲਮ ਕੀਤੇ ਹਨ, ਇਸ ਤੇ ਤੈਨੂੰ ਲਾਹਨਤ ਹੈ।

## ਕਿ ਅਜਬਸਤੁ ਅਜਬਸਤੁ ਫਤਵਹ ਸ਼ੁਮਾਂ ॥
## ਬਜੁਜ਼ ਰਾਸਤੀ ਸੁਖ਼ਨ ਗੁਫ਼ਤਨ ਜ਼ਿਯਾਂ ॥੬੮॥

**ਪਦ ਅਰਥ**—ਕਿ=ਜੋ। ਅਜਬਸਤੁ=ਅਸਚਰਜ ਹੈ। ਫਤਵਹ=ਸ਼ਰਾਅ ਦਾ ਹੁਕਮ, ਸ਼ਰਾਅ ਅਨੁਸਾਰ ਕਿਸੇ ਗੱਲ ਦਾ ਫ਼ੈਸਲਾ ਸੁਣਾਉਣਾ 'ਫਤਵਹ' ਅਖਵਾਉਂਦਾ ਹੈ, ਇਹ ਫ਼ਤਵੇ ਸ਼ਾਹੀ ਕਾਜ਼ੀ ਸੁਣਾਇਆ ਕਰਦੇ ਸਨ । ਸ਼ੁਮਾਂ=ਤੁਹਾਡਾ । ਬਜੁਜ਼=ਬਿਨਾਂ । ਰਾਸਤੀ=ਸਚਾਈ । ਸੁਖ਼ਨ=ਬਚਨ । ਗੁਫ਼ਤਨ=ਕਿਹਾ ਜਾਂਦਾ ਹੈ । ਜ਼ਿਯਾਂ=ਘਾਟਾ, ਹਾਨੀ, ਨੁਕਸਾਨ।

**ਅਰਥ**—ਤੇਰੀ ਸ਼ਰਾਅ ਦਾ ਹੁਕਮ ਅਸਚਰਜ ਹੈ। ਸਚਾਈ ਤੋਂ ਬਿਨਾਂ ਜੋ ਬਚਨ ਕਿਹਾ ਜਾਂਦਾ ਹੈ, ਉਸ ਦਾ ਨੁਕਸਾਨ ਹੀ ਨੁਕਸਾਨ ਹੈ।੬੮।

ਹੇ ਔਰੰਗਜ਼ੇਬ! ਤੇਰੇ ਦਰਬਾਰ ਵਿਚ ਜੋ ਫ਼ਤਵੇ ਲਾਏ ਜਾਂਦੇ ਹਨ, ਉਹ ਅਸਚਰਜ ਹਨ। ਪ੍ਰਮੇਸ਼ਰ ਦੀ ਦਰਗਾਹ ਸੱਚੀ ਹੈ, ਉਸ ਸੱਚੀ ਦਰਗਾਹ ਵਿਚ ਸੱਚ ਤੋਂ ਬਿਨਾਂ ਕੁਝ ਵੀ ਆਖਣਾ, ਆਪਣਾ ਨੁਕਸਾਨ ਕਰਨ ਤੁਲ ਹੈ।

## ਮਜ਼ਨ ਤੇਗ਼ ਬਰ ਖ਼ੂਨਿ ਕਸ ਬੇਦਰੇਗ ॥
## ਤੁਰਾ ਨੀਜ਼ ਖ਼ੂਨ ਅਸਤ ਬਾ ਚਰਖ ਤੇਗ ॥੬੯॥

**ਪਦ ਅਰਥ**—ਮਜ਼ਨ=ਨਾ ਮਾਰ। ਤੇਗ਼=ਤਲਵਾਰ। ਬਰ=ਉਪਰ, ਲਈ, ਵਾਸਤੇ। ਖ਼ੂਨਿ=ਖ਼ੂਨ ਨਾਲ, ਕਤਲ ਕਰਨ। ਕਸ=ਆਦਮੀ, ਮਨੁੱਖ। ਬੇਦਰੇਗ=ਨਿਧੜਕ ਹੋ ਕੇ, ਨਿਡਰ ਹੋ ਕੇ। ਤੁਰਾ=ਤੇਰਾ। ਨੀਜ਼=ਭੀ। ਅਸਤ=ਹੋਵੇਗਾ । ਬਾ=ਨਾਲ, ਸਾਥ। ਚਰਖ=ਆਕਾਸ਼।

**ਅਰਥ**—ਕਿਸੇ ਮਨੁੱਖ ਦਾ ਖ਼ੂਨ ਕਰਨ ਲਈ ਇੰਨਾ ਨਿਡਰ ਹੋ ਕੇ ਤਲਵਾਰ ਨਾ ਮਾਰ। ਯਾਦ ਰੱਖ, ਆਕਾਸ਼ੀ ਭਾਵ ਪ੍ਰਮਾਤਮਾ ਦੀ ਤਲਵਾਰ ਨਾਲ ਤੇਰਾ ਵੀ ਖ਼ੂਨ ਹੋਵੇਗਾ।੬੯।

ਹੇ ਔਰੰਗਜ਼ੇਬ! ਤੂੰ ਜ਼ਾਲਮ ਬਣਕੇ ਗ਼ਰੀਬਾਂ ਉਤੇ ਤਲਵਾਰ ਨਾ ਚਲਾ, ਉਹ ਪ੍ਰਮੇਸ਼ਰ ਸਦਾ ਹੀ ਗ਼ਰੀਬਾਂ ਦੀ ਰਖਿਆ ਕਰਦਾ ਆਇਆ ਹੈ, ਜਦੋਂ ਉਹ ਇਹਨਾਂ ਦੀ ਮਦਦ ਲਈ ਆਵੇਗਾ ਤਾਂ ਉਸਦੀ ਤਲਵਾਰ ਤੇਰਾ ਖ਼ੂਨ ਕਰੇਗੀ।

Sri Satguru Jagjit Singh Ji eLibrary NamdhariElibrary@gmail.com

**ਤੁ ਗਾਫ਼ਲ ਮਸ਼ਉ ਮਰਦਿ ਯਜ਼ਦਾਂ ਹਿਰਾਸ ॥**
**ਕਿ ਓ ਬੇਨਿਆਜ਼ਸਤੁ ਓ ਬੇ ਪਾਸ ॥੭੦॥**

**ਪਦ ਅਰਥ**—ਤੁ=ਤੂੰ । ਗਾਫ਼ਲ=ਬੇ-ਸਮਝ । ਮਸ਼ਉ=ਨਾ ਹੋ । ਮਰਦਿ=ਹੇ ਮਰਦ ! ਹੇ ਬੰਦੇ ! ਯਜ਼ਦਾਂ=ਵਾਹਿਗੁਰੂ । ਹਿਰਾਸ=ਡਰ । ਬੇਨਿਆਜ਼=ਬੇ ਪ੍ਰਵਾਹ । ਬੇ ਪਾਸ=ਖ਼ੁਸ਼ਾਮਦ ਤੋਂ ਬਿਨਾਂ ।

**ਅਰਥ**—ਹੇ ਮਰਦ ! (ਔਰੰਗਜ਼ੇਬ) ਤੂੰ ਏਨਾਂ ਬੇ-ਸਮਝ ਨਾ ਹੋ ਤੇ ਵਾਹਿਗੁਰੂ ਤੋਂ ਡਰ, ਜੋ ਉਹ (ਰੱਬ) ਬੇਪ੍ਰਵਾਹ ਹੈ ਤੇ ਖ਼ੁਸ਼ਾਮਦ ਤੋਂ ਬਿਨਾਂ ਹੈ ਭਾਵ ਕਿਸੇ ਤੋਂ ਰਿਸ਼ਵਤ ਨਹੀਂ ਲੈਂਦਾ।੭੦।

ਹੇ ਔਰੰਗਜ਼ੇਬ ! ਤੂੰ ਅਜੇ ਵੀ ਸਮਝ, ਤੇ ਬੇ-ਸਮਝ ਨਾ ਬਣ, ਉਸ ਰੱਬ ਤੋਂ ਡਰ, ਉਹ ਬੜਾ ਬੇ-ਪ੍ਰਵਾਹ ਤੇ ਸਭ ਦੀ ਪਾਲਣਾ ਕਰਨ ਵਾਲਾ ਹੈ।

**ਕਿ ਓ ਬੇ ਮੁਹਾਬਸਤੁ ਸ਼ਾਹਾਨਿਸ਼ਾਹ ॥**
**ਜ਼ਮੀਨੋ ਜ਼ਮਾਂ ਰਾ ਸੱਚਹਏ ਪਾਤਸ਼ਾਹ ॥੭੧॥**

**ਪਦ ਅਰਥ**—ਕਿ=ਜੋ । ਓ=ਉਹ । ਬੇ=ਬਿਨਾਂ । ਮੁਹਾਬਸਤੁ=ਡਰ ਤੋਂ ਹੈ । ਸ਼ਾਹਾਨਿਸ਼ਾਹ=ਪਾਤਸ਼ਾਹਾਂ ਦਾ ਪਾਤਸ਼ਾਹ । ਜ਼ਮੀਨੋ=ਧਰਤੀ । ਜ਼ਮਾਂ=ਆਸਮਾਨ । ਰਾ=ਦਾ । ਸੱਚਹ=ਸੱਚਾ ।

**ਅਰਥ**—ਉਹ (ਪ੍ਰਮੇਸ਼ਰ) ਜੋ ਬਿਨਾਂ ਡਰ ਤੋਂ ਹੈ ਤੇ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ । ਧਰਤੀ ਤੇ ਆਸਮਾਨ ਦਾ ਵੀ ਸੱਚਾ ਪਾਤਸ਼ਾਹ ਹੈ ।੭੧।

**ਖ਼ੁਦਾਵੰਦ ਏਜ਼ਦ ਜ਼ਮੀਨੋ ਜ਼ਮਾਂ ॥**
**ਕੁਨਿੰਦਸਤੁ ਹਰ ਕਸ ਮਕੀਨੋ ਮਕਾਂ ॥੭੨॥**

**ਪਦ ਅਰਥ**—ਖ਼ੁਦਾਵੰਦ=ਆਪਣੇ ਆਪ ਪ੍ਰਗਟ ਹੋਣ ਵਾਲਾ । ਏਜ਼ਦ=ਪ੍ਰਮਾਤਮਾ । ਜ਼ਮੀਨੋ=ਧਰਤੀ । ਜ਼ਮਾਂ=ਆਸਮਾਨ, ਆਕਾਸ਼ । ਕੁਨਿੰਦਸਤੁ=ਕਰਨ ਵਾਲਾ ਹੈ । ਹਰ ਕਸ=ਸਾਰੇ ਮਨੁੱਖਾਂ । ਮਕੀਨੋ=ਮਕਾਨਾਂ ਵਿਚ । ਮਕਾਂ=ਮਕਾਨ, ਜਗ੍ਹਾ ।

**ਅਰਥ**—ਉਹ ਪ੍ਰਮਾਤਮਾ ਆਪਣੇ ਆਪ ਤੋਂ ਪ੍ਰਗਟ ਹੋਇਆ ਹੈ । ਧਰਤੀ, ਆਕਾਸ਼ ਤੇ ਮਕਾਨਾਂ ਵਿਚ ਰਹਿਣ ਵਾਲੇ ਸਾਰੇ ਮਨੁੱਖਾਂ ਦੇ ਕਰਨ ਵਾਲਾ ਹੈ ਭਾਵ ਪੈਦਾ ਕਰਨ ਵਾਲਾ ਹੈ।੭੨।

**ਹਮ ਅਜ਼ ਪੀਰ ਮੋਰੋ ਹਮ ਅਜ਼ ਫੀਲ ਤਨ ॥**
**ਕਿ ਆਜਜ਼ ਨਿਵਾਜ਼ਸਤੁ ਗਾਫ਼ਲ ਸ਼ਿਕਨ ॥੭੩॥**

**ਪਦ ਅਰਥ**—ਹਮ=ਭੀ । ਅਜ਼=ਸੇ ਤੋਂ । ਪੀਰ=ਬੁੱਢਾ, ਬ੍ਰਿਧ । ਮੋਰੋ=ਕੀੜੀ । ਫੀਲ=ਹਾਥੀ । ਤਨ=ਸਰੀਰ। ਕਿ=ਜੋ । ਆਜਜ਼=ਗਰੀਬ । ਨਿਵਾਜ਼ਸਤੁ=ਵਡਿਆਉਣ ਵਾਲਾ ਹੈ । ਸ਼ਿਕਨ=ਤੋੜਨ ਵਾਲਾ ਭਾਵ ਮਾਰਨ ਵਾਲਾ।

**ਅਰਥ**—ਜੋ ਕੀੜੀ ਤੋਂ ਲੈ ਕੇ ਹਾਥੀ ਤੱਕ ਤੇ ਬੱਚੇ ਤੋਂ ਲੈ ਬੁੱਢੇ ਤੱਕ ਦਾ ਵੀ ਕਰਨ ਵਾਲਾ ਹੈ। ਉਹ ਗ਼ਰੀਬਾਂ ਨੂੰ ਵਡਿਆਉਣ ਵਾਲਾ ਤੇ ਹੰਕਾਰੀਆਂ ਨੂੰ ਤੋੜਨ ਵਾਲਾ ਭਾਵ ਮਾਰਨ ਵਾਲਾ ਹੈ।੭੩।

Sri Satguru Jagjit Singh Ji eLibrary NamdhariElibrary@gmail.com

ਹੇ ਔਰੰਗਜ਼ੇਬ! ਪ੍ਰਮੇਸ਼ਰ ਭਾਵ ਰੱਬ ਨੇ ਸ੍ਰਿਸ਼ਟੀ ਦੀ ਰਚਨਾ ਕਿਸੇ ਨਿਯਮ ਵਿਚ ਕੀਤੀ ਹੈ, ਜਦੋਂ ਕੋਈ ਜ਼ੋਰਾਵਰ ਕਿਸੇ ਗ਼ਰੀਬ ਤੇ ਜ਼ੁਲਮ ਕਰਦਾ ਹੈ ਤਾਂ ਉਹ ਜ਼ਾਲਮ ਦੀ ਧੌਣ ਭੰਨ ਦੇਂਦਾ ਹੈ। ਜੇ ਤੂੰ ਇਸ ਨੂੰ ਨਾ ਸਮਝਿਆ ਤੇ ਗ਼ਰੀਬਾਂ ਤੇ ਜ਼ੁਲਮ ਕਰਦਾ ਰਿਹੋਂ ਤਾਂ ਆਸਮਾਨੀ ਤਲਵਾਰ ਭਾਵ ਰੱਬੀ ਕਹਿਰ ਤੇਰੇ ਜ਼ੁਲਮ ਨੂੰ ਠੱਲ੍ਹ ਪਾਵੇਗਾ।

**ਕਿ ਓਰਾ ਚੁ ਇਸਮ ਅਸਤ ਆਜਜ਼ ਨਿਵਾਜ਼ ॥**
**ਕਿ ਓ ਬੇ ਸੁਪਾਸ ਅਸਤ ਓ ਬੇ ਨਿਆਜ਼ ॥੭੪॥**

***ਪਦ ਅਰਥ***—ਕਿ=ਜੋ। ਓਰਾ=ਉਸ ਦਾ। ਚੁ=ਜਦ। ਇਸਮ=ਨਾਮ। ਅਸਤ ਹੈ। ਆਜਜ਼=ਗ਼ਰੀਬ। ਸੁਪਾਸ=ਲੋੜ। ਨਿਆਜ਼=ਪ੍ਰਵਾਹ।

***ਅਰਥ***—ਕਿਉਂ ਜੋ ਉਸਦਾ ਨਾਮ ਗ਼ਰੀਬ-ਨਿਵਾਜ਼ ਹੈ। ਉਹ ਜੋ ਲੋੜ ਤੋਂ ਬਿਨਾਂ ਹੈ, ਬੇ-ਪ੍ਰਵਾਹ ਹੈ।੭੪।

ਹੇ ਔਰੰਗਜ਼ੇਬ! ਉਹ ਗ਼ਰੀਬ ਨਿਵਾਜ਼ ਹੈ ਤੇ ਉਸ ਦਾ ਕੰਮ ਗ਼ਰੀਬਾਂ ਨੂੰ ਨਿਵਾਜ਼ਨਾ ਹੈ। ਜੋ ਉਸਦੇ ਦਰ ਤੇ ਡਿੱਗ ਪੈਂਦਾ ਹੈ, ਉਹਨੂੰ ਮਾਣ ਬਖ਼ਸ਼ਦਾ ਹੈ। ਉਸ ਤੋਂ ਡਰ ਤੇ ਜ਼ੁਲਮ ਤੋਂ ਬਾਜ ਆ। ਤਾਂ ਕਿ ਰੱਬੀ ਕਹਿਰ ਤੋਂ ਬਚਿਆ ਰਹੇਂ।

**ਕਿ ਓ ਬੇ ਨਗੂੰ ਅਸਤੁ ਓ ਬੇ ਚਗੂੰ ॥**
**ਕਿ ਓ ਰਹਿਨੁਮਾ ਅਸਤੁ ਓ ਰਹਨਮੂੰ ॥੭੫॥**

***ਪਦ ਅਰਥ***—ਨਗੂੰ=ਰੂਪ, ਰੇਖ, ਰੰਗ। ਅਸਤੁ=ਹੈ। ਚਗੂੰ=ਚਿਹਨ, ਚੱਕ੍ਰ। ਰਹਿਨੁਮਾ=ਰਾਹ। ਦਸਣ ਵਾਲਾ, ਰਹਿਨੁਮਾਈ ਕਰਨ ਵਾਲਾ, ਆਗੂ। ਰਹਨਮੂੰ= ਠੀਕ ਰਸਤੇ ਲਈ ਜਾਣ ਵਾਲਾ।

***ਅਰਥ***—ਉਹ ਜੋ ਰੂਪ, ਰੰਗ ਤੋਂ ਬਿਨਾਂ ਹੈ ਤੇ ਚਿਹਨ-ਚੱਕ੍ਰ ਤੋਂ ਰਹਿਤ ਹੈ। ਉਹ ਜੋ ਰਾਹ ਦੱਸਣ ਵਾਲਾ ਹੈ ਤੇ ਠੀਕ ਰਸਤੇ ਲਈ ਜਾਣ ਵਾਲਾ ਹੈ।੭੫।

**ਕਿ ਬਰ ਸਰ ਤੁਰਾ ਫ਼ਰਜ਼ ਕਸਮਿ ਕੁਰਾਂ ॥**
**ਬਗੁਫਤਹ ਸ਼ੁਮਾ ਕਾਰ ਖ਼ੂਬੀ ਰਸਾਂ ॥੭੬॥**

***ਪਦ ਅਰਥ***—ਕਿ=ਜੋ। ਬਰ=ਉਤੇ। ਸਰ=ਸਿਰ। ਤੁਰਾ=ਤੇਰਾ। ਫ਼ਰਜ਼=ਭਾਰ। ਕਸਮਿ=ਸੌਂਹ ਦਾ। ਕੁਰਾਂ=ਕੁਰਾਨ। ਬਗੁਫਤਹ=ਆਖੇ ਹੋਏ ਬਚਨ ਦਾ। ਸ਼ੁਮਾ=ਤੇਰੇ। ਰਸਾਂ=ਪਹੁੰਚਾ ਦਿਓ।

***ਅਰਥ***—ਤੇਰੇ ਉਤੇ ਜੋ ਕੁਰਾਨ ਦੀ ਸੌਂਹ ਦਾ ਭਾਰ ਹੈ, ਤੇ ਆਪਣੇ ਆਖੇ ਹੋਏ ਬਚਨ ਦੇ ਕੰਮ ਨੂੰ ਚੰਗਿਆਈ ਤਕ ਪਹੁੰਚਾ ਦਿਓ।੭੬।

**ਬ ਬਾਯਦ ਤੁ ਦਾਨਸ਼ ਪਰਸਤੀ ਕੁਨੀ ॥**
**ਬ ਕਾਰੇ ਸ਼ੁਮਾ ਚੀਰਹ ਦਸਤੀ ਕੁਨੀ ॥੭੭॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬਾਯਦ=ਚਾਹੀਦਾ ਹੈ। ਦਾਨਸ਼=ਅਕਲਮੰਦੀ। ਪਰਸਤੀ=ਪਾਲਣਾ। ਕੁਨੀ=ਕਰਨੀ। ਕਾਰੇ=ਕੰਮ ਨੂੰ। ਸ਼ੁਮਾ=ਆਪਣਾ। ਚੀਰਹ ਦਸਤੀ=ਹੱਥ ਦੀ ਮਜ਼ਬੂਤੀ, ਪੱਕਾ ਹੱਥ ਪਾ ਕੇ।

**ਅਰਥ**—ਤੈਨੂੰ ਅਕਲਮੰਦੀ ਦੀ ਪਾਲਨਾ ਕਰਨੀ ਚਾਹੀਦੀ ਹੈ। ਤੈਨੂੰ ਆਪਣੇ ਕੰਮਾਂ ਨੂੰ ਪੱਕੇ ਹੱਥਾਂ ਨਾਲ ਕਰਨਾ ਚਾਹੀਦਾ ਹੈ।੭੭।

**ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ॥**
**ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ॥੭੮॥**

**ਪਦ ਅਰਥ**—ਚਿਹਾ ਸ਼ੁਦ=ਕੀ ਹੋ ਗਿਆ। ਕਿ ਚੂੰ=ਜਦ ਕਿ। ਬੱਚਗਾਂ=ਬੱਚੇ, ਪੁੱਤਰ। ਕੁਸ਼ਤਹ=ਮਾਰ ਸੁਟੇ, ਕੋਹ ਸੁਟੇ। ਬਾਕੀ=ਪਿਛੇ। ਬਿਮਾਂਦਸਤ=ਰਹਿੰਦਾ ਹੈ। ਪੇਚੀਦਹ ਮਾਰ=ਕੁੰਡਲਦਾਰ ਸੱਪ।

**ਅਰਥ**—ਕੀ ਹੋਇਆ ? ਜਦ ਕਿ ਤੂੰ (ਮੇਰੇ) ਚਾਰ ਪੁੱਤਰ ਮਾਰ ਸੁਟੇ ਹਨ। ਕੁੰਡਲਦਾਰ ਸੱਪ ਤਾਂ ਪਿਛੇ ਰਹਿੰਦਾ ਹੈ।੭੮।

ਹੇ ਔਰੰਗਜ਼ੇਬ! ਤੇਰੇ ਜਰਨੈਲਾਂ ਨੇ ਧੋਖੇ ਨਾਲ ਮੇਰੇ ਚਾਰ ਮਾਸੂਮ ਬੱਚੇ ਮਾਰ ਸੁੱਟੇ ਹਨ, ਦੁੱਖ ਇਸ ਗੱਲ੍ਹ ਦਾ ਹੈ ਕਿ ਉਹ ਛੋਟੇ ਤੇ ਕੁਝ ਕਰਨ ਜੋਗੇ ਨਹੀਂ ਸਨ। ਉਹ ਤਾਂ ਉਹਨਾਂ ਨੇ ਬੇ-ਰਹਿਮੀ ਨਾਲ ਮਾਰ ਦਿੱਤੇ ਹਨ, ਪਰ ਕਰੁੰਡੀਆ ਸੱਪ ਤਾਂ ਅਜੇ ਬਾਕੀ ਰਹਿੰਦਾ ਹੈ, ਉਸ ਤੋਂ ਬਚਣ ਦਾ ਤੂੰ ਜਾਂ ਤੇਰੇ ਜਰਨੈਲਾਂ ਨੇ ਕੀ ਯਤਨ ਕੀਤਾ ਹੈ।

**ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ॥**
**ਕਿ ਆਤਸ਼ ਦਮਾਂ ਰਾ ਬਦਉਰਾਂ ਕੁਨੀ॥੭੯॥**

**ਪਦ ਅਰਥ**—ਚਿ=ਕੈਸੀ। ਮਰਦੀ=ਬਹਾਦਰੀ, ਸੂਰਮਤਾਈ। ਕਿ=ਜੋ। ਅਖ਼ਗਰ=ਚੰਗਿਆੜੇ। ਖ਼ਮੋਸ਼ਾਂ ਕੁਨੀ=ਚੁੱਪ ਕਰਾਉਣਾ ਭਾਵ ਬੁਝਾਉਣਾ। ਕਿ=ਜੋ। ਆਤਸ਼=ਅੱਗ। ਦਮਾਂ=ਭੜ ਭੜ ਕਰਕੇ ਬਲਦੀ ਹੋਈ। ਰਾ=ਦਾ, ਨੂੰ। ਬਦਉਰਾਂ=ਹੋਰ ਭੜਕਾਉਣਾ, ਅਗੇ ਨਾਲੋਂ ਵੀ ਤੇਜ਼। ਕੁਨੀ=ਕਰਦਾ ਹੈ।

**ਅਰਥ**—ਇਹ ਕਾਹਦੀ ਸੂਰਮਤਾਈ ਹੈ, ਜੋ ਚੰਗਿਆੜਿਆਂ ਨੂੰ ਚੁਪ ਕਰਾਉਂਦਾ ਭਾਵ ਬੁਝਾਉਂਦਾ ਹੈਂ। ਜੋ ਅੱਗ ਭੜ ਭੜ ਕਰਕੇ ਬਲਦੀ ਹੈ, ਉਹਨੂੰ ਅਗੇ ਨਾਲੋਂ ਵੀ ਤੇਜ਼ ਕਰਦਾ ਹੈਂ।੭੯।

**ਚਿ ਖੁਸ਼ ਗੁਫ਼ਤ ਫਿਰਦੌਸੀਏ ਖੁਸ਼ ਜ਼ਬਾਂ॥**
**ਸ਼ਿਤਾਬੀ ਬਵਦ ਕਾਰਿ ਅਹਿਰਮਨਾਂ॥੮੦॥**

**ਪਦ ਅਰਥ**—ਚਿ=ਕੈਸੀ। ਖੁਸ਼=ਚੰਗੀ। ਗੁਫ਼ਤ=ਕਹੀ ਹੈ। ਫਿਰਦੌਸੀਏ=ਇਕ ਕਵੀ ਦਾ ਨਾਮ ਹੈ, ਜਿਸ ਨੇ ਮਹਿਮੂਦ ਗਜ਼ਨਵੀ ਦੇ ਸਮੇਂ ਵਿਚ ਸ਼ਾਹਨਾਮਾ ਨਾਮ ਦੀ ਇਕ ਕਿਤਾਬ ਲਿਖੀ ਸੀ। ਖੁਸ਼ ਜ਼ਬਾਂ-ਮਿੱਠੀ ਜ਼ਬਾਨ, ਸੋਹਣੀ ਜ਼ਬਾਨ। ਸ਼ਿਤਾਬੀ=ਛੇਤੀ, ਕਾਹਲੀ। ਬਵਦ=ਕਰਨਾ। ਕਾਰਿ=ਕੰਮ। ਅਹਿਰਮਨਾਂ=ਸ਼ੈਤਾਨਾਂ ਦਾ।

**ਅਰਥ**—ਸੋਹਣੀ ਜ਼ਬਾਨ ਵਾਲੇ ਫ਼ਿਰਦੋਸੀ ਕਵੀ ਨੇ ਸ਼ਾਹ ਨਾਮੇ ਵਿਚ ਕਿੱਡੀ ਚੰਗੀ ਗੱਲ ਆਖੀ ਹੈ ਕਿ ਕਾਹਲੀ ਭਾਵ ਛੇਤੀ ਕਰਨਾ ਸ਼ੈਤਾਨਾਂ ਦਾ ਕੰਮ ਹੈ।੮੦।

Sri Satguru Jagjit Singh Ji eLibrary NamdhariElibrary@gmail.com

**ਕਿ ਮਾ ਬਾਰਗਹਿ ਹਜ਼ਰਤ ਆਯਮ ਸ਼ੁਮਾ ॥**
**ਅਜ਼ਾਂ ਰੋਜ਼ ਬਾਸੀਵ ਸ਼ਾਹਿਦ ਸ਼ੁਮਾ ॥੮੧॥**

***ਪਦ ਅਰਥ***—ਕਿ=ਜੋ । ਮਾ=ਮੈਂ । ਬਾਰਗਹਿ=ਕਚਹਿਰੀ, ਦਰਬਾਰ । ਹਜ਼ਰਤ=ਰੱਬ । ਆਯਮ=ਆਵਾਂਗਾ। ਸ਼ੁਮਾ=ਤੁਹਾਡੇ । ਅਜ਼ਾਂ=ਉਸ । ਰੋਜ਼=ਦਿਨ । ਬਾਸੀਵ=ਹੋਵਾਂ । ਸ਼ਾਹਿਦ=ਗਵਾਹ । ਸ਼ੁਮਾ=ਤੂੰ ।

***ਅਰਥ***—ਜਦੋਂ ਮੈਂ ਤੁਹਾਡੇ ਰੱਬ ਦੀ ਕਚਹਿਰੀ ਵਿਚ ਆਵਾਂਗਾ । ਉਸ ਦਿਨ ਤੂੰ ਉਥੇ ਗਵਾਹ ਹੋਵੀਂ ।੮੧।

**ਵਗਰਨਹ ਤੁ ਈਂ ਹਮ ਫ਼ਰਾਮੁਸ਼ ਕੁਨੱਦ ॥**
**ਤੁਰਾ ਹਮ ਫ਼ਰਾਮੋਸ਼ ਯਜ਼ਦਾ ਕੁਨੱਦ ॥੮੨॥**

***ਪਦ ਅਰਥ***—ਵਗਰਨਹ=ਜੇਕਰ । ਤੁ=ਤੂੰ । ਈਂ=ਇਹ । ਹਮ=ਭੀ । ਫ਼ਰਾਮੁਸ਼=ਭੁਲਾਉਣਾ । ਕੁਨੱਦ=ਕਰੇਂਗਾ । ਤੁਰਾ=ਤੇਰੇ । ਹਮ=ਭੀ । ਫ਼ਰਾਮੋਸ਼=ਭੁਲਾਉਣਾ । ਯਜ਼ਦ=ਵਾਹਿਗੁਰੂ ।

***ਅਰਥ***—ਜੇਕਰ ਤੂੰ ਇਸ ਨੂੰ ਭੁਲਾਉਣਾ ਕਰੇਂਗਾ ਤਾਂ ਵਾਹਿਗੁਰੂ ਵੀ ਤੈਨੂੰ ਭੁਲਾਉਣਾ ਕਰੇਗਾ ।੮੨।

**ਅਗਰ ਕਾਰਿ ਈਂ ਬਰ ਤੋ ਬਸਤੀ ਕਮਰ ॥**
**ਖ਼ੁਦਾਵੰਦ ਬਾਸ਼ਦ ਤੁਰਾ ਬਹਿਰਾਵਰ ॥੮੩॥**

***ਪਦ ਅਰਥ***—ਅਗਰ=ਜੇਕਰ । ਕਾਰਿ ਈਂ=ਇਸ ਕੰਮ ਦੇ । ਬਰ=ਉਤੇ । ਤੋ=ਤੂੰ । ਬਸਤੀ=ਬੰਨ੍ਹ ਲਿਆ । ਕਮਰ=ਲੱਕ । ਖ਼ੁਦਾਵੰਦ=ਪ੍ਰਮਾਤਮਾ, ਰੱਬ । ਬਾਸ਼ਦ=ਹੋਵੇਗਾ । ਤੁਰਾ=ਤੈਨੂੰ । ਬਹਿਰਾ ਵਰ=ਫਲ ਦਾਤਾ, ਫਲਾਂ ਦੇ ਦੇਣ ਵਾਲਾ ।

***ਅਰਥ***—ਜੇਕਰ ਤੂੰ ਇਸ ਕੰਮ ਉਤੇ ਲੱਕ ਬੰਨ੍ਹ ਲਿਆ ਤਾਂ ਰੱਬ ਤੈਨੂੰ ਫਲ ਦੇਣ ਵਾਲਾ ਹੋਵੇਗਾ ।੮੩।

**ਕਿ ਈਂ ਕਾਰ ਨੇਕ ਅਸਤੁ ਦੀਂ ਪਰਵਰੀ ॥**
**ਚੁ ਯਜ਼ਦਾ ਸ਼ਨਾਸੀ ਬਜਾਂ ਬਰਤਰੀ ॥੮੪॥**

***ਪਦ ਅਰਥ***—ਕਿ=ਜੋ । ਈਂ=ਇਹ । ਕਾਰ=ਕੰਮ । ਨੇਕ=ਚੰਗਾ । ਦੀਂ ਪਰਵਰੀ=ਧਰਮ ਦੀ ਪਾਲਣਾ ਕਰਨੀ । ਯਜ਼ਦਾ=ਰੱਬ, ਵਾਹਿਗੁਰੂ । ਸ਼ਨਾਸੀ=ਪਛਾਣ । ਬਜਾਂ=ਜਾਨ ਨਾਲ । ਬਰਤਰੀ=ਵੱਡਾ ।

***ਅਰਥ***—ਜੋ ਇਹ ਧਰਮ ਦੀ ਪਾਲਣਾ ਕਰਨੀ ਚੰਗਾ ਕੰਮ ਹੈ, ਪਰ ਜੋ ਰੱਬ ਦੀ ਪਛਾਣ ਕਰਨੀ, ਇਹ ਜਾਨ ਨਾਲੋਂ ਵੀ ਵੱਡਾ ਹੈ ।੮੪।

**ਤੁਰਾ ਮਨ ਨ ਦਾਨਮ ਕਿ ਯਜ਼ਦਾ ਸ਼ਨਾਸ ॥**
**ਬਰਾਮਦ ਜ਼ਿ ਤੋ ਕਾਰਹਾ ਦਿਲ ਖਰਾਸ਼ ॥੮੫॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਤੁਰਾ=ਤੈਨੂੰ । ਮਨ=ਮੈਂ । ਦਾਨਮ=ਜਾਣਦਾ । ਕਿ=ਜੋ । ਯਜ਼ਦਾ=ਰੱਬ । ਸ਼ਨਾਸ=ਪਛਾਣ ਵਾਲਾ । ਬਰਾਮਦ=ਹੋ ਚੁਕੇ । ਕਾਰਹਾ=ਬਹੁਤ ਕੰਮ । ਦਿਲ ਖਰਾਸ਼= ਮਨ ਨੂੰ ਦੁਖੀ ਕਰਨਾ।

***ਅਰਥ***—ਮੈਂ ਤੈਨੂੰ ਰੱਬ ਦੀ ਪਛਾਣ ਵਾਲਾ ਨਹੀਂ ਜਾਣਦਾ, ਕਿਉਂਕਿ ਤੇਰੇ ਪਾਸੋਂ ਮਨ ਨੂੰ ਦੁਖੀ ਕਰਨ ਵਾਲੇ ਬਹੁਤ ਕੰਮ ਹੋ ਚੁਕੇ ਹਨ ।੮੫।

**ਸ਼ਨਾਸਦ ਹਮੀ ਤੋ ਨ ਯਜ਼ਦਾ ਕਰੀਮ ॥**
**ਨ ਖ਼ਾਹਦ ਹਮੀ ਤੋ ਬਦੌਲਤ ਅਜ਼ੀਮ ॥੮੬॥**

***ਪਦ ਅਰਥ***—ਸ਼ਨਾਸਦ=ਪਛਾਣਦਾ । ਹਮੀ=ਭੀ । ਤੋ=ਤੈਨੂੰ । ਯਜ਼ਦਾ=ਵਾਹਿਗੁਰੂ । ਕਰੀਮ=ਕ੍ਰਿਪਾਲੂ । ਖ਼ਾਹਦ=ਚਾਹੁੰਦਾ । ਬਦੌਲਤ=ਧਨ-ਦੌਲਤ । ਅਜ਼ੀਮ=ਭਾਰੀ, ਬਹੁਤ ਸਾਰੀ।

***ਅਰਥ***—ਤੈਨੂੰ ਵੀ ਕ੍ਰਿਪਾਲੂ ਪ੍ਰਮਾਤਮਾ ਨਹੀਂ ਪਛਾਣਦਾ ਅਤੇ (ਉਹ) ਤੇਰੀ ਬਹੁਤ ਸਾਰੀ ਭਾਵ ਵੱਡੀ ਦੌਲਤ ਨੂੰ ਵੀ ਨਹੀ ਚਾਹੁੰਦਾ।੮੬।

**ਅਗਰ ਸਦ ਕੁਰਾਂ ਰਾ ਬਖ਼ੁਰਦੀ ਕਸਮ ॥**
**ਮਰਾ ਏਤਬਾਰੇ ਨ ਈਂ ਜ਼ੱਰਹ ਦਮ ॥੮੭॥**

***ਪਦ ਅਰਥ***—ਅਗਰ=ਜੇਕਰ । ਸਦ=ਸੌ । ਕੁਰਾਂ=ਕੁਰਾਨ । ਰਾ=ਦੀ । ਬਖ਼ੁਰਦੀ=ਖਾਵੇਂ । ਕਸਮ=ਸੌਂਹ। ਮਰਾ=ਮੈਨੂੰ। ਏਤਬਾਰੇ=ਇਤਬਾਰ । ਈਂ ਜ਼ੱਰਹ ਦਮ=ਇਸ ਦਮ, ਰਤਾ ਜਿੰਨਾ ਵੀ ਭਾਵ ਇਸ ਵੇਲੇ ਜ਼ਰਾ ਜਿੰਨਾ ਵੀ।

***ਅਰਥ***—ਜੇਕਰ (ਤੂੰ) ਕੁਰਾਨ ਦੀਆਂ ਸੌ ਸੌਂਹਾਂ ਵੀ ਖਾ ਲਵੇਂ, (ਤਾਂ) ਇਸ ਵੇਲੇ ਮੈਨੂੰ (ਤੇਰੇ ਤੇ) ਜ਼ਰਾ ਜਿੰਨਾ ਵੀ ਭਰੋਸਾ ਨਹੀਂ।੮੭।

**ਹਜ਼ੂਰੀ ਨਿਆਯਮ ਨ ਈਂ ਰਹ ਸ਼ਵਮ ॥**
**ਅਗਰ ਸ਼ਾਹ ਬਖਾਹਦ ਨ ਆਂ ਜਾ ਰਵਮ ॥੮੮॥**

***ਪਦ ਅਰਥ***—ਹਜ਼ੂਰੀ=ਤੇਰੇ ਪਾਸ । ਨਿਆਯਮ=ਨਹੀਂ ਆਵਾਂਗਾ । ਈਂ=ਇਸ । ਰਾਹ=ਰਸਤੇ। ਸ਼ਵਮ=ਪਾਵਾਂਗਾ । ਅਗਰ=ਜੇਕਰ । ਸ਼ਾਹ=ਬਾਦਸ਼ਾਹ । ਬਖਾਹਦ=ਚਾਹਵੇ । ਮਨ=ਮੈਂ । ਆਂ=ਉਸ । ਜਾਂ= ਜਗ੍ਹਾ । ਰਵਮ=ਜਾਵਾਂਗਾ ।

***ਅਰਥ***—ਮੈਂ ਤੇਰੇ ਪਾਸ ਨਹੀਂ ਆਵਾਂਗਾ ਅਤੇ ਨਾ ਹੀ ਇਸ ਰਸਤੇ ਪਵਾਂਗਾ । ਜੇਕਰ ਬਾਦਸ਼ਾਹ ਚਾਹਵੇ ਤਾਂ ਵੀ ਮੈਂ ਉਸ ਜਗ੍ਹਾ ਨਹੀਂ ਜਾਵਾਂਗਾ ।੮੮। [ਦ: ਗ੍ਰੰ: ਪੰਨਾ ੧੩੯੩

**ਖੁਸ਼ਸਤ ਸ਼ਾਹਿ ਸ਼ਾਹਾਨਿ ਅਉਰੰਗਜ਼ੇਬ ॥**
**ਕਿ ਚਾਲਾਕ ਦਸਤਸਤੁ ਚਾਬਕ ਰਕੇਬ ॥੮੯॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਖੁਸ਼ਸਤ=ਚੰਗਾ, ਭਾਗਾਂ ਵਾਲਾ। ਸ਼ਾਹਿ ਸ਼ਾਹਾਨਿ=ਬਾਦਸ਼ਾਹਾਂ ਦਾ ਬਾਦਸ਼ਾਹ। ਕਿ=ਜੋ। ਚਾਲਾਕ ਦਸਤਸਤੁ=ਫੁਰਤੀਲੇ ਹੱਥ ਵਾਲਾ ਹੈ। ਚਾਬਕ ਰਕੇਬ=ਪੱਕਾ ਘੋੜ ਸਵਾਰ।

**ਅਰਥ**—ਹੇ ਔਰੰਗਜ਼ੇਬ! ਤੂੰ ਚੰਗੇ ਭਾਗਾਂ ਵਾਲਾ ਬਾਦਸ਼ਾਹਾਂ ਦਾ ਭੀ ਬਾਦਸ਼ਾਹ ਹੈਂ, ਜੋ ਫੁਰਤੀਲੇ ਹੱਥ ਵਾਲਾ ਤੇ ਪੱਕਾ ਘੋੜ-ਸਵਾਰ ਹੈਂ।੮੯।

**ਕਿ ਹੁਸਨਲ ਜਮਾਲ ਅਸਤੁ ਰਉਸ਼ਨ ਜ਼ਮੀਰ ॥**
**ਖ਼ੁਦਾਵੰਦ ਮੁਲਕ ਅਸਤੁ ਸਾਹਿਬ ਅਮੀਰ ॥੯੦॥**

**ਪਦ ਅਰਥ**—ਕਿ=ਜੋ। ਹੁਸਨਲ=ਪ੍ਰਕਾਸ਼, ਸੁੰਦਰ ਰੂਪ ਵਾਲਾ। ਜਮਾਲ=ਚੇਹਰੇ ਦਾ ਰੂਪ। ਰਉਸ਼ਨ=ਪ੍ਰਕਾਸ਼। ਜ਼ਮੀਰ=ਬੁਧੀ, ਅਕਲ। ਖ਼ੁਦਾਵੰਦ=ਮਾਲਕ। ਅਸਤ=ਹੈ।

**ਅਰਥ**—ਜੋ ਸੁੰਦਰ ਰੂਪ ਵਾਲਾ ਹੈ, ਉਸਦੇ ਚੇਹਰੇ ਦੀ ਦਮਕ ਤੇ ਬੁਧੀ ਪ੍ਰਕਾਸ਼ ਵਾਲੀ ਹੈ। ਉਹ ਦੇਸ਼ਾਂ ਦਾ ਮਾਲਕ ਹੈ ਅਤੇ ਅਮੀਰ ਲੋਕਾਂ ਦਾ ਵੀ ਮਾਲਕ ਹੈ।੯੦।

**ਬ ਤਰਤੀਬ ਦਾਨਸ਼ ਬ ਤਦਬੀਰ ਤੇਗ਼ ॥**
**ਖ਼ੁਦਾਵੰਦ ਦੇਗੋ ਔ ਖ਼ੁਦਾਵੰਦ ਤੇਗ਼ ॥੯੧॥**

**ਪਦ ਅਰਥ**—ਬ=ਨਾਲ। ਤਰਤੀਬ=ਜੁਗਤੀ। ਦਾਨਸ਼=ਬੁਧੀ, ਸਿਆਣਾ। ਤਦਬੀਰ=ਜੁਗਤੀ, ਢੰਗ। ਔ=ਅਤੇ। ਖ਼ੁਦਾਵੰਦ=ਮਾਲਕ। ਦੇਗੋ=ਖਜ਼ਾਨਾ। ਤੇਗ਼=ਤਲਵਾਰ।

**ਅਰਥ**—ਬੁਧੀ ਦੀ ਜੁਗਤੀ ਨਾਲ ਅਤੇ ਤਲਵਾਰ ਦੇ ਢੰਗ ਨਾਲ ਖਜ਼ਾਨੇ ਦਾ ਮਾਲਕ ਅਤੇ ਤਲਵਾਰ ਦਾ ਵੀ ਮਾਲਕ ਹੈ ਭਾਵ ਦੇਗ-ਤੇਗ ਦਾ ਧਨੀ ਹੈ।੯੧।

**ਕਿ ਰੌਸ਼ਨ ਜ਼ਮੀਰ ਅਸਤੁ ਹੁਸਨਲ ਜਮਾਲ ॥**
**ਖੁਦਾਵੰਦਿ ਬਖਸ਼ਿੰਦਹ ਏ ਮੁਲਕ ਮਾਲ ॥੯੨॥**

**ਪਦ ਅਰਥ**—ਕਿ=ਜੋ। ਰੌਸ਼ਨ=ਪ੍ਰਕਾਸ਼। ਜ਼ਮੀਰ=ਦਿਲ। ਅਸਤੁ ਹੈ। ਹੁਸਨਲ=ਪ੍ਰਕਾਸ਼। ਜਮਾਲ=ਚੇਹਰਾ। ਖੁਦਾਵੰਦਿ=ਮਾਲਕ। ਬਖਸ਼ਿੰਦਹ=ਬਖ਼ਸ਼ਣ ਵਾਲਾ। ਮੁਲਕ=ਦੇਸ਼। ਮਾਲ=ਧਨ, ਦੌਲਤ।

**ਅਰਥ**—ਜੋ ਦਿਲ ਪ੍ਰਕਾਸ਼ ਵਾਲਾ ਹੈ ਅਤੇ ਚਿਹਰਾ ਵੀ ਪ੍ਰਕਾਸ਼ ਵਾਲਾ ਹੈ। (ਉਹ) ਮਾਲਕ ਧਨ, ਦੌਲਤ ਅਤੇ ਦੇਸ਼ ਦੇ ਬਖ਼ਸ਼ਣ ਵਾਲਾ ਹੈ।੯੨।

**ਕਿ ਬਖਸ਼ਸ਼ ਕਬੀਰ ਅਸਤੁ ਦਰ ਜੰਗ ਕੋਹ ॥**
**ਮਲਾਇਕ ਸਿਫ਼ਤ ਚੂੰ ਸ਼ਰੱਯਾ ਸ਼ਕੋਹ ॥੯੩॥**

**ਪਦ ਅਰਥ**—ਕਿ=ਜੋ। ਬਖਸ਼ਸ਼=ਦਾਤ। ਕਬੀਰ=ਵੱਡੀ। ਦਰ=ਵਿਚ। ਕੋਹ=ਪਹਾੜ। ਮਲਾਇਕ=ਦੇਵਤਿਆਂ। ਚੂੰ=ਵਰਗੀ। ਸ਼ਰੱਯਾ=ਅਕਾਸ਼ ਦੀ ਚੋਟੀ। ਸ਼ਕੋਹ=ਪ੍ਰਤੱਖ, ਦਬਦਬਾ, ਪ੍ਰਕਾਸ਼।

Sri Satguru Jagjit Singh Ji eLibrary NamdhariElibrary@gmail.com

***ਅਰਥ***—ਜੋ ਵੱਡੀ ਦਾਤ ਵਾਲਾ ਹੈ ਤੇ ਜੰਗ ਵਿਚ ਪਹਾੜ ਹੈ। ਦੇਵਤਿਆਂ ਵਰਗੀ (ਉਸ ਦੀ) ਸਿਫ਼ਤ ਹੈ ਤੇ ਆਕਾਸ਼ ਦੀ ਚੋਟੀ ਵਰਗਾ ਦਬਦਬਾ ਭਾਵ ਪ੍ਰਕਾਸ਼ ਹੈ।੯੩।

**ਸ਼ਹਿਨ ਸ਼ਾਹਿ ਅਉਰੰਗ ਜ਼ੇਬ ਆਲਮੀਂ॥**
**ਕਿ ਦਾਰਾਇ ਦੌਰ ਅਸਤੁ ਦੂਰ ਅਸਤੁ ਦੀਂ॥੯੪॥**

***ਪਦ ਅਰਥ***—ਅਉਰੰਗ=ਤਖ਼ਤ। ਜ਼ੇਬ=ਸ਼ੋਭਾ। ਆਲਮੀਂ=ਸੰਸਾਰ, ਜਗਤ। ਕਿ=ਜੋ। ਦਾਰਾਇ= ਸਹਾਇਕ, ਰੱਖਣ ਵਾਲਾ। ਦੌਰ=ਜ਼ਮਾਨਾ। ਅਸਤੁ=ਹੈ। ਦੀਂ=ਧਰਮ।

***ਅਰਥ***—ਬਾਦਸ਼ਾਹਾਂ ਦਾ ਬਾਦਸ਼ਾਹ ਹੈ ਤੇ ਸੰਸਾਰ ਦੇ ਤਖ਼ਤ ਨੂੰ ਸੋਭਾ ਦੇਣ ਵਾਲਾ ਹੈ। ਜੋ ਜ਼ਮਾਨੇ ਦਾ ਸਹਾਇਕ ਹੈ ਤੇ ਧਰਮ ਤੋਂ ਦੂਰ ਹੈ।੯੪।

**ਮਨਮ ਕੁਸ਼ਤਨਮ ਕੋਹੀਆਂ ਬੁਤ ਪਰਸਤ॥**
**ਕਿ ਓ ਬੁਤ ਪਰਸਤੰਦੁ ਮਨ ਬੁਤ ਸ਼ਿਕਸਤ॥੯੫॥**

***ਪਦ ਅਰਥ***—ਮਨਮ=ਮੈਂ। ਕੁਸ਼ਤਨਮ=ਕੋਹਣ ਵਾਲਾ, ਮਾਰਣ ਵਾਲਾ। ਕੋਹੀਆਂ=ਪਹਾੜੀਆਂ। ਬੁਤ ਪਰਸਤ=ਬੁਤਾਂ ਭਾਵ ਮੂਰਤੀਆਂ ਨੂੰ ਪੂਜਣ ਵਾਲੇ। ਕਿ=ਜੋ। ਓ=ਉਹ। ਮਨ=ਮੈਂ। ਸ਼ਿਕਸਤ- ਤੋੜਨ ਵਾਲਾ।

***ਅਰਥ***—ਮੈਂ ਪਹਾੜੀਆਂ ਨੂੰ ਕੋਹਣ ਭਾਵ ਮਾਰਣ ਵਾਲਾ ਹਾਂ, ਉਹ ਮੂਰਤੀਆਂ ਨੂੰ ਪੂਜਣ ਵਾਲੇ ਹਨ। ਜੋ ਉਹ ਮੂਰਤੀਆਂ ਨੂੰ ਪੂਜਣ ਵਾਲੇ ਹਨ, ਮੈਂ ਮੂਰਤੀਆਂ ਨੂੰ ਤੋੜਨ ਵਾਲਾ ਹਾਂ।੯੫।

**ਬਬੀਂ ਗਰਦਸ਼ੇ ਬੇਵਫ਼ਾਈਏ ਜਮਾਂ॥**
**ਪਸੇ ਪੁਸ਼ਤ ਉਫ਼ਤਦ ਰਸਾਨਦ ਜ਼ਿਯਾਂ॥੯੬॥**

***ਪਦ ਅਰਥ***—ਬਬੀਂ=ਵੇਖ। ਗਰਦਸ਼ੇ=ਚੱਕ੍ਰ, ਗੇੜ। ਬੇਵਫਾਈ=ਬੇ-ਅਸੂਲੀ। ਜਮਾਂ=ਜ਼ਮਾਨਾ। ਪਸੇ= ਪਿਛੇ। ਪੁਸ਼ਤ=ਪਿੱਠ। ਉਫ਼ਤਦ=ਪਿਆ, ਪੈਂਦਾ ਹੈ। ਰਸਾਨਦ=ਪਹੁੰਚਾਂਦਾ। ਜ਼ਿਯਾਂ-ਨੁਕਸਾਨ।

***ਅਰਥ***—(ਹੇ ਔਰੰਗਜ਼ੇਬ!) ਜ਼ਮਾਨੇ ਭਾਵ ਸਮੇਂ ਦੀ ਬੇ-ਅਸੂਲੀ ਦੇ ਚੱਕ੍ਰ ਵੇਖ। ਜਿਸਦੇ ਪਿੱਠ ਪਿਛੇ ਇਹ ਪੈਂਦਾ ਹੈ, ਨੁਕਸਾਨ ਪਹੁੰਚਾਂਦਾ ਹੈ।੯੬।

**ਬਬੀਂ ਕੁਦਰਤਿ ਨੇਕ ਯਜ਼ਦਾਨਿ ਪਾਕ॥**
**ਕਿ ਅਜ਼ ਯਕ ਬ ਦਹ ਲਕ ਰਸਾਨਦ ਹਲਾਕ॥੯੭॥**

***ਪਦ ਅਰਥ***—ਬਬੀਂ=ਵੇਖ। ਕੁਦਰਤਿ=ਸ਼ਕਤੀ। ਨੇਕ=ਚੰਗਾ। ਯਜ਼ਦਾਨਿ=ਰੱਬ, ਵਾਹਿਗੁਰੂ। ਪਾਕ= ਪਵਿਤ੍ਰ। ਕਿ=ਜੋ। ਅਜ਼=ਪਾਸੋਂ। ਯਕ=ਇਕ। ਬ=ਉਪਰ। ਦਹ ਲਕ=ਦਸ ਲੱਖ। ਰਸਾਨਦ=ਪਹੁੰਚਾਂਦਾ। ਹਲਾਕ=ਮੌਤ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਉਸ ਚੰਗੇ ਤੇ ਪਵਿਤ੍ਰ ਵਾਹਿਗੁਰੂ ਦੀ ਸ਼ਕਤੀ ਵਲ ਵੇਖ, ਜੋ ਇਕ ਪਾਸੇ ਦਸ ਲੱਖ ਨੂੰ ਮੌਤ ਪਹੁੰਚਾਂਦਾ ਹੈ ਭਾਵ ਮਰਵਾਂਦਾ ਹੈ ।੯੭।

## ਚਿ ਦੁਸ਼ਮਨ ਕੁਨੱਦ ਮਿਹਰਬਾਨਸਤ ਦੋਸਤ ॥
## ਕਿ ਬਖ਼ਸ਼ਿੰਦਗੀ ਕਾਰਿ ਬਖ਼ਸ਼ਿੰਦਹ ਓਸਤ ॥੯੮॥

**ਪਦ ਅਰਥ**—ਚਿ=ਕੀ । ਕੁਨੱਦ=ਕਰਦਾ । ਦੋਸਤ=ਮਿਤ੍ਰ । ਬਖਸ਼ਿੰਦਗੀ=ਬਖ਼ਸ਼ਸ਼ ਕਰਨ ਵਾਲਾ। ਬਖ਼ਸ਼ਿੰਦਹ=ਪ੍ਰਮੇਸ਼ਰ । ਓਸਤ=ਉਹ ਹੈ।

**ਅਰਥ**—ਜਿਸ ਦਾ ਉਹ ਮਿਹਰਬਾਨ (ਪ੍ਰਮਾਤਮਾ) ਮਿਤ੍ਰ ਹੈ, ਦੁਸ਼ਮਨ ਉਸ ਦਾ ਕੀ ਕਰ ਸਕਦਾ ਹੈ ? ਉਸ ਬਖ਼ਸ਼ਸ਼ ਕਰਨ ਵਾਲੇ ਦਾ ਕੰਮ ਹੀ ਬਖ਼ਸ਼ਸ਼ ਕਰਨਾ ਹੈ ।੯੮।

## ਰਿਹਾਈ ਦਿਹੋ ਰਹਿਨੁਮਾਈ ਦਿਹਦ ॥
## ਜ਼ਬਾਂ ਰਾ ਬ ਸਿਫ਼ਤ ਆਸ਼ਨਾਈ ਦਿਹਦ ॥੯੯॥

**ਪਦ ਅਰਥ**—ਰਿਹਾਈ-ਛੁਟਕਾਰਾ, ਖਲਾਸੀ। ਦਿਹੋ=ਦੇਣ ਵਾਲਾ। ਰਹਿਨੁਮਾਈ=ਰਸਤਾ ਵਿਖਾਉਣਾ। ਦਿਹਦ=ਦਿੰਦਾ । ਜ਼ਬਾਂ=ਜ਼ਬਾਨ, ਜੀਭ । ਰਾ=ਨੂੰ । ਸਿਫ਼ਤ=ਉਸਤਤੀ । ਆਸ਼ਨਾਈ=ਪਛਾਣ, ਵਾਕਫ਼ੀ। ਦਿਹਦ=ਦਿੰਦਾ ਹੈ।

**ਅਰਥ**—ਉਹ (ਪ੍ਰਮਾਤਮਾ) ਖਲਾਸੀ ਦੇ ਦੇਣ ਵਾਲਾ ਤੇ ਰਸਤਾ ਵਿਖਾਉਣ ਵਾਲਾ ਹੈ । ਜ਼ਬਾਨ ਨੂੰ ਉਸਤਤੀ ਕਰਨ ਦੀ ਪਛਾਣ ਦੇਂਦਾ ਹੈ।੯੯।

## ਖ਼ਸ਼ਮ ਰਾ ਚੁ ਕੋਰ ਓ ਕੁਨਦ ਵਕਤੇ ਕਾਰ ॥
## ਯਤੀਮਾਂ ਬਿਰੂੰ ਬੁਰਦ ਬੇ ਜ਼ਖਮ ਖਾਰ ॥੧੦੦॥

**ਪਦ ਅਰਥ**—ਖ਼ਸ਼ਮ=ਦੁਸ਼ਮਨ, ਵੈਰੀ । ਰਾ=ਤਾਈਂ । ਚੁ=ਜੋ । ਕੋਰ=ਅੰਨ੍ਹਾ । ਕੁਨਦ=ਕਰਦਾ ਹੈ। ਵਕਤੇ ਕਾਰ=ਜੰਗ ਦੇ ਵੇਲੇ । ਯਤੀਮਾਂ=ਅਨਾਥਾਂ, ਗ਼ਰੀਬਾਂ । ਬਿਰੂੰ=ਬਾਹਰ । ਬੁਰਦ=ਕੱਢ ਲੈਂਦਾ ਹੈ। ਬੇ=ਬਿਨਾਂ । ਖਾਰ=ਕੰਡਾ ।

**ਅਰਥ**—ਜੋ (ਪ੍ਰਮਾਤਮਾ) ਵੈਰੀ ਤਾਈਂ ਜੰਗ ਵੇਲੇ ਅੰਨ੍ਹਾ ਕਰ ਦੇਂਦਾ ਹੈ ਤੇ ਗ਼ਰੀਬਾਂ, ਅਨਾਥਾਂ ਨੂੰ ਕੰਡੇ ਦਾ ਜ਼ਖ਼ਮ ਲਗੇ ਬਿਨਾਂ ਬਾਹਰ ਕੱਢ ਲੈਂਦਾ ਹੈ ।੧੦੦।

## ਹਰਾਂਕਸ ਕਜ਼ੋ ਰਾਸਤਬਾਜ਼ੀ ਕੁਨੱਦ ॥
## ਰਹੀਮੇ ਬਰੋ ਰਹਮ ਸਾਜ਼ੀ ਕੁਨੱਦ ॥੧੦੧॥

**ਪਦ ਅਰਥ**—ਹਰਾਂਕਸ=ਜੋ ਕੋਈ । ਰਾਸਤਬਾਜ਼ੀ=ਸੱਚ ਦੀ ਕਮਾਈ । ਕੁਨੱਦ=ਕਰਦਾ ਹੈ । ਰਹੀਮੇ= ਰਹਿਮ ਕਰਨ ਵਾਲਾ । ਬਰੋ=ਉਤੇ । ਰਹਮ ਸਾਜ਼ੀ=ਰਹਿਮ ਦਾ ਵਰਤਾਓ ।

**ਅਰਥ**—ਜੋ ਕੋਈ ਆਦਮੀ (ਸੰਸਾਰ ਵਿਚ) ਸੱਚ ਦੀ ਕਮਾਈ ਕਰਦਾ ਹੈ । ਉਹ ਰਹਿਮ ਕਰਨ ਵਾਲਾ (ਵਾਹਿਗੁਰੂ) ਉਸ ਉਤੇ ਰਹਿਮ ਦੀ ਸਾਜਨਾ ਕਰਦਾ ਹੈ ।੧੦੧।

**ਕਸੇ ਖ਼ਿਦਮਤ ਆਯਦ ਬਸੇ ਦਿਲ ਜਾਂ ॥**
**ਖ਼ੁਦਾਵੰਦ ਬਖ਼ਸ਼ੀਦ ਬਰ ਵੈ ਅਮਾਂ ॥੧੦੨॥**

***ਪਦ ਅਰਥ***—ਕਸੇ=ਕੋਈ। ਖ਼ਿਦਮਤ=ਸੇਵਾ। ਆਯਦ=ਆਂਵਦਾ। ਬਸੇ=ਬਹੁਤ। ਜਾਂ=ਜਾਨ। ਖ਼ੁਦਾਵੰਦ= ਮਾਲਕ, ਵਾਹਿਗੁਰੂ। ਬਖ਼ਸ਼ੀਦ=ਬਖ਼ਸ਼ਦਾ। ਬਰ ਵੈ=ਉਸ ਉਤੇ। ਅਮਾਂ=ਦਾਤ, ਰਖਿਆ, ਈਮਾਨ।

***ਅਰਥ***—ਜੋ ਕੋਈ ਦਿਲੋ-ਜਾਨ ਨਾਲ ਉਸਦੀ ਸੇਵਾ ਉਤੇ ਬਹੁਤ ਆਉਂਦਾ ਹੈ ਤਾਂ ਮਾਲਕ ਵਾਹਿਗੁਰੂ ਉਸ ਉਤੇ ਰਖਿਆ ਦੀ ਬਖ਼ਸ਼ਸ਼ ਕਰਦਾ ਹੈ।੧੦੨।

**ਚਿ ਦੁਸ਼ਮਨ ਕਜ਼ਾਂ ਹੀਲਹ ਸਾਜ਼ੀ ਕੁਨਦ ॥**
**ਅਗਰ ਰਹਿਨੁਮਾ ਬਰ ਵੈ ਰਾਜ਼ੀ ਸ਼ਵਦ ॥੧੦੩॥**

***ਪਦ ਅਰਥ***—ਚਿ=ਕੀ। ਕਜ਼ਾਂ=ਉਸ ਨਾਲ। ਹੀਲਹ=ਬਹਾਨੇ। ਸਾਜ਼ੀ=ਬਨਾਉਣੇ। ਕੁਨਦ=ਕਰਦਾ। ਅਗਰ=ਜੇਕਰ। ਰਹਿਨੁਮਾ=ਰਸਤਾ ਦਿਖਾਉਣ ਵਾਲਾ। ਬਰ=ਉਪਰ। ਵੈ=ਉਸ। ਰਾਜ਼ੀ=ਪ੍ਰਸੰਨ। ਸ਼ਵਦ= ਹੁੰਦਾ ਹੈ।

***ਅਰਥ***—ਵੈਰੀ ਉਸ ਨਾਲ ਕੀ ਬਹਾਨੇ ਬਣਾ ਸਕਦਾ ਹੈ ? ਜੇਕਰ ਰਾਹ ਵਿਖਾਉਣ ਵਾਲਾ (ਪ੍ਰਮੇਸ਼ਰ) ਉਸ ਉਤੇ ਪ੍ਰਸੰਨ ਹੁੰਦਾ ਹੈ।੧੦੩।

**ਅਗਰ ਬਰ ਯਕ ਆਯਦ ਦਹੇ ਦਹ ਹਜ਼ਾਰ ॥**
**ਨਿਗਾਹਬਾਨ ਓਰਾ ਸ਼ਵਦ ਕਿਰਦਗਾਰ ॥੧੦੪॥**

***ਪਦ ਅਰਥ***—ਅਗਰ=ਜੇਕਰ। ਬਰ ਯਕ=ਇਕ ਉਤੇ। ਆਯਦ=ਆ ਜਾਵੇ। ਦਹੋ ਦਹ ਹਜ਼ਾਰ= ਦਸ ਵੇਰੀ, ਦਸ ਹਜ਼ਾਰ ਭਾਵ ਇਕ ਲੱਖ। ਨਿਗਾਹਬਾਨ=ਰਖਵਾਲਾ। ਓਰਾ=ਉਸ ਦਾ। ਸ਼ਵਦ=ਹੁੰਦਾ। ਕਿਰਦਗਾਰ=ਕਰਤਾਰ।

***ਅਰਥ***—ਹੇ ਔਰੰਗਜ਼ੇਬ! ਜੇਕਰ ਇਕ ਉਤੇ ਇਕ ਲੱਖ ਵੈਰੀ ਆ ਜਾਵੇ ਤਾਂ ਉਸ ਦਾ ਰਾਖਾ ਆਪ ਵਾਹਿਗੁਰੂ ਹੁੰਦਾ ਹੈ।੧੦੪।

**ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ ॥**
**ਕਿ ਮਾਰਾ ਨਿਗਾਹਸਤ ਯਜ਼ਦਾ ਸ਼ੁਕਰ ॥੧੦੫॥**

***ਪਦ ਅਰਥ***—ਤੁਰਾ=ਤੇਰੀ। ਗਰ=ਜੇਕਰ। ਹਸਤ= (ਅਸਤ) ਹੈ। ਲਸ਼ਕਰ=ਫ਼ੌਜ। ਜ਼ਰ=ਧਨ, ਦੌਲਤ। ਕਿ=ਜੋ। ਮਾਰਾ=ਮੇਰੀ। ਨਿਗਾਹਸਤ=ਨਜ਼ਰ ਹੈ। ਯਜ਼ਦਾ=ਵਾਹਿਗੁਰੂ, ਪ੍ਰਮੇਸ਼ਰ। ਸ਼ੁਕਰ=ਧੰਨਵਾਦ।

***ਅਰਥ***—ਹੇ ਔਰੰਗਜ਼ੇਬ! ਜੇਕਰ ਤੇਰੀ ਨਜ਼ਰ ਫ਼ੌਜ ਅਤੇ ਧਨ-ਦੌਲਤ ਵਲ ਹੈ, ਤਾਂ ਮੇਰੀ ਨਜ਼ਰ ਵਾਹਿਗੁਰੂ ਦੇ ਧੰਨਵਾਦ ਵਲ ਹੈ।੧੦੫।

Sri Satguru Jagjit Singh Ji eLibrary NamdhariElibrary@gmail.com

**ਕਿ ਓਰਾ ਗ਼ਰੂਰ ਅਸਤ ਬਰ ਮੁਲਕੋ ਮਾਲ ॥**
**ਵ ਮਾਰਾ ਪਨਾਹਸਤ ਯਜ਼ਦਾਂ ਅਕਾਲ ॥੧੦੬॥**

***ਪਦ ਅਰਥ***—ਕਿ=ਜੋ। ਓਰਾ=ਉਸ ਨੂੰ। ਗਰੂਰ=ਹੰਕਾਰ। ਅਸਤ=ਹੈ। ਬਰ=ਉਪਰ। ਮੁਲਕੋ ਮਾਲ= ਮੁਲਕ ਤੇ ਧਨ-ਦੌਲਤ। ਵ ਮਾਰਾ=ਅਤੇ ਮੇਰਾ। ਪਨਾਹਸਤ=ਓਟ ਹੈ, ਆਸਰਾ ਹੈ।

***ਅਰਥ***—ਜੇ ਉਸ ਨੂੰ (ਆਪਣੀ) ਸਲਤਨਤ ਤੇ ਧਨ, ਦੌਲਤ ਉਤੇ ਹੰਕਾਰ ਹੈ ਤਾਂ ਮੈਨੂੰ ਪ੍ਰਮਾਤਮਾ ਦਾ ਹੀ ਆਸਰਾ ਤੇ ਓਟ ਹੈ।੧੦੬।

**ਤੂ ਗਾਫ਼ਲ ਮਸ਼ਉ ਈਂ ਸਿਪੰਜੀ ਸਰਾਇ ॥**
**ਕਿ ਆਲਮ ਬਗੁਜ਼ਰਦ ਸਰੇ ਜਾ ਬਜਾਇ ॥੧੦੭॥**

***ਪਦ ਅਰਥ***—ਮਸ਼ਉ=(ਮਤੌ) ਨਾ ਹੋ। ਈਂ=ਇਹ। ਸਿਪੰਜੀ=ਅਠ ਦਿਨ ਦੀ, ਭਾਵ ਕੁਝ ਦਿਨਾਂ ਦੀ। ਸਰਾਇ=ਮੁਸਾਫ਼ਰਖਾਨਾ। ਕਿ=ਜੋ। ਆਲਮ=ਜਗਤ। ਬਗੁਜ਼ਰਦ=ਗੁਜ਼ਰ ਰਿਹਾ ਹੈ, ਲੰਘ ਰਿਹਾ ਹੈ। ਸਰੇ=ਸਿਰ ਤੋਂ। ਜਾ ਬਜਾਇ=ਜਾ-ਬ-ਜਾ, ਜਗ੍ਹਾ ਜਗ੍ਹਾ ਭਾਵ ਵਾਰੋ ਵਾਰੀ ਨਾਲ।

***ਅਰਥ***—ਹੇ ਔਰੰਗਜ਼ੇਬ! ਇਹ ਦੁਨੀਆਂ ਕੁਝ ਦਿਨਾਂ ਦੀ ਪ੍ਰਾਹੁਣੀ ਹੈ, ਤੂੰ ਬੇ-ਸਮਝ ਨਾ ਹੋ। ਜੋ ਜਗਤ ਸਭ ਦੇ ਸਿਰ ਤੋਂ ਵਾਰੋ ਵਾਰੀ ਨਾਲ ਲੰਘਦਾ ਜਾ ਰਿਹਾ ਹੈ।੧੦੭।

**ਬਬੀਂ ਗਰਦਸ਼ੇ ਬੇਵਫਾਈ ਜ਼ਮਾਂ ॥**
**ਕਿ ਬਿਗੁਜ਼ਸ਼ਤ ਬਰ ਹਰ ਮਕੀਨੋ ਮਕਾਂ ॥੧੦੮॥**

***ਪਦ ਅਰਥ***—ਬਬੀਂ=ਵੇਖ। ਗਰਦਸ਼ੇ=ਚੱਕ੍ਰ। ਬੇਵਫਾਈ=ਧੋਖਾ। ਜ਼ਮਾਂ=ਜ਼ਮਾਨਾ, ਸਮਾਂ। ਕਿ=ਜੋ। ਬਿਗੁਜ਼ਸ਼ਤ=ਲੰਘ ਰਿਹਾ ਹੈ। ਮਕੀਨੋ=ਮਕਾਨ ਵਾਲੇ ਤੋਂ। ਮਕਾਂ=ਮਕਾਨ।

***ਅਰਥ***—ਤੂੰ ਇਸ ਧੋਖੇ ਵਾਲੇ ਸਮੇਂ ਦਾ ਚੱਕ੍ਰ ਵੇਖ, ਜੋ ਹਰ ਇਕ ਮਕਾਨ ਤੇ ਮਕਾਨ ਵਾਲੇ ਦੇ ਉਤੋਂ ਦੀ ਲੰਘ ਰਿਹਾ ਹੈ।੧੦੮।

**ਤੂੰ ਗਰ ਜ਼ਬਰ ਆਜਿਜ਼ ਖ਼ਰਾਸ਼ੀ ਮਕੁਨ ॥**
**ਕਸਮ ਰਾ ਬ ਤੇਸ਼ਹ ਤਰਾਸ਼ੀ ਮਕੁਨ ॥੧੦੯॥**

***ਪਦ ਅਰਥ***—ਗਰ=ਜੇਕਰ। ਜ਼ਬਰ=ਬਲਵਾਨ, ਤਕੜਾ। ਆਜਿਜ਼=ਗ਼ਰੀਬਾਂ। ਖ਼ਰਾਸ਼ੀ=ਦੁਖ ਦੇਣਾ। ਮਕੁਨ=ਨਾ ਕਰ। ਬ ਤੇਸ਼ਹ=ਤੇਸੇ ਨਾਲ। ਤਰਾਸ਼ੀ=ਛਿਲਣਾ, ਕੱਟ-ਵੱਢ।

***ਅਰਥ***—ਹੇ ਔਰੰਗਜ਼ੇਬ! ਜੇਕਰ ਤੂੰ ਬਲਵਾਨ ਭਾਵ ਤਕੜਾ ਹੈਂ ਤਾਂ ਗ਼ਰੀਬਾਂ ਨੂੰ ਦੁਖ ਦੇਣਾ ਨਾ ਕਰ। ਸੌਹਾਂ ਦੇ ਤੇਸੇ ਨਾਲ ਛਿਲਣਾ ਭਾਵ ਕੱਟ-ਵੱਢ ਨਾ ਕਰ।੧੦੯।

**ਹਕਿ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ ॥**
**ਅਗਰ ਦੁਸ਼ਮਨੀ ਰਾ ਬ ਸਦ ਤਨ ਕੁਨਦ ॥੧੧੦॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਹਕਿ=ਖ਼ੁਦਾ, ਵਾਹਿਗੁਰੂ । ਬਾਸ਼ਦ=ਹੋਵੇ । ਅਗਰ=ਜੇਕਰ । ਬ-ਸ=ਸੌ ਨਾਲ ।

***ਅਰਥ***—ਹੇ ਔਰੰਗਜ਼ੇਬ! ਜੇ ਵਾਹਿਗੁਰੂ ਯਾਰ ਹੋਵੇ ਤਾਂ ਦੁਸ਼ਮਨ ਕੀ ਕਰ ਸਕਦਾ ਹੈ? ਦੁਸ਼ਮਨੀ ਵਾਲਾ ਭਾਵੇਂ ਸੈਂਕੜੇ ਸਰੀਰ ਇਕੱਠੇ ਕਰ ਲਵੇ।੧੧੦। [ਦ: ਗ੍ਰੰ: ਪੰਨਾ ੧੩੯੪

**ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵੁਰਦ ॥**
**ਨ ਯਕ ਮੂਇ ਓਰਾ ਆਜ਼ਾਰ ਆਵੁਰਦ ॥੧੧੧॥**

***ਪਦ ਅਰਥ***—ਖ਼ਸਮ=ਵੈਰੀ । ਆਵੁਰਦ=ਲੈ ਆਵੇ । ਮੂਇ । ਵਾਲ । ਓਰਾ=ਉਸ ਨੂੰ । ਆਜ਼ਾਰ=ਦੁਖ, ਕਸ਼ਟ।

***ਅਰਥ***—ਵੈਰੀ ਜੇਕਰ ਦੁਸ਼ਮਨੀ ਕਰਨ ਲਈ ਹਜ਼ਾਰ ਆਦਮੀ ਲੈ ਆਵੇ ਤਾਂ ਉਸ ਨੂੰ ਇਕ 'ਵਾਲ' ਜਿੰਨਾ ਭੀ ਦੁਖ ਨਹੀਂ ਲਿਆਵੇਗਾ।੧੧੧।

**ਅਗੰਜੋ ਅਭੰਜੋ ਅਰੂਪੋ ਅਰੇਖ ॥**
**ਅਗਾਧੋ ਅਬਾਧੋ ਅਭਰਮੋ ਅਲੇਖ ॥੧੧੨॥**

***ਪਦ ਅਰਥ***—ਅਗੰਜੋ=ਅਣਗਿਣਤ । ਅਭੰਜੋ=ਨਾਸ ਬਿਨਾਂ । ਅਰੂਪੋ=ਰੂਪ ਬਿਨਾਂ । ਅਰੇਖ=ਲਕੀਰ ਬਿਨਾਂ । ਅਗਾਧੋ=ਡੂੰਘਾ । ਅਬਾਧੋ=ਬੰਧਨ ਬਿਨਾਂ, ਪੀੜ ਬਿਨਾਂ । ਅਭਰਮੋ=ਭਰਮ ਬਿਨਾਂ । ਅਲੇਖ=ਲੇਖੇ ਬਿਨਾਂ।

***ਅਰਥ***—ਹੇ ਔਰੰਗਜ਼ੇਬ! ਉਹ ਪ੍ਰਮਾਤਮਾ ਗਿਣਤੀ ਬਿਨਾਂ, ਨਾਸ ਬਿਨਾਂ, ਰੂਪ ਬਿਨਾਂ ਤੇ ਮੱਛ ਆਦਿ ਰੇਖਾਂ ਤੋਂ ਬਿਨਾਂ ਹੈ । ਉਹ ਡੂੰਘਾ ਹੈ, ਪੀੜਾ ਤੇ ਬੰਧਨਾਂ ਤੋਂ ਬਿਨਾਂ ਹੈ ਅਤੇ ਉਹ ਭਰਮ ਤੇ ਲੇਖੇ ਤੋਂ ਬਿਨਾਂ ਹੈ ।੧੧੨।

**ਅਰਾਗੋ ਅਰੂਪੋ ਅਰੇਖੋ ਅਰੰਗ ॥**
**ਅਜਨਮੋ ਅਬਰਨੋ ਅਭੂਤੋ ਅਭੰਗ ॥੧੧੩॥**

***ਪਦ ਅਰਥ***—ਅਰਾਗੋ=ਪ੍ਰੇਮ ਬਿਨਾਂ । ਅਰੂਪੋ=ਰੂਪ ਬਿਨਾਂ, ਨਿਰਾਕਾਰ । ਅਰੇਖੋ=ਰੇਖ ਬਿਨਾਂ, ਲਕੀਰ ਬਿਨਾਂ । ਅਰੰਗ=ਰੰਗ ਬਿਨਾਂ । ਅਜਨਮੋ=ਜਨਮ ਬਿਨਾਂ । ਅਬਰਨੋ=ਬਰਨ ਬਿਨਾਂ । ਅਭੰਗ=ਨਾਸ ਬਿਨਾਂ।

***ਅਰਥ***—ਉਹ ਪ੍ਰਮਾਤਮਾ ਪ੍ਰੇਮ ਬਿਨਾਂ, ਅਕਾਰ ਬਿਨਾਂ, ਰੇਖ ਭਾਵ ਲਕੀਰ ਬਿਨਾਂ ਤੇ ਰੰਗ ਤੋਂ ਬਿਨਾਂ ਹੈ । ਜਨਮ ਬਿਨਾਂ, ਵਰਨਾਂ ਤੋਂ ਬਿਨਾਂ, ਅਸਚਰਜ ਤੇ ਨਾਸ ਬਿਨਾਂ ਹੈ ।੧੧੩।

**ਅਛੇਦੋ ਅਭੇਦੋ ਅਕਰਮੋ ਅਕਾਮ ॥**
**ਅਖੇਦੋ ਅਭੇਦੋ ਅਭਰਮੋ ਅਭਾਮ ॥੧੧੪॥**

***ਪਦ ਅਰਥ***—ਅਛੇਦੋ=ਕੱਟਣ ਤੋਂ ਬਿਨਾਂ । ਅਭੇਦੋ=ਭੇਦਾਂ ਤੋਂ ਬਿਨਾਂ । ਅਕਰਮੋ=ਕਰਮਾਂ ਤੋਂ ਬਿਨਾਂ।

Sri Satguru Jagjit Singh Ji eLibrary NamdhariElibrary@gmail.com

ਅਕਾਮ=ਕਾਮਨਾ ਤੋਂ ਬਿਨਾਂ । ਅਖੇਦੋ=ਦੁਖਾਂ ਤੋਂ ਬਿਨਾਂ । ਅਭਰਮੋ=ਭਰਮਾਂ ਤੋਂ ਬਿਨਾਂ । ਅਭਾਮ=ਇਸਤ੍ਰੀ ਤੋਂ ਬਿਨਾਂ ।

**ਅਰਥ**—ਹੇ ਔਰੰਗਜ਼ੇਬ! ਉਹ ਪ੍ਰਮੇਸ਼ਰ ਕੱਟਣ ਤੋਂ ਬਿਨਾਂ, ਭੇਦਾਂ ਤੋਂ ਬਿਨਾਂ, ਕਰਮਾਂ ਤੋਂ ਬਿਨਾਂ ਤੇ ਕਾਮ ਅਤੇ ਕਾਮਨਾ ਤੋਂ ਬਿਨਾਂ ਹੈ । ਉਹ ਦੁਖਾਂ, ਭੇਦਾਂ, ਭਰਮਾਂ ਅਤੇ ਇਸਤ੍ਰੀ ਤੋਂ ਬਿਨਾਂ ਹੈ ।੧੧੪।

**ਅਰੇਖੋ ਅਭੇਖੋ ਅਲੇਖੋ ਅਭੰਗ ॥**
**ਖ਼ੁਦਾਵੰਦ ਬਖ਼ਸ਼ਿੰਦਹੇ ਰੰਗ ਰੰਗ ॥੧੧੫॥੧॥**

**ਅਰਥ**—ਉਹ ਪ੍ਰਮੇਸ਼ਰ ਮੱਛ-ਕੱਛ ਆਦਿ ਰੇਖਾਂ ਤੋਂ ਬਿਨਾਂ ਹੈ, ਭੇਖਾਂ ਤੋਂ ਬਿਨਾਂ ਹੈ ਲੇਖਾਂ ਤੋਂ ਬਿਨਾਂ ਹੈ ਅਤੇ ਨਾਸ ਤੋਂ ਰਹਿਤ ਹੈ । ਉਹ ਪ੍ਰਮਾਤਮਾ ਹਰ ਪ੍ਰਕਾਰ ਦੀਆਂ ਬਖ਼ਸ਼ਸ਼ਾਂ ਕਰਨ ਵਾਲਾ ਹੈ ।੧੧੫।੧।

[ਪਹਿਲੀ ਹਿਕਾਯਤ 'ਕਹਾਣੀ' ਸੰਪੂਰਣ ਹੋਈ।]

# ਹਿਕਾਯਤ ਦੂਸਰੀ

## ਵਾਹਿਗੁਰੂ ਜੀ ਕੀ ਫਤਹ ॥

**ਹਿਕਾਇਤ ਸ਼ੁਨੀਦੇਮ ਰਾਜਹਿ ਦਿਲੀਪ ॥**
**ਨਸ਼ਸਤਹ ਬੂਦਹ ਨਿਜ਼ਦ ਮਾਨੋ ਮਹੀਪ ॥੧॥**

**ਪਦ ਅਰਥ**—ਹਿਕਾਇਤ=ਕਹਾਣੀ । ਸ਼ੁਨੀਦੇਮ=ਸੁਣੀ ਹੈ । ਨਸ਼ਸਤਹ ਬੂਦਹ=ਬੈਠਾ ਹੋਇਆ ਸੀ। ਨਿਜ਼ਦ=ਨੇੜੇ, ਕੋਲ । ਮਾਨੋ=ਮਾਨਧਾਤਾ । ਮਹੀਪ=ਰਾਜਾ ।

**ਅਰਥ**—ਹੇ ਔਰੰਗਜ਼ੇਬ! ਰਾਜੇ ਦਲੀਪ ਦੀ ਕਹਾਣੀ ਅਸਾਂ ਸੁਣੀ ਹੈ, ਉਹ ਤੂੰ ਸੁਣ । ਜੋ ਰਾਜਾ ਮਾਨਧਾਤਾ ਦੇ ਕੋਲ ਬੈਠਾ ਹੋਇਆ ਸੀ ।੧।

**ਕਿ ਓਰਾ ਹਮੀ ਬੂਦ ਪਿਸਰੇ ਚਹਾਰ ॥**
**ਕਿ ਦਰ ਰਜ਼ਮ ਦਰ ਬਜ਼ਮ ਆਮੁਖ਼ਤਹ ਕਾਰ ॥੨॥**

**ਪਦ ਅਰਥ**—ਓਰਾ=ਉਸਦੇ । ਹਮੀ ਬੂਦ=ਭੀ ਸਨ । ਪਿਸਰੇ=ਪੁੱਤਰ । ਚਹਾਰ=ਚਾਰ । ਰਜ਼ਮ=ਜੁੱਧ, ਜੰਗ । ਬਜ਼ਮ=ਸਭਾ । ਆਮੁਖ਼ਤਹ=ਸਿਖੇ ਹੋਏ । ਕਾਰ=ਕੰਮ ।

**ਅਰਥ**—ਜੋ ਉਸ (ਰਾਜੇ) ਦੇ ਪੁੱਤਰ ਵੀ ਸਨ, ਜੋ ਜੰਗ ਵਿਚ ਅਤੇ ਸਭਾ ਵਿਚ (ਆਉਣ ਵਾਲੇ) ਕੰਮ ਸਿਖੇ ਹੋਏ ਸਨ ।੨।

Sri Satguru Jagjit Singh Ji eLibrary NamdhariElibrary@gmail.com

## ਬ ਰਜ਼ਮ ਅੰਦਰਾਂ ਹਮਚੁ ਅਜ਼ ਸ਼ੇਰ ਮਸਤ ॥
## ਕਿ ਚਾਬਕ ਰਕਾਬ ਅਸਤ ਗੁਸਤਾਖ਼ ਦਸਤ ॥੩॥

***ਪਦ ਅਰਥ***—ਰਜ਼ਮ=ਲੜਾਈ। ਅੰਦਰਾਂ=ਵਿਚ, ਉਹ। ਹਮਚੁ=ਵਾਂਗੂ। ਅਜ਼=ਸੰਸਾਰ, ਘੜਿਆਲ, ਮਗਰਮੱਛ। ਮਸਤ=ਮਤਵਾਲਾ। ਕਿ=ਜੋ। ਚਾਬਕ ਰਕਾਬ=ਘੋੜ ਸਵਾਰ। ਗੁਸਤਾਖ ਦਸਤ= ਫੁਰਤੀਲੇ ਹੱਥ ਵਾਲੇ।

***ਅਰਥ***—ਹੇ ਔਰੰਗਜ਼ੇਬ! ਜੋ ਲੜਾਈ ਵਿਚ ਮਗਰਮੱਛ ਤੇ ਮਸਤ ਸ਼ੇਰ ਵਾਂਗੂੰ ਵੈਰੀ ਉਤੇ ਟੁੱਟ ਕੇ ਪੈ ਜਾਂਦੇ ਸਨ। ਜੋ ਪਕੇ ਘੋੜ ਸਵਾਰ ਤੇ ਫੁਰਤੀਲੇ ਹੱਥਾਂ ਵਾਲੇ ਸਨ ।੩।

## ਚਹਾਰੋਂ ਸ਼ਹਿ ਪੇਸ਼ ਪਿਸਰਾਂ ਬਖਾਂਦ ॥
## ਜੁਦਾ ਬਰ ਜੁਦਾ ਕੁਰਸੀਏ ਜ਼ਰ ਨਿਸ਼ਾਂਦ ॥੪॥

***ਪਦ ਅਰਥ***—ਚਹਾਰੋਂ-ਚਾਰੇ ਹੀ। ਸ਼ਹਿ=ਰਾਜੇ ਨੇ। ਪੇਸ਼=ਸਾਹਮਣੇ। ਪਿਸਰਾਂ=ਪੁੱਤਰਾਂ ਨੂੰ। ਬਖਾਂਦ= ਬੁਲਾਇਆ। ਜੁਦਾ ਬਰ ਜੁਦਾ=ਵਖੋ ਵਖ ਉਪਰ। ਜ਼ਰ=ਸੋਨਾ। ਨਿਸ਼ਾਂਦ=ਬੈਠਾਇਆ।

***ਅਰਥ***—ਫਿਰ ਚੌਹਾਂ ਪੁੱਤਰਾਂ ਨੂੰ ਰਾਜੇ ਨੇ ਬੁਲਾਇਆ ਤੇ ਚੌਹਾਂ ਨੂੰ ਵਖੋ ਵਖ ਸੋਨੇ ਦੀਆਂ ਕੁਰਸੀਆਂ ਉਤੇ ਬਿਠਾਇਆ ।੪।

## ਬਿ ਪੁਰਸੀਦ ਦਾਨਾਇ ਦੌਲਤ ਪਰਸਤ ॥
## ਅਜ਼ੀਂ ਅੰਦਰੂੰ ਬਾਦਸ਼ਾਹੀ ਕਸ ਅਸਤ ॥੫॥

***ਪਦ ਅਰਥ***—ਪੁਰਸੀਦ=ਪੁਛਿਆ। ਦਾਨਾਇ=ਸਿਆਣੇ। ਦੌਲਤ ਪਰਸਤ=ਗੱਦੀ ਦੇ ਸੇਵਕ (ਭਾਵ ਮੰਤ੍ਰੀ)। ਅਜ਼ੀਂ ਅੰਦਰੂੰ=ਇਨ੍ਹਾਂ ਦੇ ਵਿਚੋਂ। ਕਸ ਅਸਤ=ਕੌਣ ਹੈ।

***ਅਰਥ***—ਸਿਆਣੇ ਵਜ਼ੀਰਾਂ ਪਾਸੋਂ ਪੁਛਿਆ ਕਿ ਹੇ ਵਜ਼ੀਰੋ! ਇਨ੍ਹਾਂ ਚੌਹਾਂ ਲੜਕਿਆਂ ਵਿਚੋਂ ਬਾਦਸ਼ਾਹੀ ਦੇ ਲਾਇਕ ਕੌਣ ਹੈ? ।੫।

## ਸ਼ੁਨੀਦ ਈਂ ਚੁ ਦਾਨਾਇ ਦਾਨਿਸ਼ ਨਿਹਾਦ ॥
## ਬ ਤਮਕੀਨ ਪਾਸੁਖ ਆਲਮ ਬਰ ਕੁਸ਼ਾਦ ॥੬॥

***ਪਦ ਅਰਥ***—ਸ਼ੁਨੀਦ=ਸੁਣਿਆ। ਚੁ=ਜਦ। ਦਾਨਾਇ=ਸਿਆਣੇ। ਦਾਨਿਸ਼ ਨਿਹਾਦ=ਬੁਧੀਮਾਨ, ਅਕਲ ਰੱਖਣ ਵਾਲੇ। ਤਮਕੀਨ=ਪਦਵੀ। ਪਾਸੁਖ=ਉੱਤਰ। ਆਲਮ=ਝੰਡਾ। ਬਰ=ਉਪਰ। ਕੁਸ਼ਾਦ=ਉੱਚਾ ਕੀਤਾ।

***ਅਰਥ***—ਜਦੋਂ ਬੁਧੀਵਾਨ ਸਿਆਣੇ ਵਜ਼ੀਰਾਂ ਨੇ ਇਹ ਸੁਣਿਆ। ਤਦ ਉੱਤਰ ਦੇਣ ਦੀ ਪਦਵੀ ਉਤੇ ਝੰਡਾ ਖੜਾ ਕੀਤਾ ਭਾਵ ਉੱਤਰ ਲਈ ਬੋਲਿਆ ।੬।

Sri Satguru Jagjit Singh Ji eLibrary NamdhariElibrary@gmail.com

## ਬਿਗੁਫ਼ਤੰਦ ਖ਼ੁਸ਼ ਦੀਨ ਦਾਨਾਇ ਨਗਜ਼ ॥
## ਕਿ ਯਜ਼ਦਾਂ ਸ਼ਨਾਸ ਅਸਤ ਆਜ਼ਾਦ ਮਗਜ਼ ॥੭॥

***ਪਦ ਅਰਥ***—ਬਿਗੁਫ਼ਤੰਦ=ਕਿਹਾ। ਖ਼ੁਸ਼=ਚੰਗਾ। ਦੀਨ=ਧਰਮ। ਦਾਨਾਇ=ਬੁਧੀਮਾਨ। ਨਗਜ਼=ਚਤੁਰ। ਕਿ=ਜੋ। ਯਜ਼ਦਾ ਸ਼ਨਾਸ=ਰੱਬ ਦੀ ਪਛਾਣ ਵਾਲਾ। ਅਸਤ=ਹੈ। ਆਜ਼ਾਦ=ਸੁਤੰਤਰ, ਖੁਲ੍ਹੇ। ਮਗਜ਼=ਦਿਮਾਗ।

***ਅਰਥ***—ਆਖਣ ਲੱਗੇ, ਹੇ ਬਾਦਸ਼ਾਹ! ਤੂੰ ਚੰਗੇ ਧਰਮ ਵਾਲਾ ਬੁਧੀਮਾਨ ਤੇ ਚਤੁਰ ਹੈਂ। ਜੋ ਰੱਬ ਦੀ ਪਛਾਣ ਵਾਲਾ ਤੇ ਆਜ਼ਾਦ ਦਿਮਾਗ ਵਾਲਾ ਹੈਂ।੭।

## ਮਰਾ ਕੁਦਰਤੇ ਨੇਸਤ ਈਂ ਗੁਫ਼ਤਨ ਅਸਤ ॥
## ਸੁਖ਼ਨ ਗੁਫ਼ਤਨੋ ਬਿਕਰ ਜਾਂ ਸੁਫ਼ਤਨ ਅਸਤ ॥੮॥

***ਪਦ ਅਰਥ***—ਮਰਾ=ਮੇਰੇ, ਮੈਨੂੰ। ਕੁਦਰਤੇ=ਤਾਕਤ। ਨੇਸਤ=ਨਹੀਂ ਹੈ। ਗੁਫ਼ਤਨ=ਬੋਲਣਾ। ਸੁਖ਼ਨ=ਬਚਨ। ਗੁਫ਼ਤਨੋ=ਬੋਲਣਾ। ਬਿਕਰ=ਕੁਆਰੀ। ਜਾਂ=ਜਾਨ। ਸੁਫ਼ਤਨ=ਵਿੰਨ੍ਹਣਾ।

***ਅਰਥ***—ਇਸ ਗੱਲ ਦੀ ਬੋਲਣ ਦੀ ਮੇਰੇ ਵਿਚ ਤਾਕਤ ਨਹੀਂ ਹੈ। ਗੱਲ ਦਾ ਆਖਣਾ ਕੁਆਰੀ (ਲੜਕੀ ਦੀ) ਜਾਨ ਦਾ ਵਿੰਨ੍ਹਣਾ ਹੈ।੮।

## ਅਗਰ ਸ਼ਹਿ ਬਿਗੋਯਦ ਬਿਗੋਯਮ ਜਵਾਬ ॥
## ਨੁਮਾਯਮ ਬ ਤੋ ਹਾਲ ਈਂ ਬਾ ਸਵਾਬ ॥੯॥

***ਪਦ ਅਰਥ***—ਅਗਰ=ਜੇਕਰ। ਸ਼ਹਿ=ਰਾਜਾ। ਬਿਗੋਯਦ=ਆਖੇਂ। ਬਿਗੋਯਮ=ਮੈਂ ਆਖਾਂ। ਨੁਮਾਯਮ=ਮੈਂ ਵਿਖਾ ਦੇਵਾਂ। ਬ ਤੋ=ਤੈਨੂੰ। ਹਾਲ=ਬ੍ਰਿਤਾਂਤ। ਈਂ=ਇਸ। ਬਾ=ਨਾਲ। ਸਵਾਬ=ਚੰਗੀ ਤਰ੍ਹਾਂ।

***ਅਰਥ***—ਹੇ ਰਾਜਾ! ਜੇਕਰ ਆਖੇਂ (ਤਾਂ) ਮੈਂ ਜਵਾਬ ਆਖਾਂ? ਅਤੇ ਮੈਂ ਤੈਨੂੰ ਚੰਗੀ ਤਰ੍ਹਾਂ ਇਸ ਗੱਲ ਦਾ ਬ੍ਰਿਤਾਂਤ ਵਿਖਾ ਦੇਵਾਂ? ।੯।

## ਹਰਾਂ ਕਸ ਕਿ ਯਜ਼ਦਾਨਿ ਯਾਰੀ ਦਿਹਦ ॥
## ਬ ਕਾਰਿ ਜਹਾਂ ਕਾਮਗਾਰੀ ਦਿਹਦ ॥੧੦॥

***ਪਦ ਅਰਥ***—ਹਰਾਂ ਕਸ=ਉਹ ਕੋਈ ਆਦਮੀ। ਯਜ਼ਦਾਨਿ=ਵਾਹਿਗੁਰੂ। ਯਾਰੀ=ਸਹਾਇਤਾ। ਦਿਹਦ= ਦੇਂਦਾ ਹੈ। ਕਾਰਿ=ਕੰਮ ਵਿਚ। ਜਹਾਂ=ਜਗਤ। ਕਾਮਗਾਰੀ=ਕਾਮਯਾਬੀ।

***ਅਰਥ***—ਉਹ ਕੋਈ ਆਦਮੀ, ਜਿਸ ਨੂੰ ਵਾਹਿਗੁਰੂ ਸਹਾਇਤਾ ਦੇਂਦਾ ਹੈ। ਜਗਤ ਦੇ ਕੰਮਾਂ ਵਿਚ (ਉਸ ਨੂੰ) ਕਾਮਯਾਬੀ ਦੇਂਦਾ ਹੈ।੧੦।

## ਕਿ ਈਂ ਰਾ ਬ ਅਕਲ ਆਜ਼ਮਾਈ ਕੁਨੇਮ ॥
## ਵਜ਼ਾਂ ਪਸ ਬਕਾਰ ਆਜ਼ਮਾਈ ਕੁਨੇਮ ॥੧੧॥

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਕਿ=ਜੋ । ਈਂ ਰਾ=ਇਹਨਾਂ ਦੀ । ਬ ਅਕਲ=ਬੁਧੀ ਨਾਲ । ਆਜ਼ਮਾਈ=ਪ੍ਰੀਖਿਆ। ਕੁਨੇਮ=ਅਸੀਂ ਕਰੀਏ । ਵਜ਼ਾਂ=ਇਸ ਦੇ । ਪਸ=ਪਿਛੋਂ । ਬਕਾਰ ਆਜ਼ਮਾਈ=ਕੰਮ ਨਾਲ ਪ੍ਰੀਖਿਆ ।

***ਅਰਥ***—ਜੋ ਇਹਨਾਂ ਦੀ ਬੁਧੀ ਨਾਲ ਪ੍ਰੀਖਿਆ ਅਸੀਂ ਕਰ ਲਈਏ। ਉਸ ਦੇ ਪਿਛੋਂ ਕੰਮ ਨਾਲ ਪ੍ਰੀਖਿਆ ਅਸੀਂ ਕਰ ਲਈਏ ।੧੧।

**ਯਕੇ ਰਾ ਦਿਹਦ ਫ਼ੀਲ ਦਹਿ ਹਜ਼ਾਰ ਮਸਤ ॥**
**ਹਮਾਹ ਮਸਤੀ ਓ ਮਸਤ ਜ਼ੰਜੀਰ ਬਸਤ ॥੧੨॥**

***ਪਦ ਅਰਥ***—ਯਕੇ=ਇਕ । ਫ਼ੀਲ=ਹਾਥੀ । ਦਹਿ=ਦਸ । ਹਮਾਹ=ਸਾਰੇ ਹੀ । ਬਸਤ=ਬਧੇ ਹੋਏ।

***ਅਰਥ***—ਇਕ ਲੜਕੇ ਨੂੰ ਦਸ ਹਜ਼ਾਰ ਮਸਤ ਹਾਥੀ ਦੇ ਦਈਏ। ਸਾਰੇ ਹੀ ਮਸਤੀ ਨਾਲ ਮਸਤ ਹੋਏ ਤੇ ਜ਼ੰਜੀਰਾਂ ਨਾਲ ਬਧੇ ਹੋਏ ਹੋਣ ।੧੨।

**ਦਿਗਰ ਰਾ ਦਿਹਦ ਅਸਪ ਪਾਂ ਸੂਦ ਹਜ਼ਾਰ ॥**
**ਜ਼ਿ ਜ਼ਰ ਸਾਖਤਹ ਜ਼ੀਨ ਚੂੰ ਨਉ ਬਹਾਰ ॥੧੩॥**

***ਪਦ ਅਰਥ***—ਦਿਗਰ=ਦੂਜੇ। ਰਾ=ਨੂੰ, ਤਾਈਂ। ਦਿਹਦ=ਦੇਂਦਾ ਹਾਂ। ਅਸਪ=ਘੋੜੇ। ਪਾਂ ਸੂਦ ਹਜ਼ਾਰ= ਪੰਜ ਸੌ ਹਜ਼ਾਰ ਭਾਵ ਪੰਜ ਲੱਖ । ਜ਼ਰ=ਜ਼ਰੀ, ਸੋਨਾ । ਸਾਖਤਹ=ਬਣੇ ਹੋਏ । ਜ਼ੀਨ=ਕਾਠੀਆਂ । ਨਉ ਬਹਾਰ=ਨਵੀਂ ਰੁੱਤ ।

***ਅਰਥ***—ਦੂਜੇ ਨੂੰ ਪੰਜ ਲੱਖ ਘੋੜੇ ਦੇਂਦੇ ਹਾਂ, ਜਿਨ੍ਹਾਂ ਦੀਆਂ ਕਾਠੀਆਂ ਜ਼ਰੀ ਭਾਵ ਸੋਨੇ ਦੀਆਂ ਨਵੀਂ ਰੁੱਤ ਵਾਂਗੂ ਬਣੀਆਂ ਹੋਈਆਂ ਹੋਣ ।੧੩।

**ਸਿਯਮ ਰਾ ਦਿਹਦ ਸ਼ੁਤਰ ਸੇ ਸੂਦ ਹਜ਼ਾਰ ॥**
**ਮਹਮ ਨੁਕਰਹ ਬਾਰੋ ਹਮਹ ਜ਼ਰ ਨਿਗਾਰ ॥੧੪॥**

***ਪਦ ਅਰਥ***—ਸਿਯਮ ਰਾ=ਤੀਜੇ ਨੂੰ। ਸ਼ੁਤਰ=ਊਂਠ। ਸੇ ਸੂਦ ਹਜ਼ਾਰ=ਤਿੰਨ ਸੌ ਹਜ਼ਾਰ ਭਾਵ ਤਿੰਨ ਲੱਖ । ਹਮਹ=ਸਾਰੇ । ਨੁਕਰਹ=ਚਾਂਦੀ । ਬਾਰੋ=ਭਾਰ ਹੋਵੇ । ਜ਼ਰ=ਸੋਨਾ । ਨਿਗਾਰ=ਸਜਾਏ।

***ਅਰਥ***—ਤੀਜੇ ਨੂੰ ਤਿੰਨ ਲੱਖ ਊਂਠ ਦੇ ਦੇਵੋ, ਜੋ ਸਾਰੇ ਹੀ ਚਾਂਦੀ ਦੇ ਭਾਰ ਨਾਲ ਲੱਦੇ ਹੋਏ ਤੇ ਸੋਨੇ ਭਾਵ ਜ਼ਰੀ ਨਾਲ ਸਜਾਏ ਹੋਏ ਹੋਣ ।੧੪।

**ਚੁਅਮ ਰਾ ਦਿਹਦ ਮੂੰਗ ਯਕ ਨੁਖ਼ੁਦ ਨੀਮ ॥**
**ਅਜ਼ਾਂ ਮਰਦ ਅਜ਼ਾਦ ਆਕਿਲ ਅਜ਼ੀਮ ॥੧੫॥**

***ਪਦ ਅਰਥ***—ਚੁਅਮ ਰਾ=ਚੌਥੇ ਨੂੰ। ਮੂੰਗ ਯਕ=ਇਕ ਦਾਣਾ ਮੂੰਗੀ। ਨੁਖ਼ੁਦ=ਚਣਾ। ਨੀਮ=ਅੱਧਾ। ਅਜ਼ਾਂ=ਇਸ ਕਰਕੇ । ਅਜ਼ਾਦ=ਸੁਤੰਤਰ । ਆਕਿਲ=ਅਕਲ ਵਾਲਾ । ਅਜ਼ੀਮ=ਵੱਡਾ ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਚੌਥੇ ਨੂੰ ਇਕ (ਦਾਣਾ) ਮੂੰਗੀ ਦਾ ਤੇ ਅੱਧਾ ਚਣੇ ਦਾ ਦੇਵੋ। ਇਸ ਕਰਕੇ ਕਿ ਉਹ ਮਰਦ ਆਜ਼ਾਦ ਤੇ ਵੱਡੀ ਅਕਲ ਵਾਲਾ ਹੈ।੧੫। [ਦ: ਗ੍ਰੰ: ਪੰਨਾ ੧੩੯੫

**ਬਿਆਵੁਰਦ ਪੁਰ ਅਕਲ ਖ਼ਾਨਾ ਕਜ਼ਾਂ॥**
**ਦਿਗਰ ਨੀਮ ਨੁਖੁਦਸ਼ਿ ਬਿਬਸਤਨ ਅਜ਼ਾਂ॥੧੬॥**

**ਪਦ ਅਰਥ**—ਬਿਆਵੁਰਦ=ਲੈ ਆਇਆ। ਪੁਰ ਅਕਲ=ਬੁਧੀਵਾਨ। ਖ਼ਾਨਾ=ਘਰ। ਕਜ਼ਾਂ=ਉਨ੍ਹਾਂ। ਦਿਗਰ=ਹੋਰ, ਦੂਜਾ। ਨੀਮ=ਅੱਧਾ। ਨੁਖੁਦਿਸ਼=ਚਣਾ, ਉਸਨੇ। ਬਿਬਸਤਨ=ਸਾਬਤ। ਅਜ਼ਾਂ=ਬਰਾਬਰ ਉਸਦੇ।

**ਅਰਥ**—ਉਹ ਬੁਧੀਵਾਨ ਉਨ੍ਹਾਂ (ਦਾਨਿਆਂ) ਨੂੰ ਘਰ ਲੈ ਆਇਆ। ਦੂਜਾ ਉਸ ਨੇ ਅੱਧੇ ਚਣੇ ਦੇ ਬਰਾਬਰ ਦਾ ਇਕ ਹੋਰ ਸਾਬਤ ਚਣਾ ਲੈ ਲਿਆ।੧੬।

**ਹਮੀਖ਼ਾਸ਼ਤ ਕੋ ਤੁਖਮ ਰੇਜ਼ੀ ਕੁਨਦ॥**
**ਖਿਰਦ ਆਜ਼ਮਾਇਸ਼ ਬਰੇਜ਼ੀ ਕੁਨਦ॥੧੭॥**

**ਪਦ ਅਰਥ**—ਹਮੀਖ਼ਾਸ਼ਤ=ਚਾਹੁੰਦਾ ਸੀ। ਤੁਖਮ=ਬੀਜ। ਰੇਜ਼ੀ=ਬੀਜਨਾ। ਖਿਰਦ=ਬੁਧੀ। ਆਜ਼ਮਾਇਸ਼=ਪ੍ਰੀਖਿਆ। ਬ-ਰੇਜ਼ੀ=ਬੀਜਨ ਨਾਲ।

**ਅਰਥ**—ਉਹ ਚਾਹੁੰਦਾ ਸੀ ਕਿ ਬੀਜ ਨੂੰ ਬੀਜਨਾ ਕਰੇ। ਬੀਜਨ ਨਾਲ ਬੁਧੀ ਭਾਵ ਅਕਲ ਦੀ ਪ੍ਰੀਖਿਆ ਕਰ ਲਵੇ।੧੭।

**ਦਫ਼ਨ ਕਰਦ ਹਰ ਦੋ ਜ਼ਮੀਂ ਅੰਦਰਾਂ॥**
**ਨਜ਼ਰ ਕਰਦ ਬਰ ਸ਼ੁਕਰਿ ਸਾਹਿਬ ਗਿਰਾਂ॥੧੮॥**

**ਪਦ ਅਰਥ**—ਦਫ਼ਨ ਕਰਦ=ਦਬ ਦਿਤੇ। ਹਰ ਦੋ=ਦੋਵੇਂ ਬੀਜ। ਜ਼ਮੀਂ=ਜ਼ਮੀਨ। ਅੰਦਰਾਂ=ਵਿਚ ਉਹ। ਨਜ਼ਰ ਕਰਦ=ਆਸ। ਬਰ=ਉਪਰ। ਸਾਹਿਬ=ਵਾਹਿਗੁਰੂ। ਗਿਰਾਂ=ਬੜੇ ਵਡੇ।

**ਅਰਥ**—ਉਹ ਦੋਵੇਂ ਬੀਜ ਉਸ ਨੇ ਜ਼ਮੀਨ ਵਿਚ ਦਬ ਦਿਤੇ। ਬੜੇ ਵਡੇ ਵਾਹਿਗੁਰੂ ਦਾ (ਸ਼ੁਕਰ) ਕਰਦਿਆਂ ਹੋਇਆਂ ਉਸ ਉਤੇ ਆਸ ਕਰ ਲਈ।੧੮।

**ਚੁ ਸ਼ਸ਼ ਮਾਹ ਗੁਜ਼ਸ਼ਤੰਦ ਦਰਾਂ ਦਫ਼ਨ ਵਾਰ॥**
**ਪਦੀਦ ਆਮਦਹ ਸਬਜ਼ਹੇ ਨੌ ਬਹਾਰ॥੧੯॥**

**ਪਦ ਅਰਥ**—ਚੁ=ਜਦ। ਸ਼ਸ਼=ਛੇ। ਮਾਹ=ਮਹੀਨੇ। ਗੁਜ਼ਸ਼ਤੰਦ=ਬੀਤ ਗਏ। ਦਰਾਂ=ਉਸ ਵਿਚ। ਦਫ਼ਨ ਵਾਰ=ਬੀਜਿਆ ਹੋਇਆ। ਪਦੀਦ ਆਮਦਹ=ਪ੍ਰਗਟ ਹੋ ਆਇਆ। ਸਬਜ਼ਹੇ=ਸਾਵੇ ਰੰਗ ਦਾ। ਨੌ ਬਹਾਰ=ਨਵੀਂ ਰੁੱਤ।

**ਅਰਥ**—ਜਦ ਉਹਨਾਂ ਨੂੰ ਬੀਜੇ ਹੋਇਆਂ ਛੇ ਮਹੀਨੇ ਬੀਤ ਗਏ ਤਾਂ ਨਵੀਂ ਰੁੱਤ ਉਤੇ ਸਾਵਾ ਰੰਗ ਪ੍ਰਗਟ ਹੋ ਆਇਆ ਭਾਵ ਉਹਨਾਂ ਬੀਜਾਂ ਤੋਂ ਬੂਟੇ ਉਗੇ ਹੋਏ ਨਜ਼ਰ ਆਏ।੧੯।

Sri Satguru Jagjit Singh Ji eLibrary NamdhariElibrary@gmail.com

**ਬਰੇਜ਼ੀਦਹ ਦਹ ਸਾਲ ਤੁਖ਼ਮੇ ਕਜ਼ਾਂ ॥**
**ਬਪਰਵ੍ਰਦਹ ਓਰਾ ਬੁਰਦਨ ਅਜ਼ਾਂ ॥੨੦॥**

***ਪਦ ਅਰਥ***—ਬਰੇਜ਼ੀਦਹ=ਬੀਜਦਿਆਂ ਹੋਇਆਂ । ਦਹ=ਦਸ । ਤੁਖ਼ਮੇ=ਬੀਜ । ਕਜ਼ਾਂ=ਜੋ ਉਸ ਤੋਂ। ਬਪਰਵ੍ਰਦਹ=ਪਰਵਰਸ਼ ਕਰਨਾ, ਪਾਲਿਆ । ਓਰਾ=ਉਸ ਨੂੰ । ਬੁਰਦਨ=ਵੱਢਿਆ।

***ਅਰਥ***—ਦਸ ਸਾਲ ਤਕ ਬੀਜਦਿਆਂ ਹੋਇਆਂ ਜੋ ਬੀਜ ਉਸ ਤੋਂ ਹੋਇਆ, ਉਸ ਦੀ ਪਾਲਣਾ ਕੀਤੀ ਅਤੇ ਉਸ ਤੋਂ ਹੋਈ ਖੇਤੀ ਨੂੰ ਵੱਢਿਆ ।੨੦।

**ਬਰੇਜ਼ੀਦ ਦਹ ਬੀਸਤ ਬਾਰਸ਼ ਅਜ਼ੋ ॥**
**ਬਸੇ ਗਸ਼ਤ ਖਰਵਾਰ ਦਾਨਹ ਅਜ਼ੋ ॥੨੧॥**

***ਪਦ ਅਰਥ***—ਬਰੇਜ਼ੀਦ=ਬੀਜਿਆ । ਬੀਸਤ=ਵੀਹ । ਬਾਰਸ਼=ਵਾਰੀ । ਅਜ਼ੋ=ਉਸ ਤੋਂ । ਬਸੇ=ਬਹੁਤ ਸਾਰੇ। ਗਸ਼ਤ=ਹੋ ਗਏ, ਹਾਸਲ ਕੀਤੇ । ਖਰਵਾਰ=ਖਲਵਾੜੇ । ਦਾਨਹ=ਦਾਣੇ ।

***ਅਰਥ***—ਜਦੋਂ ਦਸ ਵੀਹ ਵਾਰੀ ਉਸ ਨੂੰ ਬੀਜਿਆ, ਤਾਂ ਉਸ ਤੋਂ ਦਾਣਿਆਂ ਦੇ ਬਹੁਤ ਸਾਰੇ ਖਲਵਾੜੇ ਹੋ ਗਏ ।੨੧।

**ਚੁਨਾ ਜ਼ਿਯਾਦਹ ਸ਼ੁਦ ਦੌਲਤੇ ਦਿਲ ਕਰਾਰ ॥**
**ਕਿ ਜੋ ਦਾਨਹ ਸ਼ੁਦ ਦਾਨਹਾਇ ਅੰਬਾਰ ॥੨੨॥**

***ਪਦ ਅਰਥ***—ਚੁਨਾ=ਅਜਿਹਾ, ਐਸੇ । ਜ਼ਿਯਾਦਹ=ਬਹੁਤ । ਸ਼ੁਦ=ਹੋਈ । ਦਿਲ ਕਰਾਰ=ਰੱਜ ਗਏ। ਦਾਨਹਾਇ=ਦਾਣਿਆਂ ਦੇ । ਅੰਬਾਰ=ਢੇਰ।

***ਅਰਥ***—ਅਜਿਹਾ (ਕੰਮ ਕਰਨ ਨਾਲ) ਬਹੁਤ ਸਾਰੀ ਦੌਲਤ ਹੋ ਗਈ, ਤੇ ਮਨ ਨੂੰ ਹੌਂਸਲਾ ਹੋ ਗਿਆ। ਉਹਨਾਂ ਦਾਣਿਆਂ ਤੋਂ ਦਾਣਿਆਂ ਦੇ ਢੇਰ ਜਮ੍ਹਾਂ ਹੋ ਗਏ ।੨੨।

**ਖਰੀਦਹ ਅਜ਼ਾਂ ਨਕਦ ਦਹ ਹਜ਼ਾਰ ਫ਼ੀਲ ॥**
**ਚੁ ਕੋਹੇ ਰਵਾਂ ਹਮਚੁ ਦਰਿਆਇ ਨੀਲ ॥੨੩॥**

***ਪਦ ਅਰਥ***—ਖਰੀਦਹ=ਮੁਲ ਲੀਤੇ। ਅਜ਼ਾਂ=ਉਸ ਤੋਂ। ਨਕਦ=ਰੁਪੈ ਨਾਲ। ਫ਼ੀਲ=ਹਾਥੀ। ਚੁ=ਵਾਂਗੂ। ਕੋਹੇ=ਪਹਾੜ । ਰਵਾਂ=ਤੁਰਦੇ । ਹਮਚੁ=ਵਾਂਗੂੰ । ਨੀਲ=ਨਦੀ, ਜੋ ਮਿਸਰ ਵਿਚ ਹੈ ।

***ਅਰਥ***—ਉਨ੍ਹਾਂ ਰੋਕ ਭਾਵ ਨਕਦ ਰੁਪਿਆਂ ਨਾਲ ਦਸ ਹਜ਼ਾਰ ਹਾਥੀ ਮੁਲ ਲਏ। ਜੋ ਪਹਾੜ ਵਾਂਗੂ ਵਡੇ ਤੇ 'ਨੀਲ' ਦਰਿਆ ਵਾਂਗੂ (ਮੱਠੀ-ਮੱਠੀ ਚਾਲ ਨਾਲ) ਚਲਦੇ ਸਨ ।੨੩।

**ਬਗੀਰਦ ਅਜ਼ੋ ਅਸਪ ਪਾਂ ਸੂਦ ਹਜ਼ਾਰ ॥**
**ਹਮਹ ਜ਼ਰੋ ਜ਼ੀਨੋ ਹਮਹ ਨੁਕਰਹ ਵ੍ਹਾਰ ॥੨੪॥**

***ਪਦ ਅਰਥ***—ਬਗੀਰਦ=ਲੈ ਲੀਤੇ। ਅਜ਼ੋ=ਉਸ ਤੋਂ। ਅਸਪ=ਘੋੜੇ। ਪਾਂ ਸੂਦ ਹਜ਼ਾਰ=ਪੰਜ ਸੌ ਹਜ਼ਾਰ ਭਾਵ ਪੰਜ ਲੱਖ। ਹਮਹ=ਸਾਰੇ ਹੀ। ਜ਼ਰੋ=ਸੋਨੇ ਦੀਆਂ। ਜ਼ੀਨੋ=ਕਾਠੀਆਂ ਵਾਲੇ। ਨੁਕਰਹ=ਚਾਂਦੀ। ਵਾਰ=ਲੜੀਆਂ।

***ਅਰਥ***—ਉਸ ਤੋਂ ਪੰਜ ਲੱਖ ਘੋੜੇ ਲੈ ਲੀਤੇ, (ਜੋ) ਸਾਰੇ ਹੀ ਸੋਨੇ ਦੀਆਂ ਕਾਠੀਆਂ ਵਾਲੇ ਤੇ ਚਾਂਦੀ ਦੀਆਂ ਲੜੀਆਂ ਵਾਲੇ ਸਨ।੨੪।

**ਖਰੀਦੰਦ ਸੇ ਸੂਦ ਹਜ਼ਾਰਹ ਸ਼ੁਤਰ॥**
**ਹਮਹ ਜ਼ਰ ਬਾਰੋ ਹਮਹ ਨੁਕਰਹ ਪੁਰ॥੨੫॥**

***ਪਦ ਅਰਥ***—ਖਰੀਦੰਦ=ਮੁਲ ਲੈਣੇ। ਸੇ ਸੂਦ ਹਜ਼ਾਰਹ=ਤਿੰਨ ਸੌ ਹਜ਼ਾਰ ਭਾਵ ਤਿੰਨ ਲੱਖ। ਸ਼ੁਤਰ=ਊਂਠ। ਜ਼ਰ= ਸੋਨਾ। ਬਾਰੋ=ਭਾਰ ਵਾਲੇ। ਨੁਕਰਹ=ਚਾਂਦੀ। ਪੁਰ=ਭਰੇ ਹੋਏ।

***ਅਰਥ***—ਤਿੰਨ ਲੱਖ ਊਂਠ ਮੁਲ ਲੀਤੇ, ਜੋ ਸਾਰੇ ਹੀ ਸੋਨੇ ਦੇ ਭਾਰ ਨਾਲ ਲੱਦੇ ਹੋਏ ਤੇ ਸਾਰੇ ਹੀ ਚਾਂਦੀ ਨਾਲ ਭਰੇ ਹੋਏ ਸਨ।੨੫।

**ਵਜ਼ਾਂ ਦਾਲ ਨਉ ਸ਼ਹਰ ਆਜ਼ਮ ਬਿ ਬਸਤ॥**
**ਕਿ ਨਾਮੇ ਅਜ਼ਾਂ ਸ਼ਹਿਰ ਦਿਹਲੀ ਸ਼ੁਦਅਸਤ॥੨੬॥**

***ਪਦ ਅਰਥ***—ਵਜ਼ਾਂ=ਉਸ ਤੋਂ। ਨਉ=ਨਵਾਂ। ਆਜ਼ਮ=ਬਹੁਤ ਵੱਡਾ। ਬਸਤ=ਬੰਨ੍ਹਿਆ, ਵਸਾਇਆ। ਅਜ਼ਾਂ=ਉਸ ਦਾ। ਸ਼ੁਦਅਸਤ=ਹੋਇਆ ਹੈ।

***ਅਰਥ***—ਉਸ ਦਾਲ (ਦੇ ਦਾਣੇ ਦੀ ਆਮਦਨ) ਤੋਂ ਇਕ ਬਹੁਤ ਵੱਡਾ ਨਵਾਂ ਸ਼ਹਿਰ ਵਸਾਇਆ ਤੇ ਉਸ ਸ਼ਹਿਰ ਦਾ ਨਾਮ 'ਦਿੱਲੀ' ਹੋਇਆ ਹੈ।੨੬।

**ਦਿਗਰ ਦਾਨਹ ਰਾ ਬਸਤ ਮੂੰਗੀ ਪਟਨ॥**
**ਚੁ ਦੋਸਤਾਂ ਪਸੰਦਸਤ ਦੁਸ਼ਮਨ ਫਿਕਨ॥੨੭॥**

***ਪਦ ਅਰਥ***—ਦਿਗਰ=ਦੂਜੇ। ਦਾਨਹ=ਦਾਣੇ। ਬਸਤ=ਵਸਾਇਆ ਹੈ। ਮੂੰਗੀ ਪਟਨ=ਇਹ ਵੀ ਇਕ ਸ਼ਹਿਰ ਦਾ ਨਾਮ ਹੈ। ਪਸੰਦਸਤ=ਮਨ ਨੂੰ ਭਾਉਂਦਾ ਹੈ। ਫਿਕਨ=ਤੋੜਨ ਵਾਲਾ ਹੈ।

***ਅਰਥ***—ਦੂਜੇ ਦਾਣੇ ਤੋਂ 'ਮੂੰਗੀ ਪਟਨ' ਸ਼ਹਿਰ ਵਸਾਇਆ। ਜੋ ਮਿਤ੍ਰਾਂ ਦੇ ਮਨ ਨੂੰ ਭਾਉਂਦਾ ਹੈ ਤੇ ਦੁਸ਼ਮਨਾਂ (ਦੇ ਦਿਲ ਨੂੰ) ਤੋੜਨ ਵਾਲਾ ਹੈ।੨੭।

**ਬਿ ਗੁਜ਼ਰੀਦ ਦਹ ਦੋ ਬਰੀਂ ਨਮਤ ਸਾਲ॥**
**ਬਸੇ ਗਸ਼ਤ ਜੋ ਦੌਲਤੇ ਬੇਜ਼ਵਾਲ॥੨੮॥**

***ਪਦ ਅਰਥ***—ਗੁਜ਼ਰੀਦ=ਬੀਤ ਗਏ। ਦਹ ਦੋ=ਬਾਰ੍ਹਾਂ। ਬਰੀਂ=ਉਪਰ, ਇਸੇ। ਨਮਤ=ਢੰਗ, ਤਰੀਕੇ। ਸਾਲ=ਬਰਸ, ਵਰ੍ਹੇ। ਬਸੇ=ਬਹੁਤ। ਗਸ਼ਤ=ਹੋ ਗਏ। ਜੋ=ਉਸ ਤੋਂ। ਦੌਲਤ=ਧਨ। ਬੇਜ਼ਵਾਲ=ਨਾ ਘਟਣ ਵਾਲੀ।

***ਅਰਥ***—ਜਦੋਂ ਇਸੇ ਹੀ ਢੰਗ ਤਰੀਕੇ ਉਪਰ ਬਾਰ੍ਹਾਂ ਵਰ੍ਹੇ ਬੀਤ ਗਏ। ਉਸ ਤੋਂ ਨਾ ਘਟਣ ਵਾਲਾ ਬਹੁਤ ਸਾਰਾ ਧਨ ਹੋ ਗਿਆ।੨੮।

**ਚੁ ਬਿਨਸ਼ਸਤ ਬਰ ਤਖ਼ਤ ਮਾਨੋ ਮਹੀਪ॥**
**ਬ ਪੁਰਸ਼ਿਸ ਦਰਾਮਦ ਸ਼ਹੇ ਹਫ਼ਤ ਦੀਪ॥੨੯॥**

***ਪਦ ਅਰਥ***—ਚੁ=ਜਦ। ਬਿਨਸ਼ਸਤ=ਬੈਠਾ। ਬਰ ਤਖ਼ਤ=ਤਖ਼ਤ ਉਤੇ। ਮਾਨੋ=ਮਾਨਧਾਤਾ। ਮਹੀਪ=ਰਾਜਾ। ਬ ਪੁਰਸ਼ਿਸ=ਪੁਛਣਾ ਕੀਤਾ। ਦਰਾਮਦ-ਅੰਦਰ ਆਇਆ। ਸ਼ਹੇ=ਰਾਜਾ। ਹਫ਼ਤ=ਸਤ।

***ਅਰਥ***—ਮਾਨਧਾਤਾ ਰਾਜਾ ਜਦ ਤਖ਼ਤ ਉਤੇ ਬੈਠਾ (ਤੇ ਵਜ਼ੀਰ) ਅੰਦਰ ਆਇਆ ਤਾਂ ਉਹ ਸਤਾਂ ਦੀਪਾਂ ਦਾ ਰਾਜਾ ਪੁਛਣ ਲਗਾ।੨੯।

**ਬ ਗੁਫ਼ਤਾ ਕਿ ਪੇਸ਼ੀਨ ਕਾਗਦ ਬਿਆਰ॥**
**ਚਿ ਬਖ਼ਸ਼ੀਦਹ ਅਮ ਮਨ ਬ ਪਿਸਰਾਂ ਸ਼ੁਮਾਰ* ॥੩੦॥**

***ਪਦ ਅਰਥ***—ਗੁਫ਼ਤਾ=ਕਿਹਾ। ਪੇਸ਼ੀਨ=ਪਹਿਲਾਂ। ਬਿਆਰ=ਲਿਆਓ। ਬਖ਼ਸ਼ੀਦਹ ਅਮ=ਦਾਤ ਦਿਤੀ ਮੈਂ। ਬ ਪਿਸਰਾਂ=ਪੁੱਤਰਾਂ ਨੂੰ। ਸ਼ੁਮਾਰ=ਗਿਣਤੀ ਕਰ।

***ਅਰਥ***—(ਰਾਜੇ ਨੇ ਵਜ਼ੀਰ ਨੂੰ) ਕਿਹਾ, ਜੋ ਪਹਿਲਾਂ ਕਾਗਜ਼ ਲਿਆਓ। ਮੈਂ ਪੁੱਤਰਾਂ ਨੂੰ ਕੀ ਦਾਤ ਦਿਤੀ ਹੋਈ ਹੈ? ਉਸਦੀ ਗਿਣਤੀ ਕਰਕੇ ਦੱਸੋ।੩੦।

**ਦਬੀਰੇ ਕਲਮ ਜ਼ਨ ਕਲਮ ਬਰ ਗਰਿਫਤ॥**
**ਜਵਾਬੇ ਸੁਖਨ ਰਾ ਅਲਮ ਬਰ ਗਰਿਫਤ॥੩੧॥**

***ਪਦ ਅਰਥ***—ਦਬੀਰੇ=ਮੁਨਸ਼ੀ। ਕਲਮ ਜ਼ਨ=ਕਲਮ ਚਲਾਉਣ ਵਾਲੇ। ਬਰ ਗਰਿਫਤ=ਫੜ ਲਈ। ਜਵਾਬੇ ਸੁਖਨ ਰਾ=ਉੱਤਰ ਦੀ ਗੱਲ। ਅਲਮ=ਝੰਡਾ। ਬਰ ਗਰਿਫਤ=ਖੜਾ ਕੀਤਾ।

***ਅਰਥ***—ਉਸ ਵੇਲੇ ਕਲਮ ਚਲਾਉਣ ਵਾਲੇ ਮੁਨਸ਼ੀ ਨੇ ਕਲਮ (ਹੱਥ ਵਿਚ) ਫੜ ਲਈ। ਉੱਤਰ ਦੀ ਗੱਲ (ਆਖਣ ਲਈ, ਉਸ ਨੇ) ਝੰਡਾ ਖੜਾ ਕੀਤਾ।੩੧।

**ਬਗੁਫ਼ਤਾ ਚਿ ਬਖ਼ਸ਼ੀਦਮ ਏਸ਼ਾਂ ਹਜ਼ਾਰ॥**
**ਬ ਕਾਗਜ ਬਬੀਂ ਤਾਂ ਜੁਬਾਨਸ਼ ਬਿਆਰ॥੩੨॥**

***ਪਦ ਅਰਥ***—ਬਗੁਫ਼ਤਾ=ਕਿਹਾ। ਚਿ=ਕੀ। ਬਖ਼ਸ਼ੀਦਮ=ਮੈਂ ਬਖ਼ਸ਼ਿਆ। ਏਸ਼ਾਂ=ਉਨ੍ਹਾਂ ਨੂੰ। ਬ ਕਾਗਜ=ਕਾਗਜ਼ ਉਤੇ। ਬਬੀਂ=ਵੇਖ। ਜੁਬਾਨਸ਼=ਜ਼ਬਾਨ ਨਾਲ ਉਸ ਨੂੰ। ਬਿਆਰ=ਲਿਆਓ।

***ਅਰਥ***—(ਰਾਜੇ ਨੇ) ਕਿਹਾ, ਮੈਂ ਉਨ੍ਹਾਂ ਨੂੰ ਕਿੰਨੇ ਹਜ਼ਾਰ ਬਖ਼ਸ਼ਿਆ ਹੈ? ਕਾਗਜ਼ ਉਤੇ ਵੇਖੋ ਤੇ ਫਿਰ ਉਸ ਨੂੰ ਜ਼ਬਾਨ ਉਤੇ ਲਿਆਓ ਭਾਵ ਪਹਿਲਾਂ ਕਾਗਜ਼ ਤੋਂ ਪੜ੍ਹ ਲਓ ਤੇ ਫਿਰ ਮੈਨੂੰ ਜ਼ਬਾਨ ਨਾਲ ਦਸੋ।੩੨।

---

* ਕਈਆਂ ਪੋਥੀਆਂ ਵਿਚ ਪਾਠ-ਚਹਾਰ ਵੀ ਹੈ।

Sri Satguru Jagjit Singh Ji eLibrary NamdhariElibrary@gmail.com

## ਬ ਕਾਗਜ਼ ਬਬੀਂ ਤਾਂ ਬਗੋਯਦ ਜ਼ੁਬਾਂ ॥
## ਕਿ ਬਖ਼ਸ਼ੀਦਹ ਸ਼ੁਦ ਬਖ਼ਸ਼ ਹਰ ਕਸ ਕਜ਼ਾਂ ॥੩੩॥

***ਪਦ ਅਰਥ***—ਬ=ਉਤੇ । ਬਬੀਂ=ਵੇਖ । ਬਗੋਯਦ=ਕਹੁ । ਬਖ਼ਸ਼ੀਦਹ ਸ਼ੁਦ=ਬਖ਼ਸ਼ਸ਼ ਹੋਈ ਹੈ, ਦਾਤ ਦਿਤੀ ਗਈ ਹੈ । ਬਖ਼ਸ਼=ਹਿੱਸਾ, ਭਾਗ । ਹਰ ਕਸ=ਹਰ ਕਿਸੇ ਨੂੰ, ਹਰ ਇਕ ਨੂੰ । ਕਜ਼ਾਂ=ਜੋ ਉਸ ਨੂੰ।

***ਅਰਥ***—ਕਾਗਜ਼ ਉਤੇ ਵੇਖੋ ਅਤੇ ਫਿਰ ਜ਼ਬਾਨ ਨਾਲ ਕਹੁ, ਕਿ ਉਨ੍ਹਾਂ ਵਿਚੋਂ ਹਰ ਇਕ ਨੂੰ ਕੀ ਕੀ ਬਖ਼ਸ਼ ਬਖ਼ਸ਼ੀ ਹੋਈ ਹੈ ।੩੩।

## ਚੁ ਬਿਸ਼ੁਨੀਦ ਸੁਖ਼ਨਿ ਅਜ਼ ਮਹੀਪਾਨਿ ਮਾਨ ॥
## ਫ਼ਰਿਸ਼ਤਾ ਸਿਫ਼ਤ ਚੂੰ ਮਲਾਇਕ ਮਕਾਨ ॥੩੪॥

***ਪਦ ਅਰਥ***—ਚੁ=ਜਦੋਂ । ਬਿਸ਼ੁਨੀਦ=ਸੁਣੀ । ਸੁਖ਼ਨਿ=ਗੱਲ । ਅਜ਼=ਸੇ । ਮਹੀਪਾਨਿ=ਰਾਜਾ । ਮਾਨ= ਮਾਨਧਾਤਾ । ਸਿਫ਼ਤ=ਉਪਮਾ, ਤਾਰੀਫ਼ । ਚੂੰ=ਵਰਗੀ । ਮਲਾਇਕ=ਦੇਵਤੇ । ਮਕਾਨ=ਪਦਵੀ।

***ਅਰਥ***—ਜਦੋਂ ਮਾਨਧਾਤਾ ਰਾਜੇ ਦੀ ਗੱਲ ਸੁਣੀ, ਜਿਸਦੀ ਦੇਵਤਿਆਂ ਵਰਗੀ ਸਿਫ਼ਤ ਤੇ ਦੇਵਤਿਆਂ ਵਰਗੀ ਪਦਵੀ ਹੈ ।੩੪।

## ਬਿਆਰੀ ਮਰਾ ਪੇਸ਼ ਬਖ਼ਸ਼ੀਦਹ ਮਨ ॥
## ਚਰਾਗ਼ੇ ਜਹਾਂ ਆਫਤਾਬੇ ਯਮਨ ॥੩੫॥

***ਪਦ ਅਰਥ***—ਬਿਆਰੀ=ਲਿਆਵੋ । ਮਰਾ ਪੇਸ਼=ਮੇਰੇ ਸਾਹਮਣੇ । ਬਖ਼ਸ਼ੀਦਹ=ਦਾਤ । ਮਨ=ਮੈਂ । ਚਰਾਗ਼ੇ=ਦੀਵੇ । ਜਹਾਂ=ਜਹਾਨ । ਆਫਤਾਬੇ=ਸੂਰਜ । ਯਮਨ=ਇਕ ਦੇਸ ਦਾ ਨਾਮ ਹੈ ।

***ਅਰਥ***—(ਜੋ ਕੁਝ) ਮੈਂ ਤੁਹਾਨੂੰ ਦਾਤ ਦਿਤੀ ਸੀ, ਮੇਰੇ ਸਾਹਮਣੇ ਲਿਆਓ । ਹੇ ਸੰਸਾਰ ਦੇ ਦੀਵਿਓ ਤੇ ਯਮਨ ਸੂਰਜੋ ।੩੫।

## ਬਗੋਯਦ ਕਿ ਮੁਰਦੰਦ ਬਾਜ਼ੇ ਮੁਹਿੰਮ ॥
## ਕਿ ਮਾ ਹਮ ਬਸਾ ਫ਼ੀਲ ਬਖ਼ਸ਼ੀਦਹ ਅਮ ॥੩੬॥

***ਪਦ ਅਰਥ***—ਬਗੋਯਦ=ਕਿਹਾ । ਮੁਰਦੰਦ=ਮਰ ਗਏ । ਬਾਜ਼ੇ=ਕਈ । ਮੁਹਿੰਮ=ਲੜਾਈ । ਮਾ ਹਮ= ਮੈਂ ਭੀ । ਬਸਾ=ਬਹੁਤ ਸਾਰੇ।

***ਅਰਥ***—ਪਹਿਲੇ ਪੁੱਤਰ ਨੇ ਕਿਹਾ, ਕਈ (ਹਾਥੀ) ਲੜਾਈ ਵਿਚ ਮਰ ਗਏ ਹਨ । ਜੋ ਬਚੇ (ਉਨ੍ਹਾਂ ਵਿਚੋਂ) ਬਹੁਤ ਸਾਰੇ ਹਾਥੀ ਮੈਂ (ਤੁਹਾਡੇ ਵਾਂਗ) ਬਖ਼ਸ਼ ਦਿਤੇ ਸਨ ।੩੬।

## ਦਿਗਰ ਰਾ ਬਿ ਪੁਰਸੀਦ ਅਸਪਸ਼ ਚਿ ਕਰਦ ॥
## ਕਿ ਬਾਜ਼ੇ ਬ ਬਖ਼ਸ਼ੀਦ ਬਾਜੇ ਬਿਮੁਰਦ ॥੩੭॥

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਦਿਗਰ ਰਾ=ਦੂਜੇ ਨੂੰ। ਪੁਰਸੀਦ=ਪੁਛਿਆ। ਅਸਪਸ਼=ਘੋੜੇ ਉਹ। ਚਿ ਕਰਦ=ਕੀ ਕੀਤੇ। ਬਾਜ਼ੇ=ਕਈ। ਬਿ ਮੁਰਦ=ਮਰ ਗਏ।

**ਅਰਥ**—ਦੂਜੇ (ਪੁੱਤਰ) ਨੂੰ ਰਾਜੇ ਨੇ ਪੁਛਿਆ, ਉਨ੍ਹਾਂ ਘੋੜਿਆਂ ਨੂੰ ਤੂੰ ਕੀ ਕੀਤਾ? (ਉਸ ਨੇ ਕਿਹਾ) ਕਈ ਤਾਂ ਮੈਂ ਬਖ਼ਸ਼ ਦਿਤੇ ਹਨ ਅਤੇ ਕਈ ਮਰ ਗਏ ਹਨ।੩੭। [ਦ: ਗ੍ਰੰ: ਪੰਨਾ ੧੩੯੬

**ਸੋਇਮ ਰਾ ਬਿਪੁਰਸੀਦ ਸ਼ੁਤਰਾਂ ਨੁਮਾ॥**
**ਕੁਜਾ ਤੋ ਬਿ ਬਖ਼ਸ਼ੀਦ ਏ ਜਾਨਿ ਮਾ॥੩੮॥**

**ਪਦ ਅਰਥ**—ਸੋਇਮ ਰਾ=ਤੀਜੇ ਨੂੰ। ਪੁਰਸੀਦ=ਪੁਛਿਆ। ਸ਼ੁਤਰਾਂ=ਊਂਠ। ਨੁਮਾ=ਵਿਖਾਓ। ਕੁਜਾ=ਕਿਥੇ? ਤੋ=ਤੈਂ। ਜਾਨਿ ਮਾ=ਮੇਰੀ ਜਾਨ।

**ਅਰਥ**—ਤੀਜੇ (ਪੁੱਤਰ) ਨੂੰ ਪੁਛਿਆ ਆਪਣੇ ਊਂਠ ਵਿਖਾਓ। ਹੇ ਮੇਰੀ ਜਾਨ! ਤੈਂ ਉਨ੍ਹਾਂ ਨੂੰ ਕਿਥੇ ਬਖ਼ਸ਼ਿਆ ਹੈ?।੩੮।

**ਬਿ ਗੁਫ਼ਤਹ ਕਿ ਬਾਜ਼ੇ ਬਕਾਰ ਆਮਦੰਦ॥**
**ਬਖ਼ਸ਼ਸ਼ ਅੰਦਰੂੰ ਬੇਸ਼ੁਮਾਰ ਆਮਦੰਦ॥੩੯॥**

**ਪਦ ਅਰਥ**—ਗੁਫ਼ਤ=ਕਿਹਾ। ਬਾਜ਼ੇ=ਕਈ। ਬਕਾਰ=ਕੰਮ ਵਿਚ। ਆਮਦੰਦ=ਆ ਗਏ। ਬੇਸ਼ੁਮਾਰ=ਅਣਗਿਣਤ ਹੀ।

**ਅਰਥ**—ਉਸ ਨੇ ਕਿਹਾ, ਕਈ ਲੜਾਈ ਵਿਚ ਕੰਮ ਆ ਗਏ ਹਨ ਭਾਵ ਜੰਗ ਵਿਚ ਮਰ ਗਏ ਹਨ ਅਤੇ ਅਣਗਿਣਤ ਹੀ (ਊਠ) ਬਖ਼ਸ਼ਸ਼ ਕਰਨ ਵਿਚ ਖ਼ਰਚ ਆ ਗਏ ਹਨ।੩੯।

**ਚਵੁਮ ਰਾ ਬਿ ਪੁਰਸ਼ੀਦ ਕਿ ਏ ਨੇਕ ਬਖਤ॥**
**ਸਜ਼ਾਵਾਰਿ ਦੇਹੀਮ ਸਾਯਾਨ ਤਖਤ॥੪੦॥**

**ਪਦ ਅਰਥ**—ਚਵੁਮ ਰਾ=ਚੌਥੇ ਨੂੰ। ਪੁਰਸ਼ੀਦ=ਪੁਛਿਆ। ਨੇਕ ਬਖਤ=ਚੰਗੇ ਭਾਗਾਂ ਵਾਲੇ। ਸਜ਼ਾਵਾਰਿ=ਲਾਇਕ, ਜੋਗ। ਦੇਹੀਮ=ਛਤ੍ਰ, ਚੌਰ। ਸਾਯਾਨ=ਜੋਗ। ਤਖਤ=ਰਾਜ ਗੱਦੀ।

**ਅਰਥ**—ਫਿਰ ਚੌਥੇ (ਪੁੱਤਰ) ਨੂੰ ਪੁਛਿਆ, ਕਿ ਹੇ ਚੰਗੇ ਭਾਗਾਂ ਵਾਲੇ! ਛਤ੍ਰ ਚੌਰ ਦੇ ਲਾਇਕ! ਅਤੇ ਰਾਜ-ਗੱਦੀ ਦੇ ਜੋਗ।੪੦।

**ਕੁਜਾ ਗਸ਼ਤ ਬਖਸ਼ਸ਼ ਤੁ ਮਾਰਾ ਫ਼ਹੀਮ॥**
**ਯਕੇ ਦਾਨਹ ਮੂੰਗੋ ਦਿਗਰ ਨੁਖ਼ਦ ਨੀਮ॥੪੧॥**

**ਪਦ ਅਰਥ**—ਕੁਜਾ=ਕਿਥੇ? ਗਸ਼ਤ=ਗਈ। ਤੁ=ਤੂੰ। ਮਾਰਾ=ਮੈਨੂੰ। ਫ਼ਹੀਮ=ਸਮਝਾ। ਨੁਖ਼ਦ=ਚਣਾ।

**ਅਰਥ**—ਮੇਰੀ ਦਾਤ ਕਿਥੇ ਗਈ? ਤੂੰ ਮੈਨੂੰ ਸਮਝਾ। ਇਕ ਦਾਣਾ ਮੂੰਗੀ ਦਾ ਅਤੇ ਦੂਜਾ ਅੱਧਾ ਦਾਣਾ ਚਣੇ ਭਾਵ ਛੋਲਿਆਂ ਦਾ ਸੀ।੪੧।

Sri Satguru Jagjit Singh Ji eLibrary NamdhariElibrary@gmail.com

**ਸ਼ਵਦ ਗਰ ਹੁਕਮ ਤਾ ਬਿਆਰੇਮ ਪੇਸ਼ ॥**
**ਹਮਹ ਫੀਲ ਅਸਪੋ ਅਜ਼ੋ ਸੁਤਰ ਬੇਸ਼ ॥੪੨॥**

***ਪਦ ਅਰਥ***—ਸ਼ਵਦ=ਹੋਵੇ। ਗਰ=ਜੇਕਰ। ਬਿਆਰੇਮ=ਲਿਆਵਾਂ ਮੈਂ। ਪੇਸ਼=ਸਾਹਮਣੇ। ਹਮਹ=ਸਾਰੇ। ਫੀਲ=ਹਾਥੀ। ਅਸਪੋ=ਘੋੜੇ। ਸ਼ੁਤਰ=ਊਠ। ਬੇਸ਼=ਬਹੁਤ ਸਾਰੇ।

***ਅਰਥ***—ਜੇਕਰ ਹੁਕਮ ਹੋਵੇ ਤਾਂ ਮੈਂ ਸਾਹਮਣੇ ਲੈ ਆਵਾਂ। ਸਾਰੇ ਹਾਥੀ, ਘੋੜੇ ਅਤੇ ਬਹੁਤ ਸਾਰੇ ਊਠ ।੪੨।

**ਨਦਰ ਕਰਦ ਫੀਲੇ ਦੋ ਦਹ ਹਜ਼ਾਰ ਮਸਤ ॥**
**ਪੁਰ ਅਜ਼ ਜ਼ਰ ਬਾਰੋ ਹਮਹ ਨੁਕਰਾ ਬਸਤ ॥੪੩॥**

***ਪਦ ਅਰਥ***—ਨਦਰ ਕਰਦ=ਨਜ਼ਰ ਕੀਤੇ, ਵਿਖਾਏ। ਫੀਲੇ=ਹਾਥੀ। ਦੋ ਦਾਹੇ=ਵੀਹ ਜਾਂ ਦਸ ਤੇ ਦੋ-ਬਾਰ੍ਹਾਂ। ਜ਼ਰ=ਸੋਨਾ। ਨੁਕਰ=ਚਾਂਦੀ। ਬਸਤ=ਮੜੇ ਹੋਏ।

***ਅਰਥ***—(ਉਸ ਨੇ) ਬਾਰ੍ਹਾਂ ਜਾਂ ਵੀਹ ਹਜ਼ਾਰ ਮਸਤ ਹਾਥੀ (ਲਿਆ ਕੇ) ਰਾਜੇ ਦੀ ਨਜ਼ਰ ਕੀਤੇ ਭਾਵ ਵਿਖਾਏ। ਜੋ ਸਾਰੇ ਹੀ ਸੋਨੇ ਦੇ ਭਾਰ ਨਾਲ ਭਰੇ ਹੋਏ ਤੇ ਚਾਂਦੀ ਨਾਲ ਮੜੇ ਹੋਏ ਸਨ ।੪੩।

**ਹਮਾਂ ਅਸਪ ਦਹ ਸੂਦ ਹਜਾਰ ਆਵਰੀਦ ॥**
**ਹਮਾਂ ਜ਼ੀਨੋ ਜ਼ਰ ਬੇਸ਼ੁਮਾਰ ਆਵਰੀਦ ॥੪੪॥**

***ਪਦ ਅਰਥ***—ਹਮਾਂ=ਉਹ ਵੀ। ਅਸਪ=ਘੋੜੇ। ਦਹ ਸੂਦ ਹਜ਼ਾਰ=ਦਸ ਸੌ ਹਜ਼ਾਰ ਭਾਵ ਦਸ ਲੱਖ। ਆਵਰੀਦ=ਲਿਆਇਆ।

***ਅਰਥ***—(ਫਿਰ) ਉਹ ਦਸ ਲੱਖ ਘੋੜੇ ਵੀ ਲਿਆਇਆ। ਉਹ ਸੋਨੇ ਦੀਆਂ ਕਾਠੀਆਂ ਵੀ ਅਣਗਿਣਤ ਹੀ ਲਿਆਇਆ ।੪੪।

**ਹਮਾਂ ਖੋਦ ਖ਼ਫਤਾਨ ੳ ਬਰਗੁਸਤਵਾਂ ॥**
**ਬਸੇ ਤੀਰ ਸ਼ਮਸ਼ੇਰ ਕੀਮਤ ਗਿਰਾਂ ॥੪੫॥**

***ਪਦ ਅਰਥ***—ਖੋਦ-ਟੋਪ। (ਲੋਹੇ ਦਾ ਟੋਪ, ਜੋ ਸਿਰ ਦੀ ਰਖਿਆ ਲਈ ਪਾਇਆ ਜਾਂਦਾ ਹੈ।) ਖ਼ਫਤਾਨ=ਸੁਨਹਿਰੀ ਸੰਜੋਆਂ। ਬਰ=ਚੰਗੇ। ਗੁਸਤਵਾਂ=ਸੁਨਹਿਰੀ ਝੂਲ। ਗਿਰਾਂ=ਬਹੁਤ।

***ਅਰਥ***—ਉਹ ਲੋਹੇ ਦੇ ਟੋਪ, ਸੁਨਹਿਰੀ ਸੰਜੋਆਂ ਅਤੇ ਬਹੁਤ ਚੰਗੀਆਂ ਸੁਨਹਿਰੀ ਝੂਲਾਂ, ਬਹੁਤ ਸਾਰੇ ਤੀਰ ਅਤੇ ਬਹੁਤ ਭਾਰੇ ਮੁਲ ਦੀਆਂ ਤਲਵਾਰਾਂ ਲਿਆਇਆ ।੪੫।

**ਬਸੇ ਸ਼ੁਤਰ ਬਗਦਾਦ ਜ਼ਰ ਬਫ਼ਤ ਬਾਰ ॥**
**ਜ਼ਰੋ ਜਾਮਹ ਹਮ ਆਸਤੀਂ ਬੇਸ਼ੁਮਾਰ ॥੪੬॥**

**ਪਦ ਅਰਥ**—ਬਸੇ=ਬਹੁਤ । ਸ਼ੁਤਰ=ਊਠ । ਬਗਦਾਦ=ਇਕ ਸ਼ਹਿਰ ਦਾ ਨਾਮ ਹੈ, ਜਿਥੋਂ ਦੇ ਊਠ ਮਸ਼ਹੂਰ ਹਨ । ਜ਼ਰ ਬਫ਼ਤ=ਜ਼ਰੀ ਦੇ ਕਪੜੇ, ਖੀਨ ਖਾਬ ਵਗੈਰਾ । ਬਾਰ=ਭਾਰ । ਜ਼ਰੋ=ਸੋਨਾ । ਜਾਮਹ-ਬਸਤ੍ਰ, ਕਪੜੇ । ਹਮ=ਭੀ । ਆਸਤੀਂ=ਬਾਹਵਾਂ, ਕੁੜਤੀਆਂ । ਬੇਸ਼ੁਮਾਰ=ਬੇਅੰਤ।

**ਅਰਥ**—ਬਗਦਾਦ ਦੇ ਬਹੁਤ ਸਾਰੇ ਊਠ, ਜੋ ਜ਼ਰੀ ਦੇ ਕਪੜਿਆਂ ਦੇ ਭਾਰ ਨਾਲ ਲਦੇ ਹੋਏ ਸਨ। ਸੋਨਾ ਕਪੜੇ ਤੇ ਕੁੜਤੀਆਂ ਵੀ ਬੇਅੰਤ (ਲੈ ਕੇ ਆਇਆ) ।੪੬।

**ਕਿ ਦਹ ਨੀਲ ਦਹ ਪਦਮ ਦੀਨਾਰ ਜ਼ਰਦ ॥**
**ਕਜ਼ੋ ਦੀਦਹ ਸ਼ੁਦ ਦੀਦਹ ਏ ਦੋਸਤ ਸਰਦ ॥੪੭॥**

**ਪਦ ਅਰਥ**—ਕਿ=ਜੋ । ਦਹ=ਦਸ । ਨੀਲ=ਸੌ ਕਰੋੜ ਦਾ ਅਰਬ, ਸੌ ਅਰਬ ਦਾ ਖਰਬ ਤੇ ਸੌ ਖਰਬ ਦਾ ਇਕ 'ਨੀਲ' ਹੁੰਦਾ ਹੈ । ਪਦਮ=ਸੌ ਨੀਲ ਦਾ ਇਕ ਪਦਮ ਹੁੰਦਾ ਹੈ । ਦੀਨਾਰ=ਮੋਹਰਾਂ।

**ਅਰਥ**—ਜੋ ਦਸ ਨੀਲ ਤੇ ਦਸ ਪਦਮ ਪੀਲੇ ਰੰਗ ਦੀਆਂ ਭਾਵ ਚੰਗੀਆਂ ਮੋਹਰਾਂ ਜਿਨ੍ਹਾਂ ਨੂੰ ਵੇਖ ਕੇ ਸਜਣਾਂ-ਮਿਤ੍ਰਾਂ ਦੀਆਂ ਅੱਖਾਂ ਸੀਤਲ ਭਾਵ ਠੰਢੀਆਂ ਹੁੰਦੀਆਂ ਹਨ ।੪੭।

**ਕਿ ਯਕ ਮੂੰਗ ਯਕ ਸ਼ਹਰ ਜ਼ੂ ਕਾਮ ਸ਼ੁਦ ॥**
**ਕਿ ਮੂੰਗੀ ਪਟਨ ਸ਼ਹਰ ਓ ਨਾਮ ਸ਼ੁਦ ॥੪੮॥**

**ਪਦ ਅਰਥ**—ਯਕ=ਇਕ । ਜ਼ੂ=ਉਸ ਤੋਂ । ਕਾਮ=ਇੱਛਾ । ਓ=ਉਸ ਤੋਂ । ਸ਼ੁਦ=ਹੋਇਆ ।

**ਅਰਥ**—ਜੋ ਇਕ ਮੂੰਗੀ ਦੇ ਦਾਣੇ ਤੋਂ ਇੱਛਾ ਅਨੁਸਾਰ ਇਕ ਸ਼ਹਿਰ ਤਿਆਰ ਹੋਇਆ, ਉਸ ਸ਼ਹਿਰ ਦਾ ਨਾਮ 'ਮੂੰਗੀ ਪਟਨ' (ਪ੍ਰਸਿੱਧ) ਹੋਇਆ ਹੈ ।੪੮।

**ਕਿ ਨੀਮੇ ਨੁਖੁਦ ਰਾ ਦਿਗਰ ਸ਼ਹਰ ਬਸਤ ॥**
**ਕਿ ਨਾਮੇ ਅਜ਼ੋ ਸ਼ਹਰ ਦਿਹਲੀ ਸ਼ੁਦ ਅਸਤ ॥੪੯॥**

**ਪਦ ਅਰਥ**—ਕਿ=ਜੋ । ਨੀਮੇ=ਅੱਧਾ । ਨੁਖੁਦ=ਛੋਲੇ । ਦਿਗਰ=ਦੂਜਾ । ਰਾ=ਦਾ । ਬਸਤ=ਬੰਨ੍ਹਿਆ। ਸ਼ੁਦ=ਹੋਇਆ।

**ਅਰਥ**—ਜੋ ਅੱਧਾ ਛੋਲਿਆਂ ਦਾ ਦਾਣਾ ਸੀ, ਉਸ ਤੋਂ ਦੂਜਾ ਸ਼ਹਿਰ ਬੰਨ੍ਹਿਆ, ਅਤੇ ਉਸ ਦਾ ਨਾਮ ਰਾਜੇ ਦਲੀਪ ਦੇ ਵਸਾਉਣ ਕਰਕੇ 'ਦਿੱਲੀ' ਸ਼ਹਿਰ (ਪ੍ਰਸਿੱਧ) ਹੋਇਆ ਹੈ ।੪੯।

**ਖੁਸ਼ ਆਮਦ ਬ ਤਦਬੀਰ ਮਾਨੋ ਮਹੀਪ ॥**
**ਖਿਤਾਬਸ਼ ਬਦੋ ਦਾਦ ਰਾਜਹ ਦਲੀਪ ॥੫੦॥**

**ਪਦ ਅਰਥ**—ਆਮਦ=ਆਇਆ । ਤਦਬੀਰ=ਜੁਗਤੀ । ਮਾਨੋ=ਮਾਨਧਾਤਾ । ਖਿਤਾਬ=ਇਜ਼ਤ । ਸ਼=ਉਸ। ਬਦੋ=ਉਸ ਨੂੰ । ਦਾਦ=ਦਿਤਾ । ਰਾਜਹ ਦਲੀਪ=ਦਿਲ ਦਾ ਪਤੀ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਮਾਨਧਾਤਾ ਰਾਜਾ ਨੂੰ ਪੁਤ੍ਰ ਦੀਂ ਜੁਗਤੀ ਚੰਗੀ ਲਗੀ, ਉਸ ਤੇ ਖ਼ੁਸ਼ ਹੋ ਆਇਆ ਤੇ ਉਸਨੂੰ 'ਰਾਜਾ ਦਲੀਪ' ਦਾ ਖ਼ਤਾਬ ਦੇ ਦਿਤਾ ਅਰਥਾਤ ਉਸ ਦਿਨ ਤੋਂ ਉਸਦਾ ਨਾਮ ਰਾਜਾ ਦਲੀਪ ਧਰ ਦਿਤਾ।੫੦।

**ਕਿ ਪੈਦਾ ਅਜ਼ੋ ਮਰਦ ਸ਼ਾਹਨ ਸ਼ਹੀ ॥**
**ਸਜ਼ਾਵਰ ਤਖਤ ਅਸਤ ਤਾਜ਼ੋ ਮਹੀ ॥੫੧॥**

**ਪਦ ਅਰਥ**—ਪੈਦਾ-ਪ੍ਰਗਟ । ਮਰਦ=ਪ੍ਰਤਾਪ । ਸ਼ਾਹਨਸ਼ਹੀ=ਸ਼ਹਿਨਸ਼ਾਹੀ । ਸਜ਼ਾਵਰ=ਯੋਗ, ਲਾਇਕ। ਤਾਜ਼ੋ=ਮੁਕਟ, ਛਤ੍ਰ । ਮਹੀ=ਧਰਤੀ।

**ਅਰਥ**—ਜੋ ਉਸ ਤੋਂ ਸ਼ਹਿਨਸ਼ਾਹੀ ਦਾ ਪ੍ਰਤਾਪ ਪ੍ਰਗਟ ਹੋਇਆ ਸੀ । (ਉਸ ਕਰਕੇ ਉਹ) ਧਰਤੀ ਉਤੇ ਤਖ਼ਤ ਤੇ ਛਤਰ ਦੇ ਯੋਗ ਹੋ ਗਿਆ ਸੀ।੫੧।

**ਬ-ਜ਼ੇਬਦ ਅਜ਼ੋ ਮਰਦ ਤਾਜ਼ੋ ਨਗੀਂ ॥**
**ਬਰਾਂ ਅਕਲੋ ਤਦਬੀਰ ਹਜ਼ਾਰ ਆਫਰੀਂ ॥੫੨॥**

**ਪਦ ਅਰਥ**—ਬ=ਨਾਲ । ਜ਼ੇਬਦ=ਸੋਭਦਾ ਹੈ । ਅਜ਼ੋ=ਇਸ । ਤਾਜ਼ੋ=ਛਤ੍ਰ, ਚੌਰ । ਨਗੀਂ=ਨਗੀਨਾ, ਮੋਹਰ । ਤਦਬੀਰ=ਜੁਗਤੀ । ਆਫਰੀਂ=ਆਫਰੀਨ, ਕੁਰਬਾਨ, ਸਦਕੇ।

**ਅਰਥ**—ਉਸ ਮਰਦ ਨੂੰ ਜੜਾਊ ਛਤ੍ਰ, ਚੌਰ ਤੇ ਮੋਹਰ ਸੋਭਦੀ ਹੈ, ਉਸ ਦੀ ਅਕਲ ਤੇ ਜੁਗਤੀ ਤੋਂ ਹਜ਼ਾਰ ਵੇਰੀ ਸਦਕੇ ਹੁੰਦੇ ਹਾਂ ।੫੨।

**ਸਿ ਓ ਹਸਤ ਬੇਅਕਲ ਆਲੂਦਹ ਮ.ਗਜ਼ ॥**
**ਨ ਗੁਫ਼ਤਾਰ ਖੁਸ਼ਤਰ ਨ ਰਫ਼ਤਾਰ ਨ.ਗਜ਼ ॥੫੩॥**

**ਪਦ ਅਰਥ**—ਸਿ ਓ=ਤਿੰਨ ਹੀ । ਹਸਤ=ਹੈਗੇ ਹਨ । ਬੇਅਕਲ=ਮੂਰਖ, ਅਕਲ ਤੋਂ ਹੀਣੇ । ਆਲੂਦਹ=ਗੰਦੇ । ਮਗਜ਼=ਦਿਮਾਗ । ਗੁਫ਼ਤਾਰ=ਬੋਲੀ । ਖੁਸ਼ਤਰ=ਚੰਗੀ ਸੁੰਦਰ । ਰਫ਼ਤਾਰ=ਚਾਲ, ਤੋਰ। ਨ.ਗਜ਼=ਪਿਆਰੀ ।

**ਅਰਥ**—ਉਹ ਤਿੰਨੇ (ਪੁੱਤਰ) ਹੀ ਮੂਰਖ ਤੇ ਗੰਦੇ ਦਿਮਾਗ ਵਾਲੇ ਹੈਗੇ ਹਨ। ਉਨ੍ਹਾਂ ਦੀ ਨਾ ਬੋਲੀ ਚੰਗੀ ਤੇ ਨਾ ਹੀ ਤੋਰ ਪਿਆਰੀ ਹੈ ।੫੩।

**ਹਮੀ ਖ਼੍ਵਾਸਤ ਕਿ ਓਰਾ ਬਸ਼ਾਹੀ ਦਿਹਮ ॥**
**ਕਿ ਦੌਲਤ ਖੁਦਸ਼ ਰਾ ਆਗਾਹੀ ਦਿਹਮ ॥੫੪॥**

**ਪਦ ਅਰਥ**—ਹਮੀਂ=ਇਸ ਨੇ ਭੀ। ਖ਼੍ਵਾਸਤ=ਚਾਹਿਆ, ਇੱਛਾ ਕੀਤੀ ਹੈ। ਓਰਾ=ਉਸ ਨੂੰ। ਦਿਹਮ= ਮੈਂ ਦੇਵਾਂ । ਖੁਦਸ਼=ਆਪਣੀ । ਰਾ=ਦੀ । ਆਗਾਹੀ=ਪਤਾ।

**ਅਰਥ**—ਇਸ ਨੇ ਵੀ ਇੱਛਾ ਕੀਤੀ ਜੋ ਮੈਂ ਉਸ ਨੂੰ ਪਾਤਸ਼ਾਹੀ ਦੇ ਦੇਵਾਂ ਅਤੇ ਆਪਣੀ ਦੌਲਤ ਦਾ ਵੀ ਇਸ ਨੂੰ ਪਤਾ ਦੇ ਦੇਵਾਂ।੫੪।

**ਬਜ਼ੇਬਦ ਬਰ ਔਰੰਗਿ ਸ਼ਾਹਨ ਸ਼ਹੀ ॥**
**ਕਿ ਸ੍ਵਾਹਿਬ ਸ਼ਊਰ ਅਸਤ ਵ ਮਾਲਿਕ ਮਹੀ ॥੫੫॥**

*ਪਦ ਅਰਥ*—ਬਜ਼ੇਬਦ=ਸੋਭਾ ਦੇਂਦਾ ਹੈ। ਬਰ=ਉਪਰ। ਔਰੰਗਿ=ਰਾਜ-ਗੱਦੀ। ਸ੍ਵਾਹਿਬ=ਸਾਹਿਬ, ਮਾਲਕ। ਸ਼ਊਰ=ਬੁਧੀਵਾਨ। ਮਹੀ=ਧਰਤੀ।

*ਅਰਥ*—ਰਾਜਾ (ਦਲੀਪ) ਬਾਦਸ਼ਾਹੀ ਗੱਦੀ ਉਤੇ ਸੋਭਾ ਦੇਂਦਾ ਹੈ। ਜੋ ਬੁਧੀਵਾਨਾਂ ਦਾ ਮਾਲਕ ਹੈ ਅਤੇ ਧਰਤੀ ਦਾ ਮਾਲਕ ਵੀ ਹੈ ।੫੫।

**ਖ਼ਿਤਾਬਸ਼ ਅਜ਼ੋ ਗਸ਼ਤ ਰਾਜਹ ਦਲੀਪ ॥**
**ਖ਼ਿਲਾਫ਼ਤ ਬਬਖ਼ਸ਼ੀਦ ਮਾਨੋ ਮਹੀਪ ॥੫੬॥**

*ਪਦ ਅਰਥ*—ਖ਼ਿਤਾਬਸ਼=ਮਰਾਤਬਾ, ਰੁਤਬਾ। ਸ਼=ਉਸ ਦਾ। ਅਜ਼ੋ=ਸੇ, ਤੋਂ। ਗਸ਼ਤ=ਹੋ ਗਿਆ। ਖ਼ਿਲਾਫ਼ਤ=ਬਾਦਸ਼ਾਹੀ। ਮਾਨੋ=ਮਾਨਧਾਤਾ।

*ਅਰਥ*—ਉਸ ਤੋਂ 'ਰਾਜਾ ਦਲੀਪ' ਉਸ ਦਾ ਰੁਤਬਾ ਹੋ ਗਿਆ ਹੈ। ਰਾਜਾ ਮਾਨਧਾਤਾ ਨੇ ਬਾਦਸ਼ਾਹੀ ਉਸ ਨੂੰ ਬਖ਼ਸ਼ ਦਿਤੀ ।੫੬।

**ਸਿ ਪਿਸਰਾਂ ਦਿਗਰ ਸ਼ਾਹਿ ਆਜ਼ਾਦ ਕਰਦ ॥**
**ਨ ਦਾਨਸ਼ ਪ੍ਰਸਤੋ ਨ ਆਜ਼ਾਦ ਮਰਦ ॥੫੭॥**

*ਪਦ ਅਰਥ*—ਸਿ=ਤਿੰਨ। ਪਿਸਰਾਂ=ਪੁੱਤਰਾਂ, ਲੜਕਿਆਂ ਨੂੰ। ਸ਼ਾਹ=ਰਾਜੇ। ਅਜ਼ਾਦ ਕਰਦ=ਦੇਸ਼ ਵਿਚੋਂ ਕਢ ਦਿਤਾ। ਦਾਨਸ਼ ਪ੍ਰਸਤੋ=ਉਹ ਬੁਧੀਵਾਨ।

*ਅਰਥ*—ਦੂਸਰੇ ਤਿੰਨਾਂ ਲੜਕਿਆਂ ਨੂੰ ਰਾਜੇ ਨੇ ਦੇਸ ਵਿਚੋਂ ਕੱਢ ਦਿਤਾ। (ਕਿਉਂਕਿ) ਨਾ ਉਹ ਬੁਧੀਵਾਨ ਸਨ ਤੇ ਨਾ ਹੀ ਵਿਕਾਰਾਂ ਤੋਂ ਸੁਤੰਤਰ ਮਨੁੱਖ ਸਨ ।੫੭।

**ਕਿ ਓਰਾ ਬਰ ਓ ਜ਼ਰ ਸਿੰਘਾਸਨ ਨਿਸ਼ਾਦ ॥**
**ਕਲੀਦੇ ਕੁਹਨ ਗੰਜ ਰਾ ਬਰ ਕੁਸ਼ਾਦ ॥੫੮॥**

*ਪਦ ਅਰਥ*—ਓਰਾ=ਉਸ ਨੂੰ। ਬਰ=ਉਤੇ। ਜ਼ਰ ਸਿੰਘਾਸਨ=ਸੋਨੇ ਦੇ ਤਖ਼ਤ। ਨਿਸ਼ਾਦ=ਬੈਠਾ ਦਿਤਾ। ਕਲੀਦੇ=ਕੁੰਜੀ। ਕੁਹਨ=ਪੁਰਾਣੇ। ਗੰਜ=ਖ਼ਜ਼ਾਨਾ। ਰਾ=ਨੂੰ। ਕੁਸ਼ਾਦ=ਖੋਲ੍ਹ ਦਿਤਾ।

*ਅਰਥ*—ਉਸ (ਦਲੀਪ) ਨੂੰ ਸੋਨੇ ਦੇ ਤਖ਼ਤ ਉਤੇ ਬੈਠਾ ਦਿਤਾ। ਕੁੰਜੀ ਨਾਲ ਪੁਰਾਣੇ ਖ਼ਜ਼ਾਨੇ ਨੂੰ ਖੋਲ੍ਹ ਦਿਤਾ ।੫੮।

**ਬਦੋ ਦਾਦ ਸ਼ਾਹੀ ਖ਼ੁਦ ਆਜ਼ਾਦ ਗਸ਼ਤ ॥**
**ਬਿਪੋਸ਼ੀਦ ਦਲਕੋ ਰਵਾਂ ਸ਼ੁਦ ਬਦਸ਼ਤ ॥੫੯॥**

*ਪਦ ਅਰਥ*—ਬਦੋ=ਉਸ ਨੂੰ। ਦਾਦ=ਦਿਤੀ। ਸ਼ਾਹੀ=ਪਾਤਸ਼ਾਹੀ। ਖ਼ੁਦ=ਆਪ। ਆਜ਼ਾਦ ਗਸ਼ਤ=

Sri Satguru Jagjit Singh Ji eLibrary NamdhariElibrary@gmail.com

ਆਜ਼ਾਦ ਹੋ ਗਿਆ। ਬਿਪੋਸ਼ੀਦ=ਪਾ ਲਈ। ਦਲਕੋ=ਫ਼ਕੀਰਾਂ ਦੀ ਗੋਦੜੀ। ਰਵਾਂ ਸ਼ੁਦ=ਤੁਰਦਾ ਹੋਇਆ। ਬਦਸ਼ਤ=ਉਜਾੜ ਨੂੰ, ਜੰਗਲ ਨੂੰ।

**ਅਰਥ**—ਉਸ ਨੂੰ ਪਾਤਸ਼ਾਹੀ ਦੇ ਦਿਤੀ ਅਤੇ ਆਪ ਆਜ਼ਾਦ ਹੋ ਗਿਆ। ਫ਼ਕੀਰਾਂ ਵਾਲੀ ਗੋਦੜੀ ਪਾ ਲਈ ਅਤੇ ਜੰਗਲ ਨੂੰ ਤੁਰਦਾ ਹੋਇਆ।੫੯।

**ਬਿਦੇਹ ਸਾਕੀਆ ਸਾਗਰੇ ਸਬਜ਼ ਰੰਗ॥**
**ਕਿ ਮਾਰਾ ਬਕਾਰ ਅਸਤ ਦਰ ਵਕਤਿ ਜੰਗ॥੬੦॥**

**ਪਦ ਅਰਥ**—ਬਿਦੇਹ=ਦਿਓ। ਸਾਕੀਆ=ਹੇ ਸਤਿਗੁਰੋ! ਸਾਗਰੇ=ਪਿਆਲਾ। ਏ=ਦਾ। ਸਬਜ਼ ਰੰਗ=ਹਰਾ ਰੰਗ ਭਾਵ ਨਾਮ ਦਾ। ਬਕਾਰ=ਲੋੜੀਦਾ। ਦਰ=ਵਿਚ। ਵਕਤਿ=ਵੇਲੇ। ਜੰਗ=ਯੁੱਧ।

**ਅਰਥ**—ਹੇ ਸਤਿਗੁਰੋ! ਮੈਨੂੰ ਹਰੇ ਰੰਗ ਭਾਵ ਪ੍ਰਮੇਸ਼ਰ ਦੇ ਨਾਮ ਦਾ ਪਿਆਲਾ ਦਿਓ। ਜੋ ਮੈਨੂੰ ਜੰਗ ਵਿਚ ਲੋੜੀਦਾ ਹੈ।੬੦। [ਦ: ਗ੍ਰੰ: ਪੰਨਾ ੧੩੯੭

**ਬ ਮਨ ਦੇਹ ਕਿ ਬਖ਼ਤ ਆਜ਼ਮਾਈ ਕੁਨਮ॥**
**ਜ਼ਿ ਤੇਗੇ ਖੁਦਸ਼ ਕਾਰਵਾਈ ਕੁਨਮ॥੬੧॥੨॥**

**ਪਦ ਅਰਥ**—ਬ ਮਨ=ਮੈਨੂੰ। ਬਖ਼ਤ=ਭਾਗ, ਕਿਸਮਤ। ਆਜ਼ਮਾਈ=ਪ੍ਰੀਖਿਆ। ਕੁਨਮ=ਮੈਂ ਕਰਾਂ। ਤੇਗੇ=ਤਲਵਾਰ ਨਾਲ। ਖੁਦਸ਼=ਆਪਣੀ।

**ਅਰਥ**—(ਪ੍ਰਮੇਸ਼ਰ ਦੇ ਨਾਮ ਦਾ ਪਿਆਲਾ) ਮੈਨੂੰ ਦੇਹ, ਜੋ ਮੈਂ ਆਪਣੀ ਕਿਸਮਤ ਦੀ ਪ੍ਰੀਖਿਆ ਕਰਾਂ (ਅਤੇ) ਆਪਣੀ ਤਲਵਾਰ ਦਾ ਕੰਮ ਸ਼ੁਰੂ ਕਰਾਂ।੬੧।੨।

ਦੂਸਰੀ ਹਿਕਾਯਤ (ਕਹਾਣੀ) ਸੰਪੂਰਣ ਹੋਈ।

# ਹਿਕਾਯਤ ਤੀਸਰੀ

**ਵਾਹਿਗੁਰੂ ਜੀ ਕੀ ਫਤਹ॥**

**ਖ਼ੁਦਾਵੰਦ ਦਾਨਿਸ਼ ਦਿਹੋ ਦਾਦ ਗਰ॥**
**ਰਜ਼ਾ ਬਖ਼ਸ਼ ਰੋਜ਼ੀ ਦਿਹੋ ਹਰ ਹੁਨਰ॥੧॥**

**ਪਦ ਅਰਥ**—ਖ਼ੁਦਾਵੰਦ-ਪ੍ਰਮਾਤਮਾ, ਵਾਹਿਗੁਰੂ। ਦਾਨਿਸ਼ ਦਿਹ=ਸਮਝ ਦੇਣ ਵਾਲਾ। ਦਾਦਗਰ=ਨਿਆਂ ਕਰਨ ਵਾਲਾ। ਰਜ਼ਾ=ਅਨੰਦ, ਖ਼ੁਸ਼ੀ। ਰੋਜ਼ੀ=ਖ਼ੁਰਾਕ, ਅੰਨ। ਹਰ=ਸਾਰੀਆਂ। ਹੁਨਰ= ਵਿਦਿਆ।

**ਅਰਥ**—ਪ੍ਰਮਾਤਮਾ ਸਮਝ ਦੇਣ ਵਾਲਾ ਤੇ ਨਿਆਂ ਦੇਣ ਵਾਲਾ ਹੈ। ਖ਼ੁਸ਼ੀ ਬਖ਼ਸ਼ਨ ਵਾਲਾ, ਅੰਨ ਅਤੇ ਸਾਰੀਆਂ ਵਿਦਿਆਂ ਦਾ ਦਾਤਾ ਹੈ।੧।

Sri Satguru Jagjit Singh Ji eLibrary NamdhariElibrary@gmail.com

**ਅਮਾਂ ਬਖਸ਼ ਬਖਸ਼ਿੰਦਹ ਓ ਦਸਤਗੀਰ ॥**
**ਕੁਸ਼ਾਇਸ਼ ਕੁਨੋ ਰਹਿਨੁਮਾਇਸ਼ ਪਜ਼ੀਰ ॥੨॥**

***ਪਦ ਅਰਥ***—ਅਮਾਂ=ਸੁਖ। ਬਖਸ਼ਿੰਦਹ=ਉਦਾਰ, ਸਖੀ। ਦਸਤਗੀਰ=ਹੱਥ ਫੜਨ ਵਾਲਾ। ਕੁਸ਼ਾਇਸ਼ ਕੁਸ਼=ਬੰਧਨਾਂ ਨੂੰ ਨਾਸ ਕਰਨ ਵਾਲਾ। ਰਹਿਨੁਮਾਇਸ਼=ਰਾਹ ਵਿਖਾਉਣ ਵਾਲਾ। ਪਜ਼ੀਰ=ਮਨ ਭਾਉਂਦਾ।

***ਅਰਥ***—ਉਹ ਪ੍ਰਮਾਤਮਾ ਸੁਖ ਬਖ਼ਸ਼ਨ ਵਾਲਾ ਹੈ, ਉਦਾਰ ਹੈ, ਸਹਾਇਤਾ ਕਰਨ ਵਾਲਾ ਹੈ। ਬੰਧਨਾਂ ਨੂੰ ਨਾਸ ਕਰਨ ਵਾਲਾ ਹੈ, ਰਾਹ ਵਿਖਾਉਣ ਵਾਲਾ ਹੈ ਤੇ ਮਨ ਭਾਉਣ ਵਾਲਾ ਹੈ ।੨।

**ਹਿਕਾਯਤ ਸ਼ੁਨੀਦਮ ਯਕੇ ਨੇਕ ਮਰਦ ॥**
**ਕਿ ਅਜ਼ ਦੌਰਿ ਦੁਸ਼ਮਨ ਬਰ ਆਵੁਰਦ ਗਰਦ ॥੩॥**

***ਪਦ ਅਰਥ***—ਹਿਕਾਯਤ=ਕਥਾ, ਕਹਾਣੀ। ਸ਼ੁਨੀਦਮ=ਮੈਂ ਸੁਣੀ ਹੈ। ਯਕੇ=ਇਕ। ਨੇਕ=ਚੰਗੇ। ਦੌਰਿ=ਹੋਂਦ, ਹਸਤੀ। ਬਰ=ਉਪਰ। ਆਵੁਰਦ=ਲੈ ਆਂਦੀ। ਗਰਦ=ਖ਼ਾਕ।

***ਅਰਥ***—ਹੇ ਔਰੰਗਜ਼ੇਬ! ਅਸਾਂ ਇਕ ਭਲੇ ਆਦਮੀ ਦੀ ਕਹਾਣੀ ਸੁਣੀ ਹੈ। ਜੋ ਸਮੇਂ ਦੇ ਵੈਰੀ ਉਪਰ ਮਿੱਟੀ ਲੈ ਆਉਂਦਾ ਸੀ ਅਰਥਾਤ ਜਿਸ ਨੇ ਵੈਰੀ ਨੂੰ ਮਾਰ ਕੇ ਖ਼ਾਕ ਨਾਲ ਮਿਲਾ ਦਿਤਾ ਸੀ ।੩।

**ਖਸ਼ਮ ਅਫ਼ਗਨੋ ਸ਼ਾਹਿ ਚੀਂ ਦਿਲ ਫਿਰਾਜ਼ ॥**
**ਗ਼ਰੀਬੁਲ ਨਿਵਾਜ਼ੋ ਗ਼ਨੀਮੁਲ ਗੁਦਾਜ਼ ॥੪॥**

***ਪਦ ਅਰਥ***—ਖਸ਼ਮ=ਵੈਰੀ। ਅਫ਼ਗਨ=ਪਛਾਣ ਵਾਲਾ। ਸ਼ਾਹਿ=ਪਾਤਸ਼ਾਹ। ਚੀਂ=ਚੀਨ। ਫਿਰਾਜ਼= ਉਦਾਰ। ਗ਼ਰੀਬੁਲ=ਗ਼ਰੀਬ। ਨਿਵਾਜ਼ੋ=ਵਡਿਆਉਣ। ਗ਼ਨੀਮੁਲ=ਹੰਕਾਰੀਆਂ ਨੂੰ। ਗੁਦਾਜ਼=ਗਾਲਣ ਵਾਲਾ।

***ਅਰਥ***—(ਉਹ) ਚੀਨ ਦਾ ਪਾਤਸ਼ਾਹ ਵੈਰੀ ਦੀ ਪਛਾਣ ਕਰਨ ਵਾਲਾ ਤੇ ਦਿਲ ਦਾ ਬੜਾ ਉਦਾਰ ਸੀ। ਗ਼ਰੀਬਾਂ ਨੂੰ ਵਡਿਆਉਣ ਵਾਲਾ ਤੇ ਹੰਕਾਰੀਆਂ ਨੂੰ ਗਾਲਣ ਵਾਲਾ ਸੀ ।੪।

**ਜ਼ਿ ਰਜ਼ਮੋ ਬ ਬਜ਼ਮ ਓ ਹਮਹ ਬੰਦੁਬਸਤ ॥**
**ਕਿ ਬਿਸੀਆਰ ਤੇਗਸਤ ਹੁਸ਼ਿਆਰ ਦਸਤ ॥੫॥**

***ਪਦ ਅਰਥ***—ਬ=ਵਿਚ। ਰਜ਼ਮ=ਜੁੱਧ। ਬ ਬਜ਼ਮ=ਸਭਾ ਵਿਚ। ਹਮਹ=ਸਾਰੇ। ਬੰਦੁਬਸਤ=ਪ੍ਰਬੰਧ। ਬਿਸੀਆਰ=ਬਹੁਤ ਹੀ। ਤੇਗਸਤ=ਤਲਵਾਰ ਹੈ। ਦਸਤ=ਹੱਥ।

***ਅਰਥ***—ਉਹ ਜੁੱਧ ਵਿਚ ਤੇ ਸਭਾ ਵਿਚ ਦੇ ਸਾਰੇ ਪ੍ਰਬੰਧ ਕਰਨ ਵਾਲਾ ਸੀ। ਤਲਵਾਰ ਚਲਾਉਣ ਵਿਚ ਬਹੁਤ ਫੁਰਤੀਲੇ ਹੱਥਾਂ ਵਾਲਾ ਸੀ ।੫।

Sri Satguru Jagjit Singh Ji eLibrary NamdhariElibrary@gmail.com

**ਨਿਵਾਲਹਿ ਪਿਆਲਹਿ ਜਿ ਰਜ਼ਮੋ ਬ ਬਜ਼ਮ ॥**
**ਤੁ ਗੁਫ਼ਤੀ ਕਿ ਦਿਗਰ ਯਲੇ ਸ਼ੁਦ ਬ ਬਜ਼ਮ ॥੬॥**

***ਪਦ ਅਰਥ***—ਨਿਵਾਲਹਿ=ਲੁਕਮਾ ਭਾਵ ਖਾਣਾ। ਪਿਆਲਹਿ=ਸ਼ਰਾਬ ਦਾ ਕਪ। ਰਜ਼ਮੋ=ਜੁੱਧ ਅਤੇ। ਬ ਬਜ਼ਮ=ਸਭਾ ਵਿਚ। ਗੁਫ਼ਤੀ=ਕਹੇਂ। ਦਿਗਰ=ਦੂਸਰਾ। ਯਲੇ=ਮੱਲ, ਪਹਿਲਵਾਨ। ਸ਼ੁਦ=ਹੋਇਆ।

***ਅਰਥ***—ਖਾਣ ਪੀਣ ਵਲੋਂ, ਜੁੱਧ ਤੇ ਸਭਾ ਵਿਚ (ਕਿਸੇ ਗਲੋਂ ਘੱਟ ਨਹੀਂ ਸੀ)। ਹੇ ਔਰੰਗਜ਼ੇਬ! ਤੂੰ ਕਹੇਂਗਾ ਕਿ ਸਭਾ ਵਿਚ ਦੂਸਰਾ ਕਿਹੜਾ ਪਹਿਲਵਾਨ ਹੋਇਆ ਹੈ।੬।

**ਜ਼ਿ ਤੀਰੋ ਤੁਫ਼ੰਗ ਹਮ ਚੁ ਆਮੋਖਤਹ ਸ਼ੁਦ ॥**
**ਤੁ ਗੋਈ ਕਿ ਦਰ ਸ਼ਿਕਮ ਅੰਦੋਖਤਹ ਸ਼ੁਦ ॥੭॥**

***ਪਦ ਅਰਥ***—ਹਮ ਚੁ=ਅਜੇਹਾ। ਆਮੋਖਤਹ=ਸਿਖਿਆ ਹੋਇਆ ਸੀ। ਗੋਈ=ਕਹੇਂਗਾ। ਸ਼ਿਕਮ=ਮਾਂ ਦੇ ਪੇਟ। ਅੰਦੋਖਤਹ=ਇਕੱਠਾ ਕੀਤਾ ਗਿਆ ਭਾਵ ਸਿਖ ਕੇ ਆਇਆ ਸੀ।

***ਅਰਥ***—ਜੋ ਤੀਰ ਤੇ ਬੰਦੂਕ ਵਲੋਂ ਅਜਿਹਾ ਸਿਖਿਆ ਹੋਇਆ ਸੀ। ਹੇ ਔਰੰਗਜ਼ੇਬ! ਤੂੰ ਕਹੇਂਗਾ ਜੋ ਮਾਂ ਦੇ ਪੇਟ ਵਿਚੋਂ ਸਿਖ ਕੇ ਆਇਆ ਹੈ।੭।

**ਚੋ ਮਾਲਿਸ਼ ਗਿਰਾਨਸ਼ ਮਤ੍ਰਆਸ਼ ਅਜ਼ੀਮ ॥**
**ਕਿ ਮੁਲਕਸ਼ ਬਸੇ ਹਸਤ ਬਖਸ਼ਸ਼ ਕਰੀਮ ॥੮॥**

***ਪਦ ਅਰਥ***—ਮਾਲਿ=ਦੌਲਤ। ਸ=ਉਸ। ਗਿਰਾਨ=ਭਾਰੀ। ਮਤ੍ਰਆਸ਼=ਪਦਾਰਥ ਉਸ ਦਾ। ਅਜ਼ੀਮ=ਬਹੁਤ। ਮੁਲਕਸ਼=ਦੇਸ ਉਸ ਦਾ। ਬਸੇ=ਬਹੁਤ। ਹਸਤ=ਹੈ। ਕਰੀਮ=ਕ੍ਰਿਪਾਲੂ, ਦਾਤਾ।

***ਅਰਥ***—ਦੌਲਤ ਆਦਿਕ ਪਦਾਰਥ ਉਸ ਦਾ ਬਹੁਤ ਭਾਰੀ ਸੀ। ਦੇਸ ਉਸ ਦੇ ਬਹੁਤ ਸਨ, ਦਾਤ ਦੇਣ ਵਿਚ ਕ੍ਰਿਪਾਲੂ ਹੈ।੮।

**ਅਜ਼ੋ ਬਾਦਸ਼ਾਹੀ ਬ ਆਖ਼ਿਰ ਸ਼ੁਦਸਤ ॥**
**ਨਿਸ਼ਸਤੰਦ ਵਜ਼ੀਰਾਨਿ ਓ ਪੇਸ਼ੁ ਪਸਤ ॥੯॥**

***ਪਦ ਅਰਥ***—ਅਜ਼ੋ=ਉਸ ਦਾ। ਆਖ਼ਿਰ=ਓੜਕ, ਅੰਤ। ਸ਼ੁਦਸਤ=ਹੋਇਆ ਹੈ। ਨਿਸ਼ਸਤੰਦ=ਬੈਠ ਗਏ। ਓ=ਉਸ ਦੇ। ਪੇਸ਼ ਪਸਤ=ਅਗੇ ਪਿਛੇ।

***ਅਰਥ***—ਉਸ ਦੀ ਬਾਦਸ਼ਾਹੀ ਦਾ ਅੰਤ ਹੋ ਗਿਆ। ਵਜ਼ੀਰ ਆਣ ਕੇ ਉਸ ਦੇ ਅਗੇ ਪਿਛੇ ਬੈਠ ਗਏ।੯।

**ਜ਼ਿ ਤੋ ਪਸ ਕਿਰਾ ਬਾਦਸ਼ਾਹੀ ਦਿਹਮ ॥**
**ਕਿਰਾ ਤਾਜ ਇਕਬਾਲ ਬਰ ਸਰ ਨਿਹਮ ॥੧੦॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਜ਼ਿ ਤੋ=ਤੈਥੋਂ । ਪਸ=ਪਿਛੋਂ । ਕਿਰਾ=ਕਿਸ ਨੂੰ । ਦਿਹਮ=ਅਸੀਂ ਦਈਏ । ਤਾਜ=ਛਤ੍ਰ, ਚੌਰ । ਇਕਬਾਲ=ਪ੍ਰਤਾਪ । ਬਰ=ਉਪਰ । ਸਰ=ਸਿਰ । ਨਿਹਮ=ਰਖੀਏ ।

***ਅਰਥ***—ਹੇ ਬਾਦਸ਼ਾਹ ! ਤੇਰੇ ਤੋਂ ਪਿਛੋਂ ਬਾਦਸ਼ਾਹੀ ਅਸੀਂ ਕਿਸ ਨੂੰ ਦੇਈਏ ? ਅਤੇ ਕਿਸ ਦੇ ਸਿਰ ਉਪਰ ਪ੍ਰਤਾਪ ਵਾਲਾ ਛਤ੍ਰ (ਚੌਰ) ਰਖੀਏ ? ।੧੦।

**ਕਿਰਾ ਮਰਦ ਅਜ਼ ਖਾਨਹ ਬੇਰੂੰ ਕੁਨਦ ॥**
**ਕਿਰਾ ਬਖਤ ਇਕਬਾਲ ਬਰ ਸਰ ਨਿਹਦ ॥੧੧॥**

***ਪਦ ਅਰਥ***—ਕਿਰਾ ਮਰਦ=ਕਿਸ ਮਰਦ ਨੂੰ । ਅਜ਼ ਖਾਨਹ=ਘਰ ਤੋਂ । ਬੇਰੂੰ=ਬਾਹਰ । ਕੁਨਦ=ਅਸੀਂ ਕਰੀਏ । ਕਿਰਾ=ਕਿਸ । ਬਖਤ=ਭਾਗ । ਇਕਬਾਲ=ਪ੍ਰਤਾਪ । ਬਰ=ਉਪਰ । ਸਰ=ਸਿਰ । ਨਿਹਦ=ਰਖੀਏ ।

***ਅਰਥ***—ਕਿਸ ਮਰਦ ਨੂੰ ਘਰ ਤੋਂ ਬਾਹਰ ਅਸੀਂ ਕਰੀਏ ? ਕਿਸ ਦੇ ਸਿਰ ਉਪਰ ਭਾਗ ਪ੍ਰਤਾਪ ਰਖੀਏ ਭਾਵ ਰਾਜ-ਭਾਗ ਕਿਸ ਨੂੰ ਦਈਏ ? ।੧੧।

**ਬਹੋਸ਼ ਅੰਦਰ ਆਮਦ ਕੁਸ਼ਾਦੋ ਦੁ ਚਸ਼ਮ ॥**
**ਬਗੁਫ਼ਤਾਹ ਸੁਖਨ ਸ਼ਾਹਿ ਪੇਸ਼ੀਨ ਰਸਮ ॥੧੨॥**

***ਪਦ ਅਰਥ***—ਬਹੋਸ਼=ਸੁਰਤ ਵਿਚ, ਹੋਸ਼ ਵਿਚ । ਆਮਦ=ਆਇਆ । ਕੁਸ਼ਾਦਹ=ਖੋਲ੍ਹੀਆਂ । ਚਸ਼ਮ= ਅੱਖਾਂ । ਗੁਫ਼ਤਹ=ਕਿਹਾ । ਪੇਸ਼ੀਨ ਰਸਮ=ਪਹਿਲੀ ਮਰਯਾਦਾ ।

***ਅਰਥ***—ਬਾਦਸ਼ਾਹ ਜਿਸ ਵੇਲੇ ਹੋਸ਼ ਵਿਚ ਆਇਆ ਤੇ ਦੋਵੇਂ ਅੱਖਾਂ ਖੋਲ੍ਹੀਆਂ ਤੇ ਪਹਿਲੀ ਮਰਯਾਦਾ ਦਾ ਬਚਨ ਕਿਹਾ ।੧੨।

**ਨ ਪਾਓ ਨ ਦਸਤੋ ਨ ਚਸ਼ਮੋ ਜ਼ੁਬਾਂ ॥**
**ਨ ਹੋਸ਼ੋ ਨ ਹਿੰਮਤ ਨ ਹੈਬਤ ਕਸਾਂ ॥੧੩॥**

***ਪਦ ਅਰਥ***—ਪਾਓ=ਪੈਰ । ਦਸਤੋ=ਹੱਥ । ਚਸ਼ਮੋ=ਅੱਖਾਂ । ਜ਼ੁਬਾਂ=ਜੀਭ । ਹੋਸ਼ੋ=ਹੁਸ਼ਿਆਰੀ । ਹੈਬਤ= ਦਬਾਓ ।

***ਅਰਥ***—ਜਿਸ ਦੇ ਪੈਰ ਨਹੀਂ, ਹੱਥ ਨਹੀਂ, ਅੱਖਾਂ ਨਹੀਂ ਤੇ ਨਾ ਹੀ ਜੀਭ ਹੋਵੇ ਅਤੇ ਨਾ ਹੀ ਹੁਸ਼ਿਆਰੀ, ਨਾ ਉੱਦਮ ਤੇ ਨਾ ਹੀ ਕਿਸੇ ਦਾ ਡਰ ਹੋਵੇ ।੧੩।

**ਨ ਹਉਲੋ ਨ ਹਿੰਮਤ ਨ ਹੀਲਾ ਨ ਹੋਸ਼ ॥**
**ਨ ਬੀਨੀ ਨ ਬੀਨਾਇਗੀ ਹਰ ਦੋ ਗੋਸ਼ ॥੧੪॥**

***ਪਦ ਅਰਥ***—ਹਉਲੋ=ਡਰ । ਹਿੰਮਤ=ਪੁਰਸ਼ਾਰਥ । ਹੀਲਾ=ਬਹਾਨਾ । ਹੋਸ਼=ਸੰਭਾਲ । ਬੀਨੀ=ਨੱਕ । ਬੀਨਾਇਗੀ=ਨਜ਼ਰ, ਦ੍ਰਿਸ਼ਟੀ । ਗੋਸ਼=ਕੰਨ ।

***ਅਰਥ***—ਨਾ ਹੀ ਡਰ, ਨਾ ਹੀ ਉੱਦਮ, ਨਾ ਹੀ ਬਹਾਨਾ ਤੇ ਨਾ ਹੀ ਜਿਸ ਨੂੰ ਸੰਭਾਲ ਹੋਵੇ । ਨਾ ਹੀ ਨੱਕ, ਨਾ ਨਿਗਾਹ ਤੇ ਨਾ ਹੀ ਜਿਸ ਦੇ ਦੋਵੇਂ ਕੰਨ ਹੋਣ ।੧੪।

Sri Satguru Jagjit Singh Ji eLibrary NamdhariElibrary@gmail.com

**ਹਰਾਂ ਕਸ ਕਿ ਹਸਤ ਅਜ਼ਮਾਇਸ਼ ਬਵਦ ॥**
**ਵਜ਼ਾਂ ਦਉਰ ਦੀਂ ਬਾਦਸ਼ਾਹਸ਼ ਬਵਦ ॥੧੫॥**

**ਪਦ ਅਰਥ**—ਹਰਾਂ ਕਸ=ਜੋ ਕੋਈ। ਬਵਦ=ਹੋਵੇ। ਵਜ਼ਾਂ=ਉਸ ਪਾਸੋਂ। ਦਉਰ=ਆਗਿਆ। ਦੀਂ=ਧਰਮ। ਬਵਦ=ਹੋਵੇਗੀ।

**ਅਰਥ**—ਜਿਸ ਕਿਸੇ ਵਿਚ ਇਹ ਅੱਠ ਅਜ਼ਮਾਇਸ਼ਾਂ ਹੋਣ। ਉਸ ਨੂੰ ਇਸ ਜ਼ਮਾਨੇ ਦੀ ਧਰਮ ਦੀ ਬਾਦਸ਼ਾਹੀ ਹੋਵੇਗੀ ਭਾਵ ਅਜੇਹੇ ਧਰਮੀ ਮਨੁੱਖ ਨੂੰ ਰਾਜ ਤਖ਼ਤ ਤੇ ਬਿਠਾਉਣਾ, ਜਿਸ ਨਾਲ ਇਸ ਮੁਲਕ ਵਿਚ ਧਰਮ ਦੀ ਬਾਦਸ਼ਾਹੀ ਹੋਵੇਗੀ।੧੫।

**ਅਜਬ ਮਾਂਦ ਦਾਨਾਇ ਦਉਰ ਈਂ ਜਵਾਬ ॥**
**ਸੁਖ਼ਨ ਬਾਜ਼ ਦੀਗਰ ਕੁਨਦ ਬਾ ਸਵਾਬ ॥੧੬॥**

**ਪਦ ਅਰਥ**—ਅਜਬ=ਅਸਚਰਜ, ਹੈਰਾਨ। ਮਾਂਦ=ਰਹੇ। ਦਾਨਾਇ=ਸਿਆਣੇ ਲੋਕ। ਦਉਰ=ਸਮਾਂ, ਵੇਲਾ। ਸੁਖ਼ਨ=ਗੱਲ। ਬਾਜ਼=ਫੇਰ। ਦੀਗਰ=ਦੂਜਾ। ਬਾ=ਨਾਲ। ਸਵਾਬ=ਚੰਗਿਆਈ।

**ਅਰਥ**—ਇਸ ਉੱਤਰ ਨੂੰ ਸੁਣਕੇ ਸਮੇਂ ਦੇ ਸਿਆਣੇ ਲੋਕ ਹੈਰਾਨ ਹੋ ਰਹੇ। ਚੰਗੀ ਤਰ੍ਹਾਂ ਨਾਲ ਫੇਰ ਦੂਸਰਾ ਬਚਨ ਕੀਤਾ।੧੬।

**ਬ ਕਿੰਗਸ਼ ਦਰਾਮਦ ਦਰੰਗਸ਼ ਗਿਰਿਫਤ ॥**
**ਜਵਾਬੇ ਸੁਖਨ ਰਾ ਬਰੰਗਸ਼ ਗਿਰਿਫਤ ॥੧੭॥**

**ਪਦ ਅਰਥ**—ਕਿੰਗਸ਼=ਮਤਾ। ਦਰਾਮਦ=ਵਿਚ ਆਇਆ। ਦਰੰਗ=ਢਿੱਲ, ਦੇਰੀ। ਗਿਰਿਫਤ=ਫੜੀ। ਜਵਾਬੇ=ਉੱਤਰ। ਸੁਖਨ=ਬਚਨ। ਰਾ=ਨੂੰ, ਦਾ। ਬਰੰਗ=ਚੰਗੀ ਤਰ੍ਹਾਂ। ਸ਼=ਉਸ। ਗਿਰਿਫਤ=ਫੜਿਆ।

**ਅਰਥ**—ਮਤਾ (ਕਰਨ ਲਈ ਸਭਾ) ਵਿਚ ਆਇਆ ਅਤੇ ਉਸ ਨੇ ਢਿੱਲ ਲਾਈ ਫਿਰ ਗੱਲ ਦੇ ਉੱਤਰ ਨੂੰ ਉਸ ਬੜੀ ਚੰਗੀ ਤਰ੍ਹਾਂ ਨਾਲ ਫੜਿਆ।੧੭।

**ਚਪੋ ਰਾਸਤ ਸ਼ ਕਰਦ ਚਰਖ਼ੇ ਜ਼ੁਬਾਂ ॥**
**ਬਰਾਵੁਰਦ ਸੁਖ਼ਨੇ ਕੈਬਰ ਕਮਾਂ ॥੧੮॥**

**ਪਦ ਅਰਥ**—ਚਪੋ=ਖੱਬਾ ਤੇ। ਰਾਸਤ=ਸੱਜਾ। ਸ਼=ਉਹ। ਚਰਖ਼ੇ=ਚੱਕਰ, ਗੇੜ। ਜ਼ੁਬਾਂ=ਜ਼ੁਬਾਨ। ਬਰ=ਉਪਰ। ਆਵੁਰਦ=ਆਇਆ। ਸੁਖ਼ਨੇ=ਗੱਲ ਦੇ। ਚੁ=ਵਾਂਗੂ। ਕੈਬਰ=ਤੀਰ। ਕਮਾਂ=ਕਮਾਨ, ਧਨੁਖ।

**ਅਰਥ**—ਉਹ ਸਜੇ ਖਬੇ ਚੱਕ੍ਰ ਕੱਢਦਾ ਹੋਇਆ ਗੱਲ ਨੂੰ ਜ਼ਬਾਨ ਉਤੇ ਲੈ ਆਇਆ, ਕਮਾਨ ਵਿਚੋਂ ਤੀਰ ਵਾਂਗੂ।੧੮।

Sri Satguru Jagjit Singh Ji eLibrary NamdhariElibrary@gmail.com

**ਕਿ ਏ ਸ਼ਾਹ ਹੁਸ਼ਿਆਰ ਆਜ਼ਾਦ ਮਗਜ਼ ॥**
**ਚਿਰਾ ਮੇ ਤੁ ਗੋਈ ਦਰੀਂ ਕਾਰ ਨਗਜ਼ ॥੧੯॥**

***ਪਦ ਅਰਥ***—ਏ ਸ਼ਾਹ=ਹੇ ਬਾਦਸ਼ਾਹ ! ਹੁਸ਼ਿਆਰ=ਸਿਆਣਾ । ਆਜ਼ਾਦ=ਸੁਤੰਤਰ । ਮਗਜ਼=ਦਿਮਾਗ । ਚਿਰਾ=ਕਿਉਂ, ਕਿਸ ਤਰ੍ਹਾਂ ਦਾ । ਮੇ ਤੁ ਗੋਈ=ਤੂੰ ਕਿਹਾ ਹੈ । ਦਰੀਂ ਕਾਰ=ਇਸ ਕੰਮ ਵਿਚ । ਨਗਜ਼=ਹੈਰਾਨ ।

***ਅਰਥ***—ਹੇ ਬਾਦਸ਼ਾਹ ! ਬੜੇ ਸਿਆਣੇ ਤੇ ਸੁਤੰਤਰ ਦਿਮਾਗ ਵਾਲੇ ਹੋ ਕੇ, ਤੂੰ ਕੀ ਕਿਹਾ ਹੈ ? ਇਸ ਕੰਮ ਵਿਚ (ਮੈਂ) ਹੈਰਾਨ ਹਾਂ ।੧੯।

**ਕਸੇ ਰਾ ਸ਼ਵਦ ਕਾਰ ਈਂ ਦਰ ਜ਼ਮਾਂ ॥**
**ਵਜਾਂ ਹਸਤ ਐਬਸਤ ਜ਼ਾਹਰ ਜਹਾਂ ॥੨੦॥**

***ਪਦ ਅਰਥ***—ਕਸੇ=ਜੇਹੜਾ ਕੋਈ । ਸ਼ਵਦ=ਹੋਵੇ । ਈਂ=ਇਸ । ਜਮਾਂ=ਜ਼ਮਾਨਾ, ਸੰਸਾਰ । ਵਜਾਂ=ਉਸ ਦੇ । ਹਸਤ=ਹੱਥ । ਐਬਸਤ=ਪਾਪ ਹੈ । ਜ਼ਾਹਰ=ਪ੍ਰੱਤਖ । ਜਹਾਂ=ਜਗਤ ।

***ਅਰਥ***—ਜਿਹੜਾ ਕੋਈ ਸੰਸਾਰ ਵਿਚ ਇਸ ਤਰ੍ਹਾਂ ਦਾ ਕੰਮ ਹੋਵੇ । ਉਸ ਦੇ ਹੱਥ ਜਹਾਨ ਨੂੰ ਸੌਂਪ ਦੇਣਾ ਪ੍ਰਤੱਖ ਹੀ ਪਾਪ ਹੈ ।੨੦। [ਦ: ਗ੍ਰੰ: ਪੰਨਾ ੧੩੯੮

**ਕਿ ਈਂ ਹਸਤ ਐਬੋ ਤੁ ਗੋਈ ਹੁਨਰ ॥**
**ਕਿ ਐ ਸ਼ਾਹ ਸ਼ਾਹਾਨਿ ਹਮਹ ਬਹਰੋ ਬਰ ॥੨੧॥**

***ਪਦ ਅਰਥ***—ਈਂ=ਇਹ । ਐਬ=ਔਗੁਣ । ਗੋਈ=ਕਿਹਾ । ਹੁਨਰ=ਗੁਣ । ਹਮਹ=ਸਾਰੇ । ਬਹਰੋ=ਸੰਮੁਦਰ ਤੇ ਧਰਤੀ ।

***ਅਰਥ***—ਹੇ ਧਰਤੀ ਤੇ ਸਮੁੰਦਰ ਦੇ ਬਾਦਸ਼ਾਹ ! ਜੋ ਤੂੰ ਇਹਨਾਂ ਅੱਠਾਂ ਔਗੁਣਾਂ ਨੂੰ ਗੁਣ ਕਹਿੰਦਾ ਹੈਂ ।੨੧।

**ਨ ਦਰ ਜੰਗ ਪੁਸ਼ਤੋ ਨ ਦੁਸ਼ਨਾਮ ਦਾਦ ॥**
**ਨ ਅੰਗੁਸ਼ਤ ਬਰ ਹਰਫਿ ਦੁਸ਼ਮਨ ਨਿਹਾਦ ॥੨੨॥**

***ਪਦ ਅਰਥ***—ਦਰ=ਅੰਦਰ । ਪੁਸ਼ਤੋ=ਪਿੱਠ । ਦੁਸ਼ਨਾਮ=ਗਾਲ੍ਹ । ਦਾਦ=ਦਿੱਤੀ । ਅੰਗੁਸ਼ਤਿ=ਉਂਗਲ । ਹਰਫਿ=ਲਿਖਤ ਦੇ । ਨਿਹਾਦ=ਰਖੀ ।

***ਅਰਥ***—ਨਾ ਹੀ ਆਪ ਨੇ ਜੰਗ ਵਿਚ ਪਿੱਠ ਦਿਤੀ ਹੈ ਤੇ ਨਾ ਹੀ ਗਾਲ੍ਹ ਦਿਤੀ ਹੈ । ਨਾ ਹੀ ਦੁਸ਼ਮਨ ਦੀ ਲਿਖਤ ਉਤੇ ਉਂਗਲ ਰਖੀ ਹੈ ।੨੨।

**ਨ ਆਰਾਮਿ ਦੁਸਮਨ ਨ ਆਜ਼ਾਰਿ ਦੋਸਤ ॥**
**ਜਵਾਬੇ ਗਦਾ ਰਾ ਅਦੂ ਰਾ ਬਿਪੋਸਤ ॥੨੩॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਆਰਾਮਿ=ਸੁਖ। ਆਜ਼ਾਰਿ=ਦੁਖ ਦਿਤਾ। ਗਦਾ=ਮੰਗਤਾ। ਅਦੂ=ਵੈਰੀ। ਬਿਪੋਸਤ=ਖੱਲ।

**ਅਰਥ**—ਆਪ ਨੇ ਦੁਸ਼ਮਨ ਨੂੰ ਸੁਖ ਨਹੀਂ ਲੈਣ ਦਿਤਾ, ਨਾ ਹੀ ਮਿਤ੍ਰ ਨੂੰ ਦੁਖ ਹੋਣ ਦਿਤਾ। ਮੰਗਤਿਆਂ ਨੂੰ ਆਪ ਨੇ ਜਵਾਬ ਨਹੀਂ ਦਿਤਾ ਅਤੇ ਵੈਰੀ ਨੂੰ ਖੱਲ ਉਤਾਰੇ ਤੋਂ ਬਿਨਾਂ ਨਹੀਂ ਛੱਡਿਆ।੨੩।

**ਨਵੀਸਿੰਦਹ ਰਾ ਜਾ ਨ ਹਰਫ਼ੋ ਨਿਹਦ॥**
**ਸੁਖ਼ਨ ਰਾ ਬ ਹੱਕ ਜਾਇ ਸ਼ਰਫ਼ੋ ਦਿਹਦ॥੨੪॥**

**ਪਦ ਅਰਥ**—ਨਵੀਸਿੰਦਹ=ਲਿਖਾਰੀ। ਜਾ=ਜਗ੍ਹਾ। ਹਰਫ਼ੋ=ਔਗੁਣ। ਨਿਹਦ=ਰਖੀ। ਬ ਹੱਕ=ਸੱਚ। ਜਾਇ=ਜਗ੍ਹਾ, ਪਦਵੀ। ਸ਼ਰਫ਼ੋ=ਵਡਿਆਈ। ਦਿਹਦ=ਦਿਤਾ।

**ਅਰਥ**—ਲਿਖਾਰੀ ਨੂੰ ਔਗੁਣ (ਲਿਖਣ ਲਈ) ਜਗ੍ਹਾ ਨਹੀਂ ਦਿਤੀ। ਸੱਚੀ ਗੱਲ ਨੂੰ ਵਡਿਆਈ ਦੀ ਜਗ੍ਹਾ 'ਤੇ ਰਖਿਆ ਹੈ।੨੪।

**ਨ ਉਸਤਾਦ ਰਾ ਦਾਦ ਜਾਏ ਸੁਖਨ॥**
**ਫਰਾਮੋਸ਼ਗੀ ਚੂੰ ਬਕਾਰੇ ਕੁਹਨ॥੨੫॥**

**ਪਦ ਅਰਥ**—ਉਸਤਾਦ=ਸਿਖਿਆ ਦਾਤਾ, ਮਾਸਟਰ। ਰਾ=ਤਾਈਂ। ਦਾਦ=ਦਿਤੀ। ਜਾਏ=ਜਗ੍ਹਾ। ਸੁਖਨ=ਗੱਲ, ਬੋਲਣ। ਫਰਾਮੋਸ਼ਗੀ=ਭੁਲਣਾ, ਭੁਲ। ਬਕਾਰੇ=ਕੰਮ ਵਿਚ। ਕੁਹਨ=ਪੁਰਾਣਾ। ਚੂੰ=ਕਿਉਂ।

**ਅਰਥ**—ਉਸਤਾਦ ਤਾਈਂ ਗੱਲ ਕਹਿਣ ਦੀ ਜਗ੍ਹਾ ਨਹੀਂ ਦਿਤੀ। ਪੁਰਾਣੇ ਕੰਮ ਨੂੰ ਕਿਉਂ ਭੁਲ ਗਏ ਹੋ?।੨੫।

**ਬ ਬਦ ਮਸਲਿਹਤ ਕਸ ਨ ਦਾਦਨ ਦਿਗਰ॥**
**ਬ ਹੁਸ਼ ਨਾਮਿ ਓ ਚੂੰ ਤੋ ਗੋਯਦ ਹੁਨਰ॥੨੬॥**

**ਪਦ ਅਰਥ**—ਬਦ=ਬੁਰੀ। ਮਸਲਿਹਤ=ਸਲਾਹ। ਕਸ=ਕਿਸੀ। ਦਾਦਨ=ਦੇਣੀ ਚਾਹੀਦੀ। ਹੁਸ਼=ਸੁਰਤ, ਹੋਸ਼। ਓ=ਉਹ। ਚੂੰ ਤੋ=ਤੇਰੇ ਵਰਗਾ। ਗੋਯਦ=ਆਖੇ। ਹੁਨਰ=ਗੁਣ।

**ਅਰਥ**—ਕਿਸੇ ਦੂਜੇ ਆਦਮੀ ਨੂੰ ਵੀ ਬੁਰੀ ਸਲਾਹ ਨਹੀਂ ਦੇਣੀ ਚਾਹੀਦੀ। ਹੋਸ਼ ਸੰਭਾਲੋ, ਤੁਹਾਡੇ ਵਰਗਾ (ਸਿਆਣਾ) ਉਸ ਦਾ ਨਾਮ ਗੁਣ (ਕਿਵੇਂ) ਆਖ ਸਕਦਾ ਹੈ ?।੨੬।

**ਬ ਬੀਨਦ ਦਿਗਰ ਜ਼ਨ ਬ ਚਸ਼ਮੇ ਖ਼ੁਦਸ਼॥**
**ਨ ਬਰ ਕਾਰਿ ਕਸ ਕਰਦ ਨਦਰਿ ਬਦਸ਼॥੨੭॥**

**ਪਦ ਅਰਥ**—ਬੀਨਦ=ਵੇਖਦਾ। ਦਿਗਰ=ਦੂਸਰੀ। ਜ਼ਨ=ਔਰਤ। ਬ ਚਸ਼ਮੇ=ਅੱਖਾਂ ਨਾਲ। ਖ਼ੁਦਸ਼=ਆਪਣੀਆਂ। ਬਰ=ਉਪਰ। ਕਾਰਿ=ਕੰਮ ਦੇ। ਕਸ=ਕਿਸੇ। ਕਰਦ=ਕਰੇ। ਨਦਰਿ=ਨਿਗਾਹ, ਨਜ਼ਰ। ਬਦਸ਼=ਬੁਰੀ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਆਪਣੀਆਂ ਅੱਖਾਂ ਨਾਲ ਦੂਸਰੀ ਔਰਤ ਵਲ ਨਹੀਂ ਵੇਖਦਾ। ਨਾ ਹੀ ਕਿਸੇ ਹੋਰ ਦੇ ਕੰਮ ਉਪਰ ਭੈੜੀ ਨਜ਼ਰ ਕਰਦਾ ਹੈ।੨੭।

**ਨਜ਼ਰ ਕਰਦ ਕਸ ਬਰ ਨ ਹਰਫੇ ਹਰਾਮ॥**
**ਨਿਗਾਹ ਦਾਸ਼ਤ ਬਰ ਸ਼ੁਕਰਿ ਯਜ਼ਦਾਂ ਮੁਦਾਮ॥੨੮॥**

***ਪਦ ਅਰਥ***—ਨਜ਼ਰ=ਨਿਗਾਹ। ਕਰਦ=ਕਰੇ। ਕਸ=ਕਿਸੇ। ਬਰ=ਉਪਰ। ਹਰਫੇ=ਗੱਲ। ਹਰਾਮ=ਅਯੋਗ। ਦਾਸ਼ਤ=ਰੱਖਦਾ ਹੈ। ਯਜ਼ਦਾਂ=ਵਾਹਿਗੁਰੂ, ਪ੍ਰਮਾਤਮਾ। ਮੁਦਾਮ=ਸਦਾ।

***ਅਰਥ***—ਕਿਸੇ ਦੀ ਅਯੋਗ ਗੱਲ ਉਤੇ ਧਿਆਨ ਨਹੀਂ ਕਰਦਾ। ਸਦਾ ਆਪਣੀ ਨਜ਼ਰ ਪ੍ਰਮਾਤਮਾ ਦੇ ਸ਼ੁਕਰਾਨੇ ਉਤੇ ਰੱਖਦਾ ਹੈ।੨੮।

**ਨਜ਼ਰ ਰਾ ਬ ਬਦਕਾਰਿ ਦੀਗਰ ਬਿਬਸਤ॥**
**ਸ਼ਨਾਸੀ ਤੋ ਤਹਕੀਕ ਓ ਕੋਰ ਹਸਤ॥੨੯॥**

***ਪਦ ਅਰਥ***—ਰਾ=ਨੂੰ। ਬਦਕਾਰਿ=ਬੁਰੇ ਕੰਮਾਂ ਵਲੋਂ। ਦੀਗਰ=ਦੂਸਰੇ। ਬਿਬਸਤ=ਬੰਨ੍ਹਿਆ। ਸ਼ਨਾਸੀ=ਪਛਾਣ। ਤਹਕੀਕ=ਨਿਸਚਾ। ਕੋਰ=ਅੰਨ੍ਹਾ। ਹਸਤ=ਹੈ।

***ਅਰਥ***—ਆਪਣੀ ਨਜ਼ਰ ਨੂੰ ਦੂਸਰੇ ਦੇ ਬੁਰੇ ਕੰਮਾਂ ਵਲੋਂ ਬੰਨ੍ਹਿਆ ਹੋਇਆ ਹੈ ਭਾਵ ਰੋਕ ਰਖਿਆ ਹੈ। ਤੂੰ ਨਿਸਚੇ ਨਾਲ ਪਛਾਣ ਕਿ ਉਹ ਅੰਨ੍ਹਾ ਹੈ।੨੯।

**ਕਦਮ ਰਾ ਨ ਦਾਰਦ ਬ ਬਦਕਾਰ ਕਾਰ॥**
**ਨ ਦਰ ਜੰਗ ਪਸ ਪਾਉ ਪੁਸ਼ਤੇ ਹਜ਼ਾਰ॥੩੦॥**

***ਪਦ ਅਰਥ***—ਕਦਮ=ਪੈਰ। ਰਾ=ਤਾਈਂ। ਦਾਰਦ=ਰਖਦਾ। ਬਦਕਾਰ=ਬੁਰਾ ਕੰਮ। ਕਾਰ=ਕਰਨ। ਦਰ=ਵਿਚੋਂ। ਪਸ=ਪਿਛੇ। ਪੁਸ਼ਤੇ=ਪਿੱਠ। ਪਾਉ=ਪੈਰ।

***ਅਰਥ***—ਪੈਰਾਂ ਤਾਈਂ ਖੋਟੇ ਕੰਮ ਕਰਨ ਵਿਚ ਨਹੀਂ ਰਖਦਾ। ਨਾ ਹੀ ਜੰਗ ਵਿਚੋਂ ਹਜ਼ਾਰਾਂ ਦੇ ਪਿਛੇ ਲੱਗ ਕੇ ਪਿੱਠ ਦੇ ਕੇ ਪੈਰ ਪਿਛੇ ਕਰਦਾ ਹੈ।੩੦।

**ਨ ਦਰ ਕਾਰ ਦੁਜ਼ਦੀ ਨ ਦਿਲ ਬਿਸ਼ਕਨੀ॥**
**ਨ ਖਾਨਾ ਖਮਰਬਾਜ਼ ਨ ਰਹਜ਼ਨੀ॥੩੧॥**

***ਪਦ ਅਰਥ***—ਦਰ=ਅੰਦਰ। ਦੁਜ਼ਦੀ=ਚੋਰੀ। ਬਿਸ਼ਕਨੀ=ਦੁਖਾਉਣਾ। ਖਾਨਾ=ਘਰ। ਖਮਰਬਾਜ਼=ਸ਼ਰਾਬੀ, ਨਸ਼ਈ। ਰਹਜ਼ਨੀ=ਰਾਹਮਾਰ, ਠੱਗ।

***ਅਰਥ***—ਚੋਰੀ ਦੇ ਕੰਮ ਵਿਚ ਨਹੀਂ ਜਾਂਦਾ, ਨਾ ਹੀ ਕਿਸੇ ਦਾ ਦਿਲ ਦੁਖਾਉਂਦਾ ਹੈ। ਨਾ ਹੀ ਸ਼ਰਾਬੀ ਦੇ ਘਰ ਜਾਂਦਾ ਹੈ ਤੇ ਨਾ ਹੀ ਰਾਹਮਾਰ ਭਾਵ ਠੱਗੀਆਂ ਮਾਰਦਾ ਹੈ।੩੧।

Sri Satguru Jagjit Singh Ji eLibrary NamdhariElibrary@gmail.com

**ਬ ਨਾਕਸ ਦੁਆਏ ਨ ਗੋਯਦ ਸੁਖ਼ਨ ॥**
**ਬ ਖਾਹਸ਼ ਖਰਾਸ਼ੀ ਨ ਜੋਯਦ ਸੁਖ਼ਨ ॥੩੨॥**

***ਪਦ ਅਰਥ***—ਬ=ਵਿਚ। ਨਾਕਸ=ਬੁਰੀ। ਦੁਆਏ=ਅਸ਼ੀਰਵਾਦ, ਵਰ, ਅਸੀਸ। ਗੋਯਦ=ਬੋਲਦਾ। ਸੁਖ਼ਨ=ਬਚਨ। ਖਾਹਸ਼=ਇੱਛਾ। ਖਰਾਸ਼ੀ=ਛਿੱਲਣਾ, ਦੁਖਾਉਣਾ। ਜੋਯਦ=ਢੂੰਡਦਾ, ਲੱਭਦਾ।

***ਅਰਥ***—ਬੁਰੀ ਅਸ਼ੀਰਵਾਦ ਦੇ ਬਚਨ ਨਹੀਂ ਬੋਲਦਾ। ਕਿਸੇ ਦਾ ਦਿਲ ਦੁਖਾਉਣ ਵਾਲੇ ਬਚਨ ਲੱਭਣ ਦੀ ਇੱਛਾ ਨਹੀਂ ਰਖਦਾ।੩੨।

**ਬ ਬਦਕਾਰਿ ਕਸ ਦਰ ਨ ਦਾਦੰਦ ਪਾਇ ॥**
**ਕਿ ਓ ਪਾਇ ਲੰਗਸਤ ਗੋਈ ਬਜਾਇ ॥੩੩॥**

***ਪਦ ਅਰਥ***—ਬਦਕਾਰਿ=ਬੁਰੇ ਕੰਮ। ਕਸ=ਕਿਸੇ। ਦਰ=ਅੰਦਰ। ਦਾਦੰਦ=ਰਖਦਾ, ਦੇਂਦਾ ਹੈ। ਪਾਇ=ਪੈਰ। ਲੰਗਸਤ=ਲੂਲ੍ਹਾ ਹੈ। ਗੋਈ=ਕਿਹਾ ਹੈ। ਬਜਾਇ=ਠੀਕ, ਦਰੁਸਤ।

***ਅਰਥ***—ਕਿਸੇ ਦੇ ਬੁਰੇ ਕੰਮਾਂ ਵਿਚ ਪੈਰ ਨਹੀਂ ਰਖਦਾ ਭਾਵ ਦਖ਼ਲ ਨਹੀਂ ਦੇਂਦਾ। ਜੋ ਉਹ ਪੈਰਾਂ ਤੋਂ ਲੂਲ੍ਹਾ ਹੈ, ਠੀਕ ਹੀ ਕਿਹਾ ਹੈ।੩੩।

**ਬ ਦੁਜ਼ਦੀ ਮਤਾ ਰਾ ਨ ਆਲੂਦਹ ਦਸਤ ॥**
**ਬ ਖੁਰਸ਼ੇ ਹਰਾਮੋ ਕੁਸ਼ਾਇਦ ਨ ਦਸਤ ॥੩੪॥**

***ਪਦ ਅਰਥ***—ਦੁਜ਼ਦੀ=ਚੋਰੀ। ਮਤਾ=ਮਾਇਆ, ਪੂੰਜੀ। ਆਲੂਦਹ=ਗੰਦਾ, ਲਬੇੜਿਆ। ਦਸਤ=ਹੱਥ। ਖੁਰਸ਼ੇ=ਖਾਣਾ, ਖ਼ੁਰਾਕ। ਹਰਾਮੋ=ਬਿਗਾਨਾ ਹੱਕ, ਅਯੋਗ। ਕੁਸ਼ਾਇਦ=ਖੁਲ੍ਹਾ ਕੀਤਾ।

***ਅਰਥ***—ਚੋਰੀ ਦੀ ਮਾਇਆ ਵਿਚ ਹੱਥ ਨਹੀਂ ਲਬੇੜਿਆ। ਬਿਗਾਨੇ ਹੱਕ ਨੂੰ ਭਾਵ ਅਯੋਗ ਖਾਣੇ ਵਾਸਤੇ ਆਪਣੇ ਹੱਥ ਨੂੰ ਨਹੀਂ ਫੈਲਾਇਆ।੩੪।

**ਬਖ਼ੁਦ ਦਸਤ ਖ਼ਾਹੰਦ ਨ ਗੀਰੰਦ ਮਾਲ ॥**
**ਨ ਰਯਤ ਖ਼ਰਾਸ਼ੀ ਨ ਆਜਿਜ਼ ਜ਼ਵਾਲ ॥੩੫॥**

***ਪਦ ਅਰਥ***—ਬਖ਼ੁਦ=ਆਪ। ਦਸਤ=ਹੱਥ। ਖ਼ਾਹੰਦ=ਇੱਛਾ। ਗੀਰੰਦ=ਫੜਿਆ। ਖ਼ਰਾਸ਼ੀ=ਛਿਲਣਾ, ਦੁਖੀ ਕੀਤਾ। ਆਜਿਜ਼=ਗ਼ਰੀਬ। ਜ਼ਵਾਲ=ਦੁਖ, ਤਕਲੀਫ਼।

***ਅਰਥ***—ਕਿਸੇ ਦਾ ਮਾਲ ਆਪਣੇ ਹੱਥ ਨਾਲ ਫੜਨ ਦੀ ਇੱਛਾ ਨਹੀਂ ਕਰਦਾ। ਨਾ ਹੀ ਪਰਜਾ ਨੂੰ ਦੁਖੀ ਕੀਤਾ ਹੈ ਤੇ ਨਾ ਹੀ ਗ਼ਰੀਬਾਂ ਨੂੰ ਦੁਖ ਤਕਲੀਫ਼ ਦਿਤੀ ਹੈ।੩੫।

**ਦਿਗਰ ਜ਼ਨ ਨ ਖ਼ੁਦ ਅੰਦਾਖ਼ਤਨ ॥**
**ਰੱਯਤ ਖਲਾਸਹ ਨ ਬਰ ਤਾਖ਼ਤਨ ॥੩੬॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਦਿਗਰ=ਦੂਸਰਾ। ਜ਼ਨ=ਔਰਤ। ਖ਼ੁਦ ਦਸਤ=ਆਪਣਾ ਹੱਥ। ਅੰਦਾਖ਼ਤਨ=ਪਾਇਆ ਹੈ। ਰੱਯਤ=ਪਰਜਾ। ਖਲਾਸਹ=ਸੁਖੀ, ਸੁਤੰਤਰ, ਆਜ਼ਾਦ। ਬਰ=ਉਤੇ। ਤਾਖ਼ਤਨ=ਚੜ੍ਹਾਈ।

**ਅਰਥ**—ਨਾ ਹੀ ਦੂਸਰੇ ਦੀ ਔਰਤ ਉਤੇ ਆਪਣਾ ਹੱਥ ਪਾਇਆ ਹੈ। ਨਾ ਹੀ ਪਰਜਾ ਦੀ ਆਜ਼ਾਦੀ ਉਤੇ ਚੜ੍ਹਾਈ ਕੀਤੀ ਹੈ।੩੬।

**ਬਖ਼ੁਦ ਦਸਤ ਰਿਸ਼ਵਤ ਨ ਆਲੂਦਹ ਕਰਦ ॥**
**ਕਿ ਅਜ਼ ਸ਼ਾਹਿ ਦੁਸ਼ਮਨ ਬਰਾਵੁਰਦ ਗਰਦ ॥੩੭॥**

**ਪਦ ਅਰਥ**—ਬਖ਼ੁਦ=ਆਪ। ਦਸਤ=ਹੱਥ। ਰਿਸ਼ਵਤ=ਵੱਢੀ। ਆਲੂਦਹ=ਗੰਦਾ। ਕਰਦ=ਕੀਤਾ। ਕਿ=ਜੋ। ਅਜ਼=ਸੇ, ਤੋਂ। ਸ਼ਾਹਿ=ਬਾਦਸ਼ਾਹ। ਦੁਸ਼ਮਨ=ਵੈਰੀ। ਬਰਾਵੁਰਦ=ਮਿਲਾ ਦਿਤਾ। ਗਰਦ=ਘੱਟਾ, ਖ਼ਾਕ।

**ਅਰਥ**—ਆਪਣੇ ਹੱਥ ਨੂੰ ਵੱਢੀ ਲੈ ਕੇ ਗੰਦਾ ਨਹੀਂ ਕੀਤਾ। ਸਗੋਂ ਬਾਦਸ਼ਾਹ ਦੇ ਵੈਰੀ ਨੂੰ ਮਿੱਟੀ-ਘੱਟੇ ਵਿਚ ਮਿਲਾ ਦਿਤਾ।੩੭।

**ਨ ਜਾਇ ਅਦੂ ਰਾ ਦਿਹਦ ਵਕਤਿ ਜੰਗ ॥**
**ਬ ਬਾਰਸ਼ ਦਿਹਦ ਤੇਗ਼ ਤਰਕਸ ਖ਼ਦੰਗ ॥੩੮॥**

**ਪਦ ਅਰਥ**—ਜਾਇ=ਜਗ੍ਹਾ, ਮੌਕਾ। ਅਦੂ ਰਾ=ਵੈਰੀ ਨੂੰ। ਦਿਹਦ=ਦੇਂਦਾ। ਬਾਰਸ਼=ਵਰਖਾ, ਮੀਂਹ। ਤਰਕਸ਼=ਭੱਥਾ। ਖ਼ਦੰਗ=ਤੀਰ।

**ਅਰਥ**—ਜੰਗ ਵੇਲੇ ਵੈਰੀ ਨੂੰ ਸਮਾਂ ਨਹੀਂ ਦੇਂਦਾ। ਤਲਵਾਰਾਂ ਦੀ ਅਤੇ ਭੱਥਿਆਂ ਵਿਚੋਂ ਤੀਰਾਂ ਦੀ ਵਰਖਾ ਕਰ ਦੇਂਦਾ ਹੈ ਭਾਵ ਵੈਰੀ ਨੂੰ ਵਾਰ ਕਰਨ ਦਾ ਮੌਕਾ ਹੀ ਨਹੀਂ ਦੇਂਦਾ।੩੮।

**ਨ ਰਾਮਸ਼ ਦਿਹਦ ਅਸਪ ਰਾ ਵਕਤਿ ਕਾਰ ॥**
**ਨ ਜਾਇਸ਼ ਅਦੂ ਰਾ ਦਿਹਦ ਦਰ ਦਿਯਾਰ ॥੩੯॥**

**ਪਦ ਅਰਥ**—ਰਾਮਸ਼=ਆਰਾਮ, ਸੁਖ। ਦਿਹਦ=ਦੇਵੇ। ਅਸਪ ਰਾ=ਘੋੜੇ ਨੂੰ। ਕਾਰ=ਕੰਮ। ਜਾਇਸ਼=ਜਗ੍ਹਾ। ਅਦੂ=ਵੈਰੀ। ਦਰ=ਅੰਦਰ। ਦਿਯਾਰ=ਮੁਲਕ,ਦੇਸ਼।

**ਅਰਥ**—ਕੰਮ ਵੇਲੇ ਭਾਵ ਲੜਾਈ ਸਮੇਂ ਘੋੜਿਆਂ ਨੂੰ ਆਰਾਮ ਕਰਨ ਨਹੀਂ ਦੇਂਦਾ। ਦੇਸ ਅੰਦਰ ਵੈਰੀ ਨੂੰ ਜਗ੍ਹਾ ਨਹੀਂ ਦੇਂਦਾ।੩੯।

**ਕਿ ਬੇ ਦਸਤ ਓ ਹਸਤ ਗੋ ਪੁਰ ਹੁਨਰ ॥**
**ਬ ਆਲੂਦਗੀ ਦਰ ਨ ਬਸਤਨ ਕਮਰ ॥੪੦॥**

**ਪਦ ਅਰਥ**—ਕਿ=ਜੋ। ਬੇ=ਬਿਨਾਂ। ਦਸਤ=ਹੱਥ। ਹਸਤ=ਹੈ। ਗੋ=ਕਥਨ। ਪੁਰ ਹੁਨਰ=ਗੁਣਾਂ ਨਾਲ ਪੂਰਨ। ਆਲੂਦਗੀ=ਗੰਦਗੀ, ਮੰਦਾ ਕੰਮ। ਦਰ=ਅੰਦਰ। ਬਸਤਨ=ਬੰਨ੍ਹਣਾ। ਕਮਰ=ਲੱਕ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਵਿਦਵਾਨ ਉਸ ਨੂੰ ਹੱਥਾਂ ਤੋਂ ਬਿਨਾਂ ਭਾਵ ਲੂਲ੍ਹਾ ਕਹਿੰਦੇ ਹਨ। ਜੋ ਹੱਥ ਨਾਲ ਮੰਦਾ ਕੰਮ ਕਰਨ ਲਈ ਲੱਕ ਨਹੀਂ ਬੰਨ੍ਹਦਾ ।੪੦।

**ਨ ਗੋਯਦ ਕਸੇ ਬਦ ਸੁਖ਼ਨ ਜ਼ੀਂ ਜ਼ਬਾਂ ॥**
**ਕਿ ਓ ਬੇਜ਼ਬਾਨਸਤ ਜ਼ਾਹਿਰ ਜਹਾਂ ॥੪੧॥**

***ਪਦ ਅਰਥ***—ਗੋਯਦ=ਕਹੇ, ਆਖੇ। ਕਸੇ=ਕਿਸੇ। ਬਦ=ਬੁਰਾ। ਸੁਖ਼ਨ=ਬਚਨ। ਜ਼ੀਂ=ਇਸ। ਜ਼ਬਾਂ=ਜ਼ਬਾਨ। ਬੇਜ਼ਬਾਨਸਤ=ਜੀਭ ਤੋਂ ਬਿਨਾਂ ਹੈ। ਜ਼ਾਹਿਰ=ਪ੍ਰਸਿੱਧ। ਜਹਾਂ=ਸੰਸਾਰ।

***ਅਰਥ***—ਜਿਹੜਾ ਇਸ ਜ਼ਬਾਨ ਤੋਂ ਕਿਸੇ ਨੂੰ ਬੁਰਾ ਬਚਨ ਨਾ ਆਖੇ। ਉਹ ਸੰਸਾਰ ਵਿਚ ਪ੍ਰਤੱਖ ਹੀ ਗੁੰਗਾ ਜੀਭ ਤੋਂ ਬਿਨਾਂ ਹੈ ।੪੧।

**ਸ਼ੁਨੀਦਨ ਨ ਬਦ ਸੁਖ਼ਨਿ ਕਸ ਰਾ ਬਗੋਸ਼ ॥**
**ਕਿ ਓ ਹਸਤ ਬੇਗੋਸ਼ ਗੋਈ ਬਹੋਸ਼ ॥੪੨॥**

***ਪਦ ਅਰਥ***—ਸ਼ੁਨੀਦਨ=ਸੁਣਦਾ। ਬਦ ਸੁਖ਼ਨਿ=ਬੁਰਾ ਬਚਨ, ਮਾੜੀਆਂ ਗੱਲਾਂ। ਕਸ ਰਾ=ਕਿਸੇ ਆਦਮੀ ਦੀ। ਬਗੋਸ਼=ਕੰਨ ਨਾਲ। ਹਸਤ=ਹੈ। ਬੇ ਗੋਸ਼=ਬਿਨਾਂ ਕੰਨਾਂ। ਗੋਈ=ਆਖੀ। ਬਹੋਸ਼=ਹੋਸ਼ ਨਾਲ।

***ਅਰਥ***—ਜੋ ਕੰਨਾਂ ਨਾਲ ਕਿਸੇ ਆਦਮੀ ਦੀਆਂ ਮਾੜੀਆਂ ਗੱਲਾਂ ਨਹੀਂ ਸੁਣਦਾ। ਉਹ ਬਿਨਾਂ ਕੰਨਾਂ ਭਾਵ ਬੋਲਾ ਹੈ, ਇਹ ਸਿਆਣਿਆਂ ਨੇ ਆਖਿਆ ਹੈ ।੪੨।

**ਕਿ ਪਸ ਪਰਦਹ ਚੁ਼ਗਲੀ ਸ਼ੁਨੀਦਨ ਨ ਕਸ ॥**
**ਵਜ਼ਾਂ ਖ਼ੁਦ ਸ਼ਨਾਸੀ ਕਿ ਗੋਈ ਸ਼ਹਸ ॥੪੩॥**

***ਪਦ ਅਰਥ***—ਕਿ=ਜੋ। ਪਸ=ਪਿਛੇ। ਪਰਦਹ=ਪੜਦੇ। ਚੁ਼ਗਲੀ=ਨਿੰਦਾ। ਸ਼ੁਨੀਦਨ=ਸੁਣਦਾ। ਕਸ=ਕਿਸੇ। ਵਜ਼ਾਂ=ਉਸ। ਖ਼ੁਦ=ਆਪਣਾ। ਸ਼ਨਾਸੀ=ਪਛਾਣੋ। ਗੋਈ=ਕਿਹਾ ਹੈ। ਸ਼ਹ=ਬਾਦਸ਼ਾਹ।

***ਅਰਥ***—ਜੋ ਪੜਦੇ ਪਿਛੇ ਵੀ ਕਿਸੇ ਦੀ ਨਿੰਦਾ ਨਹੀਂ ਸੁਣਦਾ। ਉਸ ਨੂੰ ਆਪਣਾ ਬਾਦਸ਼ਾਹ ਪਛਾਣੋ, ਜੋ ਮੈਂ ਕਿਹਾ ਹੈ ।੪੩। [ਦ: ਗ੍ਰੰ: ਪੰਨਾ ੧੩੯੯

**ਕਸੇ ਕਾਰਿ ਬਦ ਰਾ ਨ ਗੀਰੰਦ ਬੋਇ ॥**
**ਕਿ ਓ ਹਸਤ ਬਬੀਨੀ ਓ ਨੇਕ ਖੋਇ ॥੪੪॥**

***ਪਦ ਅਰਥ***—ਕਸੇ=ਕਿਸੇ। ਕਾਰਿ=ਕੰਮ। ਬਦ=ਬੁਰੇ। ਗੀਰੰਦ=ਲੈਂਦਾ। ਬੋਇ=ਵਾਸ਼ਨਾ, ਖ਼ੁਸ਼ਬੂ। ਬਬੀਨੀ=ਨੱਕ ਤੋਂ ਬਿਨਾਂ। ਨੇਕ=ਚੰਗਾ। ਖੋਇ=ਸੁਭਾਵ।

***ਅਰਥ***—ਜੋ ਕਿਸੇ ਦੇ ਮਾੜੇ ਕੰਮ ਦੀ ਖ਼ੁਸ਼ਬੂ ਨਹੀਂ ਲੈਂਦਾ, ਉਹ ਨੱਕ ਤੋਂ ਬਿਨਾਂ ਤੇ ਚੰਗੇ ਸੁਭਾਅ ਵਾਲਾ ਹੈ ।੪੪।

Sri Satguru Jagjit Singh Ji eLibrary NamdhariElibrary@gmail.com

**ਨ ਹਉਲਿ ਦਿਗਰ ਹਸਤ ਗ਼ੈਰ ਅਜ਼ ਖ਼ੁਦਾਇ ॥**
**ਕਿ ਹਿੰਮਤ ਵਰਾਂ ਰਾ ਦਰਾਮਦ ਜ਼ਿ ਪਾਇ ॥੪੫॥**

***ਪਦ ਅਰਥ***—ਹਉਲਿ=ਖ਼ੌਫ਼, ਡਰ। ਦਿਗ਼ਰ=ਦੂਜਾ। ਗ਼ੈਰ=ਬਿਨਾਂ। ਅਜ਼=ਤੋਂ। ਖ਼ੁਦਾਇ=ਪ੍ਰਮਾਤਮਾ, ਰੱਬ। ਹਿੰਮਤ=ਬਲ। ਵਰਾਂ=ਵਾਲਿਆਂ। ਦਰਾਮਦ=ਅੰਦਰ ਲਿਆਉਂਦਾ। ਜ਼ਿ=ਵਿਚ। ਪਾਇ=ਪੈਰ।

***ਅਰਥ***—ਜਿਸ ਨੂੰ ਪ੍ਰਮਾਤਮਾ ਤੋਂ ਬਿਨਾਂ ਕਿਸੇ ਦੂਜੇ ਦਾ ਡਰ ਨਹੀਂ, ਉਹ ਬਲ ਵਾਲਿਆਂ ਨੂੰ ਆਪਣੇ ਪੈਰਾਂ ਅੰਦਰ ਲਿਆਉਂਦਾ ਹੈ ਭਾਵ ਵਡੇ ਬਲ ਵਾਲੇ ਸੂਰਮਿਆਂ ਨੂੰ ਮਿੱਟੀ ਵਿਚ ਰੁਲਾਉਂਦਾ ਹੈ।੪੫।

**ਬ ਹੋਸ਼ ਅੰਦਰ ਆਯਦ ਹਮਹ ਵਕਤਿ ਜੰਗ ॥**
**ਕਿ ਕੋਸ਼ਸ਼ ਕੁਨੱਦ ਪਾਇ ਬ ਤੀਰੋ ਤੁਫੰਗ ॥੪੬॥**

***ਪਦ ਅਰਥ***—ਹੋਸ਼=ਸੁਰਤ। ਆਯਦ=ਆਉਂਦਾ ਹੈ। ਹਮਹ=ਸਾਰੇ। ਕੋਸ਼ਸ਼=ਯਤਨ, ਉੱਦਮ। ਕੁਨੱਦ=ਕਰੇ। ਪਾਇ=ਪੈਰ। ਬ=ਨਾਲ। ਤੁਫੰਗ=ਬੰਦੂਕ।

***ਅਰਥ***—ਜੋ ਸਾਰੇ ਜੰਗ ਵੇਲੇ ਸੁਰਤ ਵਿਚ ਆਉਂਦਾ ਹੈ, ਭਾਵ ਢਿੱਲਾ ਨਹੀਂ ਪੈਂਦਾ, ਜੋ ਪੈਰਾਂ ਨਾਲ ਤੀਰਾਂ ਬੰਦੂਕਾਂ ਨੂੰ (ਚਲਾਉਣ ਦਾ) ਯਤਨ ਕਰਦਾ ਹੈ।੪੬।

**ਕਿ ਦਰ ਕਾਰਿ ਇਨਸਾਫ਼ ਓ ਹਿੰਮਤ ਅਸਤ ॥**
**ਕਿ ਦਰ ਪੇਸ਼ ਗੁਰਬਾਇ ਓ ਆਜਿਜ਼ ਅਸਤ ॥੪੭॥**

***ਪਦ ਅਰਥ***—ਕਿ=ਜੋ। ਦਰ=ਅੰਦਰ। ਕਾਰਿ=ਕੰਮ। ਇਨਸਾਫ਼=ਨਿਆਂ। ਹਿੰਮਤ=ਲੱਕ ਬੰਨ੍ਹੀ ਰੱਖਦਾ। ਅਸਤ=ਹੈ। ਦਰ ਪੇਸ਼=ਸਾਹਮਣੇ, ਅਗੇ। ਗੁਰਬਾਇ=ਗ਼ਰੀਬਾਂ। ਆਜਿਜ਼=ਮੁਹਤਾਜ, ਅਧੀਨ।

***ਅਰਥ***—ਜੋ ਨਿਆਂ ਦੇ ਕੰਮ ਵਿਚ ਲੱਕ ਬੰਨ੍ਹੀ ਰੱਖਦਾ ਹੈ। ਜੋ ਗ਼ਰੀਬਾਂ ਦੇ ਸਾਹਮਣੇ ਵੀ ਗ਼ਰੀਬ ਹੈ।੪੭।

**ਨ ਹੀਲਹ ਕੁਨਦ ਵਕਤ ਦਰ ਕਾਰਜ਼ਾਰ ॥**
**ਨ ਹੈਬਤ ਕੁਨਦ ਦੁਸ਼ਮਨਾ ਬੇਸ਼ੁਮਾਰ ॥੪੮॥**

***ਪਦ ਅਰਥ***—ਹੀਲਹ=ਬਹਾਨਾ। ਕੁਨਦ=ਕਰਦਾ। ਕਾਰਜ਼ਾਰ=ਜੁੱਧ, ਲੜਾਈ। ਹੈਬਤ=ਡਰ। ਬੇਸ਼ੁਮਾਰ=ਅਣਗਿਣਤ।

***ਅਰਥ***—ਜੰਗ ਦੇ ਸਮੇਂ ਅੰਦਰ ਬਹਾਨਾ ਨਹੀਂ ਕਰਦਾ, ਅਤੇ ਨਾ ਹੀ ਵੈਰੀ ਦੀ ਅਣਗਿਣਤ ਫ਼ੌਜ ਵੇਖ ਕੇ ਡਰ ਕਰਦਾ ਹੈ।੪੮।

Sri Satguru Jagjit Singh Ji eLibrary NamdhariElibrary@gmail.com

**ਹਰਾਂ ਕਸ ਕਿ ਜ਼ੀਂ ਹਸਤ ਗ਼ਾਜ਼ੀ ਬਵਦ॥**
**ਬਕਾਰੇ ਜਹਾਂ ਰਜ਼ਮ ਸਾਜ਼ੀ ਕੁਨਦ॥੪੯॥**

***ਪਦ ਅਰਥ***—ਹਰਾਂ ਕਸ ਕਿ=ਜੋ ਕੋਈ ਆਦਮੀ। ਜ਼ੀਂ=ਇਸ ਤੋਂ। ਗਾਜ਼ੀ=ਸੂਰਮਾ, ਬਹਾਦਰ। ਬਵਦ=ਹੋਵੇ। ਬਕਾਰੇ=ਕੰਮ ਵਿਚ। ਜਹਾਂ=ਸੰਸਾਰ, ਜਗਤ। ਰਜ਼ਮ=ਜੁੱਧ, ਜੰਗ। ਸਾਜ਼ੀ=ਤਿਆਰੀ।

***ਅਰਥ***—ਜੋ ਕੋਈ ਆਦਮੀ ਇਸ ਤਰ੍ਹਾਂ ਦਾ ਬਹਾਦਰ ਸੂਰਮਾ ਹੋਇਆ ਹੈ ਅਤੇ ਜੋ ਸੰਸਾਰ ਦੇ ਕੰਮ ਵਿਚ ਜੁੱਧ ਦੀ ਤਿਆਰੀ ਕਰਦਾ ਹੈ।੪੯।

**ਕਸੇ ਰਾ ਕਿ ਈਂ ਕਾਰ ਆਯਦ ਪਸੰਦ॥**
**ਵਜ਼ਾਂ ਸ਼ਾਹਿ ਬਾਸ਼ਦ ਜਹਾਂ ਅਰਜ਼ਮੰਦ॥੫੦॥**

***ਪਦ ਅਰਥ***—ਕਸੇ ਰਾ ਕਿ=ਜਿਸ ਕਿਸੇ ਤਾਈਂ। ਈਂ=ਇਹ। ਆਯਦ=ਆਵੇ। ਵਜ਼ਾਂ=ਉਸ। ਸ਼ਾਹਿ=ਬਾਦਸ਼ਾਹ। ਬਾਸ਼ਦ=ਹੋਵੇ।

***ਅਰਥ***—ਜਿਸ ਕਿਸੇ ਤਾਈਂ ਇਹ ਕੰਮ ਪਸੰਦ ਆਵੇ। ਉਹ ਬਾਦਸ਼ਾਹ ਸੰਸਾਰ ਦੀਆਂ ਆਸਾਂ ਪੂਰੀਆਂ ਕਰਨ ਵਾਲਾ ਹੋਵੇ।੫੦।

**ਸ਼ੁਨੀਦ ਈਂ ਸੁਖ਼ਨ ਦਉਰਿ ਦਾਨਾ ਵਜ਼ੀਰ॥**
**ਕਿ ਆਕਿਲ ਸ਼ਨਾਸ ਅਸਤ ਪੋਜ਼ਸ਼ ਪਜ਼ੀਰ॥੫੧॥**

***ਪਦ ਅਰਥ***—ਸ਼ੁਨੀਦ=ਸੁਣ ਲਈ। ਈਂ=ਇਸ। ਸੁਖ਼ਨ=ਬਚਨ। ਦਉਰਿ=ਜ਼ਮਾਨਾ। ਦਾਨਾ=ਸਿਆਣਾ, ਅਕਲਮੰਦ। ਸ਼ਨਾਸ=ਪਛਾਨਣਾ। ਪੋਜ਼ਸ਼=ਅਰਜ਼, ਬੇਨਤੀ। ਪਜ਼ੀਰ=ਮੰਨਣ ਵਾਲਾ।

***ਅਰਥ***—ਜ਼ਮਾਨੇ ਦੇ ਸਿਆਣੇ ਵਜ਼ੀਰ ਨੇ ਇਸ ਬਚਨ ਨੂੰ ਸੁਣਿਆ। ਜੋ ਅਕਾਲ ਵਾਲਾ, ਪਛਾਨਣ ਵਾਲਾ ਤੇ ਬੇਨਤੀ ਦੇ ਮੰਨਣ ਵਾਲਾ ਹੈ।੫੧।

**ਕਸੇ ਰਾ ਸ਼ਨਾਸਦ ਬ ਅਕਲਿ ਬਹੀ॥**
**ਮਰੋਰਾ ਬਿਦਿਹ ਤਾਜ ਤਖਤੋ ਮਹੀ॥੫੨॥**

***ਪਦ ਅਰਥ***—ਕਸੇ ਰਾ=ਕਿਸੇ ਤਾਈਂ। ਸ਼ਨਾਸਦ=ਪਛਾਣ ਲਵੇਂ। ਬ=ਨਾਲ। ਬਹੀ=ਚੰਗੀ, ਬੇਹਤਰ। ਮਰੋਰਾ=ਠੀਕ ਉਸ ਨੂੰ। ਬਿਦਿਹ=ਦੇ ਦਿਓ। ਮਹੀ=ਧਰਤੀ।

***ਅਰਥ***—ਹੇ ਵਜ਼ੀਰੋ! ਜਿਸ ਕਿਸੇ ਤਾਈਂ ਤੁਸੀਂ ਚੰਗੀ ਅਕਲ ਵਾਲਾ ਪਛਾਣ ਲਵੋ, ਠੀਕ ਉਸ ਨੂੰ ਇਸ ਧਰਤੀ ਦਾ ਤਖ਼ਤ, ਤਾਜ ਤੇ ਛਤਰ ਦੇ ਦਿਓ।੫੨।

**ਬ ਬਖ਼ਸ਼ੀਦ ਓਰਾ ਮਹੀ ਤਖ਼ਤ ਤਾਜ॥**
**ਗਰ ਓਰਾ ਸ਼ਨਾਸੀ ਕਿ ਰਯਤਿ ਨਿਵਾਜ਼॥੫੩॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬ ਬਖ਼ਸ਼ੀਦ=ਬਖ਼ਸ਼ ਦਿਓ। ਓਰਾ=ਉਸ ਤਾਈਂ। ਮਹੀ=ਧਰਤੀ। ਗਰ=ਜੇਕਰ। ਓਰਾ=ਉਸ ਤਾਈਂ। ਸ਼ਨਾਸੀ=ਪਛਾਣ। ਰਯਤਿ=ਪਰਜਾ। ਨਿਵਾਜ਼=ਵਡਿਆਉਣ ਵਾਲਾ, ਪਾਲਣਾ ਕਰਨ ਵਾਲਾ।

**ਅਰਥ**—ਉਸ ਤਾਈਂ ਧਰਤੀ ਦਾ ਤਖ਼ਤ ਤੇ ਤਾਜ ਬਖ਼ਸ਼ ਦਿਓ। ਜੇਕਰ ਉਸ ਤਾਈਂ ਪਰਜਾ ਦੀ ਪਾਲਣਾ ਕਰਨ ਵਾਲਾ ਪਛਾਣ ਲਵੋ।੫੩।

**ਬ ਹੈਰਤ ਦਰਾਮਦ ਬ ਪਿਸਰਾਂ ਚਹਾਰ॥**
**ਕਸੇ ਗੋਇ ਗੀਰਦ ਹਮਹ ਵਕਤਿ ਕਾਰ॥੫੪॥**

**ਪਦ ਅਰਥ**—ਬ=ਵਿਚ। ਹੈਰਤ=ਹੈਰਾਨਗੀ, ਅਸਚਰਜਤਾ। ਦਰਾਮਦ=ਵਿਚ ਆ ਗਏ। ਪਿਸਰਾਂ=ਪੁੱਤਰਾਂ। ਚਹਾਰ=ਚਾਰ। ਕਸੇ=ਕੌਣ। ਗੋਇ=ਖਿੱਦੂ, ਗੇਂਦ। ਗੀਰਦ=ਫੜਨਾ। ਹਮਹ=ਸਾਰੇ। ਕਾਰ=ਕੰਮ।

**ਅਰਥ**—ਇਸ ਤਰ੍ਹਾਂ ਨੀਤੀ ਦੀ ਗੱਲ ਸੁਣਕੇ ਚਾਰੇ ਪੁੱਤਰ ਹੈਰਾਨੀ ਵਿਚ ਆ ਗਏ। ਕੰਮ ਦੇ ਵੇਲੇ ਸਾਰਿਆਂ ਵਿਚੋਂ ਗੇਂਦ ਨੂੰ ਕੌਣ ਫੜੇਗਾ।੫੪।

**ਹਰਾਂ ਕਸ ਕਿ ਰਾ ਅਕਲਿ ਯਾਰੀ ਦਿਹਦ॥**
**ਬਕਾਰੇ ਜਹਾਂ ਕਾਮਗਾਰੀ ਦਿਹਦ॥੫੫॥**

**ਪਦ ਅਰਥ**—ਹਰਾਂ ਕਸ ਕਿ ਰਾ=ਜਿਸ ਕਿਸੇ ਤਾਈਂ। ਯਾਰੀ=ਮਿਤ੍ਰਤਾ, ਸਹਾਇਤਾ। ਦਿਹਦ=ਦਿੰਦੀ। ਕਾਮਗਾਰੀ=ਮੁਰਾਦ, ਇਛਾ ਪੂਰੀ।

**ਅਰਥ**—ਜਿਸ ਕਿਸੇ ਤਾਈਂ ਅਕਲ ਸਹਾਇਤਾ ਦਿੰਦੀ ਹੈ, ਸੰਸਾਰ ਦੇ ਕੰਮਾਂ ਵਿਚ ਉਸ ਦੀ ਇੱਛਾ ਪੂਰੀ ਕਰ ਦਿੰਦੀ ਹੈ।੫੫।

**ਬਿਦਿਹ ਸਾਕੀਯਾ ਸਾਗਰੇ ਸਬਜ਼ ਰੰਗ॥**
**ਕਿ ਮਾਰਾ ਬਕਾਰ ਅਸਤ ਦਰ ਵਕਤਿ ਜੰਗ॥੫੬॥**

**ਪਦ ਅਰਥ**—ਬਿਦਿਹ=ਦਿਓ। ਸਾਕੀਯਾ=ਗੁਰੋ। ਸਾਗਰੇ=ਪਿਆਲਾ। ਸਬਜ਼=ਹਰਾ। ਕਿ=ਜੋ। ਮਾਰਾ=ਮੇਰੇ। ਬਕਾਰ=ਕੰਮ ਵਿਚ। ਦਰ-ਅੰਦਰ।

**ਅਰਥ**—ਹੇ ਸਤਿਗੁਰੋ! ਮੈਨੂੰ ਹਰੇ ਰੰਗ ਦਾ ਪਿਆਲਾ ਦਿਓ। ਜੋ ਜੰਗ ਦੇ ਵੇਲੇ ਮੇਰੇ ਕੰਮ ਵਿਚ ਆਉਣ ਵਾਲਾ ਹੈ।੫੬।

**ਬਿਦਿਹ ਸਾਕੀਯਾ ਸਾਗਰੇ ਨੈਨ ਪਾਨ॥**
**ਕੁਨਦ ਪੀਰ ਸਦ ਸਾਲਹ ਰਾ ਨਉ ਜਵਾਨ॥੫੭॥੩॥**

**ਪਦ ਅਰਥ**—ਨੈਨ ਪਾਨ=ਅੱਖਾਂ ਨੂੰ ਰੰਗਣ ਵਾਲਾ । ਕੁਨਦ=ਕਰਦਾ । ਪੀਰ=ਬੁਢਾ । ਸਦ ਸਾਲਹ= ਸੌ ਵਰ੍ਹਿਆਂ ਦਾ ।

**ਅਰਥ**—ਹੇ ਸਤਿਗੁਰੋ ! ਮੈਨੂੰ ਅੱਖਾਂ ਨੂੰ ਰੰਗਣ ਵਾਲਾ ਪਿਆਲਾ ਦਿਓ । ਜੋ ਸੌ ਵਰ੍ਹਿਆਂ ਦੇ ਬੁਢੇ ਨੂੰ ਨੌ-ਜਵਾਨ ਕਰ ਦਿੰਦਾ ਹੈ।੫੭।੩।

ਤੀਸਰੀ ਹਿਕਾਯਤ-(ਕਹਾਣੀ) ਸੰਪੂਰਣ ਹੋਈ

# ਹਿਕਾਯਤ ਚੌਥੀ

## ਵਾਹਿਗੁਰੂ ਜੀ ਕੀ ਫਤਹ ॥

**ਕਿ ਰੋਜ਼ੀ ਦਿਹੰਦ ਅਸਤ ਰਾਜ਼ਿਕ ਰਹੀਮ ॥**
**ਰਹਈ ਦਿਹੋ ਰਹਿਨੁਮਾਏ ਕਰੀਮ ॥੧॥**

**ਪਦ ਅਰਥ**—ਕਿ=ਜੋ । ਰੋਜ਼ੀ=ਖ਼ੁਰਾਕ, ਅੰਨ । ਦਿਹੰਦ=ਦੇਣ ਵਾਲਾ । ਅਸਤ=ਹੈ । ਰਾਜ਼ਿਕ=ਰਜ਼ਾ, ਭਾਣਾ ਵਰਤਾਣ ਵਾਲਾ । ਰਹੀਮ=ਦਿਆਲੂ । ਰਿਹਾਈ=ਛੁਟਕਾਰਾ, ਖਲਾਸੀ । ਰਹਿਨੁਮਾਏ=ਰਾਹ ਵਿਖਾਣ ਵਾਲਾ, ਆਗੂ । ਕਰੀਮ=ਕ੍ਰਿਪਾਲੂ ।

**ਅਰਥ**—ਜੋ ਅੰਨ ਦੇਣ ਵਾਲਾ, ਭਾਵ ਵਰਤਾਣ ਵਾਲਾ ਤੇ ਦਿਆਲੂ ਹੈ । ਛੁਟਕਾਰਾ ਦੇਣ ਵਾਲਾ ਰਸਤੇ ਦੇ ਵਿਖਾਉਣ ਵਾਲਾ ਤੇ ਕ੍ਰਿਪਾਲੂ ਹੈ।੧।

**ਦਿਲ ਅਫ਼ਜ਼ਾਇ ਦਾਨਿਸ਼ ਦਿਹੋ ਦਾਦਗਰ ॥**
**ਰਜ਼ਾ ਬਖ਼ਸ਼ ਰੋਜ਼ੀ ਦਿਹੋ ਹਰ ਹੁਨਰ ॥੨॥**

**ਪਦ ਅਰਥ**—ਅਫ਼ਜ਼ਾਇ=ਵਧਾਉਣਾ । ਦਾਨਿਸ਼=ਬੁਧੀ, ਅਕਲ । ਦਾਦਗਰ=ਨਿਆਉਂ, ਇਨਸਾਫ਼ ਕਰਨ ਵਾਲਾ । ਰਜ਼ਾ=ਭਾਣਾ । ਹਰ ਹੁਨਰ=ਸਾਰੇ ਗੁਣਾਂ ਵਾਲਾ।

**ਅਰਥ**—ਦਿਲ ਨੂੰ ਵਧਾਉਣ ਵਾਲਾ, ਬੁਧੀ ਦੇ ਦੇਣ ਵਾਲਾ ਤੇ ਨਿਆਂ ਕਰਨ ਵਾਲਾ ਹੈ । ਭਾਣੇ ਦੇ ਬਖ਼ਸ਼ਣ ਵਾਲਾ, ਅੰਨ ਦੇਣ ਵਾਲਾ ਤੇ ਸਾਰੇ ਗੁਣਾਂ ਵਾਲਾ ਹੈ ।੨।

**ਹਿਕਾਯਤ ਸ਼ੁਨੀਦਮ ਯਕੇ ਨੇਕ ਜ਼ਨ ॥**
**ਚੁ ਸ਼ਮਸ਼ਾਦ ਕੱਦੇ ਬਜੂਏ ਚਮਨ ॥੩॥**

**ਪਦ ਅਰਥ**—ਹਿਕਾਯਤ=ਕਹਾਣੀ । ਸ਼ੁਨੀਦਮ=ਮੈਂ ਸੁਣੀ ਹੈ । ਯਕੇ=ਇਕ । ਨੇਕ ਜ਼ਨ=ਪਵਿਤ੍ਰ ਔਰਤ। ਚੁ=ਵਰਗੀ । ਸ਼ਮਸ਼ਾਦ=ਸਰੂ ਬ੍ਰਿਛ। ਕੱਦੇ=ਕੱਦ । ਬ=ਉਪਰ । ਜੂਏ=ਨਦੀ । ਚਮਨ=ਬਗੀਚੀ।

***ਅਰਥ***—ਹੇ ਔਰੰਗਜ਼ੇਬ! ਮੈਂ ਇਕ ਚੰਗੀ ਔਰਤ ਦੀ ਕਹਾਣੀ ਸੁਣੀ ਹੈ। ਜੋ ਸਰੂ ਬ੍ਰਿਛ ਵਾਂਗੂ ਲੰਮੇ ਕੱਦ ਵਾਲੀ ਸੀ, ਭਾਵ ਨਹਿਰ ਦੇ ਕੰਢੇ ਉਪਰ ਜੋ ਬਾਗ ਹੈ, ਉਸ ਬਾਗ ਦੇ ਸਰੂ ਬ੍ਰਿਛ ਵਰਗਾ ਉਸ ਔਰਤ ਦਾ ਕੱਦ ਸੀ।੩।

**ਕਿ ਓ ਰਾ ਪਿਦਰ ਰਾਜਹ ਏ ਉਤਰ ਦੇਸ॥**
**ਬ ਸ਼ੀਰੀਂ ਜ਼ੁਬਾਂ ਹਮਚੁ ਇਖ਼ਲਾਸ ਕੇਸ॥੪॥**

***ਪਦ ਅਰਥ***—ਕਿ=ਜੋ। ਓਰਾ=ਉਸ ਦਾ। ਪਿਦਰ=ਪਿਤਾ। ਏ=ਦਾ। ਉਤਰ ਦੇਸ=ਪਹਾੜੀ ਮੁਲਕ। ਬ=ਨਾਲ। ਸ਼ੀਰੀਂ=ਮਿੱਠੀ। ਜ਼ੁਬਾਂ=ਜ਼ਬਾਨ, ਜੀਭ। ਹਮਚੁ=ਵਾਂਗੂ, ਨਿਆਂਈ। ਇਖ਼ਲਾਸ=ਪਿਆਰਾ। ਕੇਸ=ਧਰਮ।

***ਅਰਥ***—ਜੋ ਉਸ ਦਾ ਪਿਤਾ ਪਹਾੜੀ ਮੁਲਕ ਉਤਰ ਦੇਸ ਦਾ ਰਾਜਾ ਸੀ। ਮਿੱਠੀ ਜ਼ਬਾਨ ਵਾਲਾ ਅਤੇ ਧਰਮ ਦੇ ਪਿਆਰ ਵਾਲਾ ਸੀ ਭਾਵ ਧਰਮ ਦਾ ਪਿਆਰਾ ਤੇ ਮਿੱਠਾ ਬੋਲਣ ਵਾਲਾ ਸੀ।੪।

**ਕਿ ਆਮਦ ਬਰਾਏ ਹਮਹ ਗੁਸਲ ਗੰਗ॥**
**ਚੁ ਕੈਬਰ ਕਮਾਂ ਹਮ ਚੁ ਤੀਰੇ ਤੁਫ਼ੰਗ॥੫॥**

***ਪਦ ਅਰਥ***—ਆਮਦ=ਆਇਆ। ਬਰਾਏ=ਵਾਸਤੇ। ਹਮਹ=ਸਾਰੇ। ਗੁਸਲ=ਇਸ਼ਨਾਨ। ਗੰਗ=ਗੰਗਾ। ਕੈਬਰ=ਤੀਰ। ਕਮਾਂ=ਧਨੁਖ। ਹਮ=ਭੀ। ਚੁ=ਵਰਗੀ। ਤੁਫ਼ੰਗ=ਬੰਦੂਕ।

***ਅਰਥ***—ਗੰਗਾ ਦਾ ਇਸ਼ਨਾਨ ਕਰਨ ਵਾਸਤੇ ਸਾਰੇ ਆਏ। ਜਿਵੇਂ ਕਮਾਨ ਵਿਚੋਂ ਤੀਰ ਅਤੇ ਬੰਦੂਕ ਵਿਚੋਂ ਨਿਕਲੀ ਹੋਈ ਗੋਲੀ ਆਉਂਦੀ ਹੈ।੫।

**ਹਮੀਂ ਖ਼੍ਵਾਸਤ ਕਿ ਓਰਾ ਸ੍ਵਯੰਬਰ ਕੁਨਮ॥**
**ਕਸੇ ਈਂ ਪਸੰਦ ਆਯਦ ਓਰਾ ਦਿਹਮ॥੬॥**

ਪਦ ਅਰਥ—ਹਮੀਂ=ਇਹ ਵੀ। ਖ਼੍ਵਾਸਤ=ਇੱਛਾ ਹੈ। ਕਿ=ਜੋ। ਓਰਾ=ਉਸਦਾ। ਆਯਦ=ਆ ਜਾਵੇ।

***ਅਰਥ***—ਇਹ ਵੀ ਇੱਛਾ ਹੈ, ਜੋ ਉਸ ਦਾ ਸੁਅੰਬਰ ਕਰਾਂ, ਜੇ ਕੋਈ ਇਸ ਦੇ ਪਸੰਦ ਆ ਜਾਵੇ, ਉਸ ਨੂੰ ਮੈਂ ਦੇ ਦੇਵਾਂ।੬। [ਦ: ਗ੍ਰੰ: ਪੰਨਾ ੧੪੦੦

**ਬਿਗੋਯਦ ਸੁਖ਼ਨ ਦੁਖ਼ਤਰੇ ਨੇਕ ਤਨ॥**
**ਕਸੇ ਤੋ ਪਸੰਦ ਆਯਦ ਓਰਾ ਬਕੁਨ॥੭॥**

***ਪਦ ਅਰਥ***—ਬਿਗੋਯਦ=ਕਿਹਾ। ਸੁਖ਼ਨ=ਬਚਨ। ਦੁਖ਼ਤਰੇ=ਲੜਕੀ, ਪੁੱਤਰੀ। ਨੇਕ ਤਨ= ਪਵਿਤ੍ਰ-ਆਤਮਾ। ਕਸੇ=ਜਿਹੜਾ ਕੋਈ। ਤੋ=ਤੈਨੂੰ। ਆਯਦ=ਆ ਜਾਵੇ। ਓਹ=ਉਸ ਨੂੰ। ਬਕੁਨ=ਪਤੀ ਕਰ ਲੈ।

***ਅਰਥ***—ਉਸ ਬਚਨ ਕਿਹਾ-ਹੇ ਪਵਿਤ੍ਰ ਆਤਮਾ ਪੁਤ੍ਰੀ! ਜਿਹੜਾ ਕੋਈ ਤੈਨੂੰ ਪਸੰਦ ਆ ਜਾਵੇ, ਤੂੰ ਉਸ ਨੂੰ ਪਤੀ ਕਰ ਲੈ ਭਾਵ ਉਸ ਨਾਲ ਵਿਆਹ ਕਰਾ ਲੈ।੭।

Sri Satguru Jagjit Singh Ji eLibrary NamdhariElibrary@gmail.com

**ਨਿਸ਼ਾਂਦੰਦ ਬਰ ਕਾਖ ਓ ਹਫ਼ਤ ਖ਼ਨ ॥**
**ਚੁ ਮਾਹੇ ਮਹੀ ਆਫ਼ਤਾਬੇ ਯਮਨ ॥੮॥**

**ਪਦ ਅਰਥ**—ਨਿਸ਼ਾਂਦੰਦ=ਬਿਠਾ ਦਿਤਾ। ਬਰ=ਉਪਰ। ਕਾਖ=ਅਟਾਰੀ। ਓ=ਉਸ ਨੂੰ। ਹਫ਼ਤ=ਸਤ। ਖ਼ਨ=ਖਾਨੇ, ਕਮਰੇ ਭਾਵ ਛੱਤਾਂ। ਮਾਹੇ=ਚੰਦਰਮਾ। ਮਹੀ=ਧਰਤੀ ਜਾਂ ਪੁੰਨਿਆਂ। ਆਫ਼ਤਾਬੇ=ਸੂਰਜ। ਯਮਨ=ਇਕ ਦੇਸ।

**ਅਰਥ**—ਸਤ ਛੱਤਾਂ ਵਾਲੀ ਅਟਾਰੀ ਉਪਰ ਉਸ ਨੂੰ ਬਿਠਾ ਦਿਤਾ। ਜੋ ਧਰਤੀ ਤੇ ਚੰਦ੍ਰਮਾ ਤੇ ਵਲਾਇਤ ਦੇਸ ਦੇ ਸੂਰਜ ਵਾਂਗੂੰ ਸੁੰਦਰ ਰੂਪ ਵਾਲੀ ਹੈ।੮।

**ਦਹਾਨੇ ਦੁਹਲ ਰਾ ਦਹਨ ਬਰ ਕੁਸ਼ਾਦ ॥**
**ਜਵਾਬੇ ਸੁਖ਼ਨ ਰਾ ਉਜ਼ਰ ਬਰ ਨਿਹਾਦ ॥੯॥**

**ਪਦ ਅਰਥ**—ਦਹਾਨੇ=ਮੂੰਹ। ਦੁਹਲ=ਢੋਲ। ਦਹਨ=ਪੜਦੇ। ਬਰ ਕੁਸ਼ਾਦ=ਖੋਲ੍ਹਿਆ। ਜਵਾਬੇ=ਉੱਤਰ। ਸੁਖ਼ਨ=ਬਚਨ। ਉਜ਼ਰ=ਬੇਨਤੀ। ਬਰ ਨਿਹਾਦ=ਉਤੇ ਰਖੀ।

**ਅਰਥ**—ਢੋਲ ਦੇ ਮੂੰਹ ਉਪਰੋਂ ਪੜਦਿਆਂ ਨੂੰ ਖੋਲ੍ਹਿਆ ਅਤੇ ਆਪਣੇ ਉੱਤਰ ਦੇ ਬਚਨ ਨੂੰ ਬੇਨਤੀ ਉਪਰ ਰਖਿਆ ਭਾਵ ਆਖ ਸੁਣਾਇਆ।੯।

**ਕਿ ਈਂ ਰਾਜਹੇ ਰਾਜਹਾ ਬੇਸ਼ੁਮਾਰ ॥**
**ਕਿ ਵਕਤੇ ਤਰਦਦ ਬ ਆਮੋਖ਼ਤ ਕਾਰ ॥੧੦॥**

**ਪਦ ਅਰਥ**—ਕਿ=ਜੋ। ਈਂ=ਇਹ। ਰਾਜਹਾ=ਰਾਜੇ। ਬੇਸ਼ੁਮਾਰ=ਅਣਗਿਣਤ। ਤਰਦਦ=ਜੁੱਧ, ਜੰਗ। ਆਮੋਖ਼ਤ=ਸਿਖੇ ਹੋਏ।

**ਅਰਥ**—ਇਹ ਜੋ ਰਾਜਿਆਂ ਦੇ ਅਣਗਿਣਤ ਰਾਜੇ ਆਏ ਹੋਏ ਹਨ। ਜੋ ਇਹ ਜੰਗ ਦੇ ਕਾਰ-ਵਿਹਾਰ ਨੂੰ ਚੰਗੀ ਤਰ੍ਹਾਂ ਸਿਖੇ ਹੋਏ ਹਨ।੧੦।

**ਕਸੇ ਤੋ ਪਸੰਦ ਆਯਦਤ ਈਂ ਜ਼ਮਾਂ ॥**
**ਵਜ਼ਾਂ ਪਸ ਬ ਦਾਮਦੀ ਆਯਦ ਹਮਾਂ ॥੧੧॥**

**ਪਦ ਅਰਥ**—ਕਸੇ=ਜੇ ਕੋਈ। ਤੋ=ਤੈਨੂੰ। ਆਯਦਤ=ਆਵੇ। ਈਂ=ਇਸ। ਜ਼ਮਾਂ=ਵੇਲੇ, ਸਮੇਂ ਵਿਚ। ਵਜ਼ਾਂ=ਉਸ ਤੋਂ। ਪਸ=ਪਿਛੋਂ। ਦਾਮਦੀ=ਜਵਾਈ। ਆਯਦ=ਆਵੇਗਾ। ਹਮਾਂ=ਉਹ ਵੀ।

**ਅਰਥ**—ਜੋ ਕੋਈ ਆਦਮੀ ਇਸ ਵੇਲੇ ਤੈਨੂੰ ਪਸੰਦ ਆਵੇ। ਉਸ ਪਿਛੋਂ ਓਹ ਮੇਰਾ ਜਵਾਈ ਹੋ ਕੇ ਆਵੇਗਾ।੧੧।

**ਨੁਮਾਦੰਦ ਬ ਓ ਰਾਜਹਾ ਬੇਸ਼ੁਮਾਰ ॥**
**ਪਸੰਦਸ਼ ਨਿਯਾਮਦ ਕਸੇ ਕਾਰ ਬਾਰ ॥੧੨॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਨੁਮਾਦੰਦ=ਵਿਖਾ ਦਿਤੇ। ਬੇਸ਼ੁਮਾਰ=ਅਣਗਿਣਤ। ਪਸੰਦਸ਼=ਪਸੰਦ। ਨਿਯਾਮਦ=ਨਾ ਆਏ। ਕਸੇ=ਕਿਸੇ ਦਾ। ਕਾਰ ਬਾਰ=ਕਾਰ ਵਿਹਾਰ।

**ਅਰਥ**—ਉਸ ਨੂੰ ਅਣਗਿਣਤ ਰਾਜੇ ਵਿਖਾਏ, ਪਰ ਉਸ ਲੜਕੀ ਨੂੰ ਕੰਮ-ਕਾਰ ਤੋਂ ਕੋਈ ਵੀ ਪਸੰਦ ਨਾ ਆਇਆ।੧੨।

**ਹਮ ਆਖਿਰ ਯਕੇ ਰਾਜਿਹ ਸੁਭਟ ਸਿੰਘ॥**
**ਪਸੰਦ ਆਯਦਸ਼ ਹਮ ਚੁ ਗੁਰਰਾ ਨਿਹੰਗ॥੧੩॥**

**ਪਦ ਅਰਥ**—ਹਮ ਆਖਿਰ=ਅੰਤ ਨੂੰ। ਯਕੇ=ਇਕ। ਹਮਚੁ=ਵਾਂਗੂ। ਗੁਰਰਾ=ਗਰਜਨ ਵਾਲਾ। ਨਿਹੰਗ=ਮਗਰਮੱਛ।

**ਅਰਥ**—ਅੰਤ ਨੂੰ ਇਕ ਰਾਜਾ ਸੁਭਟ ਸਿੰਘ ਉਸ ਦੇ ਪਸੰਦ ਆਇਆ ਜੋ ਮਗਰਮੱਛ ਵਾਂਗੂੰ ਗਰਜਨ ਵਾਲਾ ਸੀ।੧੩।

**ਹਮਹ ਉਮਦਹੇ ਰਾਜਹਾ ਪੇਸ਼ ਖ਼੍ਵਾਂਦ॥**
**ਜੁਦਾ ਬਰ ਜੁਦਾ ਦੌਰਿ ਮਜਲਿਸ ਨਿਸ਼ਾਂਦ॥੧੪॥**

**ਪਦ ਅਰਥ**—ਹਮਹ=ਸਾਰੇ ਹੀ। ਉਮਦਹੇ=ਸੋਹਣੇ। ਪੇਸ਼=ਸਾਹਮਣੇ, ਅਗੇ। ਖ਼੍ਵਾਂਦ=ਸੱਦ ਲਏ। ਜੁਦਾ ਬਰ ਜੁਦਾ=ਵਖੋ ਵਖਰੇ। ਦੌਰਿ=ਚੁਫੇਰੇ। ਮਜਲਿਸ=ਸਭਾ, ਦਰਬਾਰ। ਨਿਸ਼ਾਂਦ=ਬਿਠਾ ਦਿਤੇ।

**ਅਰਥ**—ਸਾਰੇ ਹੀ ਸੋਹਣੇ ਸੋਹਣੇ ਰਾਜੇ ਆਪਣੇ ਅਗੇ ਸੱਦ ਲਏ। ਸਭਾ ਦੇ ਚੁਫੇਰੇ ਵੱਖੋ ਵਖਰੇ ਬਿਠਾ ਦਿਤੇ।੧੪।

**ਬਿ ਪੁਰਸ਼ੀਦ ਕਿ ਐ ਦੁਖਤਰੇ ਨੇਕ ਖ਼ੋਇ॥**
**ਤੁਰਾ ਕਸ ਪਸੰਦ ਆਯਦ ਅਜ਼ੀਹਾਂ ਬਜੋਇ॥੧੫॥**

**ਪਦ ਅਰਥ**—ਪੁਰਸ਼ੀਦ=ਪੁਛਿਆ। ਕਿ=ਜੋ। ਐ=ਹੇ। ਦੁਖਤਰੇ=ਬੇਟੀ, ਪੁੱਤਰੀ। ਨੇਕ=ਚੰਗੇ। ਖੋਇ=ਸੁਭਾਵ। ਤੁਰਾ=ਤੈਨੂੰ। ਕਸ=ਕੋਈ। ਅਜ਼ੀਹਾਂ ਬਜੋਇ=ਇਨ੍ਹਾਂ ਦੀ ਖੋਜ ਵਿਚੋਂ।

**ਅਰਥ**—ਪੁਛਿਆ, ਜੋ ਹੇ ਚੰਗੇ ਸੁਭਾਵ ਵਾਲੀ ਬੇਟੀ! ਤੈਨੂੰ ਇਹਨਾਂ ਦੀ ਖੋਜ ਵਿਚੋਂ ਕੋਈ ਆਦਮੀ ਪਸੰਦ ਆਇਆ ਹੈ।੧੫।

**ਰਵਾਂ ਕਰਦ ਜ਼ੁੱਨਾਰ ਦਾਰਾਨਿ ਪੇਸ਼॥**
**ਬਿਗੋਯਦ ਕਿ ਈਂ ਰਾਜਹੇ ਉਤਰ ਦੇਸ॥੧੬॥**

**ਪਦ ਅਰਥ**—ਰਵਾਂ ਕਰਦ=ਭੇਜ ਦਿਤਾ। ਜ਼ੁੱਨਾਰ=ਜਨੇਊ। ਦਾਰਾਨਿ=ਰਖਣ ਵਾਲੇ। ਪੇਸ਼=ਸਾਹਮਣੇ, ਅੱਗੇ। ਬਿਗੋਯਦ=ਕਹਿੰਦਾ।

**ਅਰਥ**—ਜਨੇਊ ਰਖਣ ਵਾਲੇ ਭਾਵ ਬ੍ਰਾਹਮਣ ਨੂੰ ਅਗੇ ਭੇਜ ਦਿਤਾ। ਬ੍ਰਾਹਮਣ ਕਹਿੰਦਾ-ਜੋ ਇਹ ਉਤਰ ਦੇਸ ਦਾ ਰਾਜਾ ਹੈ।੧੬।

Sri Satguru Jagjit Singh Ji eLibrary NamdhariElibrary@gmail.com

## ਕਿ ਓ ਨਾਮ ਬਸਤਸਤ ਬਛਤ੍ਰਾਮਤੀ ॥
## ਚੁ ਮਾਹੇ ਫਲਕ ਆਫ਼ਤਾਬੇ ਮਹੀ ॥੧੭॥

***ਪਦ ਅਰਥ***—ਬਸਤਸਤ=ਬੰਨ੍ਹਿਆ ਹੈ, ਭਾਵ ਰਖਿਆ ਹੈ। ਚੁ=ਵਾਂਗੂ। ਮਾਹੇ=ਚੰਦ੍ਰਮਾ। ਫਲਕ=ਅਕਾਸ਼। ਆਫ਼ਤਾਬੇ=ਸੂਰਜ। ਮਹੀ=ਧਰਤੀ।

***ਅਰਥ***—ਜੋ ਉਸਦਾ ਨਾਮ ਛਤ੍ਰਾਮਤੀ ਰਖਿਆ। ਲੜਕੀ ਅਕਾਸ਼ ਦੇ ਚੰਦ੍ਰਮਾ ਅਤੇ ਧਰਤੀ ਦੇ ਸੂਰਜ ਵਾਂਗੂ ਹੈ।੧੭।

## ਅਜ਼ੀਂ ਰਾਜਹਾਂ ਕਸ ਨਿਯਾਮਦ ਨਜ਼ਰ ॥
## ਵਜ਼ਾਂ ਪਸ ਅਜ਼ੀਂ ਹਾਂ ਬੁਬੀਂ ਪੁਰ ਗੁਹਰ ॥੧੮॥

***ਪਦ ਅਰਥ***—ਅਜ਼ੀਂ=ਇਸ ਤੋਂ। ਕਸ=ਕੋਈ। ਨਿਯਾਮਦ=ਨਹੀਂ ਆਇਆ। ਵਜ਼ਾਂ ਪਸ=ਉਸ ਦੇ ਮਗਰੋਂ। ਅਜ਼ੀਂ ਹਾਂ=ਇਨ੍ਹਾਂ ਵਿਚੋਂ। ਬੁਬੀਂ=ਵੇਖ। ਪੁਰ ਗੁਹਰ=ਗੁਣਾਂ ਵਿਚ ਪੂਰਨ।

***ਅਰਥ***—ਹੇ ਪਿਤਾ ਜੀ! ਇਨ੍ਹਾਂ ਰਾਜਿਆਂ ਵਿਚੋਂ ਕੋਈ ਨਿਗਾਹ ਹੇਠਾਂ ਨਹੀਂ ਆਇਆ। ਉਸ ਦੇ ਮਗਰੋਂ ਹੇ ਗੁਣਾਂ ਦੇ ਪੂਰਨ! ਇਨ੍ਹਾਂ ਵਿਚੋਂ ਵੀ ਕੋਈ ਵੇਖ ਲੈ।੧੮।

## ਨਜ਼ਰ ਕਰਦ ਬਰ ਰਾਜਹਾ ਨਾਜ਼ਨੀਂ ॥
## ਪਸੰਦਸ਼ ਨਿਆਮਦ ਕਸੇ ਦਿਲ ਨਗੀਂ ॥੧੯॥

***ਪਦ ਅਰਥ***—ਨਜ਼ਰ ਕਰਦ=ਨਿਗਾਹ ਕੀਤੀ। ਰਾਜਹਾ=ਰਾਜਿਆਂ। ਬਰ=ਉਪਰ। ਨਾਜ਼ਨੀਂ=ਨਾਜ਼ਕ ਸਰੀਰ ਵਾਲੀ ਨੇ। ਪਸੰਦਸ਼=ਉਸ ਨੂੰ ਪਸੰਦ। ਦਿਲ ਨਗੀਂ=ਦਿਲ ਦਾ ਨਗੀਨਾ।

***ਅਰਥ***—ਨਾਜ਼ਕ ਸਰੀਰ ਵਾਲੀ ਨੇ ਰਾਜਿਆਂ ਉਪਰ ਨਿਗਾਹ ਕੀਤੀ। ਪਰ ਦਿਲ ਦਾ ਨਗੀਨਾ ਕੋਈ ਵੀ ਪਸੰਦ ਨਾ ਆਇਆ।੧੯।

## ਸੁਯੰਬਰ ਵਜ਼ਾਂ ਰੋਜ਼ ਮਉਕੂਫ਼ ਗਸ਼ਤ ॥
## ਕਿ ਨਾਜ਼ਮ ਬ ਬਰਖਾਸਤ ਦਰਵਾਜ਼ਹ ਬਸਤ ॥੨੦॥

***ਪਦ ਅਰਥ***—ਵਜ਼ਾਂ ਰੋਜ਼=ਉਸ ਦਿਨ। ਮਉਕੂਫ਼=ਹਟਾਈ। ਗਸ਼ਤ=ਗਈ। ਨਾਜ਼ਮ=ਪ੍ਰਬੰਧਕ। ਬਰਖਾਸਤ=ਉਠ ਖੜੋਤੇ। ਬਸਤ=ਬੰਦ ਕਰ ਦਿਤਾ।

***ਅਰਥ***—ਉਸ ਦਿਨ ਸੁਯੰਬਰ ਹਟਾਇਆ ਗਿਆ। ਪ੍ਰਬੰਧਕ ਉਠ ਖੜੋਤੇ ਤੇ ਦਰਵਾਜ਼ਾ ਬੰਦ ਕਰ ਦਿਤਾ।੨੦।

## ਕਿ ਰੋਜ਼ੇ ਦਿਗਰ ਸ਼ਾਹ ਜ਼ੱਰਰੀਂ ਸਿਪਰ ॥
## ਬਰ ਅਉਰੰਗ ਬਰ ਆਮਦ ਚੁ ਰੌਸ਼ਨ ਗੁਹਰ ॥੨੧॥

***ਪਦ ਅਰਥ***—ਰੋਜ਼ੇ ਦਿਗਰ=ਦੂਜੇ ਦਿਨ । ਜ਼ੱਰਰੀਂ=ਸੁਨਹਿਰੀ । ਸਿਪਰ=ਢਾਲ । ਅਉਰੰਗ=ਤਖ਼ਤ, ਰਾਜ ਸਿੰਘਾਸਨ । ਬਰ ਆਮਦ=ਆਇਆ । ਚੁ=ਵਾਂਗੂ । ਰੌਸ਼ਨ=ਚਮਕੀਲੇ । ਗੁਹਰ=ਮੋਤੀ।

***ਅਰਥ***—ਦੂਸਰੇ ਦਿਨ ਸੁਨਹਿਰੀ ਢਾਲ ਵਾਲਾ ਰਾਜਾ ਤਖ਼ਤ ਉਤੇ ਆਇਆ । ਜਿਸਦਾ ਪ੍ਰਕਾਸ਼ ਮੋਤੀ ਵਾਂਗੂੰ ਹੈ ਭਾਵ ਸੂਰਜ ਚੜ੍ਹ ਆਇਆ।੨੧।

**ਦਿਗਰ ਰੋਜ਼ ਹਮ ਰਾਜਹਾ ਖ੍ਵਾਸਤੰਦ ॥**
**ਦਿਗਰ ਗੂੰਨਹ ਬਾਜ਼ਾਰ ਆਰਾਸਤੰਦ ॥੨੨॥**

***ਪਦ ਅਰਥ***—ਦਿਗਰ ਰੋਜ਼=ਦੂਸਰੇ ਦਿਨ। ਹਮ=ਭੀ। ਰਾਜਹਾ=ਰਾਜਿਆਂ ਨੂੰ। ਖ੍ਵਾਸਤੰਦ=ਬੁਲਾਇਆ। ਦਿਗਰ ਗੂੰਨਹ=ਦੂਜੀ ਤਰ੍ਹਾਂ ਨਾਲ। ਬਾਜ਼ਾਰ=ਲੰਮੀ ਕਰਤਾਰ ਵਰਗੀ ਸਭਾ। ਆਰਾਸਤੰਦ=ਸੰਵਾਰਨਾ ਕੀਤਾ।

***ਅਰਥ***—ਦੂਸਰੇ ਦਿਨ ਵੀ ਬਹੁਤ ਰਾਜਿਆਂ ਨੂੰ ਬੁਲਾਇਆ। ਦੂਜੀ ਤਰ੍ਹਾਂ ਨਾਲ ਸਭਾ ਨੂੰ ਸੰਵਾਰਨਾ ਕੀਤਾ।੨੨।

**ਨਜ਼ਰ ਕੁਨ ਬਰੂਏ ਤੋ ਐ ਦਿਲ ਰੁਬਾਇ ॥**
**ਕਿਰਾ ਤੋ ਨਜ਼ਰ ਦਰ ਬਿਆਯਦ ਬਜਾਇ ॥੨੩॥**

***ਪਦ ਅਰਥ***—ਨਜ਼ਰ ਕੁਨ=ਨਿਗਾਹ ਕਰ, ਵੇਖ । ਬਰੂਏ=ਚੇਹਰਿਆਂ ਉਤੇ । ਦਿਲ ਰੁਬਾਇ=ਮਨ ਨੂੰ ਮੋਹਨ ਵਾਲੀ । ਕਿਰਾ=ਕਿਸ ਨੂੰ । ਬਿਆਯਦ=ਲਿਆਵੇ । ਬਜਾਇ=ਠੀਕ।

***ਅਰਥ***—ਹੇ ਮਨ ਨੂੰ ਮੋਹਨ ਵਾਲੀ ਪਿਆਰੀ ਬੇਟੀ! ਤੂੰ ਇਹਨਾਂ ਚਿਹਰਿਆਂ ਉਤੇ ਨਿਗਾਹ ਕਰਕੇ ਵੇਖ। ਜਿਸ ਨੂੰ ਤੂੰ ਠੀਕ ਨਿਗਾਹ ਵਿਚ ਲਿਆਵੇਂ, ਉਸ ਨਾਲ ਤੇਰਾ ਵਿਆਹ ਕਰ ਦਿਆਂਗੇ।੨੩।

**ਬ ਪੈਹਨ ਅੰਦਰ ਆਮਦ ਗੁਲੇ ਅੰਜਮਨ ॥**
**ਕਿ ਜ਼ਰ ਆਬ ਰੰਗ ਅਸਤ ਸੀਮਾਬ ਤਨ ॥੨੪॥**

***ਪਦ ਅਰਥ***—ਪੈਹਨ=ਵਿਹੜਾ, ਮੰਡਪ ਦਾ ਮੈਦਾਨ । ਆਮਦ=ਆ ਗਈ । ਗੁਲੇ=ਫੁਲ । ਅੰਜਮਨ= ਸਭਾ । ਜ਼ਰ=ਸੋਨਾ । ਆਬ=ਪਾਣੀ । ਸੀਮਾਬ=ਪਾਰਾ । ਤਨ=ਸਰੀਰ।

***ਅਰਥ***—ਸਭਾ ਦਾ ਫੁਲ (ਛਤ੍ਰਮਤੀ) ਮੰਡਪ ਦੇ ਵਿਹੜੇ ਵਿਚ ਆ ਗਈ । ਜਿਸ ਦੇ ਸਰੀਰ ਦਾ ਰੰਗ ਸੋਨੇ ਦੇ ਪਾਣੀ ਵਰਗਾ ਤੇ ਸਰੀਰ ਪਾਰੇ ਵਰਗਾ ਚੰਚਲ ਹੈ।੨੪।

**ਰਵਾਂ ਗਸ਼ਤ ਦਰ ਰਾਜਹਾ ਬੇਸ਼ੁਮਾਰ ॥**
**ਗੁਲਿ ਸੁਰਖ ਚੂੰ ਗੁੰਬਜਿ ਨਉ ਬਹਾਰ ॥੨੫॥**

***ਪਦ ਅਰਥ***—ਰਵਾਂ ਗਸ਼ਤ=ਤੁਰ ਪਈ। ਦਰ=ਵਿਚ। ਰਾਜਹਾ=ਰਾਜਿਆਂ। ਗੁਲਿ ਸੁਰਖ ਚੂੰ=ਗੁਲਾਬ ਦੇ ਫੁਲ ਵਾਂਗੂ ਲਾਲ । ਗੁੰਬਜਿ=ਮੁਨਾਰਾ, ਬੁਰਜ । ਨਉ ਬਹਾਰ=ਨਵੀਂ ਬਸੰਤ ਰੁੱਤ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਅਣਗਿਣਤ ਰਾਜਿਆਂ ਦੇ ਵਿਚ ਫਿਰ ਗਈ। ਮਾਨੋ ਬਸੰਤ ਰੁੱਤ ਵਿਚੋਂ ਗੁਲਾਬ ਦੇ ਫੁਲਾਂ ਵਾਂਗੂ ਲਾਲ ਮੁਨਾਰਾ ਹੈ ।੨੫।

**ਬਿਦੁਜ਼ਦੀਦ ਦਿਲ ਰਾਜਹਾ ਬੇਸ਼ੁਮਾਰ ॥**
**ਬਿਉਫ਼ਤੰਦ ਜ਼ਮੀਂ ਚੂੰ ਯਲਿ ਕਾਰਜ਼ਾਰ ॥੨੬॥**

***ਪਦ ਅਰਥ***—ਬਿਦੁਜ਼ਦੀਦ=ਚੁਰਾ ਲਿਆ। ਬਿਉਫ਼ਤੰਦ=ਡਿਗ ਪਏ। ਚੂੰ=ਵਾਂਗ। ਯਲਿ=ਸੂਰਮੇ। ਕਾਰਜ਼ਾਰ=ਜੁੱਧ, ਲੜਾਈ।

***ਅਰਥ***—ਅਨੇਕਾਂ ਰਾਜਿਆਂ ਦਾ ਦਿਲ ਚੁਰਾ ਲਿਆ। ਸੂਰਮੇ ਇਸ ਤਰ੍ਹਾਂ ਧਰਤੀ ਉਤੇ ਡਿਗ ਪਏ, ਜਿਵੇਂ ਲੜਾਈ ਵਿਚ ਡਿਗੇ ਹੁੰਦੇ ਹਨ ।੨੬।

**ਬਿਜ਼ਦ ਬਾਂਗ ਬਰ ਵੈ ਕਿ ਖ਼ਾਤੂੰਨਿ ਖ਼੍ਵੇਸ਼ ॥**
**ਕਿ ਈਂ ਉਮਦਹ ਏ ਰਾਜਹਾ ਉਤ੍ਰ ਦੇਸ਼ ॥੨੭॥**

***ਪਦ ਅਰਥ***—ਬਿਜ਼ਦ=ਮਾਰਿਆ। ਬਾਂਗ=ਬੋਲਾ, ਲਲਕਾਰਾ, ਤਾਹਨਾ। ਬਰ=ਉਪਰ। ਵੈ=ਉਹਨਾਂ। ਖ਼ਾਤੂਨ=ਇਸਤ੍ਰੀ ਭਾਵ ਲੜਕੀ। ਖ਼੍ਵੇਸ਼=ਆਪਣੀ। ਉਮਦਹ=ਬਹੁਤਾ ਸੋਹਣਾ।

***ਅਰਥ***—ਉਨ੍ਹਾਂ ਰਾਜਿਆਂ ਉਤੇ ਤਾਹਨਾ ਮਾਰਿਆ। ਇਹ ਜੋ ਬਹੁਤ ਸੋਹਣੀ ਹੈ, ਇਹ ਉਤਰ ਦੇਸ ਦੇ ਰਾਜੇ ਦੀ ਆਪਣੀ ਲੜਕੀ ਹੈ ।੨੭।

**ਵਜ਼ਾਂ ਦੁਖ਼ਤਰੇ ਹਸਤ ਈਂ ਬਛਤ੍ਰਾਮਤੀ ॥**
**ਚੁ ਮਾਹੇ ਫ਼ਲੱਕ ਹਮਚੁ ਹੂਰੋ ਪਰੀ ॥੨੮॥**

***ਪਦ ਅਰਥ***—ਵਜ਼ਾਂ=ਉਸ ਦੀ। ਦੁਖ਼ਤਰੇ=ਲੜਕੀ, ਧੀ, ਬੇਟੀ। ਹਸਤ=ਹੈ। ਈਂ=ਇਹ। ਚੁ=ਵਾਂਗ। ਮਾਹੇ=ਚੰਦ੍ਰਮਾ। ਫਲੱਕ=ਅਕਾਸ਼। ਹਮਚੁ=ਵਾਂਗੂ। ਹੂਰੋ=ਅਪੱਛਰਾਂ। ਪਰੀ=ਉਡਨ ਵਾਲੀ ਹੂਰ।

***ਅਰਥ***—ਇਹ ਬਛਤ੍ਰਾਮਤੀ ਉਸ ਦੀ ਲੜਕੀ ਹੈ। ਅਕਾਸ਼ ਦੇ ਚੰਦ੍ਰਮਾ ਵਾਂਗੂ ਅਪੱਛਰਾਂ ਤੇ ਹੂਰ ਪਰੀ ਵਾਂਗੂ ਹੈ ।੨੮।

**ਸੂਯੰਬਰ ਦਰਾਮਦ ਚੁ ਮਾਹੇ ਫਲੱਕ ॥**
**ਫ਼ਰਿਸ਼ਤਹ ਸਿਫਤ ਓ ਚੁ ਜ਼ਾਤਸ਼ ਮਲੱਕ ॥੨੯॥**

ਪਦ ਅਰਥ—ਦਮਾਮਦ=ਵਿਚ ਆਈ। ਮਾਹੇ=ਚੰਦ੍ਰਮਾ। ਫਲੱਕ=ਅਕਾਸ਼। ਫ਼ਰਿਸ਼ਤਹ=ਦੇਵਤੇ। ਜ਼ਾਤ=ਸਰੀਰ। ਸ਼=ਉਸ ਦਾ। ਮਲੱਕ=ਦੇਵਤਾ। ਸਿਫਤ=ਗੁਣ।

***ਅਰਥ***—ਅਕਾਸ਼ ਦੇ ਚੰਦ੍ਰਮਾ ਵਾਂਗੂ ਸੂਯੰਬਰ ਵਿਚ ਆਈ ਹੈ। ਦੇਵਤਿਆਂ ਵਰਗੇ ਗੁਣਾਂ ਵਾਲੀ ਤੇ ਦੇਵਤਿਆਂ ਵਰਗਾ ਉਸਦਾ ਸਰੀਰ ਹੈ ।੨੯। [ਦ: ਗ੍ਰੰ: ਪੰਨਾ ੧੪੦੧

Sri Satguru Jagjit Singh Ji eLibrary NamdhariElibrary@gmail.com

**ਕਿਰਾਂ ਦੌਲਤ ਇਕਬਾਲ ਯਾਰੀ ਦਿਹਦ ॥**
**ਕਿ ਈਂ ਮਾਹਰੂਇ ਕਾਮਗਾਰੀ ਕੁਨਦ ॥੩੦॥**

***ਪਦ ਅਰਥ***—ਕਿਰਾਂ=ਕਿਸ ਦਾ। ਦੌਲਤ=ਭਾਗ। ਇਕਬਾਲ=ਪ੍ਰਤਾਪ। ਯਾਰੀ=ਸਹਾਇਤਾ। ਦਿਹਦ= ਦਿੰਦੀ। ਕਿ=ਜੋ। ਈਂ=ਇਹ। ਮਾਹਰੂਇ=ਚੰਦ੍ਰਮਾ ਜੇਹੇ ਮੂੰਹ। ਕਾਮਗਾਰੀ=ਇੱਛਾ ਪੂਰਨ। ਕੁਨਦ=ਕਰਦੀ।

***ਅਰਥ***—ਭਾਗਾਂ ਦਾ ਪ੍ਰਤਾਪ ਕਿਸਨੂੰ ਸਹਾਇਤਾ ਦੇਂਦਾ ਹੈ ? ਜੋ ਇਹ ਚੰਦ੍ਰਮਾ ਵਰਗੇ ਮੂੰਹ ਵਾਲੀ ਇੱਛਾ ਪੂਰਨ ਕਰਦੀ ਹੈ ।੩੦।

**ਪਸੰਦ ਆਮਦ ਓਰਾ ਸੁਭਟ ਸਿੰਘ ਨਾਮ ॥**
**ਕਿ ਰੌਸ਼ਨ ਤਬੀਯਤ ਸਲੀਖ਼ਤ ਮੁਦਾਮ ॥੩੧॥**

***ਪਦ ਅਰਥ***—ਆਮਦ=ਆਇਆ । ਰੌਸ਼ਨ=ਪ੍ਰਕਾਸ਼ । ਤਬੀਯਤ=ਸੁਭਾਉ । ਸਲੀਖ਼ਤ=ਹਸਮੁਖ । ਮੁਦਾਮ=ਸਦਾ।

***ਅਰਥ***—ਉਸ ਦੇ ਸੁਭਟ ਸਿੰਘ ਦਾ ਰਾਜਾ ਪਸੰਦ ਆਇਆ। ਜੋ ਪ੍ਰਕਾਸ਼ ਸੁਭਾਉ ਵਾਲਾ ਤੇ ਸਦਾ ਹਸਮੁਖ ਰਹਿੰਦਾ ਸੀ ।੩੧।

**ਰਵਾਂ ਕਰਦ ਬਰ ਵੈ ਵਕੀਲਸ ਗਿਰਾਂ ॥**
**ਕਿ ਐ ਸ਼ਾਹਿ ਸ਼ਾਹਾਨ ਰੋਸ਼ਨ ਜ਼ਮਾਂ ॥੩੨॥**

***ਪਦ ਅਰਥ***—ਰਵਾਂ ਕਰਦ=ਭੇਜ ਦਿਤੇ । ਬਰ ਵੈ=ਉਸ ਦੇ ਕੋਲ । ਵਕੀਲਸ=ਵਕੀਲ ਉਸ ਨੇ। ਗਿਰਾਂ=ਵਡੇ । ਜ਼ਮਾਂ=ਸਮਾਂ, ਵੇਲਾ, ਜ਼ਮਾਨਾ।

***ਅਰਥ***—ਉਸ ਦੇ ਕੋਲ ਵਡੇ ਵਕੀਲ ਭਾਵ ਬ੍ਰਾਹਮਣ ਭੇਜ ਦਿਤੇ। ਜੋ ਹੇ ਰਾਜਿਆਂ ਦੇ ਰਾਜੇ! ਅਤੇ ਸਮੇਂ ਦੇ ਪ੍ਰਕਾਸ਼ ਵਾਲੇ! ।੩੨।

**ਕਿ ਈਂ ਤਰਜ਼ ਲਾਲਾਇ ਬਰਗੇ ਸਮਨ ॥**
**ਕਿ ਲਾਇਕ ਸ਼ੁਮਾ ਹਸਤ ਈਂ ਰਾ ਬਕੁਨ ॥੩੩॥**

***ਪਦ ਅਰਥ***—ਤਰਜ਼=ਢੰਗ, ਤਰ੍ਹਾਂ। ਲਾਲਾਇ=ਲਾਲੇ ਦਾ ਫੁਲ। ਇਕ ਤਰ੍ਹਾਂ ਲਾਲ ਰੰਗ ਦਾ ਖ਼ਾਸ ਫਲ, ਜੋ ਗਜ਼ਨੀ ਦੇ ਇਲਾਕੇ ਵਿਚ ਬਹੁਤ ਹੁੰਦਾ ਹੈ। ਬਰਗੇ=ਪੱਤ੍ਰ। ਸਮਨ=ਚੰਬੇਲੀ। ਲਾਇਕ=ਜੋਗ। ਸ਼ੁਮਾ=ਤੁਹਾਡੇ.। ਈਂ ਰਾ=ਇਸ ਨੂੰ। ਬਕੁਨ=ਕਰ ਲਵੋ।

***ਅਰਥ***—ਜੋ ਇਹ ਇਸ ਤਰ੍ਹਾਂ ਦੇ ਸਰੀਰ ਵਾਲੀ ਹੈ, ਜਿਸ ਤਰ੍ਹਾਂ 'ਲਾਲੇ ਦਾ ਫੁਲ' ਅਤੇ ਚੰਬੇਲੀ ਦਾ ਪੱਤ੍ਰ ਹੁੰਦਾ ਹੈ। ਜੋ ਤੁਹਾਡੇ ਯੋਗ ਹੈ, ਇਸ ਨੂੰ ਕਰ ਲਵੋ ਭਾਵ ਵਿਆਹ ਲਵੋ।੩੩।

Sri Satguru Jagjit Singh Ji eLibrary NamdhariElibrary@gmail.com

**ਬਿਗੁਫ਼ਤਹ ਯਕੇ ਖ਼ਾਨਹ ਬਾਨੂ ਮਰਾਸਤ ॥**
**ਕਿ ਚਸ਼ਮੇ ਅਜ਼ੋ ਹਰ ਦੋ ਆਹੂ ਬਰਾਸਤ ॥੩੪॥**

**ਪਦ ਅਰਥ**—ਬਿਗੁਫ਼ਤਹ=ਆਖਿਆ । ਯਕੇ=ਇਕ । ਖ਼ਾਨਹ=ਘਰ । ਬਾਨੂ=ਇਸਤ੍ਰੀ । ਮਰਾਸਤ=ਮੇਰੇ ਹੈ । ਚਸ਼ਮੇ=ਅੱਖਾਂ । ਅਜ਼ੋ=ਉਸ ਦੀਆਂ । ਹਰ ਦੋ=ਦੋਵੇਂ । ਆਹੂ=ਹਰਨ । ਬਰਾਸਤ=ਬੱਚਾ ਹੈ।

**ਅਰਥ**—(ਇਹ ਗੱਲ ਸੁਣਕੇ ਸੁਭਟ ਸਿੰਘ ਨੇ) ਆਖਿਆ–ਇਕ ਇਸਤ੍ਰੀ ਤਾਂ ਅਗੇ ਮੇਰੇ ਘਰ ਵਿਚ ਹੈ । ਜੋ ਉਸ ਦੀਆਂ ਦੋਵੇਂ ਅੱਖਾਂ ਹੀ ਹਰਨ ਦੇ ਬੱਚੇ ਵਰਗੀਆਂ ਹਨ।੩੪।

**ਕਿ ਹਰਗਿਜ਼ ਮਨ ਈਂ ਰਾ ਨ ਕਰਦਮ ਕਬੂਲ ॥**
**ਕਿ ਕਉਲਿ ਕੁਰਾਨ ਅਸਤ ਕਸਮੇ ਰਸੂਲ ॥੩੫॥**

**ਪਦ ਅਰਥ**—ਕਿ=ਜੋ। ਹਰਗਿਜ਼=ਕਦੇ ਭੀ। ਮਨ=ਮੈਂ। ਈਂ ਰਾ=ਇਸ ਨੂੰ। ਕਰਦਮ ਕਬੂਲ=ਪ੍ਰਵਾਨ ਕਰਦਾ। ਕਉਲਿ=ਹੁਕਮ ਹੈ। ਕੁਰਾਨ=ਮੁਸਲਮਾਨੀ ਮਤ ਦੀ ਪੁਸਤਕ। ਕਸਮੇ=ਸੌਂਹ। ਰਸੂਲ=ਪੈਗੰਬਰ।

**ਅਰਥ**—ਜੋ ਮੈਂ ਇਸ ਨੂੰ ਕਦੇ ਵੀ ਪ੍ਰਵਾਨ ਨਾ ਕਰਦਾ। ਜੋ ਮੈਨੂੰ ਕੁਰਾਨ ਦਾ ਹੁਕਮ ਅਤੇ ਮੁਹੰਮਦ ਦੀ ਸਹੁੰ ਹੈ।੩੫।

**ਬਗੋਸ਼ ਅੰਦਰ ਆਮਦ ਅਜ਼ੀਹਾਂ ਸੁਖ਼ਨ ॥**
**ਬਜੁੰਬਸ ਦਰ ਆਮਦ ਜ਼ਨੇ ਨੇਕ ਤਨ ॥੩੬॥**

**ਪਦ ਅਰਥ**—ਬਗੋਸ਼=ਕੰਨ ਵਿਚ। ਅਜ਼ੀਹਾਂ=ਇਸ ਤਰ੍ਹਾਂ। ਬਜੁੰਬਸ=ਜੋਸ਼, ਸੂਰਬੀਰਤਾ ਦਾ ਜੋਸ਼, ਲਹੂ ਦਾ ਉਬਾਲ। ਦਰ=ਵਿਚ। ਆਮਦ=ਆ ਗਈ। ਜ਼ਨੇ=ਔਰਤ, ਇਸਤ੍ਰੀ। ਨੇਕ ਤਨ=ਪਵਿਤ੍ਰ ਸਰੀਰ।

**ਅਰਥ**—ਜਦੋਂ ਇਸ ਤਰ੍ਹਾਂ ਦੀ ਗੱਲ ਕੰਨਾਂ ਵਿਚ ਆ ਕੇ ਪਈ। ਤਾਂ ਪਵਿਤ੍ਰ ਸਰੀਰ ਵਾਲੀ ਇਸਤ੍ਰੀ ਨੂੰ ਜੋਸ਼ ਆ ਗਿਆ।੩੬।

**ਕਸੇ ਫ਼ਤਹ ਮਾਰਾ ਕੁਨਦ ਵਕਤਿ ਕਾਰ ॥**
**ਵਜ਼ਾਂ ਸ਼ਾਹ ਮਾਰਾ ਸ਼ਵਦ ਈਂ ਦਿਆਰ ॥੩੭॥**

**ਪਦ ਅਰਥ**—ਕਸੇ=ਜਿਹੜਾ ਕੋਈ। ਫ਼ਤਹ=ਜਿਤੇਗਾ। ਮਾ ਰਾ=ਮੈਨੂੰ। ਕੁਨਦ=ਕਰੇਗਾ। ਕਾਰ=ਜੁੱਧ, ਲੜਾਈ । ਵਜ਼ਾਂ=ਉਹ । ਸ਼ਾਹ=ਬਾਦਸ਼ਾਹ । ਮਾਰਾ=ਮੇਰਾ । ਸ਼ਵਦ=ਹੋਵੇਗਾ । ਈਂ=ਇਸ । ਦਿਆਰ=ਮੁਲਕ।

**ਅਰਥ**—ਜਿਹੜਾ ਕੋਈ ਮੈਨੂੰ ਲੜਾਈ ਵਿਚ ਜਿਤੇਗਾ। ਉਹੋ ਹੀ ਮੇਰਾ ਅਤੇ ਇਸ ਮੁਲਕ ਦਾ ਬਾਦਸ਼ਾਹ ਹੋਵੇਗਾ।੩੭।

Sri Satguru Jagjit Singh Ji eLibrary NamdhariElibrary@gmail.com

**ਬਕੋਸ਼ੀਦ ਮੈਦਾਂ ਵ ਜੋਸ਼ੀਦ ਜੰਗ ॥**
**ਬਿਪੋਸ਼ੀਦ ਖ਼ੁਫਤਾਨ ਪਉਲਾਦ ਰੰਗ ॥੩੮॥**

***ਪਦ ਅਰਥ***—ਬਕੋਸ਼ੀਦ=ਛੇਤੀ ਕੀਤੀ। ਜੋਸ਼ੀਦ=ਮਚਾਇਆ। ਬਿਪੋਸ਼ਦ=ਪਹਿਣ ਲਿਆ। ਖ਼ੁਫਤਾਨ=ਸੰਜੋਇ। ਪਉਲਾਦ ਰੰਗ=ਲੋਹੇ ਦਾ।

***ਅਰਥ***—ਲੜਾਈ ਵਾਸਤੇ ਬਹੁਤ ਛੇਤੀ ਕੀਤੀ ਤੇ ਬੜੇ ਜ਼ੋਰ ਨਾਲ ਜੰਗ ਮਚਾਇਆ। ਗਲ ਵਿਚ ਲੋਹੇ ਦਾ ਸੰਜੋਅ ਪਹਿਣ ਲਿਆ।੩੮।

**ਨਿਸ਼ਸਤਹ ਬਰਾਂ ਰਥ ਚੁ ਮਾਹੇ ਮੁਨੀਰ ॥**
**ਬਿ ਬਸਤੰਦ ਸ਼ਮਸ਼ੇਰ ਜੁਸਤੰਦ ਤੀਰ ॥੩੯॥**

***ਪਦ ਅਰਥ***—ਨਿਸ਼ਸਤ=ਬੈਠ ਗਈ। ਬਰਾਂ=ਉਹ ਉਪਰ। ਮਾਹੇ=ਚੰਦ੍ਰਮਾ। ਮੁਨੀਰ=ਪ੍ਰਕਾਸ਼। ਮਾਹੇ ਮੁਨੀਰ=ਪੁੰਨਿਆਂ ਦਾ ਚੰਦ੍ਰਮਾ। ਬਸਤੰਦ=ਬੰਨ੍ਹ ਲਈ। ਜੁਸਤੰਦ=ਢੂੰਡਿਆ।

***ਅਰਥ***—ਉਹ ਪੁੰਨਿਆਂ ਦੇ ਚੰਦ੍ਰਮਾ ਵਰਗੀ ਰਥ ਉਤੇ ਬੈਠ ਗਈ। ਤਲਵਾਰ (ਲੱਕ ਨਾਲ) ਬੰਨ੍ਹ ਲਈ ਅਤੇ ਚੰਗੇ ਤੀਰ ਚੁਣ ਲਏ।੩੯।

**ਬ ਮੈਦਾਂ ਦਰਾਮਦ ਚੁ ਗੁਰਰੰਦਹ ਸ਼ੇਰ ॥**
**ਚੁ ਸ਼ੇਰਅਸਤ ਸ਼ੇਰ ਅਫ਼ਗਨਓ ਦਿਲ ਦਲੇਰ ॥੪੦॥**

***ਪਦ ਅਰਥ***—ਬ ਮੈਦਾਂ=ਜੁੱਧ ਭੂਮੀ। ਦਰਾਮਦ=ਵਿਚ ਆਈ। ਗੁਰਰੰਦਹ=ਭਬਕ ਮਾਰਦਾ ਹੋਇਆ। ਚੁ=ਜੈਸਾ, ਵਰਗਾ। ਸ਼ੇਰ ਅਫ਼ਗਨਓ=ਸ਼ੇਰਾਂ ਨੂੰ ਪਟਕਾਉਣ ਵਾਲਾ।

***ਅਰਥ***—ਗੱਜਦੇ ਹੋਏ ਸ਼ੇਰ ਵਾਂਗੂ ਮੈਦਾਨ ਵਿਚ ਆ ਗਈ। ਸ਼ੇਰ ਵਰਗੀ ਹੈ, ਸ਼ੇਰ ਨੂੰ ਪਟਕਾਉਣ ਵਾਲੀ, ਦਿਲ ਦੀ ਦਲੇਰ ਹੈ।੪੦।

**ਬਿਪੋਸ਼ੀਦ ਖ਼ੁਫ਼ਤਾਨ ਜੋਸ਼ੀਦ ਜੰਗ ॥**
**ਬਿਕੋਸ਼ੀਦ ਮੈਦਾਂ ਬ ਤੀਰ ਓ ਤੁਫੰਗ ॥੪੧॥**

***ਪਦ ਅਰਥ***—ਬਿਪੋਸ਼ੀਦ=ਪਹਿਣ ਲਿਆ। ਖ਼ੁਫ਼ਤਾਨ=ਸੰਜੋਅ, ਲੋਹੇ ਦੀ ਜਾਲੀ ਦਾ ਕੁੜਤਾ। ਜੋਸ਼ੀਦ=ਭਾਰੇ ਜੋਸ਼ ਨਾਲ। ਬਿਕੋਸ਼ੀਦ=ਬੜੀ ਕੋਸ਼ਿਸ਼ ਕੀਤੀ। ਤੁਫੰਗ=ਬੰਦੂਕ।

***ਅਰਥ***—ਸਰੀਰ ਉਪਰ ਸੰਜੋਅ ਨੂੰ ਪਹਿਣ ਲਿਆ ਤੇ ਭਾਰੇ ਜੋਸ਼ ਨਾਲ ਜੰਗ ਕੀਤਾ। ਤੀਰਾਂ ਤੇ ਬੰਦੂਕਾਂ ਨਾਲ ਮੈਦਾਨ ਨੂੰ (ਜਿੱਤਣ ਦੀ) ਬੜੀ ਕੋਸ਼ਿਸ਼ ਕੀਤੀ।

**ਚੁਨਾ ਤੀਰ ਬਾਰੀਦ ਦਰ ਕਾਰਜ਼ਾਰ ॥**
**ਕਿ ਲਸ਼ਕਰ ਬਕਾਰ ਆਮਦਸ਼ ਬੇਸ਼ੁਮਾਰ ॥੪੨॥**

***ਪਦ ਅਰਥ***—ਚੁਨਾ=ਇਸ ਤਰ੍ਹਾਂ ਦੇ। ਬਾਰੀਦ=ਬਾਰਸ਼, ਵਰਖਾ ਕੀਤੀ। ਕਾਰਜ਼ਾਰ=ਜੁੱਧ, ਲੜਾਈ। ਬਕਾਰ ਆਮਦਸ਼=ਕੰਮ ਆ ਗਈ, ਉਸ ਦੀ। ਬੇਸ਼ੁਮਾਰ=ਬੇਗਿਣਤ।

***ਅਰਥ***—ਇਸ ਤਰ੍ਹਾਂ ਲੜਾਈ ਵਿਚ ਤੀਰਾਂ ਦੀ ਵਰਖਾ ਕੀਤੀ। ਜੋ ਉਸ ਦੀ ਬਹੁਤ ਸਾਰੀ ਫ਼ੌਜ ਕੰਮ ਆ ਗਈ ਭਾਵ ਮਾਰੀ ਗਈ।੪੨।

**ਚੁਨਾ ਬਾਨ ਬਾਰੀਦ ਤੀਰੋ ਤੁਫ਼ੰਗ॥**
**ਬਸੇ ਮਰਦਮਾਂ ਮੁਰਦਹ ਸ਼ੁਦ ਜਾਇ ਜੰਗ॥੪੩॥**

***ਪਦ ਅਰਥ***—ਬਾਨ=ਤੀਰ। ਬਾਰੀਦ=ਵਰਖਾ। ਤੀਰੋ ਤੁਫ਼ੰਗ=ਬੰਦੂਕ ਤੇ ਤੀਰ ਭਾਵ ਗੋਲੀਆਂ। ਬਸੇ= ਬਹੁਤ। ਮਰਦਮਾਂ=ਬੰਦਿਆਂ। ਮੁਰਦਹ ਸ਼ੁਦ=ਮਰ ਗਏ। ਜਾਇ=ਜਗ੍ਹਾ।

***ਅਰਥ***—ਤੀਰਾਂ ਤੇ ਗੋਲੀਆਂ ਦੀ ਇਸ ਤਰ੍ਹਾਂ ਦੀ ਵਰਖਾ ਹੋਈ। ਜਿਸ ਨਾਲ ਲੜਾਈ ਦੇ ਮੈਦਾਨ ਵਿਚ ਬਹੁਤ ਸਾਰੇ ਆਦਮੀ ਮਰ ਗਏ।੪੩।

**ਸ਼ਹੇ ਨਾਮ ਗਜ ਸਿੰਘ ਦਰ ਆਮਦ ਬਜੰਗ॥**
**ਚੁ ਕੈਬਰ ਕਮਾਂ ਹਮਚੁ ਤੀਰੋ ਤੁਫ਼ੰਗ॥੪੪॥**

***ਪਦ ਅਰਥ***—ਸ਼ਹੇ=ਰਾਜਾ। ਦਰ ਆਮਦ=ਵਿਚ ਆ ਗਿਆ। ਬਜੰਗ=ਜੁੱਧ ਭੂਮੀ। ਚੁ=ਐਸੇ। ਕੈਬਰ ਕਮਾਂ=ਕਮਾਨ ਵਿਚੋਂ ਤੀਰ। ਹਮਚੁ=ਜਿਸ ਤਰ੍ਹਾਂ।

***ਅਰਥ***—'ਗਜ ਸਿੰਘ' ਨਾਮ ਦਾ ਰਾਜਾ ਜੁੱਧ ਭੂਮੀ ਵਿਚ ਆ ਗਿਆ। ਜਿਸ ਤਰ੍ਹਾਂ ਕਮਾਨ ਵਿਚੋਂ ਤੀਰ ਅਤੇ ਬੰਦੂਕ ਵਿਚੋਂ ਗੋਲੀ ਆਉਂਦੀ ਹੈ।੪੪।

**ਬਜੁੰਬਸ਼ ਦਰ ਆਮਦ ਚੁ ਇਫ਼ਰੀਤ ਮਸਤ॥**
**ਯਕੇ ਗੁਰਜ ਅਜ਼ ਫੀਲ ਪੈਕਰ ਬ ਦਸਤ॥੪੫॥**

***ਪਦ ਅਰਥ***—ਬਜੁੰਬਸ਼=ਕਰੋਧਵਾਨ। ਚੁ=ਜਿਵੇਂ। ਆਮਦ=ਆਇਆ। ਇਫ਼ਰੀਤ=ਦੈਂਤ, ਰਾਖਸ਼। ਅਜ਼=ਵਰਗਾ। ਫੀਲ=ਹਾਥੀ। ਪੈਕਰ=ਕਲਬੂਤ, ਬਦਨ। ਬ ਦਸਤ=ਹੱਥ ਨਾਲ।

***ਅਰਥ***—ਮਸਤ ਦੈਂਤ ਵਰਗਾ ਕ੍ਰੋਧਵਾਨ ਹੋ ਕੇ ਆਇਆ। ਹਾਥੀ ਦੇ ਸਰੀਰ ਵਰਗਾ ਇਕ ਹੱਥ ਵਿਚ ਗੁਰਜ ਫੜਿਆ ਹੋਇਆ ਸੀ।੪੫।

**ਯਕੇ ਤੀਰ ਜ਼ਦ ਬਾਨੂਏ ਪਾਕ ਮਰਦ॥**
**ਕਿ ਗਜ ਸਿੰਘ ਅਜ਼ ਅਸਪ ਆਮਦ ਬਗਰਦ॥੪੬॥**

***ਪਦ ਅਰਥ***—ਯਕੇ=ਇਕ। ਜ਼ਦ=ਮਾਰਿਆ। ਬਾਨੂ=ਇਸਤ੍ਰੀ। ਏ=ਨੇ। ਪਾਕ=ਪਵਿਤ੍ਰ। ਅਜ਼=ਤੋਂ। ਅਸਪ=ਘੋੜੇ। ਆਮਦ=ਆਇਆ। ਬਗਰਦ=ਖ਼ਾਕ ਉਤੇ।

***ਅਰਥ***—ਇਸਤ੍ਰੀ ਨੇ ਪਵਿੱਤ੍ਰ ਮਰਦ ਨੂੰ ਇਕੋ ਹੀ ਤੀਰ ਮਾਰਿਆ। ਜਿਸ ਨਾਲ 'ਗਜ ਸਿੰਘ' ਘੋੜੇ ਤੋਂ ਡਿਗ ਕੇ ਖ਼ਾਕ ਵਿਚ ਆਇਆ ਭਾਵ ਮਿੱਟੀ ਵਿਚ ਪਿਆ।੪੬।

**ਦਿਗਰ ਰਾਜਾ ਰਨ ਸਿੰਘ ਦਰਾਮਦ ਬਰੋਸ਼ ॥**
**ਕਿ ਪਰਵਾਨਹੇ ਚੂੰ ਦਰਾਮਦ ਬਜੋਸ਼ ॥੪੭॥**

***ਪਦ ਅਰਥ***—ਦਿਗਰ=ਦੂਸਰਾ । ਦਰਾਮਦ=ਆਇਆ । ਬਰੋਸ਼=ਕ੍ਰੋਧ ਨਾਲ । ਪ੍ਰਵਾਨਹੇ ਚੂੰ=ਪਤੰਗੇ ਵਾਂਗੂੰ । ਬਜੋਸ਼=ਜੋਸ਼ ਨਾਲ ।

***ਅਰਥ***—ਦੂਸਰਾ ਰਾਜਾ 'ਰਨ ਸਿੰਘ' ਬੜੇ ਗੁਸੇ ਨਾਲ ਆਇਆ । ਜੋ ਪਤੰਗੇ ਵਾਂਗੂੰ ਜੋਸ਼ ਨਾਲ ਭਰ ਕੇ (ਜੁੱਧ ਰੂਪੀ ਦੀਵੇ ਉਤੇ) ਆਇਆ ।੪੭।

**ਚੁਨਾ ਤੇਗ਼ ਜ਼ਦ ਬਾਨੂਏ ਸ਼ੇਰ ਤਨ ॥**
**ਬਿਉਫ਼ਤਾਦ ਰਨ ਸਿੰਘ ਚੁ ਸਰਵਿ ਚਮਨ ॥੪੮॥**

***ਪਦ ਅਰਥ***—ਚੁਨਾ=ਜਦ । ਤਨ=ਸਰੀਰ, ਸਾਥ । ਜ਼ਦ=ਮਾਰੀ । ਬਾਨੂਏ=ਇਸਤ੍ਰੀ । ਤੇਗ਼=ਤਲਵਾਰ । ਬਿਉਫ਼ਤਾਦ=ਡਿਗ ਪਿਆ । ਚੁ=ਵਾਂਗੂ । ਸਰਵਿ=ਸਰੂ ਬ੍ਰਿਛ । ਚਮਨ=ਬਾਗ ।

***ਅਰਥ***—ਜਦੋਂ ਸ਼ੇਰ ਵਰਗੇ ਸਰੀਰ ਵਾਲੀ ਇਸਤ੍ਰੀ ਨੇ ਤਲਵਾਰ ਮਾਰੀ ਤਾਂ ਰਣ ਸਿੰਘ ਬਾਗ ਦੇ ਸਰੂ ਬ੍ਰਿਛ ਵਾਂਗੂ ਡਿਗ ਪਿਆ ।੪੮।

**ਯਕੇ ਸ਼ਹਰ ਅੰਬੇਰ ਦਿਗਰ ਜੋਧ ਪੁਰ ॥**
**ਖ਼ਰਾਮੀਦ ਬਾਨੂ ਚੁ ਰਖਸ਼ਿੰਦਹ ਦੁਰ ॥੪੯॥**

***ਪਦ ਅਰਥ***—ਅੰਬੇਰ=ਇਕ ਸ਼ਹਿਰ ਦਾ ਨਾਮ ਹੈ । ਖ਼ਰਾਮੀਦ=ਮਟਕ ਨਾਲ ਤੁਰਨਾ । ਬਾਨੂ=ਇਸਤ੍ਰੀ । ਚੁ=ਜੈਸੇ । ਰਖਸ਼ਿੰਦਹ=ਚਮਕੀਲਾ । ਦੁਰ=ਮੋਤੀ ।

***ਅਰਥ***—ਇਕ ਰਾਜਾ 'ਅੰਬੇਰ' ਸ਼ਹਿਰ ਦਾ ਤੇ ਦੂਸਰਾ 'ਜੋਧਪੁਰ' ਦਾ ਸੀ, ਮੋਤੀ ਵਾਂਗੂ ਚਮਕੀਲੇ ਸਰੀਰ ਵਾਲੀ ਇਸਤ੍ਰੀ ਮਟਕ ਨਾਲ ਤੁਰ ਕੇ ਇਹਨਾਂ ਦੋਹਾਂ ਰਾਜਿਆਂ ਦੇ ਸਾਹਮਣੇ ਆ ਗਈ ।੪੯।

**ਬਿਜ਼ਦ ਤੇਗ਼ ਬਾ ਜ਼ੋਰ ਬਾਨੂ ਇ ਸਿਪਰ ॥**
**ਕਿ ਬਰਖ਼ਾਸਤ ਸ਼ੋਅਰਹ ਬਸੇ ਚੂੰ ਗੁਹਰ ॥੫੦॥**

***ਪਦ ਅਰਥ***—ਬਿਜ਼ਦ=ਮਾਰੀ । ਬਾ ਜ਼ੋਰ=ਜ਼ੋਰ ਨਾਲ । ਸਿਪਰ=ਢਾਲ । ਬਰਖ਼ਾਸਤ=ਉਠੇ, ਨਿਕਲੇ । ਸ਼ੁਅਰਹ=ਸ਼ੋਅਲੇ, ਅੱਗ ਦੇ ਚੰਗਿਆੜੇ । ਬਸੇ=ਬਹੁਤ । ਚੂੰ=ਵਾਂਗੂੰ । ਗੁਹਰ=ਮੋਤੀ ।

***ਅਰਥ***—ਉਨ੍ਹਾਂ ਨੇ ਇਸਤ੍ਰੀ ਦੀ ਢਾਲ ਉਤੇ ਜ਼ੋਰ ਨਾਲ ਤਲਵਾਰ ਮਾਰੀ । ਜਿਸ ਨਾਲ ਢਾਲ ਵਿਚੋਂ ਮੋਤੀਆਂ ਵਾਂਗੂ ਅੱਗ ਦੇ ਬਹੁਤ ਚੰਗਿਆੜੇ ਨਿਕਲੇ ।੫੦।

**ਸੋਇਮ ਰਾਜਹ ਬੂੰਦੀ ਦਰਾਮਦ ਦਲੇਰ ॥**
**ਚੁ ਬਰ ਬਚਹ ਆਹੂ ਚੋ ਗੁੱਰਰੰਦਹ ਸ਼ੇਰ ॥੫੧॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਸੋਇਮ=ਤੀਸਰਾ। ਬੂੰਦੀ=ਇਕ ਸ਼ਹਿਰ ਦਾ ਨਾਮ ਹੈ। ਦਲੇਰ=ਹੌਸਲੇ ਤੇ ਹਿੰਮਤ ਵਾਲਾ। ਆਹੂ=ਹਰਨ । ਚੋ=ਜੈਸੇ । ਗੁਰਰੰਦਹ=ਭਬਕ ਮਾਰਦਾ ਹੋਇਆ ।

**ਅਰਥ**—ਤੀਸਰਾ ਬੂੰਦੀ ਦਾ ਰਾਜਾ ਹੌਸਲੇ ਤੇ ਹਿੰਮਤ ਨਾਲ ਆਇਆ। ਜਿਸ ਤਰ੍ਹਾਂ ਸ਼ੇਰ ਹਰਨ ਦੇ ਬੱਚੇ ਉਤੇ ਭਬਕ ਮਾਰਦਾ ਹੋਇਆ ਆਉਂਦਾ ਹੈ ।੫੧। [ਦ: ਗ੍ਰੰ: ਪੰਨਾ ੧੪੦੨

**ਚੁਨਾਂ ਤੀਰ ਜ਼ਦ ਹਰ ਦੋ ਅਬਰੂ ਸ਼ਿਕੰਜ ॥**
**ਬਿਉਫ਼ਤਾਦ ਅਮਰ ਸਿੰਘ ਚੋ ਸ਼ਾਖੇ ਤਰੰਜ ॥੫੨॥**

**ਪਦ ਅਰਥ**—ਚੁਨਾ=ਐਸਾ। ਜ਼ਦ=ਮਾਰਿਆ। ਹਰ ਦੋ=ਦੋਵੇਂ। ਅਬਰੂ=ਭਰਵੱਟੇ। ਸ਼ਿਕੰਜ=ਤਿਊੜੀ। ਬਿਉਫ਼ਤਾਦ=ਡਿਗ ਪਿਆ । ਚੋ=ਵਾਂਗੂ । ਸ਼ਾਖੇ=ਟਾਹਣੀ ਨਾਲੋਂ । ਤਰੰਜ=ਨਿੰਬੂ।

**ਅਰਥ**—ਦੋਹਾਂ ਭਰਵੱਟਿਆਂ ਦੀ ਤਿਊੜੀ ਵਿਚ ਐਸਾ ਤੀਰ ਮਾਰਿਆ। ਟਾਹਣੀ ਨਾਲੋਂ ਟੁਟੇ ਹੋਏ ਨਿੰਬੂ ਵਾਂਗੂ ਅਮਰ ਸਿੰਘ ਡਿਗ ਪਿਆ ।੫੨।

**ਚੁਹਮ ਰਾਜਹ ਜੈ ਸਿੰਘ ਦਰਾਮਦ ਮੁਸਾਫ਼ ॥**
**ਬਜੋਸ਼ ਅੰਦਰੂ ਸ਼ੁਦ ਚੁ ਅਜ਼ ਕੋਹ ਕਾਫ਼ ॥੫੩॥**

**ਪਦ ਅਰਥ**—ਚੁਹਮ=ਚੌਥਾ। ਮੁਸਾਫ਼=ਰਣ ਭੂਮੀ। ਬਜੋਸ਼=ਕਰੋਧ, ਗੁੱਸਾ। ਅਜ਼=ਵਾਂਗੂੰ। ਕੋਹਕਾਫ਼= ਇਕ ਪਹਾੜ ਦਾ ਨਾਮ ਹੈ ।

**ਅਰਥ**—ਚੌਥਾ ਰਾਜਾ 'ਜੈ ਸਿੰਘ' ਰਣ ਭੂਮੀ ਵਿਚ ਆਇਆ। ਅੰਦਰਲੇ ਗੁਸੇ ਨਾਲ 'ਕੋਹ ਕਾਫ਼' ਪਹਾੜ ਵਾਂਗੂ ਹੋ ਗਿਆ ਸੀ ।੫੩।

**ਹਮਾਂ ਖ਼ੁਰਦ ਸ਼ਰਬਤ ਕਿ ਯਾਰੇ ਚੁਹਮ ॥**
**ਜ਼ਿ ਜੈ ਸਿੰਘ ਪਸੇ ਯਕ ਨਿਯਾਮਦ ਕਦਮ ॥੫੪॥**

**ਪਦ ਅਰਥ**—ਹਮਾਂ=ਓਹੀ। ਖ਼ੁਰਦ=ਪੀਤਾ। ਜ਼ਿ=ਤੋਂ। ਪਸੇ=ਪਿਛੋਂ। ਨਿਯਾਮਦ=ਨਾ ਆਇਆ। ਕਦਮ=ਪੈਰ।

**ਅਰਥ**—ਚੌਥੇ ਮਿਤ੍ਰ ਨੇ ਵੀ ਓਹੋ ਹੀ ਸ਼ਰਬਤ ਪੀਤਾ, ਜੋ ਪਹਿਲੇ ਤਿੰਨਾਂ ਨੂੰ ਮੌਤ ਰੂਪੀ ਸ਼ਰਬਤ ਪਿਲਾਇਆ ਸੀ। ਜੈ ਸਿੰਘ ਤੋਂ ਪਿਛੋਂ ਕੋਈ ਇਕ ਪੈਰ ਅਗੇ ਨਾ ਆਇਆ।੫੪।

**ਯਕੇ ਸ਼ਾਹ ਫ਼ਰੰਗੋ ਪਲੰਦੋ ਦਿਗਰ ॥**
**ਬਮੈਦਾ ਦਰਾਮਦ ਚੁ ਸ਼ੇਰੇ ਬਬਰ ॥੫੫॥**

**ਪਦ ਅਰਥ**—ਯਕੇ=ਇਕ। ਸ਼ਾਹ=ਬਾਦਸ਼ਾਹ। ਦਿਗਰ=ਦੂਜਾ। ਬਮੈਦਾਂ=ਮੈਦਾਨ ਵਿਚ। ਦਰਾਮਦ= ਆਇਆ । ਚੁ=ਵਾਂਗੂ।

**ਅਰਥ**—ਇਕ ਬਾਦਸ਼ਾਹ ਫਰੰਗ ਦੇਸ਼ ਦਾ ਤੇ ਦੂਜਾ ਪਲੰਦ ਦਾ ਰਣਭੂਮੀ ਵਿਚ ਬੱਬਰ ਸ਼ੇਰ ਵਾਂਗੂ ਆ ਗਏ ।੫੫।

Sri Satguru Jagjit Singh Ji eLibrary NamdhariElibrary@gmail.com

**ਸੋਇਮ ਸ਼ਾਹ ਅੰਗ੍ਰੇਜ਼ ਚੂੰ ਆਫ਼ਤਾਬ ॥**
**ਚੁਹਮ ਸ਼ਾਹਿ ਹਬਸ਼ੀ ਚੋ ਮਗਰੇ ਦਰਾਬ ॥੫੬॥**

***ਪਦ ਅਰਥ***—ਸੋਇਮ=ਤੀਜਾ । ਆਫ਼ਤਾਬ=ਸੂਰਜ । ਮਗਰੇ=ਮਗਰ ਮੱਛ । ਦਰਾਬ=ਪਾਣੀ ਵਿਚ।

***ਅਰਥ***—ਤੀਸਰਾ ਅੰਗਰੇਜ਼ ਬਾਦਸ਼ਾਹ ਜੋ ਸੂਰਜ ਦੇ ਪ੍ਰਕਾਸ਼ ਵਰਗਾ ਸੀ। ਚੌਥਾ ਬਾਦਸ਼ਾਹ ਹਬਸ਼ੀ ਇਸ ਤਰ੍ਹਾਂ ਆਇਆ ਜਿਸ ਤਰ੍ਹਾਂ ਪਾਣੀ ਵਿਚੋਂ ਮਗਰ ਮੱਛ ਪੈਂਦਾ ਹੈ ।੫੬।

**ਯਕੇ ਰਾ ਬਿਜ਼ਦ ਨੇਜ਼ਾ ਮੁਸ਼ਤੇ ਦਿਗਰ ॥**
**ਸੋਇਮ ਰਾ ਬਪਾਓ ਚਹਮ ਰਾ ਸਿਪਰ ॥੫੭॥**

***ਪਦ ਅਰਥ***—ਬਿਜ਼ਦ=ਮਾਰਿਆ । ਨੇਜ਼ਾ=ਬਰਛਾ । ਮੁਸ਼ਤੇ=ਮੁੱਕਾ । ਦਿਗਰ=ਦੂਸਰਾ । ਸੋਇਮ=ਤੀਜੇ। ਬਪਾਓ=ਤੈਰ ਨਾਲ । ਚੁਹਮ=ਚੌਥੇ । ਰਾ=ਨੂੰ । ਸਿਪਰ=ਢਾਲ।

***ਅਰਥ***—ਇਕ ਨੂੰ ਬਰਛਾ ਮਾਰਿਆ, ਦੂਸਰੇ ਨੂੰ ਮੁੱਕਾ ਮਾਰਿਆ । ਤੀਜੇ ਨੂੰ ਪੈਰਾਂ ਨਾਲ ਕੁਟਿਆ, ਚੌਥੇ ਨੂੰ ਢਾਲ ਮਾਰੀ।੫੭।

**ਚੁਨਾ ਮੇ ਬਿਉਫਤਾਦ ਨ ਬਰਖ਼ਾਸਤ ਬਾਜ਼ ॥**
**ਸੂਏ ਆਸਮਾਂ ਜਾਨ ਪਰਵਾਜ਼ ਸਾਜ਼ ॥੫੮॥**

***ਪਦ ਅਰਥ***—ਚੁਨਾ=ਅਜਿਹਾ। ਮੇ ਬਿਉਫਤਾਦ=ਡਿਗ ਪਿਆ। ਬਰਖਾਸਤ=ਉਠਿਆ। ਬਾਜ਼=ਫਿਰ। ਸੂਏ=ਵਲ । ਆਸਮਾਂ=ਅਕਾਸ਼ । ਪਰਵਾਜ਼=ਉਡਾਰੀ । ਪਰਵਾਜ਼ ਸਾਜ਼=ਉਡ ਗਈ।

***ਅਰਥ***—ਉਹ ਚਾਰੇ ਬਹਾਦਰ ਬਾਦਸ਼ਾਹ ਇਸ ਤਰ੍ਹਾਂ ਡਿੱਗ ਪਏ, ਜੋ ਫਿਰ ਨਾ ਉਠ ਸਕੇ । ਉਨ੍ਹਾਂ ਦੀ ਜਾਨ ਆਸਮਾਨ ਵਲ ਉਡਾਰੀ ਲਾ ਗਈ ਭਾਵ ਸਵਰਗ ਨੂੰ ਚਲੇ ਗਏ ।੫੮।

**ਦਿਗਰ ਕਸ ਨਿਆਮਦ ਤਮੰਨਾਇ ਜੰਗ ॥**
**ਕਿ ਪੇਸ਼ੇ ਨਿਯਾਮਦ ਦਿਲਾਵਰ ਨਿਹੰਗ ॥੫੯॥**

***ਪਦ ਅਰਥ***—ਦਿਗਰ=ਹੋਰ, ਫੇਰ । ਕਸ=ਕੋਈ । ਨਿਆਮਦ=ਨਾ ਆਇਆ । ਤਮੰਨਾਇ=ਇੱਛਾ, ਫੁਰਨਾ । ਪੇਸ਼ੇ=ਸਾਹਮਣੇ । ਦਿਲਾਵਰ=ਹੌਸਲੇ ਵਾਲਾ । ਨਿਹੰਗ=ਮਗਰ ਮੱਛ, ਸੰਸਾਰ।

***ਅਰਥ***—ਫੇਰ ਹੋਰ ਕੋਈ ਜੰਗ ਕਰਨ ਦੀ ਇੱਛਾ ਕਰਕੇ ਨਾ ਆਇਆ । ਹੌਸਲੇ ਵਾਲੇ ਸੰਸਾਰ ਦੇ ਸਾਹਮਣੇ ਕੋਈ ਵੀ ਨਾ ਆਇਆ ।੫੯।

**ਸ਼ਬੇ ਸ਼ਹਿ ਸ਼ਬਿਸਤਾਂ ਚੂੰ ਦਰ ਆਮਦ ਬਫ਼ੌਜ ॥**
**ਸਿਪਹ ਖਾਨਹ ਆਮਦ ਹਮਹ ਮੌਜ ਮੌਜ ॥੬੦॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਸ਼ਬੇ=ਰਾਤ ਦਾ। ਸ਼ਹਿ=ਸਵਾਮੀ, ਚੰਦ੍ਰਮਾ। ਸ਼ਬਿਸਤਾਂ=ਰਾਤ ਦਾ ਸਮਾਂ। ਚੂੰ=ਜਦ। ਬਫ਼ੌਜ=ਸੈਨਾ ਸਮੇਤ। ਸਿਪਹ=ਫ਼ੌਜ। ਖਾਨਹ=ਘਰ। ਹਮਹ=ਸਾਰਿਆਂ। ਮੌਜ=ਲਹਿਰ। ਮੌਜ=ਠਾਠ।

**ਅਰਥ**—ਰਾਤ ਦਾ ਬਾਦਸ਼ਾਹ ਚੰਦ੍ਰਮਾ, ਰਾਤ ਵੇਲੇ ਜਦੋਂ (ਆਪਣੀ) ਸੈਨਾ ਸਮੇਤ ਆ ਗਿਆ, ਤਾਂ ਸਾਰੀ ਫ਼ੌਜ ਸਮੁੰਦਰ ਦੀਆਂ ਲਹਿਰਾਂ ਵਾਂਗ ਆਪਣੇ ਘਰ ਭਾਵ ਛਾਉਣੀ ਵਿਚ ਪੁਜ ਗਈ।੬੦।

**ਬਰੋਜ਼ਿ ਦਿਗਰ ਰੌਸ਼ਨੀਅਤ ਪਨਾਹ ॥**
**ਬ ਔਰੰਗ ਦਰਾਮਦ ਚੂੰ ਔਰੰਗ ਸ਼ਾਹ ॥੬੧॥**

**ਪਦ ਅਰਥ**—ਬਰੋਜ਼ਿ ਦਿਗਰ=ਦੂਸਰੇ ਦਿਨ। ਰੌਸ਼ਨੀਅਤ ਪਨਾਹ=ਚਾਨਣੇ ਦਾ ਆਸਰਾ ਸੂਰਜ। ਬ=ਉਤੇ। ਔਰੰਗ=ਰਾਜ ਗੱਦੀ, ਤਖ਼ਤ। ਔਰੰਗਸ਼ਾਹ=ਤਖ਼ਤ ਦਾ ਮਾਲਕ।

**ਅਰਥ**—ਫਿਰ ਦੂਸਰੇ ਦਿਨ ਦਾ ਚਾਨਣ ਦਾ ਆਸਰਾ ਸੂਰਜ ਗੱਦੀ ਉਤੇ ਆ ਗਿਆ, ਜਿਵੇਂ ਤਖ਼ਤ ਦਾ ਮਾਲਕ, ਬਾਦਸ਼ਾਹ ਰਾਜ ਗੱਦੀ ਉਤੇ ਆ ਬੈਠਦਾ ਹੈ।੬੧।

**ਦੋ ਸੂਏ ਯਲਾਂ ਜੁਮਲਹ ਬਸਤੰਦ ਕਮਰ ॥**
**ਬ ਮੈਦਾਨ ਜੁਸਤੰਦ ਸਿਪਰ ਬਰ ਸਿਪਰ ॥੬੨॥**

**ਪਦ ਅਰਥ**—ਦੋ ਸੂਏ=ਦੋਹਾਂ ਪਾਸਿਆਂ ਦੇ। ਯਲਾਂ=ਸੂਰਮੇ। ਜੁਮਲਹ=ਸਾਰੇ ਇਕੱਠੇ ਹੋ ਕੇ। ਕਮਰ=ਲੱਕ। ਜੁਸਤੰਦ=ਗਏ। ਸਿਪਰ=ਢਾਲ।

**ਅਰਥ**—ਦੋਹਾਂ ਪਾਸਿਆਂ ਦੇ ਸਾਰੇ ਸੂਰਮੇ ਲੱਕ ਬੰਨ੍ਹਕੇ ਇਕੱਠੇ ਹੋ ਕੇ ਰਣ ਭੂਮੀ ਵਿਚ ਗਏ, ਢਾਲਾਂ ਉਤੇ ਢਾਲਾਂ ਵੱਜੀਆਂ।੬੨।

**ਬਗੁਰਰੀਦਨ ਆਮਦ ਦੋ ਅਬਰੇ ਮੁਸਾਫ਼ ॥**
**ਯਕੇ ਗਸ਼ਤ ਘਾਯਲ ਯਕੇ ਗਸ਼ਤ ਸੂਾਫ ॥੬੩॥**

**ਪਦ ਅਰਥ**—ਗੁਰਰੀਦਨ=ਗੱਜਣਾ। ਆਮਦ=ਆ ਗਏ। ਅਬਰੇ=ਬੱਦਲ। ਮੁਸਾਫ਼=ਜੁੱਧ। ਗਸ਼ਤ=ਹੋਇਆ। ਘਾਯਲ=ਜ਼ਖ਼ਮੀ। ਸੂਾਫ=ਦੂਰ।

**ਅਰਥ**—ਜੁੱਧ ਵਿਚ ਦੋ ਬੱਦਲ ਗੱਜਦੇ ਆ ਗਏ। ਇਕ ਤਾਂ ਜ਼ਖ਼ਮੀ ਹੋ ਗਿਆ ਅਤੇ ਇਕ ਦੂਰ ਹੋ ਗਿਆ ਭਾਵ ਮਰ ਗਿਆ।੬੩।

**ਚਕਾ ਚਕ ਬਰਖਾਸਤ ਤੀਰੋ ਤੁਫੰਗ ॥**
**ਖਤਾ ਖਤ ਦਰਾਮਦ ਹਮਾਂ ਰੰਗ ਰੰਗ ॥੬੪॥**

**ਪਦ ਅਰਥ**—ਚਕਾ ਚਕ=ਘਚਾ-ਘਚ। ਬਰਖਾਸਤ=ਉਠੀ। ਖਤਾ ਖਤ=ਕਾੜ ਕਾੜ। ਦਰਾਮਦ=ਆਏ। ਹਮਾਂ=ਸਾਰੇ। ਰੰਗ ਰੰਗ=ਤਰ੍ਹਾਂ ਤਰ੍ਹਾਂ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਤੀਰਾਂ ਤੇ ਬੰਦੂਕਾਂ ਦੇ ਚਲਣ ਤੇ ਕਾੜ ਕਾੜ ਦੀ ਆਵਾਜ਼ ਆਉਣ ਲਗੀ। ਸਭ ਪਾਸਿਆਂ ਤੋਂ ਤਰ੍ਹਾਂ ਤਰ੍ਹਾਂ ਦੀ ਆਵਾਜ਼ ਹੁੰਦੀ ਸੀ।੬੪।

**ਜ਼ਿ ਤੀਰੋ ਜ਼ਿ ਤੋਪੋ ਜ਼ਿ ਤੇਗੋ ਤਬਰ॥**
**ਜ਼ਿ ਨੇਜ਼ਾ ਵ ਨਾਚਿਖ ਵ ਨਾਵਕ ਸਿਪਰ॥੬੫॥**

**ਪਦ ਅਰਥ**—ਜ਼ਿ=ਤੋਂ। ਤੇਗ=ਤਲਵਾਰ। ਤਬਰ=ਕੁਹਾੜੇ। ਨਾਚਿਖ=ਛੋਟਾ ਬਰਛਾ। ਨਾਵਕ=ਲੋਹੇ ਦਾ ਤੀਰ। ਸਿਪਰ=ਢਾਲਾਂ।

**ਅਰਥ**—ਤੀਰਾਂ ਨਾਲ, ਤੋਪਾਂ ਨਾਲ, ਤਲਵਾਰਾਂ ਤੇ ਕੁਹਾੜਿਆਂ ਨਾਲ, ਛੋਟੇ, ਵੱਡੇ ਬਰਛਿਆਂ ਨਾਲ ਜਾਂ ਲੋਹੇ ਦੇ ਤੀਰਾਂ ਤੇ ਢਾਲਾਂ ਨਾਲ ਜੰਗ ਹੋਇਆ।੬੫।

**ਯਕੇ ਦੇਵ ਆਮਦ ਕਿ ਜ਼ਾਗੇ ਨਿਸ਼ਾਂ॥**
**ਚੋ ਗੁਰਰੰਦਹ ਸ਼ੇਰ ਹਮਚੋ ਪੀਲੇ ਦਮਾਂ॥੬੬॥**

**ਪਦ ਅਰਥ**—ਯਕੇ=ਇਕ। ਦੇਵ=ਰਾਖਸ਼, ਦੈਂਤ। ਜ਼ਾਗੇ=ਕਾਂ। ਨਿਸ਼ਾਂ=ਨਿਆਈਂ ਵਰਗਾ। ਚੋ= ਜੈਸੇ। ਗੁਰਰੰਦਹ=ਗਰਜਨ। ਹਮਚੋ=ਵਰਗਾ। ਪੀਲੇ=ਹਾਥੀ। ਦਮਾਂ=ਮਤਵਾਲਾ।

**ਅਰਥ**—ਇਕ ਦੈਂਤ ਆਇਆ, ਜੋ ਕਾਂ ਦੇ ਸਮਾਨ ਕਾਲਾ ਸੀ। ਸ਼ੇਰ ਵਾਂਗੂ ਗੱਜਣ ਲੱਗਾ, ਹਾਥੀ ਵਰਗਾ ਮਤਵਾਲਾ ਸੀ।੬੬।

**ਕੁਨਦ ਤੀਰ ਬਾਰਾਂ ਚੋਂ ਬਾਰਾਨਿ ਮੇਘ॥**
**ਬਰਖ਼ਸ਼ ਅੰਦਰਾਂ ਅਬਰ ਚੂੰ ਬਰਕ ਤੇਗ਼॥੬੭॥**

**ਪਦ ਅਰਥ**—ਕੁਨਦ=ਕਰਦਾ ਹੈ। ਬਾਰਾਂ=ਬਾਰਸ਼। ਬਾਰਾਨਿ=ਬਰਖਾ ਦੀ। ਮੇਘ=ਬੱਦਲ। ਬਰਖ਼ਸ਼= ਚਮਕੀ। ਅਬਰ=ਬੱਦਲ। ਚੂੰ=ਵਾਂਗ। ਬਰਕ=ਬਿਜਲੀ। ਤੇਗ਼=ਤਲਵਾਰ।

**ਅਰਥ**—ਬੱਦਲ ਦੀ ਬਰਖਾ ਵਾਂਗ ਤੀਰਾਂ ਦੀ ਬਾਰਸ਼ ਕਰਦਾ ਹੈ। ਤਲਵਾਰ ਇਸ ਤਰ੍ਹਾਂ ਚਮਕੀ, ਜਿਵੇਂ ਬੱਦਲ ਵਿਚ ਬਿਜਲੀ ਚਮਕਦੀ ਹੈ।੬੭।

**ਬਜੋਸ਼ ਅੰਦਰਾਮਦ ਦਹਾਨੇ ਦੁਹਲ॥**
**ਚੋ ਪੁਰ ਗਸ਼ਤ ਬਾਜ਼ਾਰ ਜਾਏ ਅਜ਼ਲ॥੬੮॥**

**ਪਦ ਅਰਥ**—ਬਜੋਸ਼=ਬੜੇ ਜੋਸ਼। ਦਹਾਨੇ=ਮੂੰਹ। ਦੁਹਲ=ਢੋਲ। ਪੁਰ ਗਸ਼ਤ=ਭਰ ਗਿਆ। ਬਾਜ਼ਾਰ= ਮੇਲਾ। ਜਾਏ=ਜਗ੍ਹਾ। ਅਜ਼ਲ=ਕਿਆਮਤ ਭਾਵ ਮੌਤ।

**ਅਰਥ**—ਢੋਲ ਦਾ ਮੂੰਹ ਬੜੇ ਜੋਸ਼ ਵਿਚ ਆ ਗਿਆ। ਜੁੱਧ ਦੀ ਜਗ੍ਹਾ ਤੇ ਮੌਤ ਦਾ ਮੇਲਾ ਭਰ ਗਿਆ ਭਾਵ ਬਹੁਤ ਸਾਰੇ ਮਰ ਗਏ।੬੮।

**ਹਰਾਂ ਕਸ ਕਿ ਪੱਰਾ ਸ਼ਵਦ ਤੀਰਿ ਸ਼ਸਤ॥**
**ਬ ਸੂਦ ਪਹਿਲੂਏ ਪੀਲ ਮਰਦਾਂ ਗੁਜ਼ਸ਼ਤ॥੬੯॥**

**ਪਦ ਅਰਥ**—ਹਰਾਂ ਕਸ ਕਿ=ਜਿਹੜਾ ਕੋਈ। ਪੱਰਾ ਸ਼ਵਦ=ਉਡਦਾ ਹੋਇਆ। ਸ਼ਸਤ=ਨਿਸ਼ਾਨਾ। ਸੂਦ=ਸੌ। ਪਹਿਲੂ=ਪਸਲੀ। ਏ=ਦੀ। ਪੀਲ ਮਰਦਾਂ=ਹਾਥੀ ਵਰਗੇ ਬੰਦਿਆਂ, ਵਡੇ ਡੀਲ ਡੌਲ ਵਾਲੇ ਸੂਰਮਿਆਂ। ਗੁਜ਼ਸਤ=ਲੰਘ ਗਿਆ।

**ਅਰਥ**—ਜਿਹੜਾ ਕੋਈ ਵੀ ਉਡਦਾ ਹੋਇਆ ਤੀਰ ਨਿਸ਼ਾਨੇ ਵਿਚ ਵੱਜਾ ਉਹ ਹਾਥੀਆਂ ਵਰਗੇ ਬੜੀ ਵਡੀ ਡੀਲ ਡੌਲ ਵਾਲੇ ਸੂਰਮਿਆਂ ਦੀਆਂ ਸੌ ਪਸਲੀਆਂ ਵਿਚੋਂ ਦੀ ਲੰਘ ਗਿਆ।੬੯।

**ਹਮਾਂ ਕਸ ਬਸੇ ਤੀਰ ਜ਼ਦ ਬਰ ਕਜ਼ਾਂ ॥**
**ਬਿ ਉਫ਼ਤਾਦ ਦੇਵੇ ਚੋ ਕਾਖੇ ਗਿਰਾਂ ॥੭੦॥**

**ਪਦ ਅਰਥ**—ਹਮਾਂ ਕਸ=ਉਸ ਨੇ ਵੀ। ਬਸੇ=ਬਹੁਤ। ਜ਼ਦ=ਮਾਰੇ। ਬਰ ਕਜ਼ਾਂ=ਉਸਦੇ ਉਤੇ। ਬਿਉਫ਼ਤਾਦ=ਡਿੱਗ ਪਿਆ। ਦੇਵੇ ਚੋ=ਦੇਉ ਵਾਂਗ। ਕਾਖੇ=ਅਟਾਰੀ ਵਾਂਗ। ਗਿਰਾਂ=ਵਡੀ।

**ਅਰਥ**—ਉਸ ਨੇ ਵੀ ਉਸ ਦੇ ਉਤੇ ਬਹੁਤ ਸਾਰੇ ਤੀਰ ਮਾਰੇ। ਉਚੀ ਅਟਾਰੀ ਵਾਂਗੂ ਦੈਂਤ ਡਿਗ ਪਿਆ।੭੦।

**ਦਿਗਰ ਦੇਵ ਗਰਗਸ਼ਤ ਆਮਦ ਬਜੰਗ ॥**
**ਚੋ ਸ਼ੇਰਿ ਅਜ਼ੀਮ ਹਮਚੋ ਪਰ ਰਾ ਪਲੰਗ ॥੭੧॥**

**ਪਦ ਅਰਥ**—ਦਿਗਰ=ਦੂਸਰਾ। ਗਰਗਸ਼ਤ=ਇੱਲ ਜਾਂ ਗਿਰਝ। ਅਜ਼ੀਮ=ਵੱਡਾ। ਹਮ ਚੋ=ਵਰਗਾ। ਪਰ ਰਾ=ਉਡਨ ਵਾਲਾ। ਪਲੰਗ=ਚਿਤ੍ਰਾ।

**ਅਰਥ**—ਦੂਸਰਾ ਦੈਂਤ ਜੰਗ ਕਰਨ ਲਈ ਗਿਰਝ ਵਾਂਗੂ ਆਇਆ। ਜੋ ਸ਼ੇਰ ਵਰਗਾ ਵੱਡਾ ਤੇ ਚਿਤ੍ਰੇ ਵਾਂਗੂ ਉਡਨ ਵਾਲਾ ਸੀ।੭੧।

**ਚੁਨਾ ਜ਼ਖਮ ਗੋਪਾਲ ਅੰਦਾਖਤ ਸਖ਼ਤ ॥**
**ਬਿ ਉਫਤਾਦ ਦਾਨੋ ਚੂੰ ਬੇਖ਼ ਅਜ਼ ਦਰਖਤ ॥੭੨॥**

**ਪਦ ਅਰਥ**—ਚੁਨਾ=ਅਜਿਹਾ। ਗੋਪਾਲ=ਗੋਪੀਆ, ਗੁਲੇਲਾ। ਅੰਦਾਖ਼ਤ=ਮਾਰਿਆ। ਸਖ਼ਤ=ਕਰੜਾ। ਬਿ ਉਫਤਾਦ=ਡਿੱਗਿਆ। ਦਾਨੋ=ਦੈਂਤ। ਚੂੰ=ਜਿਵੇਂ, ਵਾਂਗੂ। ਬੇਖ਼=ਜੜ੍ਹ। ਅਜ਼=ਤੋਂ। ਦਰਖਤ=ਬ੍ਰਿਛ।

**ਅਰਥ**—ਅਜਿਹਾ ਕਰੜਾ ਗੁਲੇਲਾ ਮਾਰਿਆ, ਜਿਸ ਦੇ ਜ਼ਖ਼ਮ ਨਾਲ ਦੈਂਤ ਡਿੱਗ ਪਿਆ। ਜਿਵੇਂ ਜੜ੍ਹ ਤੋਂ ਪੁਟਿਆ ਹੋਇਆ ਬ੍ਰਿਛ ਡਿਗਦਾ ਹੈ।੭੨।

**ਦਿਗਰ ਕਸ ਨਿਆਮਦ ਅਜ਼ੋ ਆਰਜ਼ੂ ॥**
**ਕਿ ਆਯਦ ਬਜੰਗੇ ਚੁਨੀਂ ਮਾਹਰੂ ॥੭੩॥**

**ਪਦ ਅਰਥ**—ਦਿਗਰ=ਫੇਰ, ਹੋਰ। ਕਸ=ਕੋਈ ਵੀ। ਅਜ਼ੋ=ਉਸ ਤੋਂ। ਆਰਜ਼ੂ=ਇੱਛਾ। ਆਯਦ=ਆਵੇ। ਚੁਨੀਂ=ਅਜਿਹੀ। ਮਾਹਰੂ=ਚੰਦ੍ਰਮੁਖੀ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਹੋਰ ਕਿਸੇ ਨੇ ਵੀ ਉਸ ਨਾਲ ਜੰਗ ਕਰਨ ਦੀ ਇੱਛਾ ਨਾ ਕੀਤੀ। ਕਿਉਂ ? ਜੋ ਚੰਦ੍ਰਮੁਖੀ ਇਸ ਤਰ੍ਹਾਂ ਦੇ ਜੰਗ ਕਰਨ ਨੂੰ ਆਈ ਹੋਈ ਸੀ ।੭੩।

**ਸ਼ਾਹਿ ਚੀਨ ਸਰ ਤਾਜ ਰੰਗੀਂ ਨਿਹਾਦ ॥**
**ਬਲਾਇ ਗੁਬਾਰਸ਼ ਦਿਹੱਨ ਬਰ ਕੁਸ਼ਾਦ ॥੭੪॥**

**ਪਦ ਅਰਥ**—ਸ਼ਾਹਿ=ਬਾਦਸ਼ਾਹ। ਚੀਨ=ਚੜ੍ਹਦੀ ਦਿਸ਼ਾ ਤੋਂ ਇਕ ਹੋਰ ਦੇਸ ਦਾ ਨਾਮ ਹੈ। ਸਰ= ਸਿਰ। ਤਾਜ=ਮੁਕਟ। ਨਿਹਾਦ=ਰਖ ਦਿਤਾ। ਬਲਾਇ=ਚੁੜੇਲ। ਗੁਬਾਰ=ਹਨੇਰਾ। ਸ਼=ਉਸ। ਦਿਹੱਨ= ਮੂੰਹ। ਬਰ ਕੁਸ਼ਾਦ=ਖੋਲ੍ਹ ਲਿਆ।

**ਅਰਥ**—ਚੀਨ ਦੇਸ ਦੇ ਬਾਦਸ਼ਾਹ ਨੇ ਸਿਰ ਤੋਂ ਰੰਗੀਨ ਭਾਵ ਸੁਨਹਿਰੀ ਤਾਜ ਲਾਹ ਕੇ ਰਖ ਦਿਤਾ ਹੈ। ਕਾਲੀ ਚੁੜੇਲ ਨੇ (ਆਪਣਾ) ਮੂੰਹ ਖੋਲ੍ਹ ਲਿਆ ਭਾਵ ਸੂਰਜ ਡੁਬ ਗਿਆ ਹੈ, ਉਸ ਦਾ ਪ੍ਰਕਾਸ਼ ਮਿਟ ਗਿਆ ਅਤੇ ਕਾਲੀ ਬੋਲੀ ਰਾਤ ਦਾ ਪ੍ਰਭਾਵ ਫੈਲ ਗਿਆ ।੭੪। [ਦ: ਗ੍ਰੰ: ਪੰਨਾ ੧੪੦੩

**ਸ਼ਬ ਆਮਦ ਯਕੇ ਫ਼ੌਜ ਰਾ ਸਾਜ਼ ਕਰਦ ॥**
**ਜ਼ਿ ਦੀਗਰ ਵਜ਼ਹ ਬਾਜ਼ੀ ਆ.ਗਾਜ਼ ਕਰਦ ॥੭੫॥**

**ਪਦ ਅਰਥ**—ਸ਼ਬ=ਰਾਤ। ਆਮਦ=ਆਈ। ਕਰਦ=ਕਰਕੇ। ਵਜ਼ਹ=ਢੰਗ। ਬਾਜ਼ੀ=ਖੇਡ। ਆਗਾਜ਼= ਅਰੰਭ।

**ਅਰਥ**—ਇਕ ਫ਼ੌਜ ਦਾ ਬਨਾਉ ਕਰਦੀ ਹੋਈ ਰਾਤ ਆ ਗਈ। ਉਸਨੇ ਦੂਸਰੇ ਢੰਗ ਨਾਲ ਖੇਡ ਦਾ ਆਰੰਭ ਕਰ ਦਿਤਾ ।੭੫।

**ਕਿ ਅ.ਫ਼ਸੋਸ ਅ.ਫ਼ਸੋਸ ਹੈ ਹਾਤ ਹਾਤ ॥**
**ਅਜ਼ੀਂ ਉਮਰ ਵਜ਼ੀਂ ਜ਼ਿੰਦਗੀ ਜ਼ੀਂ ਹਯਾਤ ॥੭੬॥**

**ਪਦ ਅਰਥ**—ਕਿ=ਜੋ। ਅ.ਫ਼ਸੋਸ=ਸ਼ੋਕ। ਹਾਤ ਹਾਤ=ਹਾਇ ਹਾਇ। ਅਜ਼ੀਂ=ਇਸ। ਜ਼ੀਂ=ਇਸ। ਹਯਾਤ=ਜੀਵਨ, ਉਮਰ।

**ਅਰਥ**—ਹਾਇ ! ਹਾਇ ! ਸ਼ੋਕ ਭਾਵ ਲਾਹਨਤ ਹੈ। ਇਸ ਉਮਰ, ਇਸ ਜ਼ਿੰਦਗੀ ਅਤੇ ਇਸ ਜੀਵਨ ਉਤੇ ।੭੬।

**ਬ ਰੋਜ਼ੇ ਦਿਗਰ ਰੌਸ਼ਨੀਯਤ ਫਿਕਰ ॥**
**ਬਰ ਔਰੰਗ ਦਰਾਮਦ ਚੂੰ ਸ਼ਾਹੇ ਦਿਗਰ ॥੭੭॥**

**ਪਦ ਅਰਥ**—ਰੋਜ਼ੇ=ਦਿਨ। ਦਿਗਰ=ਦੂਸਰੇ। ਰੌਸ਼ਨੀਯਤ ਫਿਕਰ=ਚਾਨਣ ਦਾ ਪ੍ਰਬੰਧ ਕਰਨ ਵਾਲਾ ਸੂਰਜ। ਬਰ ਔਰੰਗ=ਗੱਦੀ ਉਤੇ। ਦਰਾਮਦ=ਆਇਆ। ਚੂੰ=ਵਾਂਗੂ। ਸ਼ਾਹੇ ਦਿਗਰ=ਦੂਸਰਾ ਬਾਦਸ਼ਾਹ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਦੂਸਰੇ ਦਿਨ ਚਾਨਣ ਦਾ ਪ੍ਰਬੰਧ ਕਰਨ ਵਾਲਾ ਭਾਵ ਸੂਰਜ ਗੱਦੀ ਉਤੇ ਦੂਸਰੇ ਬਾਦਸ਼ਾਹ ਵਾਂਗੂ ਆ ਗਿਆ ।੭੭।

**ਸਿਪਹਿ ਸੂ ਦੁ ਬਰਖ਼ਾਸਤ ਅਜ਼ ਜੋਸ਼ਿ ਜੰਗ ॥**
**ਰਵਾਂ ਸ਼ੁਦ ਬ ਹਰ ਗੋਸ਼ਹ ਤੀਰ ਤੁਫ਼ੰਗ ॥੭੮॥**

**ਪਦ ਅਰਥ**—ਸਿਪਹਿ=ਸੈਨਾ, ਫ਼ੌਜ । ਸੂ ਦੁ=ਦੋ ਪਾਸੇ । ਬਰਖ਼ਾਸਤ=ਉਠ ਖੜੋਤੀ । ਅਜ਼=ਨਾਲ। ਜੋਸ਼ਿ=ਦਿਲ ਦੇ ਉਬਾਲ । ਰਵਾਂ ਸ਼ੁਦ=ਚਲਣੇ ਸ਼ੁਰੂ ਹੋ ਗਏ । ਹਰ ਗੋਸ਼ਹ=ਸਾਰੇ ਕੋਨਿਆਂ ਵਿਚ।

**ਅਰਥ**—ਦੋਹਾਂ ਪਾਸਿਆਂ ਦੀ ਫ਼ੌਜ ਦਿਲ ਦੇ ਉਬਾਲ ਭਾਵ ਜੋਸ਼ ਨਾਲ ਜੰਗ ਵਾਸਤੇ ਉਠ ਖੜੋਤੀ। ਸਾਰੇ ਕੋਨਿਆਂ ਵਿਚ ਧਨੁਖਾਂ ਵਿਚੋਂ ਤੀਰ ਤੇ ਬੰਦੂਕਾਂ ਵਿਚੋਂ ਗੋਲੀਆਂ ਚਲਣੀਆਂ ਸ਼ੁਰੂ ਹੋ ਗਈਆਂ।੭੮।

**ਰਵਾਂ ਰਉ ਸ਼ੁਦਹ ਕੈਬਰਿ ਕੀਨਹ ਕੋਸ਼ ॥**
**ਕਿ ਬਾਜ਼ੂਇ ਮਰਦਾਂ ਬਰਾਵੁਰਦ ਜੋਸ਼ ॥੭੯॥**

**ਪਦ ਅਰਥ**—ਰਵਾਂ ਰਉ=ਦਬਾ ਦਬ। ਸ਼ੁਦਹ=ਹੋਏ, ਚਲੇ। ਕੈਬਰਿ=ਤੀਰ। ਕੀਨਹ ਕੋਸ਼=ਬੁਰਾ ਯਤਨ, ਬੁਰਾਈ । ਬਾਜ਼ੂਇ=ਬਾਹਾਂ, ਡੌਲੇ । ਮਰਦਾਂ=ਸੂਰਮੇ । ਬਾਵੁਰਦ=ਬਾਹਰ । ਜੋਸ਼=ਗੁੱਸਾ।

**ਅਰਥ**—ਬੁਰਾਈ ਕਰਨ ਵਾਲੇ ਤੀਰ ਦਬਾ ਦਬ ਚਲੇ । ਸੂਰਮਿਆਂ ਦਿਆਂ ਡੌਲਿਆਂ ਵਿਚੋਂ ਗੁੱਸਾ ਬਾਹਰ ਆ ਗਿਆ ।੭੯।

**ਚੁ ਲਸ਼ਕਰ ਤਮਾਮੀ ਦਰਾਮਦ ਬਕਾਮ ॥**
**ਯਕੇ ਮਾਂਦ ਓ ਰਾ ਸੁਭਟ ਸਿੰਘ ਨਾਮ ॥੮੦॥**

**ਪਦ ਅਰਥ**—ਚੁ=ਜਦ । ਲਸ਼ਕਰ=ਫ਼ੌਜ । ਤਮਾਮੀ=ਸਾਰੀ ਹੀ । ਦਰਾਮਦ=ਆ ਗਈ । ਬਕਾਮ= ਕੰਮ ਵਿਚ ਭਾਵ ਮਰ ਗਈ । ਯਕੇ=ਇਕੋ ਹੀ । ਮਾਂਦ=ਰਹਿ ਗਿਆ । ਓ ਰਾ=ਉਸ ਦਾ ।

**ਅਰਥ**—ਜਦ ਸਾਰੀ ਹੀ ਫ਼ੌਜ ਕੰਮ ਵਿਚ ਆ ਗਈ ਭਾਵ ਮਰ ਗਈ । ਇਕੋ ਹੀ ਰਹਿ ਗਿਆ, ਉਸ ਦਾ ਨਾਮ 'ਸੁਭਟ ਸਿੰਘ' ਸੀ ।੮੦।

**ਬਗੋਯਦ ਕਿ ਐ ਸ਼ਾਹਿ ਰੁਸਤਮ ਜ਼ਮਾਂ ॥**
**ਤੁ ਮਾਰਾ ਬਿਕੁਨ ਯਾ ਬਗੀਰੀ ਕਮਾਂ ॥੮੧॥**

**ਪਦ ਅਰਥ**—ਬਗੋਯਦ=ਕਿਹਾ । ਰੁਸਤਮ=ਇਕ ਪਹਿਲਵਾਨ । ਜ਼ਮਾਂ=ਜ਼ਮਾਨਾ । ਬਿਕੁਨ=ਕਰ । ਬਗੀਰੀ=ਫੜ । ਕਮਾਂ=ਕਮਾਨ, ਧਨੁਖ।

**ਅਰਥ**—ਕਿਹਾ, ਜੋ ਹੇ ਬਾਦਸ਼ਾਹ! ਜ਼ਮਾਨੇ ਦੇ ਰੁਸਤਮ! ਤੂੰ ਮੈਨੂੰ ਕਰ ਲੈ ਭਾਵ ਵਿਆਹ ਲੈ ਜਾਂ ਕਮਾਨ ਫੜਕੇ ਯੁੱਧ ਕਰ ।੮੧।

**ਬ ਗਜ਼ਬ ਅੰਦਰ ਆਮਦ ਚੁ ਸ਼ੇਰੇ ਯਿਆਂ ॥**
**ਨ ਪੁਸ਼ਤੇ ਦਿਹਮ ਬਾਨੂ ਏ ਹਮ ਚੁਨਾਂ ॥੮੨॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਗਜ਼ਬ=ਕਰੋਧ। ਆਮਦ=ਆਇਆ। ਚੁ=ਵਾਂਗੂੰ। ਯਿਆਂ=ਡਰਾਉਣਾ। ਪੁਸ਼ਤੇ=ਪਿੱਠ। ਦਿਹਮ=ਦੇਵਾਂਗਾ। ਬਾਨੂ=ਇਸਤ੍ਰੀ। ਹਮ=ਮੈਂ। ਚੁਨਾਂ=ਇਸ ਤਰ੍ਹਾਂ।

***ਅਰਥ***—ਡਰਾਉਣੇ ਸ਼ੇਰ ਵਾਂਗੂ ਗੁਸੇ ਅੰਦਰ ਆਇਆ। ਤੇ ਆਖਣ ਲੱਗਾ-ਹੇ ਇਸਤ੍ਰੀ! ਇਸ ਤਰ੍ਹਾਂ ਮੈਂ ਪਿੱਠ ਨਹੀਂ ਦਿਆਂਗਾ।੯੨।

**ਬਿਪੋਸ਼ੀਦ ਖ਼ੁਫ਼ਤਾਨ ਜੋਸ਼ੀਦ ਜੰਗ॥**
**ਬਿਕੋਸ਼ੀਦ ਚੂੰ ਸ਼ੇਰ ਮਰਦਾਂ ਨਿਹੰਗ॥੯੩॥**

***ਪਦ ਅਰਥ***—ਬਿਪੋਸ਼ੀਦ=ਪਹਿਨ ਲਿਆ। ਖ਼ੁਫ਼ਤਾਨ=ਸੰਜੋਇ। ਜੋਸ਼ੀਦ=ਮਚਿਆ। ਬਿਕੋਸ਼ੀਦ=ਉੱਦਮ ਕੀਤਾ, ਯਤਨ ਕੀਤਾ। ਚੂੰ=ਵਾਂਗੂ। ਨਿਹੰਗ=ਮਗਰ ਮੱਛ।

***ਅਰਥ***—ਜੰਗ ਕਰਨ ਦੇ ਜੋਸ਼ ਵਿਚ ਆ ਕੇ ਸੰਜੋਅ ਪਹਿਨ ਲਿਆ। ਸ਼ੇਰ ਮਰਦ (ਸੁਭਟ ਸਿੰਘ) ਨੇ ਮਗਰ ਮੱਛ ਵਰਗਾ ਉੱਦਮ ਕੀਤਾ।੯੩।

**ਬ ਚਾਲਸ਼ ਦਰਾਮਦ ਚੁ ਸ਼ੇਰੇ ਅਜ਼ੀਮ॥**
**ਬ ਕੈਬਰ ਕਮਾਂ ਕਰਦ ਬਾਰਸ਼ ਕਰੀਮ॥੯੪॥**

***ਪਦ ਅਰਥ***—ਚਾਲਸ਼=ਚਾਲ, ਤੋਰ। ਦਰਾਮਦ=ਆਇਆ। ਅਜ਼ੀਮ=ਵੱਡਾ। ਕੈਬਰ=ਤੀਰ। ਕਮਾਂ=ਕਮਾਨ। ਕਰਦ=ਕੀਤੀ। ਬਾਰਸ਼=ਮੀਂਹ। ਕਰੀਮ=ਵਡੀ। ਚੁ=ਵਾਂਗੂੰ। ਬ=ਸਾਥ, ਨਾਲ।

***ਅਰਥ***—ਉਹ ਵਡੇ ਸ਼ੇਰ ਵਾਂਗੂ ਚਲ ਕੇ (ਜੰਗ) ਵਿਚ ਆਇਆ। ਕਮਾਨ ਵਿਚੋਂ ਤੀਰਾਂ ਦੀ ਬੜੀ ਭਾਰੀ ਵਰਖਾ ਕੀਤੀ ਭਾਵ ਤੀਰਾਂ ਦਾ ਮੀਂਹ ਵਰ੍ਹਾ ਦਿਤਾ।੯੪।

**ਚਪੋ ਰਾਸਤ ਓ ਕਰਦ ਖਮ ਕਰਦ ਰਾਸਤ॥**
**ਗਰੇਵੇ ਕਮਾਂ ਚਰਖ਼ ਚੀਨੀ ਬਿਖ਼ਾਸਤ॥੯੫॥**

***ਪਦ ਅਰਥ***—ਚਪੋ ਰਾਸਤ=ਖੱਬਾ ਤੇ ਸੱਜਾ। ਖਮ=ਵਿੰਗਾ, ਟੇਢਾ। ਕਰਦ=ਕੀਤਾ। ਰਾਸਤ=ਸਿੱਧਾ। ਗਰੇਵੇ=ਖੜਾਕ। ਚਰਖ਼=ਅਕਾਸ਼। ਬਿਖ਼ਾਸਤ=ਉਠਿਆ।

***ਅਰਥ***—ਉਸ ਨੇ ਆਪਣਾ ਖਬਾ ਤੇ ਸਜਾ ਹੱਥ ਕੀਤਾ, ਵਿੰਗਾ ਤੇ ਸਿੱਧਾ (ਵੀ) ਮੁਕਾਬਲਾ ਕੀਤਾ। ਚੀਨ ਦੀ ਕਮਾਨ ਦਾ ਖੜਾਕ ਅਕਾਸ਼ ਤਕ ਉਠਿਆ।੯੫।

**ਹਰਾਂ ਕਸ ਕਿ ਨੇਜ਼ਹ ਬਿਉਫ਼ਤਾਦ ਮੁਸ਼ਤ॥**
**ਦੋ ਤਾ ਗਸ਼ਤ ਮਸ਼ਤ ਹਮੀਂ ਚਾਰ ਗਸ਼ਤ॥੯੬॥**

***ਪਦ ਅਰਥ***—ਹਰਾਂ ਕਸ=ਜੋ ਕੋਈ। ਨੇਜ਼ਹ=ਬਰਛਾ। ਬਿਉਫ਼ਤਾਦ=ਡਿੱਗਾ। ਮੁਸ਼ਤ=ਮੁਠੀ। ਦੋ ਤਾ=ਦੂਹਰਾ। ਗਸ਼ਤ=ਹੋ ਗਿਆ। ਹਮੀਂ=ਉਹ ਵੀ। ਚਾਰ ਗਸ਼ਤ=ਚਾਰ ਹੋ ਗਿਆ।

***ਅਰਥ***—ਜਿਸ ਕਿਸੇ ਉਤੇ ਮੁਠ ਦਾ ਬਰਛਾ ਵੀ ਡਿਗਾ। ਉਹ ਦੂਹਰਾ ਹੋ ਗਿਆ ਜਾਂ ਉਹ ਚਾਰ ਮੁਠਾਂ ਹੋ ਗਿਆ।੯੬।

Sri Satguru Jagjit Singh Ji eLibrary NamdhariElibrary@gmail.com

**ਬਿਯਾਵਖ਼ਤ ਬਾ ਦੀਗਰੇ ਬਾਜ਼ ਪਰ ॥**
**ਚੁ ਸੁਰਖ ਅਜ਼ਦਹਾ ਬਰ ਹਮੀ ਸ਼ੇਰ ਨਰ ॥੮੭॥**

***ਪਦ ਅਰਥ***—ਬਿਯਾਵਖ਼ਤ=ਦੂਜੇ ਨਾਲ ਚੰਬੜੀ । ਬਾ=ਨਾਲ । ਦੀਗਰੇ=ਦੂਜੇ । ਬਾਜ਼=ਫੇਰ । ਪਰ=ਪਿਛੇ। ਚੁ=ਵਾਂਗ । ਸੁਰਖ=ਲਾਲ । ਅਜ਼ਦਹਾ=ਬਹੁਤ ਵਡਾ ਸੱਪ । ਬਰ=ਉਤੇ । ਸ਼ੇਰ ਨਰ=ਸੂਰਮੇ।

***ਅਰਥ***—ਫਿਰ ਪਿਛੇ (ਦੀ ਹੋ ਕੇ) ਦੂਜੇ ਨਾਲ (ਇਸ ਤਰ੍ਹਾਂ) ਚੰਬੜ ਗਈ । ਜਿਵੇਂ ਲਾਲ ਰੰਗ ਦੀ ਸਰਾਲ ਸੂਰਮੇ ਉਤੇ (ਪਈ ਹੁੰਦੀ ਹੈ) ।੮੭।

**ਚੁਨਾਂ ਬਾਨ ਉਫ਼ਤਾਦ ਤੀਰੋ ਤੁਫੰਗ ॥**
**ਜ਼ਮੀ ਕੁਸ਼ਤ ਗਾਨਸ਼ ਸ਼ੁਦਹ ਲਾਲ ਰੰਗ ॥੮੮॥**

***ਪਦ ਅਰਥ***—ਚੁਨਾਂ=ਅਜਿਹਾ। ਬਾਨ=ਚੋਟ। ਉਫ਼ਤਾਦ=ਲਗਾ। ਕੁਸ਼ਤਗਾਨ=ਮੁਰਦਿਆਂ। ਸ਼ੁਦਹ=ਹੋ ਗਈ।

***ਅਰਥ***—ਤੀਰਾਂ ਤੇ ਗੋਲੀਆਂ ਦੀਆਂ ਅਜਿਹੀਆਂ ਸੱਟਾਂ ਵੱਜੀਆਂ । (ਜੋ) ਮੁਰਦਿਆਂ ਦੇ ਲਹੂ ਨਾਲ ਧਰਤੀ ਵੀ ਲਾਲ ਰੰਗ ਦੀ ਹੋ ਗਈ ।੮੮।

**ਕੁਨਦ ਤੀਰ ਬਾਰਾਨ ਰੋਜ਼ੇ ਤਮਾਮ ॥**
**ਕਸੇ ਰਾ ਨ ਗਸ਼ਤੀਦ ਮਕਸੂਦ ਕਾਮ ॥੮੯॥**

***ਪਦ ਅਰਥ***—ਕੁਨਦ=ਕੀਤੀ। ਬਾਰਾਨ=ਵਰਖਾ, ਬਾਰਸ਼। ਰੋਜ਼ੇ ਤਮਾਮ=ਸਾਰਾ ਦਿਨ। ਕਸੇ ਰਾ=ਕਿਸੇ ਦਾ । ਗਸ਼ਤੀਦ=ਹੋਇਆ । ਮਕਸੂਦ=ਪੂਰੀ ਹੋਈ । ਕਾਮ=ਕੰਮ, ਇੱਛਾ ।

***ਅਰਥ***—ਸਾਰਾ ਦਿਨ ਤੀਰਾਂ ਦੀ ਵਰਖਾ ਕੀਤੀ । ਕਿਸੇ ਦੀ ਵੀ ਇੱਛਾ ਪੂਰੀ ਨਾ ਹੋਈ ਭਾਵ ਕਿਸੇ ਦੀ ਵੀ ਜਿੱਤ ਹਾਰ ਨਾ ਹੋਈ।੮੯।

**ਅਜ਼ੋ ਜੰਗਜੋ ਮਾਂਦਗੀ ਮਾਂਦਹ ਗਸ਼ਤ ॥**
**ਬਿਉਫ਼ਤਾਦ ਹਰ ਦੋ ਦਰਾਂ ਪਹਨ ਦਸ਼ਤ ॥੯੦॥**

***ਪਦ ਅਰਥ***—ਅਜ਼ੋ=ਉਸ ਤੋਂ । ਜੰਗਜੋ=ਲੜਾਕੇ, ਜੋਧੇ । ਮਾਂਦਗੀ=ਥਕੇਵੇਂ ਨਾਲ । ਮਾਂਦਹ ਗਸ਼ਤ=ਦੁਖੀ ਹੋ ਗਏ । ਬਿਉਫ਼ਤਾਦ=ਡਿਗ ਪਏ । ਹਰ ਦੋ=ਦੋਹਾਂ ਪਾਸਿਆਂ ਦੇ । ਦਰਾਂ=ਉਸ ਵਿਚ । ਪਹਨ=ਚੌੜੇ । ਦਸ਼ਤ=ਉਜਾੜ।

***ਅਰਥ***—ਜੋਧੇ (ਜੁੱਧ ਦੇ) ਥਕੇਵੇਂ ਤੋਂ ਦੁਖੀ ਹੋ ਗਏ । ਦੋਹਾਂ ਪਾਸਿਆਂ ਦੇ ਉਸ ਚੌੜੇ ਉਜਾੜ ਮੈਦਾਨ ਵਿਚ ਡਿਗ ਪਏ ।੯੦।

**ਸ਼ਾਹਨ ਸ਼ਾਹਿ ਰੂੰਮੀ ਸਿਪਰ ਦਾਦ ਰੂਇ ॥**
**ਦਿਗਰ ਸ਼ਾਹ ਪੈਦਾ ਸ਼ੁਦਹ ਨੇਕ ਖ਼ੂਇ ॥੯੧॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਰੂੰਮੀ=ਰੂੰਮ ਦਾ। ਸਿਪਰ=ਢਾਲ। ਦਾਦ=ਦਿੱਤੀ। ਰੂਇ=ਚੇਹਰੇ ਉਤੇ। ਦਿਗਰ=ਦੂਜਾ। ਸ਼ੁਦਹ=ਹੋ ਗਿਆ। ਨੇਕ=ਚੰਗਾ। ਖ਼ੂਇ=ਸੁਭਾਵ।

***ਅਰਥ***—ਰੂੰਮ ਦੇ ਬਾਦਸ਼ਾਹ ਨੇ ਮੂੰਹ ਉਤੇ ਢਾਲ ਰਖ ਲਈ। ਚੰਗੇ ਸੁਭਾਵ ਵਾਲਾ ਦੂਸਰਾ ਬਾਦਸ਼ਾਹ ਹੋ ਗਿਆ ਹੈ।੯੧।

**ਨ ਦਰ ਜੰਗ ਆਸੂਦਹ ਸ਼ੁਦ ਯਕ ਜ਼ਮਾਂ॥**
**ਬਿਉਫ਼ਤਾਦ ਹਰ ਦੋ ਚੁਨੀ ਕੁਸ਼ਤਗਾਂ॥੯੨॥**

***ਪਦ ਅਰਥ***—ਆਸੂਦਹ-ਸੁਖ। ਸ਼ੁਦ=ਹੋਇਆ। ਯਕ=ਇਕ। ਬਿਉਫ਼ਤਾਦ=ਡਿੱਗ ਪਏ। ਹਰ ਦੋ=ਦੋਹਾਂ ਪਾਸਿਆਂ ਦੇ। ਚੁਨੀ=ਵਾਂਗੂ। ਕੁਸ਼ਤਗਾਂ=ਮੁਰਦੇ।

***ਅਰਥ***—ਜੰਗ ਅੰਦਰ ਇਕ ਨੂੰ ਵੀ ਸੁਖ ਨਾ ਹੋਇਆ। ਦੋਵੇਂ ਹੀ ਮੁਰਦਿਆਂ ਵਾਂਗੂ ਡਿਗ ਪਏ।੯੨।

**ਦਿਗਰ ਰੋਜ਼ ਬਰਖਾਸਤ ਹਰ ਦੋ ਬਜੰਗ॥**
**ਬਿ ਆਵੇਖਤ ਬਾ ਯਕ ਦਿਗਰ ਚੂੰ ਨਿਹੰਗ॥੯੩॥**

***ਪਦ ਅਰਥ***—ਦਿਗਰ ਰੋਜ਼=ਦੂਸਰੇ ਦਿਨ। ਬਰਖਾਸਤ=ਉਠ ਖੜੋਤੇ। ਹਰ ਦੋ=ਦੋਵੇਂ। ਆਵੇਖਤ= ਚੰਬੜ ਗਏ। ਯਕ ਦਿਗਰ=ਇਕ ਦੂਜੇ ਨੂੰ। ਨਿਹੰਗ=ਸੰਸਾਰ, ਮਗਰ ਮੱਛ।

***ਅਰਥ***—ਦੂਸਰੇ ਦਿਨ ਲੜਾਈ ਲਈ ਦੋਵੇਂ ਹੀ ਉਠ ਖੜੋਤੇ। ਮਗਰ ਮੱਛ ਵਾਂਗੂ ਇਕ ਦੂਜੇ ਨੂੰ ਚੰਬੜ ਗਏ।੯੩।

**ਬ ਜਾਂ ਹਰ ਦੋ ਤਨ ਕੂਜ਼ਹਗਾਨੇ ਸ਼ੁਦਹ॥**
**ਕਜ਼ਾਂ ਸੀਨਹ ਗਾਹੀਨ ਅਰਵਾਂ ਸ਼ੁਦਹ॥੯੪॥**

***ਪਦ ਅਰਥ***—ਬ ਜਾਂ=ਉਸ ਤੋਂ। ਹਰ ਦੋ=ਦੋਹਾਂ। ਤਨ=ਸਰੀਰ। ਕੂਜ਼ਹਗਾਨੇ=ਕੁਬ। ਕਜ਼ਾਂ=ਉਹਨਾਂ ਤੋਂ। ਸੀਨਹ ਗਾਹੀਨ=ਛਾਤੀਆਂ। ਅਰਵਾਂ=ਲਾਲ। ਸ਼ੁਦਹ=ਹੋ ਗਏ।

***ਅਰਥ***—ਉਸ ਤੋਂ ਦੋਹਾਂ ਦੇ ਸਰੀਰ ਕੁਬੇ ਹੋ ਗਏ। ਉਨ੍ਹਾਂ ਦੀਆਂ ਛਾਤੀਆਂ ਲਾਲ ਸੂਹੀਆਂ ਹੋ ਗਈਆਂ ਭਾਵ ਲਹੂ ਲੁਹਾਨ ਹੋ ਗਈਆਂ।੯੪।

**ਬ ਰਖਸ਼ ਅੰਦਰ ਆਮਦ ਚੋ ਮੁਸ਼ਕੀਂ ਨਿਹੰਗ॥**
**ਬਸੇ ਬੰਗਸ਼ੀ ਯੂਜ਼ੂ ਬੋਰੋ ਪਲੰਗ॥੯੫॥**

***ਪਦ ਅਰਥ***—ਬ=ਵਿਚ। ਰਖਸ਼=ਨਚਣਾ। ਆਮਦ=ਆਏ। ਚੋ=ਵਾਂਗੂ। ਮੁਸ਼ਕੀਂ=ਕਾਲਾ। ਨਿਹੰਗ= ਮਗਰ ਮੱਛ। ਬਸੇ=ਬਹੁਤ। ਬੰਗਸ਼ੀ=ਬੰਗਸ਼ ਦੇਸ਼ ਦਾ। ਯੂਜ਼ੂ=ਚਿਤ੍ਰਾ। ਬੋਰੋ=ਘੋੜਾ। ਪਲੰਗ=ਤੰਦੂਆ।

***ਅਰਥ***—ਕਾਲੇ ਮਗਰ ਮੱਛ ਵਾਂਗੂ ਬਹੁਤ ਸਾਰੇ ਬੰਗਸ ਦੇਸ਼ ਦੇ ਚਿਤਰੇ, ਘੋੜੇ ਤੇ ਤੰਦੂਏ ਨੱਚਣ

Sri Satguru Jagjit Singh Ji eLibrary NamdhariElibrary@gmail.com

ਵਿਚ ਆਏ ਭਾਵ ਜਿਵੇਂ ਪਾਣੀ ਵਿਚ ਤੰਦੂਏ ਤੇ ਮਗਰ ਮੱਛ ਨਚਦੇ ਹਨ, ਇਸੇ ਤਰ੍ਹਾਂ ਰਣ ਭੂਮੀ ਵਿਚ ਬੰਗਸ ਦੇਸ ਦੇ ਘੋੜੇ ਨਚਣ ਲਗੇ।੯੫।

**ਕਿ ਅਬਲਕ ਸਿਯਾਹ ਅਬਲਕੋ ਯੂਜ਼ੂ ਬੋਰ ॥**
**ਬ ਰਕ਼ਸ਼ ਅੰਦਰ ਆਮਦ ਚੋ ਤਾਊਸ ਮੋਰ ॥੯੬॥**

***ਪਦ ਅਰਥ***—ਅਬਲਕ=ਡੱਬ ਖੜੱਬਾ, ਇਰਾਕੀ ਘੋੜਾ। ਸਿਯਾਹ=ਕਾਲਾ। ਅਬਲਕੋ=ਗਦਰਾ। ਯੂਜ਼ੂ=ਚਿਤ੍ਰਾ। ਬੋਰ=ਘੋੜਾ। ਤਾਊਸ=ਮੋਰ, ਨਰ ਮੋਰ। ਚੋ=ਵਾਂਗੂੰ। ਬਰਖਸ਼=ਨਾਚ, ਮੋਰ ਦੀ ਪੈਲ।

***ਅਰਥ***—ਜੋ ਡੱਬ ਖੜੱਬਾ ਭਾਵ ਇਰਾਕੀ ਘੋੜਾ ਕਾਲਾ, ਗਦਰਾ ਤੇ ਚਿਤ੍ਰਾ ਹੈ। (ਉਹ) ਨਰ ਮੋਰ ਵਾਂਗੂ ਨਾਚ ਵਿਚ ਆਇਆ ਭਾਵ ਕੁਦਨ ਲਗ ਪਿਆ।੯੬।

***ਜ਼ਿਰਹ ਪਾਰਹ ਸ਼ੁਦ ਖ਼ੋਦੋ ਖ਼ੁਫਤਾਂ ਬਜੰਗ ॥**
**ਜ਼ਿ ਬਕਤਰ ਜ਼ਿ ਬਰਗਸਤਵਾਂ ਬ ਖ਼ੁਦੰਗ ॥੯੭॥**

***ਪਦ ਅਰਥ***—ਜ਼ਿਰਹ=ਸੰਜੋਅ। ਪਾਰਹ ਸ਼ੁਦ=ਫੀਤਾ ਫੀਤਾ ਹੋ ਗਿਆ। ਖ਼ੋਦੋ=ਲੋਹੇ ਦਾ ਟੋਪ। ਖ਼ੁਫਤਾਂ=ਚਿਲਤਾ। ਬਕਤਰ=ਸੰਜੋਅ। ਬਰਗਸਤਵਾਂ=ਘੋੜੇ ਦਾ ਸੰਜੋਅ। ਬਾ=ਨਾਲ। ਖ਼ੁਦੰਗ=ਤੀਰ।

***ਅਰਥ***—ਸੰਜੋਆਂ, ਲੋਹੇ ਦੇ ਟੋਪ ਅਤੇ ਚਿਲਤੇ, ਘੋੜਿਆਂ ਦੀਆਂ ਸੰਜੋਆਂ ਤੀਰਾਂ ਨਾਲ ਜੰਗ ਵਿਚ ਟੋਟੇ ਟੋਟੇ ਹੋ ਗਈਆਂ।੯੭। [ਦ: ਗ੍ਰੰ: ਪੰਨਾ ੧੪੦੪

**ਚੁਨਾ ਤੀਰ ਬਾਰਾਂ ਸ਼ੁਦਹ ਕਾਰਜ਼ਾਰ ॥**
**ਜ਼ਿ ਬਕਤਰ ਜ਼ਿ ਜ਼ਿਰਹਾ ਬਰਾਰਦ ਸ਼ਿਰਾਰ ॥੯੮॥**

***ਪਦ ਅਰਥ***—ਚੁਨਾ=ਅਜਿਹੀ। ਬਾਰਾਂ=ਬਾਰਸ਼। ਸ਼ੁਦਹ=ਹੋਈ। ਕਾਰਜ਼ਾਰ=ਜੁੱਧ, ਜੰਗ। ਬਰਾਰਦ=ਕਢੇ। ਸ਼ਿਰਾਰ=ਚੰਗਿਆੜੇ।

***ਅਰਥ***—ਜੰਗ ਵਿਚ ਤੀਰਾਂ ਦੀ ਅਜਿਹੀ ਵਰਖਾ ਹੋਈ। ਸੰਜੋਆਂ ਵਿਚੋਂ ਅੱਗ ਦੇ ਚੰਗਿਆੜੇ ਨਿਕਲ ਪਏ।੯੮।

**ਬ ਰਖਸ਼ ਅੰਦਰ ਆਮਦ ਚੋ ਸ਼ੇਰਿ ਨਿਹੰਗ ॥**
**ਜ਼ਮੀ ਗਸ਼ਤ ਸੁਮ ਹਮਚੋ ਪੁਸ਼ਤੇ ਪਲੰਗ ॥੯੯॥**

***ਪਦ ਅਰਥ***—ਰਖਸ਼=ਨਚਣ। ਚੋ=ਵਾਂਗੂ। ਸ਼ੇਰਿ=ਸ਼ੇਰ ਦੇ। ਨਿਹੰਗ=ਸੂਰਮੇ। ਸੁਮ=ਘੋੜੇ ਦਾ ਪੌੜ, ਖੁਰ। ਗਸ਼ਤ=ਹੋਈ। ਪੁਸ਼ਤੇ=ਪਿੱਠ। ਪਲੰਗ=ਚਿੱਤ੍ਰਾ।

***ਅਰਥ***—ਸੂਰਮੇ ਸ਼ੇਰ ਵਾਂਗੂ ਨਚਣ ਕੁਦਨ ਲਗ ਪਏ। ਘੋੜਿਆਂ ਦੇ ਖੁਰਾਂ ਨਾਲ ਧਰਤੀ ਚਿਤਰੇ ਦੀ ਪਿੱਠ ਵਰਗੀ ਡੱਬ ਖੜੱਬੀ ਹੋ ਗਈ ਹੈ।੯੯।

---

* ਜ਼ਿਰਹ, ਬਕਤਰ ਤੇ ਖ਼ੁਫਤਾਨ—ਸਾਰੇ ਨਾਮ ਸੰਜੋਅ ਦੇ ਹਨ, ਪਰ ਇਹਨਾਂ ਦੀ ਬਣਤਰ ਵਿਚ ਕੁਝ ਫਰਕ ਹੁੰਦਾ ਹੈ।

Sri Satguru Jagjit Singh Ji eLibrary NamdhariElibrary@gmail.com

**ਚੁਨਾ ਜ਼ਿਆਦਹ ਸ਼ੁਦ ਆਤਿਸ਼ੇ ਤੀਰ ਬਾਰ ॥**
**ਕਿ ਅਕਲ ਅਜ਼ ਮਗਜ਼ ਰਫ਼ਤ ਹੋਸ਼ ਅਜ਼ ਦਿਮਾਗ ॥੧੦੦॥**

***ਪਦ ਅਰਥ***—ਚੁਨਾ=ਅਜਿਹੀ । ਜ਼ਿਆਦਹ=ਬਹੁਤ । ਸ਼ੁਦ=ਹੋਈ । ਆਤਿਸ਼ੇ=ਅੱਗ । ਬਾਰ=ਬਾਰਸ਼। ਅਕਲ=ਬੁਧੀ । ਰਫ਼ਤ=ਗਈ । ਅਜ਼=ਤੋਂ ।

***ਅਰਥ***—ਤੀਰਾਂ ਦੀ ਅਜਿਹੀ ਵਰਖਾ ਨਾਲ ਅੱਗ ਬਹੁਤ ਹੋ ਗਈ । ਅਕਲ ਤੋਂ ਹੋਸ਼ ਅਤੇ ਦਿਮਾਗ ਤੋਂ ਮਗਜ਼ ਦੂਰ ਹੋ ਗਿਆ ਭਾਵ ਤੀਰਾਂ ਦੀ ਮਾਰ ਨਾਲ ਸੂਰਮਿਆਂ ਦੇ ਦਿਲ ਤੇ ਦਿਮਾਗ ਵਿਚੋਂ ਹੋਸ਼ ਚਲੀ ਗਈ ।੧੦੦।

**ਚੁ ਆਵੇਖ਼ਤ ਹਰ ਦੋ ਹਮਾਂ ਜਾਇ ਜੰਗ ॥**
**ਕਿ ਤੇਗ ਅਜ਼ ਮਿਯਾਂ ਗਸ਼ਤ ਤਰਕਸ਼ ਖਦੰਗ ॥੧੦੧॥**

***ਪਦ ਅਰਥ***—ਚੁ=ਅਜੇਹੇ । ਆਵੇਖ਼ਤ=ਘੇਰੇ ਗਏ, ਉਲਝ ਗਏ । ਹਰ ਦੋ=ਦੋਵੇਂ । ਹਮਾਂ=ਉਹ ਵੀ। ਜਾਇ ਜੰਗ=ਜੁਧ ਭੂਮੀ । ਮਿਯਾਂ=ਮਿਆਨ । ਕਿ=ਜੋ । ਅਜ਼=ਤੋਂ । ਤਰਕਸ਼=ਭੱਥਾ । ਖਦੰਗ=ਤੀਰ।

***ਅਰਥ***—ਉਹ ਦੋਵੇਂ ਜੁਧ ਭੂਮੀ ਵਿਚ ਅਜੇਹੇ ਉਲਝ ਗਏ । ਜੋ ਮਿਆਨ ਤੋਂ ਤਲਵਾਰ ਅਤੇ ਭਥੇ 'ਚੋਂ ਤੀਰ ਚਲ ਗਏ ਭਾਵ ਤਲਵਾਰਾਂ ਟੁਟ ਜਾਣ ਕਰਕੇ ਖ਼ਾਲੀ ਮਿਆਨ ਅਤੇ ਤੀਰ ਮੁਕ ਜਾਣ ਕਰਕੇ ਭਥੇ ਖ਼ਾਲੀ ਰਹਿ ਗਏ ਹਨ ।੧੦੧।

**ਚੁਨਾ ਜੰਗ ਕਰਦੰਦ ਸੁਬਹ ਤਾ ਬ ਸ਼ਾਮ ॥**
**ਬਿਉਫ਼ਤਾਦ ਮੂਰਛਤ ਨ ਖੁਰਦੰਦ ਤੁਆਮ ॥੧੦੨॥**

***ਪਦ ਅਰਥ***—ਕਰਦੰਦ=ਕੀਤਾ । ਸੁਬਹ=ਸਵੇਰ । ਤਾ=ਤੋਂ । ਬ ਸ਼ਾਮ=ਸੰਝ ਤਕ । ਬਿਉਫ਼ਤਾਦ=ਡਿਗ ਪਏ । ਮੂਰਛਤ=ਬੇ-ਹੋਸ਼ । ਖੁਰਦੰਦ=ਖਾਧੀ । ਤੁਆਮ=ਰੋਟੀ।

***ਅਰਥ***—ਸਵੇਰ ਤੋਂ ਸ਼ਾਮ ਤਕ ਅਜਿਹਾ ਜੰਗ ਕੀਤਾ । ਰੋਟੀ ਵੀ ਨਾ ਖਾਧੀ, ਅੰਤ ਨੂੰ ਬੇ-ਹੋਸ਼ ਹੋ ਕੇ ਡਿੱਗ ਪਏ ।੧੦੨।

**ਜ਼ਿ ਖੁਦ ਮਾਂਦਹ ਸ਼ੁਦ ਹਰ ਦੋ ਦਰ ਜਾਇ ਜੰਗ ॥**
**ਚੁ ਸ਼ੇਰੇ ਯਿਆਨੋ ਦੋ ਬਾਜ਼ੋ ਪਲੰਗ ॥੧੦੩॥**

***ਪਦ ਅਰਥ***—ਖੁਦ=ਆਪ । ਮਾਂਦਹ ਸ਼ੁਦ=ਥੱਕ ਗਏ । ਹਰ ਦੋ=ਦੋਵੇਂ ਹੀ । ਦਰ=ਵਿਚ । ਜਾਇ ਜੰਗ= ਜੁਧ ਭੂਮੀ । ਯਿਆਨੋ=ਡਰਾਉਣੇ । ਬਾਜ਼ੋ ਪਲੰਗ=ਬਾਜ਼ ਤੇ ਚਿਤਰੇ।

***ਅਰਥ***—ਜੰਗ ਵਾਲੀ ਥਾਂ ਅੰਦਰ ਉਹ ਦੋਵੇਂ ਆਪ ਹੀ ਥੱਕ ਗਏ । ਉਹਨਾਂ ਡਰਾਉਣੇ ਦੋ ਸ਼ੇਰਾਂ, ਦੋ ਬਾਜ਼ਾਂ ਤੇ ਦੋ ਚਿਤ੍ਰਿਆਂ ਵਾਂਗੂ ਜੁਧ ਕੀਤਾ ।੧੦੩।

Sri Satguru Jagjit Singh Ji eLibrary NamdhariElibrary@gmail.com

**ਚੁ ਹਬਸ਼ੀ ਬੁਰੱਦ ਦੁਜ਼ਦ ਦੀਨਾਰ ਜ਼ਰਦ ॥**
**ਜਹਾਂ ਗਸ਼ਤ ਚੂੰ ਗੁੰਬਜ਼ੇ ਦੂਦ ਗਰਦ ॥੧੦੪॥**

**ਪਦ ਅਰਥ**—ਚੁ=ਜਦ। ਹਬਸ਼ੀ=ਹਬਸ਼ ਦੇਸ਼ ਦਾ। ਬੁਰੱਦ=ਲੈ ਗਿਆ। ਦੁਜ਼ਦ=ਚੋਰ। ਦੀਨਾਰ=ਮੋਹਰ। ਜ਼ਰਦ=ਪੀਲੇ ਰੰਗ ਦੀ ਭਾਵ ਸੋਨੇ ਦੀ। ਜਹਾਂ=ਜਹਾਨ, ਜਗਤ। ਗਸ਼ਤ=ਹੋ ਗਿਆ। ਗੁੰਬਜ਼ੇ=ਬੁਰਜ। ਦੂਦ=ਧੂੰਆਂ। ਗਰਦ=ਧੂੜ, ਧੁੰਧ।

**ਅਰਥ**—ਜਦ ਹਬਸ਼ੀ ਚੋਰ ਸੋਨੇ ਦੀ ਮੋਹਰ ਨੂੰ ਲੈ ਗਿਆ। ਸੰਸਾਰ ਧੂੰਏ ਤੇ ਧੂੜ ਦੇ ਬੁਰਜ ਵਾਂਗੂੰ ਹੋ ਗਿਆ।

ਭਾਵ—ਸੂਰਜ ਡੁਬ ਗਿਆ ਤੇ ਰਾਤ ਦਾ ਹਨੇਰਾ ਸਾਰੇ ਪਾਸੇ ਫੈਲ ਗਿਆ।੧੦੪।

**ਸੋਇਮ ਰੋਜ਼ ਚੌਗਾਂ ਬਿਬੁਰਦ ਆਫ਼ਤਾਬ ॥**
**ਜਹਾਂ ਗਸ਼ਤ ਚੂੰ ਰੌਸ਼ਨਸ਼ ਮਾਹਤਾਬ ॥੧੦੫॥**

**ਪਦ ਅਰਥ**—ਸੋਇਮ ਰੋਜ਼=ਤੀਸਰੇ ਦਿਨ। ਚੌਗਾਂ=ਖੂੰਡੀ। ਬਿਬੁਰਦ=ਲੈ ਗਿਆ। ਆਫ਼ਤਾਬ=ਸੂਰਜ। ਰੌਸ਼ਨਸ਼=ਪ੍ਰਕਾਸ਼ਵਾਨ। ਮਾਹਤਾਬ=ਚੰਦ੍ਰਮਾ।

**ਅਰਥ**—ਤੀਸਰੇ ਦਿਨ ਸੂਰਜ ਬਾਜ਼ੀ ਲੈ ਗਿਆ ਭਾਵ ਤੀਸਰੇ ਦਿਨ ਸੂਰਜ ਚੜ੍ਹ ਪਿਆ। ਚੰਦ੍ਰਮਾ ਵਾਂਗੂੰ ਸਾਰੇ ਸੰਸਾਰ ਵਿਚ ਪ੍ਰਕਾਸ਼ ਹੋ ਗਿਆ।੧੦੫।

**ਬਿ ਬਰਖ਼ਾਸਤ ਹਰ ਦੋ ਅਜ਼ੀਂ ਜਾਇ ਜੰਗ ॥**
**ਰਵਾਂ ਕਰਦ ਹਰ ਸੂਇ ਤੀਰੋ ਤੁਫੰਗ ॥੧੦੬॥**

**ਪਦ ਅਰਥ**—ਬਰਖਾਸਤ=ਉਠ ਖੜੋਤੇ। ਰਵਾਂ ਕਰਦ=ਚਲਾ ਦਿਤੀਆਂ। ਹਰ ਸੂਇ=ਸਭ ਪਾਸੀਂ।

**ਅਰਥ**—ਫਿਰ ਇਸ ਜੰਗ ਦੀ ਥਾਂ ਤੋਂ ਦੋਵੇਂ ਉਠ ਖੜੋਤੇ। ਸਭ ਪਾਸੇ ਤੀਰ ਅਤੇ ਗੋਲੀਆਂ (ਚਲਾਉਣੀਆਂ) ਸ਼ੁਰੂ ਕਰ ਦਿਤੀਆਂ।੧੦੬।

**ਚੁਨਾ ਗਰਮ ਸ਼ੁਦ ਆਤਿਸ਼ੇ ਕਾਰਜ਼ਾਰ ॥**
**ਕਿ ਫੀਲੇ ਦੋ ਦਹ ਹਜ਼ਾਰ ਆਮਦ ਬਕਾਰ ॥੧੦੭॥**

**ਪਦ ਅਰਥ**—ਚੁਨਾ=ਇਸ ਤਰ੍ਹਾਂ। ਸ਼ੁਦ=ਹੋਈ। ਆਤਿਸ਼ੇ=ਅੱਗ ਵਾਂਗੂ। ਕਾਰਜ਼ਾਰ=ਜੁਧ। ਫੀਲੇ=ਹਾਥੀ। ਦੋ ਦਹ=ਬਾਰ੍ਹਾਂ। ਆਮਦ=ਆਏ। ਬਕਾਰ=ਕੰਮ।

**ਅਰਥ**—ਇਸ ਤਰ੍ਹਾਂ ਲੜਾਈ ਜਦ ਅੱਗ ਵਾਂਗੂੰ ਗਰਮ ਹੋ ਗਈ। ਬਾਰ੍ਹਾਂ ਹਜ਼ਾਰ ਹਾਥੀ (ਜੰਗ ਵਿਚ) ਕੰਮ ਆਏ ਭਾਵ ਮਰ ਗਏ।੧੦੭।

**ਬਕਾਰ ਆਮਦਹ ਅਸਪ ਹਫਤ ਸੂਦ ਹਜ਼ਾਰ ॥**
**ਹਮਹ ਜ੍ਵਾਨ ਸ਼ਾਇਸਤਹ ਏ ਨਾਮਦਾਰ ॥੧੦੮॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬਕਾਰ ਆਮਦਹ=ਕੰਮ ਵਿਚ ਆਏ ਭਾਵ ਮਰ ਗਏ। ਅਸਪ=ਘੋੜੇ। ਹਫਤ=ਸਤ। ਸੂਦ=ਸੌ। ਹਫਤ ਸੂਦ ਹਜ਼ਾਰ=ਸਤ ਸੌ ਹਜ਼ਾਰ। ਹਮਹ=ਸਾਰੇ। ਸ਼ਾਇਸਤਹ=ਸੁੰਦਰ।

**ਅਰਥ**—ਸਤ ਸੌ ਹਜ਼ਾਰ ਭਾਵ ਸਤ ਲੱਖ ਘੋੜੇ ਕੰਮ ਆਏ ਭਾਵ ਮਰ ਗਏ। ਸਾਰੇ ਹੀ ਸੋਹਣੇ ਸੋਹਣੇ ਤੇ ਪ੍ਰਸਿੱਧ ਜਵਾਨ ਵੀ ਮਾਰੇ ਗਏ।੧੦੭।

**ਜ਼ਿ ਸਿੰਧੀ ਵ ਅਰਬੀ ਵ ਅਰਾਕ ਜਾਇ ॥**
**ਬਕਾਰ ਆਮਦਹ ਅਸਪ ਚੂੰ ਬਾਦ ਪਾਇ ॥੧੦੯॥**

**ਪਦ ਅਰਥ**—ਅਰਾਕ ਜਾਇ=ਅਰਾਕ ਦੇ ਜੰਮੇ ਹੋਏ, ਅਰਾਕੀ ਘੋੜੇ। ਬਾਦ ਪਾਇ=ਹਵਾ ਤੋਂ ਤੇਜ਼ ਚਲਣ ਵਾਲੇ। ਅਸਪ=ਘੋੜੇ।

**ਅਰਥ**—ਜੋ ਸਿੰਧ, ਅਰਬ, ਅਰਾਕ ਦੇਸ ਦੇ ਅਤੇ ਹਵਾ ਤੋਂ ਵੀ ਤੇਜ਼ ਚਲਣ ਵਾਲੇ ਘੋੜੇ ਸਾਰੇ ਹੀ ਕੰਮ ਆ ਗਏ ਭਾਵ ਮਰ ਗਏ।੧੦੯।

**ਬਸੇ ਕੁਸ਼ਤਹ ਸਰਹੰਗ ਸ਼ਾਇਸਤਹ ਸ਼ੇਰ ॥**
**ਬਵਕਤੇ ਤਰਦਦ ਬਕਾਰੇ ਦਲੇਰ ॥੧੧੦॥**

**ਪਦ ਅਰਥ**—ਬਸੇ=ਬਹੁਤ। ਕੁਸ਼ਤਹ=ਮਾਰੇ ਗਏ। ਸਰਹੰਗ=ਤਲੰਗੇ, ਫ਼ੌਜੀ ਸਿਪਾਹੀ। ਸ਼ਾਇਸਤਹ=ਸੋਹਣੇ, ਖ਼ੂਬਸੂਰਤ। ਵਕਤ=ਸਮਾਂ। ਤਰਦਦ=ਜੁੱਧ। ਬ=ਵਿਚ। ਕਾਰੇ=ਕੰਮ ਵਿਚ। ਦਲੇਰ=ਸੂਰਮੇ।

**ਅਰਥ**—ਬਹੁਤ ਸਾਰੇ ਸ਼ੇਰਾਂ ਵਰਗੇ ਸੋਹਣੇ ਸਿਪਾਹੀ ਮਾਰੇ ਗਏ। ਜੋ ਲੋੜ ਪੈਣ ਉਤੇ ਜੁਧ ਦੇ ਕੰਮ ਵਿਚ ਬੜੇ ਸੂਰਮੇ ਸਨ।੧੧੦।

**ਬ ਗੁਰਰੀਦਨ ਆਮਦ ਦੋ ਅਬਰੇ ਸਿਆਹ ॥**
**ਨਮੇ ਖ਼ੂੰਨ ਮਾਹੀ ਤਫੇ ਤੇਗ ਮਾਹ ॥੧੧੧॥**

**ਪਦ ਅਰਥ**—ਗੁਰਰੀਦਨ=ਗਰਜਨਾ। ਆਮਦ=ਆਏ। ਦੋ ਅਬਰੇ=ਦੋ ਬੱਦਲ। ਸਿਆਹ=ਕਾਲਾ। ਨਮੇ=ਬੂੰਦ। ਏ=ਦੀ। ਖ਼ੂੰਨ=ਲਹੂ। ਮਾਹੀ=ਮੱਛੀ। ਤਫ਼ੇ=ਚਮਕਦੀ। ਤੇਗ=ਤਲਵਾਰ। ਮਾਹ=ਚੰਦ੍ਰਮਾ।

**ਅਰਥ**—ਦੋ ਕਾਲੇ ਬੱਦਲ ਗਰਜਦੇ ਹੋਏ ਆ ਗਏ। ਲਹੂ ਦੀਆਂ ਬੂੰਦਾਂ ਮੱਛੀ ਤਕ ਭਾਵ ਪਾਤਾਲ ਤਕ ਅਤੇ ਤਲਵਾਰ ਦੀ ਚਮਕ ਚੰਦਰਮਾ ਤਕ ਭਾਵ ਅਕਾਸ਼ ਤਕ ਪੁਜ ਗਈ।੧੧੧।

**ਬਜੰਗ ਅੰਦਰੂ ਗੌਗਹ ਇ ਗਾਜ਼ੀਆਂ ॥**
**ਜ਼ਮੀ ਤੰਗ ਸ਼ੁਦ ਅਜ਼ ਸੁੰਮੇ ਤਾਜ਼ੀਆਂ ॥੧੧੨॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਗੌਗਹ=ਡੰਡ ਰੌਲਾ। ਗਾਜ਼ੀਆਂ=ਧਰਮ ਜੁਧ ਵਿਚ ਸ਼ਹੀਦੀ ਪਾਣ ਦੀ ਇੱਛਾ ਨਾਲ ਜੁਧ ਕਰਨ ਲਈ ਆਏ ਹੋਏ ਸੂਰਮੇ ਨੂੰ ਗਾਜ਼ੀ ਕਹਿੰਦੇ ਹਨ। ਤੰਗ=ਦੁਖੀ। ਸੁਮੇ=ਪੈਰ। ਤਾਜ਼ੀਆਂ=ਘੋੜੇ।

***ਅਰਥ***—ਜੰਗ ਵਿਚ ਸੂਰਮਿਆਂ ਦਾ ਡੰਡ ਰੌਲਾ ਪੈ ਗਿਆ। ਘੋੜਿਆਂ ਦੇ ਸੁੰਮਾਂ ਨਾਲ ਧਰਤੀ ਦੁਖੀ ਹੋਈ।੧੧੨।

**ਸੁੰਮੇ ਬਾਦ ਪਾਇਆਂ ਫੌਲਾਦ ਨਾਲ ॥**
**ਜ਼ਮੀ ਗਸ਼ਤ ਪੁਸ਼ਤੇ ਪਲੰਗੇ ਮਸਾਲ ॥੧੧੩॥**

***ਪਦ ਅਰਥ***—ਸੁੰਮੇ=ਸੁੰਮ, ਖੁਰ। ਬਾਦ ਪਾਇਆਂ=ਪੌਣ ਵੇਗੀ ਘੋੜਿਆਂ। ਫ਼ੌਲਾਦ ਨਾਲ=ਲੋਹੇ ਦੀ ਖੁਰੀ, ਜੋ ਘੋੜੇ ਦੀ ਸੁੰਮ ਨਾਲ ਲਾਈ ਹੁੰਦੀ ਹੈ। ਜ਼ਮੀ=ਧਰਤੀ। ਗਸ਼ਤ=ਹੋ ਗਈ। ਪੁਸ਼ਤੇ=ਪਿੱਠ। ਪਲੰਗੇ= ਚਿਤਰੇ ਦੀ। ਮਸਾਲ=ਵਰਗੀ।

***ਅਰਥ***—ਪੌਣ ਵੇਗੀ ਘੋੜਿਆਂ ਦੇ ਖੁਰਾਂ ਨੂੰ ਜੋ ਲੋਹੇ ਦੀਆਂ ਖੁਰੀਆਂ ਲਗੀਆਂ ਹਨ ਉਹਨਾਂ ਦੇ ਪੈਰਾਂ ਨਾਲ ਧਰਤੀ ਚਿਤਰੇ ਦੀ ਪਿੱਠ ਵਰਗੀ ਹੋ ਗਈ ਹੈ।੧੧੩।

**ਚਰਾ.ਗੇ ਜਹਾਨੇ ਖੁਮੇ ਬਾਦਹ ਖ਼ੁਰਦ ॥**
**ਸਰੇ ਤਾਜ ਦੀਗਰ ਬਿਰਾਦਰ ਸਪੁਰਦ ॥੧੧੪॥**

***ਪਦ ਅਰਥ***—ਚਰਾ.ਗੇ-ਦੀਵੇ ਨੇ। ਜਹਾਨੇ=ਜਗਤ ਦੇ। ਖੁਮੇ=ਮਟ, ਘੜਾ। ਬਾਦਹ=ਸ਼ਰਾਬ, ਮਦ। ਖ਼ੁਰਦ=ਖਾ ਲਿਆ, ਪੀ ਲਿਆ। ਸਰੇ=ਸਿਰ ਦਾ। ਦੀਗਰ=ਦੂਜੇ। ਬਿਰਾਦਰ=ਭਰਾ। ਸਪੁਰਦ=ਸੌਂਪ ਦਿਤਾ।

***ਅਰਥ***—ਏਨੇ ਨੂੰ ਸੰਸਾਰ ਦੇ ਦੀਵੇ ਨੇ ਸ਼ਰਾਬ ਦਾ ਘੜਾ ਪੀ ਲਿਆ ਭਾਵ ਸੂਰਜ ਡੁਬ ਗਿਆ ਤੇ ਹਨੇਰਾ ਹੋ ਗਿਆ। ਸਿਰ ਦਾ ਤਾਜ ਦੂਜੇ ਭਰਾ ਨੂੰ ਸੌਂਪ ਦਿਤਾ। ਭਾਵ ਉਸਦੀ ਜਗ੍ਹਾ ਉਤੇ ਚੰਦਰਮਾ ਚੜ੍ਹ ਆਇਆ।੧੧੪।

**ਬਰੋਜ਼ਿ ਚਹਾਰਮ ਤਪੀਦ ਆ.ਫਤਾਬ ॥**
**ਬ ਜਲਵਹ ਦਰ ਆਵੇਖ਼ਤ ਜ਼ੱਰਰੀਂ ਤਨਾਬ ॥੧੧੫॥**

***ਪਦ ਅਰਥ***—ਰੋਜ਼ਿ=ਦਿਨ ਵਿਚ। ਚਹਾਰਮ=ਚੌਥੇ। ਤਪੀਦ=ਤਪਿਆ। ਆ.ਫ਼ਤਾਬ=ਸੂਰਜ। ਜਲਵਹ= ਤੇਜ, ਪ੍ਰਤਾਪ। ਦਰ=ਅੰਦਰ। ਆਵੇਖ਼ਤ=ਖਿੱਚ ਲਈਆਂ। ਜ਼ੱਰਰੀਂ=ਸੋਨੇ ਵਰਗੀ। ਤਨਾਬ=ਤਨਾਵਾਂ, ਕਿਰਨਾਂ।

***ਅਰਥ***—ਜਦ ਚੌਥੇ ਦਿਨ ਵਿਚ ਸੂਰਜ ਤਪਿਆ ਤੇ ਆਪਣੇ ਤੇਜ ਪ੍ਰਤਾਪ ਅੰਦਰ ਸੁਨਹਿਰੀ ਕਿਰਨਾਂ ਖਿੱਚ ਲਈਆਂ।੧੧੫।

Sri Satguru Jagjit Singh Ji eLibrary NamdhariElibrary@gmail.com

**ਦਿਗਰ ਰਵਸ਼ਿ ਮਰਦਾਨਹ ਬਸਤੰਦ ਕਮਰ ॥**
**ਯਮਾਨੀ ਕਮਾਂ ਦਸਤ ਬਰ ਰੂਇ ਸਿਪਰ ॥੧੧੬॥**

***ਪਦ ਅਰਥ***—ਦਿਗਰ=ਫਿਰ। ਰਵਸ਼ਿ=ਢੰਗ। ਮਰਦਾਨਹ=ਸੂਰਮਤਾਈ। ਬਸਤੰਦ=ਬੰਨ੍ਹ ਲਈ। ਕਮਰ=ਲੱਕ। ਯਮਾਨੀ=ਯਮਨ ਦੇਸ਼ ਦੀ। ਕਮਾਂ=ਕਮਾਨ। ਦਸਤ=ਹੱਥ। ਬਰ=ਉਪਰ। ਰੂਇ=ਚਿਹਰੇ। ਸਿਪਰ=ਢਾਲ।

***ਅਰਥ***—ਫੇਰ ਸੂਰਮਤਾਈ ਦੇ ਢੰਗ ਨਾਲ ਲੱਕ ਬੰਨ੍ਹ ਲਿਆ। ਯਮਨ ਦੇਸ਼ ਦੀ ਕਮਾਨ ਹੱਥ ਵਿਚ ਫੜ ਲਈ ਅਤੇ ਚਿਹਰੇ ਉਤੇ ਢਾਲ ਕਰ ਲਈ।੧੧੬।

**ਚੁ ਹੋਸ਼ ਅੰਦਰ ਆਮਦ ਬਜੋਸ਼ੀਦ ਜੰਗ ॥**
**ਬਰੋਸ਼ ਅੰਦਰ ਆਮਦ ਚੁ ਕੋਸ਼ਸ਼ ਪਲੰਗ ॥੧੧੭॥**

***ਪਦ ਅਰਥ***—ਚੁ=ਜਦ। ਹੋਸ਼=ਸੁਰਤ। ਆਮਦ=ਆਈ। ਬਜੋਸ਼ੀਦ=ਕਰੋਧਵਾਨ। ਬਰੋਸ਼=ਕਰੋਧ ਵਿਚ। ਚੁ=ਵਾਂਗੂ। ਕੋਸ਼ਿਸ਼=ਫੁਰਤੀ। ਪਲੰਗ=ਚਿਤ੍ਰਾ।

***ਅਰਥ***—ਜਦ ਅੰਦਰ ਹੋਸ਼ ਆਈ ਤਾਂ ਜੰਗ ਕਰਨ ਦਾ ਗੁੱਸਾ ਚੜ੍ਹ ਗਿਆ। ਚਿਤਰੇ ਵਾਂਗੂ ਕਰੋਧ ਵਿਚ ਫੁਰਤੀ ਕਰਦੇ ਹਨ।੧੧੭।

**ਚੁਅਮ ਰੋਜ਼ ਕੁਸ਼ਤੰਦ ਦਹ ਹਜ਼ਾਰ ਫੀਲ ॥**
**ਦੋ ਦਹ ਹਜ਼ਾਰ ਅਸਪੋ ਚੋ ਦਰਿਆਇ ਨੀਲ ॥੧੧੮॥**

***ਪਦ ਅਰਥ***—ਚੁਅਮ=ਚੌਥੇ। ਕੁਸ਼ਤੰਦ=ਮਾਰੇ ਗਏ। ਫੀਲ=ਹਾਥੀ। ਅਸਪੋ=ਘੋੜੇ। ਚੋ=ਵਰਗੇ। ਦਰਿਆਇ ਨੀਲ=ਨੀਲ ਦਰਿਆ ਵਰਗੇ ਤੇਜ਼।

***ਅਰਥ***—ਚੌਥੇ ਦਿਨ ਦਸ ਹਜ਼ਾਰ ਹਾਥੀ ਮਾਰੇ ਗਏ। ਨੀਲ ਦਰਿਆ ਵਰਗੇ ਤੇਜ਼ ਬਾਰ੍ਹਾਂ ਹਜ਼ਾਰ ਘੋੜੇ ਮਾਰੇ ਗਏ।੧੧੮।

**ਬਕਾਰ ਆਮਦਹ ਪਿਆਦਹ ਸਿ ਸਦ ਹਜ਼ਾਰ ॥**
**ਜਵਾਂ ਮਰਦ ਸ਼ੇਰਾਨ ਆਜ਼ਮੂਦਹ ਕਾਰ ॥੧੧੯॥**

***ਪਦ ਅਰਥ***—ਪਿਆਦਹ=ਪੈਦਲ ਸਿਪਾਹੀ। ਸਿ ਸਦ ਹਜ਼ਾਰ=ਤਿੰਨ ਸੌ ਹਜ਼ਾਰ ਭਾਵ ਤਿੰਨ ਲੱਖ। ਸ਼ੇਰਾਨ=ਸ਼ੇਰਾਂ ਵਰਗੇ ਸੂਰਮੇ। ਆਜ਼ਮੂਦਹ ਕਾਰ=ਕੰਮਾਂ ਵਿਚ ਅਜ਼ਮਾਏ ਹੋਏ।

***ਅਰਥ***—ਤਿੰਨ ਸੌ ਹਜ਼ਾਰ ਭਾਵ ਤਿੰਨ ਲੱਖ ਪੈਦਲ ਫ਼ੌਜ ਮਾਰੀ ਗਈ। ਸ਼ੇਰਾਂ ਵਰਗੇ ਜੁਆਨ ਸੂਰਮੇ ਤੇ ਕੰਮਾਂ ਵਿਚ ਅਜ਼ਮਾਏ ਹੋਏ ਸਨ।੧੧੯।

**ਕੁਨਦ ਜ਼ੱਰਰਹ ਏ ਰਥ ਚਹਾਰੋ ਹਜ਼ਾਰ ॥**
**ਬਸ਼ੇਰ ਅਫ਼ਗਨੋ ਜੰਗ ਆਮੁਖਤਹਕਾਰ ॥੧੨੦॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਕੁਨਦ=ਕਰ ਦਿਤੇ। ਜ਼ੱਰਰਹ=ਟੋਟੇ ਟੋਟੇ। ਚਹਾਰੋ=ਚਾਰ। ਅਫ਼ਗਨੋ=ਡੇਗਣ ਵਾਲੇ। ਆਮੁਖਤਹ=ਸਿਖੇ ਹੋਏ। ਕਾਰ=ਕੰਮ।

***ਅਰਥ***—ਚਾਰ ਹਜ਼ਾਰ ਰਥਾਂ ਦੇ ਟੋਟੇ ਟੋਟੇ ਕਰ ਦਿਤੇ। ਸ਼ੇਰਾਂ ਨੂੰ ਮਾਰ ਸੁਟਣ ਵਾਲੇ ਤੇ ਜੰਗ ਦਾ ਕੰਮ ਸਿਖੇ ਹੋਏ ਸਨ ।੧੨੦।

**ਕਿ ਅਜ਼ ਚਾਰ ਤੀਰ ਅਸਪ ਕੁਸ਼ਤਹ ਚਹਾਰ ॥**
**ਦਿਗਰ ਤੀਰ ਕੁਸ਼ਤਸ਼ ਸਰੇ ਬਹਲਦਾਰ ॥੧੨੧॥**

***ਪਦ ਅਰਥ***—ਅਜ਼=ਨਾਲ। ਅਸਪ=ਘੋੜੇ। ਕੁਸ਼ਤਹ=ਮਾਰ ਸੁਟੇ। ਦਿਗਰ=ਹੋਰ। ਕੁਸ਼ਤਸ਼=ਮਾਰਿਆ, ਉਸ ਨੇ। ਸਰੇ=ਸਿਰ ਵਿਚ। ਬਹਲਦਾਰ=ਰਥਵਾਹੀ।

***ਅਰਥ***—ਚਾਰ ਤੀਰਾਂ ਨਾਲ ਸੁਭਟ ਸਿੰਘ ਦੇ ਚਾਰੇ ਘੋੜੇ ਮਾਰ ਸੁਟੇ ਅਤੇ ਦੂਜਾ ਤੀਰ ਉਸ ਨੇ ਰਥ-ਵਾਹੀ ਦੇ ਸਿਰ ਵਿਚ ਮਾਰਿਆ ।੧੨੧। [ਦ: ਗ੍ਰੰ: ਪੰਨਾ ੧੪੦੫

**ਸੋਇਮ ਤੀਰ ਜ਼ਦ ਹਰ ਦੋ ਅਬਰੂ ਸ਼ਿਕੰਜ ॥**
**ਕਿ ਮਾਰੇ ਬਿਪੇਚਦ ਜ਼ ਸਉਦਾਇ ਗੰਜ ॥੧੨੨॥**

***ਪਦ ਅਰਥ***—ਸੋਇਮ=ਤੀਜਾ। ਜ਼ਦ=ਮਾਰਿਆ। ਹਰ ਦੋ=ਦੋਹਾਂ। ਅਬਰੂ=ਭਰਵੱਟਿਆਂ। ਸ਼ਿਕੰਜ=ਤੀਊੜੀ। ਮਾਰੇ=ਸੱਪ। ਬਿਪੇਚਦ=ਵਲ ਖਾਂਦਾ, ਤੜਫਦਾ। ਸਉਦਾਇ=ਚਿੰਤਾ, ਗ਼ਮ। ਗੰਜ=ਖ਼ਜ਼ਾਨਾ, ਧਨ।

***ਅਰਥ***—ਤੀਜਾ ਤੀਰ ਦੋਹਾਂ ਭਰਵੱਟਿਆਂ ਭਾਵ ਤਿਊੜੀ ਵਿਚ ਮਾਰਿਆ। ਉਹ ਇਸ ਤਰ੍ਹਾਂ ਜਾ ਕੇ ਲੱਗਾ, ਜਿਸ ਨਾਲ ਵਲਾਂ ਵਾਲਾ ਸੱਪ ਧਿਆਨ ਨਾਲ ਖ਼ਜ਼ਾਨੇ ਉਤੇ ਬੈਠਦਾ ਹੈ ।੧੨੨।

**ਚਹਾਰਮ ਬਿਜ਼ਦ ਤੀਰ ਖਬਰਸ਼ ਨਿਯਾਫ਼ਤ ॥**
**ਕਿ ਭਰਮਸ਼ ਬਬਰਖਾਸਤ ਧਰਮਸ਼ ਨ ਤਾਫ਼ਤ ॥੧੨੩॥**

***ਪਦ ਅਰਥ***—ਚਹਾਰਮ=ਚੌਥਾ। ਬਿਜ਼ਦ=ਮਾਰਿਆ। ਖਬਰਸ਼=ਸੁਰਤ, ਉਸਨੇ। ਨਿ-ਯਾਫ਼ਤ=ਨਾ ਆਈ। ਭਰਮਸ਼=ਭੁਲੇਖਾ ਉਸ ਦਾ। ਬ ਬਰਖਾਸਤ=ਚੁਕਿਆ ਗਿਆ। ਧਰਮਸ਼=ਧਰਮ ਉਸ ਦਾ। ਤਾਫ਼ਤ=ਚਮਕਿਆ।

***ਅਰਥ***—ਚੌਥਾ ਤੀਰ ਮਾਰਿਆ (ਤਾਂ) ਉਸ ਨੂੰ ਸੁਰਤ ਹੀ ਨਾ ਆਈ ਭਾਵ ਬੇ-ਹੋਸ਼ ਹੋ ਗਿਆ। ਉਸ ਦਾ ਭੁਲੇਖਾ ਚੁਕਿਆ ਗਿਆ ਤੇ ਉਸ ਨੂੰ ਧਰਮ ਦੀ ਯਾਦ ਵੀ ਨਾ ਆਈ ।੧੨੩।

**ਬਿਜ਼ਦ ਚੂੰ ਚੁਅਮ ਕੈਬਰੇ ਨਾਜ਼ਨੀਂ ॥**
**ਬਖੁਰਦੰਦ ਸ਼ਹ ਰਗ ਬਿਉਫਤੰਦ ਜ਼ਮੀਂ ॥੧੨੪॥**

***ਪਦ ਅਰਥ***—ਬਿਜ਼ਦ=ਮਾਰਿਆ। ਚੂੰ=ਜਦ। ਚੁਅਮ=ਚੌਥਾ। ਕੈਬਰੇ=ਤੀਰ। ਨਾਜ਼ਨੀਂ=ਨਾਜ਼ਕ ਬਦਨ ਵਾਲੀ। ਬਖੁਰਦੰਦ=ਲਗਾ। ਸ਼ਹ ਰਗ=ਗਿਚੀ ਦੀ ਨਾੜੀ। ਬਿਉਫਤੰਦ=ਡਿਗਾ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਕੋਮਲ ਸਰੀਰ ਵਾਲੀ (ਬਛਤ੍ਰਾਮਤੀ) ਨੇ ਜਦ ਚੌਥਾ ਤੀਰ ਮਾਰਿਆ। ਉਸਦੀ ਸ਼ਹ ਰਗ ਵਿਚ ਲਗਾ (ਅਤੇ ਉਹ) ਧਰਤੀ ਉਤੇ ਡਿਗ ਪਿਆ।੧੨੪।

**ਬਿਦਾਨਿਸਤ ਕਿ ਈਂ ਮਰਦ ਪਜ਼ਮੁਰਦਹ ਗਸ਼ਤ ॥**
**ਬਿਉਫ਼ਤਾਦ ਬੂਮ ਹਮ ਚੁਨੀ ਸ਼ੇਰ ਮਸਤ ॥੧੨੫॥**

***ਪਦ ਅਰਥ***—ਦਾਨਿਸਤ=ਜਾਣ ਲਿਆ। ਕਿ=ਜੋ। ਈਂ=ਇਹ। ਪਜ਼ਮੁਰਦਹ=ਅਧਮੋਇਆ। ਗਸ਼ਤ=ਹੋ ਗਿਆ। ਬਿਉਫ਼ਤਾਦ=ਡਿੱਗਾ। ਬੂਮ=ਧਰਤੀ। ਹਮ ਚੁਨੀ=ਵਾਂਗੂ, ਵਰਗਾ।

***ਅਰਥ***—ਉਸ ਨੇ (ਬਛਤ੍ਰਾਮਤੀ) ਜਾਣ ਲਿਆ ਜੋ ਇਹ ਪੁਰਸ਼ (ਸੁਭਟ ਸਿੰਘ) ਅਧਮੋਇਆ ਹੋ ਗਿਆ ਹੈ। ਮਸਤ ਸ਼ੇਰ ਵਾਂਗੂ ਧਰਤੀ ਉਤੇ ਡਿਗ ਪਿਆ ਹੈ।੧੨੫।

**ਕਿ ਅਜ਼ ਰਥ ਬਿਆਮਦ ਬਰਾਮਦ ਜ਼ਮੀਂ ॥**
**ਖਰਾਮੀਦਹ ਸ਼ੁਦ ਪੈਕਰੇ ਨਾਜ਼ਨੀਂ ॥੧੨੬॥**

***ਪਦ ਅਰਥ***—ਕਿ=ਜੋ। ਅਜ਼=ਤੋਂ। ਬਿਆਮਦ=ਆ ਗਈ। ਬਰਾਮਦ=ਬਾਹਰ ਆਈ। ਜ਼ਮੀਂ=ਧਰਤੀ। ਖਰਾਮੀਦਹ ਸ਼ੁਦ=ਤੁਰ ਪਈ। ਪੈਕਰੇ=ਪੁਤਲੀ। ਨਾਜ਼ਨੀਂ=ਨਾਜ਼ਕ ਸਰੀਰ ਵਾਲੀ।

***ਅਰਥ***—ਜੋ ਰਥ ਤੋਂ ਬਾਹਰ ਨਿਕਲੀ ਅਤੇ ਧਰਤੀ ਉਤੇ ਆ ਗਈ। ਕੋਮਲ ਸਰੀਰ ਵਾਲੀ ਪੁਤਲੀ ਤੁਰ ਪਈ।੧੨੬।

**ਬਯਕ ਦਸ਼ਤ ਬਰਦਾਸ਼ਤ ਯਕ ਪਿਆਲਹ ਆਬ ॥**
**ਬਨਿਜ਼ਦਿ ਸ਼ਹਿ ਆਮਦ ਚੋ ਪਰਰਾ ਉਕਾਬ ॥੧੨੭॥**

***ਪਦ ਅਰਥ***—ਬ=ਵਿਚ। ਯਕ=ਇਕ। ਦਸਤ=ਹੱਥ। ਬਰਦਾਸ਼ਤ=ਚੁਕਿਆ। ਆਬ=ਪਾਣੀ। ਬਨਿਜ਼ਦਿ=ਬਹੁਤ ਨੇੜੇ। ਸ਼ਹਿ=ਬਾਦਸ਼ਾਹ। ਚੋ=ਵਾਂਗੂੰ। ਪਰਰਾ=ਉਡਨ ਵਾਲਾ ਪੰਛੀ।

***ਅਰਥ***—ਇਕ ਹੱਥ ਵਿਚ ਪਾਣੀ ਦਾ ਇਕ ਪਿਆਲਾ ਚੁਕਿਆ। ਉਕਾਬ ਪੰਛੀ ਵਾਂਗੂ ਉਡਾਰੀ ਮਾਰ ਕੇ ਬਾਦਸ਼ਾਹ ਦੇ ਬਹੁਤ ਨੇੜੇ ਆ ਗਈ।੧੨੭।

**ਬਗੋਯਦ ਕਿ ਐ ਸ਼ਾਹਿ ਆਜ਼ਾਦ ਮਰਦ ॥**
**ਚਿਰਾ ਖ਼ੁਫ਼ਤਹ ਹਸਤੀ ਤੋ ਦਰ ਖ਼ੂਨੇ ਗਰਦ ॥੧੨੮॥**

***ਪਦ ਅਰਥ***—ਬਗੋਯਦ=ਆਖਿਆ। ਕਿ=ਜੋ। ਐ=ਹੇ। ਸ਼ਾਹਿ=ਬਾਦਸ਼ਾਹ। ਆਜ਼ਾਦ=ਅਲੌਕਿਕ, ਬੇਮਿਸਾਲ, ਅਸਚਰਜ। ਚਿਰਾ=ਕਿਉਂ। ਖ਼ੁਫ਼ਤਹ=ਸੁਤਾ ਪਿਆ। ਹਸਤੀ=ਹੈਂ। ਤੋ=ਤੂੰ। ਦਰ=ਵਿਚ। ਖ਼ੂਨੇ ਗਰਦ=ਲਹੂ ਤੇ ਮਿੱਟੀ।

***ਅਰਥ***—ਆਖਿਆ, ਜੋ ਹੇ ਅਸਚਰਜ ਸੂਰਮੇ ਬਾਦਸ਼ਾਹ! ਤੂੰ ਲਹੂ ਤੇ ਮਿੱਟੀ ਵਿਚ ਕਿਉਂ ਸੁਤਾ ਪਿਆ ਹੈਂ ?।੧੨੮।

## ਹਮਾਂ ਜਾਨ ਜਾਨੀ ਤੋਅਮ ਨੌ ਜਵਾਂ॥
## ਬਦੀਦਨ ਤੁਰਾ ਆਮਦਮ ਈਂ ਜ਼ਮਾਂ॥੧੨੯॥

***ਪਦ ਅਰਥ***—ਹਮਾਂ=ਓਹੋ ਹੀ। ਜਾਨ=ਜਿੰਦ। ਜਾਨੀ=ਪਿਆਰੀ। ਤੋਅਮ=ਮੈਂ ਤੇਰੀ ਹਾਂ। ਨੌ ਜਵਾਂ= ਚੜ੍ਹਦੀ ਜਵਾਨੀ ਵਾਲੇ। ਬਦੀਦਨ=ਦਰਸ਼ਨ ਵਾਸਤੇ। ਆਮਦਮ=ਆਈ ਹਾਂ ਮੈਂ। ਈਂ=ਇਸ। ਜ਼ਮਾਂ= ਸਮੇਂ।

***ਅਰਥ***—ਹੇ ਚੜ੍ਹਦੀ ਜੁਆਨੀ ਵਾਲੇ ਜਾਨ ਤੋਂ ਵੀ ਪਿਆਰੇ! ਮੈਂ ਉਹੋ ਹੀ ਤੇਰੀ ਪਿਆਰੀ ਹਾਂ। ਇਸ ਸਮੇਂ ਮੈਂ ਤੇਰਾ ਦਰਸ਼ਨ ਕਰਨ ਵਾਸਤੇ ਆਈ ਹਾਂ।੧੨੯।

## ਬਗੋਯਦ ਕਿ ਐ ਬਾਨੂਏ ਨੇਕ ਬਖਤ॥
## ਚਿਰਾ ਆਮਦੀ ਤੋ ਦਰੀਂ ਜਾਇ ਸਖਤ॥੧੩੦॥

***ਪਦ ਅਰਥ***—ਬਗੋਯਦ=ਕਿਹਾ। ਐ=ਹੇ। ਬਾਨੂਏ=ਇਸਤ੍ਰੀਏ। ਨੇਕ ਬਖਤ=ਚੰਗੇ ਭਾਗ। ਚਿਰਾ= ਕਿਉਂ। ਆਮਦੀ=ਆਈ ਹੈਂ। ਦਰੀਂ ਜਾਇ=ਇਸ ਜਗ੍ਹਾ ਵਿਚ। ਸਖਤ=ਕਠਨ, ਦੁਖਦਾਈ।

***ਅਰਥ***—(ਇਹ ਗੱਲ ਸੁਣਕੇ ਸੁਭਟ ਸਿੰਘ ਨੇ) ਕਿਹਾ-ਜੋ ਹੇ ਭਾਗਾਂ ਵਾਲੀ ਇਸਤ੍ਰੀਏ! ਤੂੰ ਇਸ ਦੁਖਦਾਈ ਜਗ੍ਹਾ ਵਿਚ ਕਿਉਂ ਆਈਂ ਹੈਂ? ।੧੩੦।

## ਅਗਰ ਮੁਰਦਾ ਬਾਸ਼ੀ ਬਿਆਰੇਮ ਲਾਸ਼॥
## ਵਗਰ ਜ਼ਿੰਦਹ ਹਸਤੀ ਬਯਜ਼ਦਾਂ ਸਿਪਾਸ॥੧੩੧॥

***ਪਦ ਅਰਥ***—ਅਗਰ=ਜੇਕਰ। ਮੁਰਦਾ=ਮਰ ਗਿਆ। ਬਾਸ਼ੀ=ਹੋਵੇਂ। ਬਿਆਰੇਮ=ਮੈਂ ਲੈ ਆਵਾਂ। ਲਾਸ਼=ਲੋਥ। ਵਗਰ=ਜੇਕਰ। ਜ਼ਿੰਦਹ ਹਸਤੀ=ਜੀਊਂਦਾ ਹੈਂ। ਯਜ਼ਦਾ=ਵਾਹਿਗੁਰੂ, ਪ੍ਰਭੂ। ਸਿਪਾਸ= ਧੰਨਵਾਦ।

***ਅਰਥ***—(ਬਛਤ੍ਰਾਮਤੀ ਨੇ ਕਿਹਾ)-ਜੇਕਰ ਮਰ ਗਿਆ ਹੋਵੇਂ ਤਾਂ ਮੈਂ ਲੋਥ ਲੈ ਆਵਾਂ, ਜੇਕਰ ਜੀਊਂਦਾ ਹੈ, ਤਾਂ ਪ੍ਰਮਾਤਮਾ ਦਾ ਧੰਨਵਾਦ ਕਰਾਂ।੧੩੧।

## ਅਜ਼ਾਂ ਗੁਫ਼ਤਨੀਹਾ ਖੁਸ਼ ਆਮਦ ਸੁਖਨ॥
## ਬਗੋਯਦ ਕਿ ਐ ਨਾਜ਼ਨੀਂ ਸੀਮ ਤਨ॥੧੩੨॥

***ਪਦ ਅਰਥ***—ਅਜ਼ਾਂ=ਉਸ ਤੋਂ। ਗੁਫ਼ਤੀਨ=ਕਹੇ ਹੋਏ। ਖੁਸ਼ ਆਮਦ=ਚੰਗੇ ਲਗੇ। ਸੁਖਨ=ਬੋਲ, ਗੱਲਾਂ। ਬਗੋਯਦ=ਕਿਹਾ। ਨਾਜ਼ਨੀਂ=ਕੋਮਲ ਸਰੀਰ ਵਾਲੀ। ਸੀਮ=ਪਾਰੇ ਤੋਂ ਬਣੀ ਹੋਈ ਚਾਂਦੀ। ਤਨ= ਸਰੀਰ।

***ਅਰਥ***—ਉਸ (ਦੇ ਮੂੰਹ) ਤੋਂ ਕਹੇ ਹੋਏ ਬੋਲ (ਸੁਭਟ ਸਿੰਘ ਨੂੰ) ਚੰਗੇ ਲਗੇ। ਫਿਰ ਉਸ ਨੇ ਕਿਹਾ- ਜੋ ਹੇ ਚਾਂਦੀ ਵਰਗੇ ਕੋਮਲ ਸਰੀਰ ਵਾਲੀ ।੧੩੨।

Sri Satguru Jagjit Singh Ji eLibrary NamdhariElibrary@gmail.com

**ਹਰਾਂ ਚਿ ਕਿ ਖਾਹੀ ਬਿਗੋ ਮਨ ਦਿਹਮ ॥**
**ਕਿ ਐ ਸ਼ੇਰ ਦਿਲ ਮਨ ਗ਼ੁਲਾਮੇ ਤੁਅਮ ॥੧੩੩॥**

***ਪਦ ਅਰਥ***—ਹਰਾਂ ਕਿ=ਜੋ ਕੁਝ ਕਿ। ਖਾਹੀ=ਚਾਹੁੰਦੀ ਹੈਂ। ਬਿਗੋ=ਕਹੁ। ਮਨ=ਮੈਂ। ਦਿਹਮ=ਦੇਵਾਂ। ਗ਼ੁਲਾਮੇ=ਗੁਲਾਮ, ਦਾਸ। ਤੁਅਮ=ਤੇਰਾ।

***ਅਰਥ***—ਜੋ ਕੁਝ ਕਿ ਤੂੰ ਚਾਹੁੰਦੀ ਹੈਂ, ਉਹ ਮੈਨੂੰ ਕਹੋ, ਮੈਂ ਤੈਨੂੰ ਦੇਵਾਂ। ਕਿਉਂਕਿ ਹੇ ਸ਼ੇਰ ਦਿਲ ਇਸਤ੍ਰੀ! ਮੈਂ ਤੇਰਾ ਦਾਸ ਹੋ ਗਿਆ ਹਾਂ।੧੩੩।

**ਖ਼ੁਦਾਵੰਦ ਬਾਸ਼ੀ ਤੋ ਐ ਕਾਰ ਸਖ਼ਤ ॥**
**ਕਿ ਮਾਰਾ ਬਿ ਯਕ ਬਾਰ ਕੁਨ ਨੇਕ ਬਖਤ ॥੧੩੪॥**

***ਪਦ ਅਰਥ***—ਖ਼ੁਦਾਵੰਦ=ਪਤੀ, ਸ਼ੌਹਰ। ਬਾਸ਼ੀ=ਹੋਵੇਂ। ਤੋ=ਤੂੰ। ਕਾਰ ਸਖ਼ਤ=ਕਠੋਰ ਕੰਮ ਕਰਨ ਵਾਲੇ। ਮਾਰਾ=ਤੈਨੂੰ। ਬਿ=ਵੀ। ਯਕ ਬਾਰ=ਇਕ ਵਾਰੀ। ਕੁਨ=ਕਰ। ਨੇਕ ਬਖਤ=ਚੰਗੇ ਭਾਗਾਂ ਵਾਲੀ।

***ਅਰਥ***—ਹੇ ਕਠੋਰ ਕੰਮ ਕਰਨ ਵਾਲੇ ਸੂਰਮੇ! ਤੂੰ ਮੇਰਾ ਪਤੀ ਹੋ ਜਾਹ। ਜੋ ਮੈਨੂੰ ਵੀ ਇਕ ਵਾਰੀ ਚੰਗੇ ਭਾਗਾਂ ਵਾਲੀ ਕਰ ਦੇਹ।੧੩੪।

**ਬਿਜ਼ਦ ਪੁਸ਼ਤ ਪਾਓ ਕੁਸ਼ਾਦਸ਼ ਦੋ ਚਸ਼ਮ ॥**
**ਹਮਾਂ ਰਵਸ਼ ਸ਼ਾਹਾਨਿ ਪੇਸ਼ੀਨਹ ਰਸ਼ਮ ॥੧੩੫॥**

***ਪਦ ਅਰਥ***—ਬਿਜ਼ਦ=ਮਾਰਿਆ। ਪੁਸ਼ਤ=ਪਿੱਠ। ਪਾਓ=ਪੈਰ। ਕੁਸ਼ਾਦਹ=ਖੋਲ੍ਹੀਆਂ। ਚਸ਼ਮ=ਅੱਖਾਂ। ਹਮਾਂ=ਓਹੀ। ਰਵਸ਼=ਤਰੀਕਾ, ਮਰਯਾਦਾ। ਪੇਸ਼ੀਨਹ=ਪਹਿਲੇ ਹੋ ਚੁਕੇ। ਰਸ਼ਮ=ਰੀਤੀ।

***ਅਰਥ***—ਉਸ ਨੇ ਦੋਵੇਂ ਅੱਖਾਂ ਖੋਲ੍ਹੀਆਂ ਅਤੇ ਧਰਤੀ ਦੀ ਪਿੱਠ ਉਤੇ ਪੈਰ ਮਾਰਿਆ। ਓਹੀ ਤਰੀਕਾ ਕੀਤਾ, ਜੋ ਰੀਤੀ ਪਹਿਲੇ ਬਾਦਸ਼ਾਹ ਕਰਦੇ ਸਨ। ਭਾਵ ਉਸੇ ਜਗ੍ਹਾ ਲਾਵਾਂ-ਫੇਰੇ ਲੈ ਲਏ।੧੩੫।

**ਬਿਉਫਤਾਦ ਬਰ ਰਥ ਬਿਆਵੁਰਦ ਜਾਂ ॥**
**ਬਿਜ਼ਦ ਨੌਬਤਸ਼ ਸ਼ਾਹ ਸ਼ਾਹੇ ਜ਼ਮਾਂ ॥੧੩੬॥**

***ਪਦ ਅਰਥ***—ਬਿਉਫਤਾਦ=ਪੈ ਗਿਆ। ਬਰ ਰਥ=ਰਥ ਉਤੇ। ਬਿਆਵੁਰਦ=ਲੈ ਆਈ। ਜਾਂ=ਜਗ੍ਹਾ, ਘਰ। ਬਿਜ਼ਦ=ਮਾਰੀ, ਵਜਾਈ। ਨੌਬਤਸ਼=ਧੌਂਸਾ, ਨਗਾਰਾ। ਸ਼ਾਹ=ਰਾਜਾ। ਸ਼ਾਹੇ ਜ਼ਮਾਂ=ਜਗਤ ਦਾ ਰਾਜਾ।

***ਅਰਥ***—(ਸੁਭਟ ਸਿੰਘ) ਰਥ ਉਤੇ ਲੰਮਾ ਪੈ ਗਿਆ, (ਉਹ ਉਸ ਨੂੰ) ਘਰ ਲੈ ਆਈ। ਜਗਤ ਦੇ ਬਾਦਸ਼ਾਹਾਂ ਦੇ ਬਾਦਸ਼ਾਹ ਨੇ ਉਸ ਵੇਲੇ ਧੌਂਸਾ ਵਜਾਇਆ।੧੩੬।

Sri Satguru Jagjit Singh Ji eLibrary NamdhariElibrary@gmail.com

**ਬਹੋਸ਼ ਅੰਦਰ ਆਮਦ ਦੋ ਚਸ਼ਮਸ਼ ਕੁਸ਼ਾਦ ॥**
**ਬਿਗੋਯਦ ਕਿਰਾ ਜਾਇ ਮਾਰਾ ਨਿਹਾਦ ॥੧੩੭॥**

***ਪਦ ਅਰਥ***—ਆਮਦ=ਆਇਆ। ਚਸ਼ਮਸ਼=ਅੱਖ ਉਸ। ਕੁਸ਼ਾਦ=ਖੋਲ੍ਹੀ। ਬਿਗੋਯਦ=ਕਿਹਾ। ਕਿਰਾ ਜਾਏ=ਕਿਸੇ ਦੇ ਘਰ। ਮਾਰਾ=ਮੈਨੂੰ। ਨਿਹਾਦ=ਰਖਿਆ ਹੈ।

***ਅਰਥ***—ਜਿਸ ਵੇਲੇ ਨਗਾਰਿਆਂ ਦੀ ਧੁਨ ਸੁਣ ਕੇ ਸੁਭਟ ਸਿੰਘ ਹੋਸ਼ ਵਿਚ ਆਇਆ ਤੇ ਉਸ ਨੇ ਦੋਵੇਂ ਅੱਖਾਂ ਖੋਲ੍ਹੀਆਂ। ਕਿਹਾ-ਮੈਨੂੰ ਕਿਸ ਦੇ ਘਰ ਲਿਆ ਰਖਿਆ ਹੈ? ।੧੩੭।

**ਬਗੋਯਦ ਤੁਰਾ ਜ਼ਫਰ ਜੰਗ ਯਾਫ਼ਤਮ ॥**
**ਬਕਾਰੇ ਸ਼ੁਮਾ ਕਿਤ ਖ਼ੁਦਾ ਯਾਫ਼ਤਮ ॥੧੩੮॥**

***ਪਦ ਅਰਥ***—ਬਗੋਯਦ=ਕਿਹਾ। ਤੁਰਾ=ਤੈਨੂੰ। ਜ਼ਫ਼ਰ=ਜਿੱਤ। ਯਾਫ਼ਤ=ਪਾਈ ਹੈ। ਮ=ਮੈਂ। ਬਕਾਰੇ=ਕੰਮ ਨਾਲ। ਸ਼ੁਮਾ=ਤੁਹਾਡੇ। ਕਿਤ ਖ਼ੁਦਾ=ਖਾਵੰਦ, ਪਤੀ। ਯਾਫ਼ਤਮ=ਮੈਂ ਪਾਇਆ ਹੈ।

***ਅਰਥ***—ਬਛੱਤ੍ਰਾਮਤੀ ਨੇ ਕਿਹਾ ਹੇ ਸੁਆਮੀ ਜੀ! ਮੈਂ ਤੁਹਾਨੂੰ ਜੁਧ ਵਿਚ ਜਿੱਤ ਕੇ ਪਾਇਆ ਹੈ। ਤੁਹਾਡੇ ਕੰਮ ਭਾਵ ਬਚਨ ਨਾਲ ਤੁਹਾਨੂੰ ਮੈਂ ਪਤੀ ਪ੍ਰਾਪਤ ਕੀਤਾ ਹੈ।੧੩੮।

**ਪਸ਼ੇਮਾਂ ਸ਼ੁਦਹ ਸੁਖਨ ਗੁਫ਼ਤਹ ਫਜ਼ੂਲ ॥**
**ਹਰਾਂ ਚਿਹ ਕਿ ਗੋਈ ਤੋ ਬਰ ਮਨ ਕਬੂਲ ॥੧੩੯॥**

***ਪਦ ਅਰਥ***—ਪਸ਼ੇਮਾਂ=ਪਸ਼ੇਮਾਨ, ਪਛਤਾਵੇ ਵਾਲਾ। ਸ਼ੁਦਹ=ਹੋਇਆ। ਗੁਫ਼ਤਹ=ਕਹਿਣ। ਫਜ਼ੂਲ=ਬਿਅਰਥ, ਨਿਕੰਮਾ। ਸੁਖਨ=ਬਚਨ, ਇਕਰਾਰ। ਹਰਾਂ ਚਿਹ=ਜੋ ਕੁਝ ਕਿ। ਗੋਈ=ਆਖੇ। ਤੋ=ਤੂੰ। ਬਰ=ਉਪਰ। ਮਨ=ਮੈਂ। ਕਬੂਲ=ਮਨਜ਼ੂਰ, ਪਰਵਾਨ।

***ਅਰਥ***—ਨਿਕੰਮੇ ਕਹੇ ਹੋਏ ਬਚਨਾਂ ਨੂੰ (ਚੇਤੇ ਕਰ ਕੇ) ਸੁਭਟ ਸਿੰਘ ਬਹੁਤ ਪਸ਼ੇਮਾਨ ਭਾਵ ਸ਼ਰਮਿੰਦਾ ਹੋਇਆ। ਜੋ ਕੁਝ ਕਿ ਹੁਣ ਤੂੰ ਆਖੇਂ ਮੈਨੂੰ ਓਹੋ ਹੀ ਪਰਵਾਨ ਹੈ। ਹੁਣ ਭਲਾ ਕੀ ਹੋ ਸਕਦਾ ਹੈ, ਹੁਣ ਤਾਂ ਲਾਵਾਂ ਫੇਰੇ ਹੋ ਚੁਕੇ ਹਨ।੧੩੯।

**ਬਿਦੇਹ ਸਾਕੀਆ ਜਾਮਿ ਫ਼ੀਰੋਜ਼ਹ ਫ਼ਾਮ ॥**
**ਕਿ ਮਾਰਾ ਬਕਾਰ ਅਸਤ ਰੋਜ਼ੇ ਤਮਾਮ ॥੧੪੦॥**

***ਪਦ ਅਰਥ***—ਜਾਮਿ=ਪਿਆਲਾ। ਫੀਰੋਜ਼ਹ=ਹਰਾ। ਫ਼ਾਮ=ਰੰਗਤ। ਮਾਰਾ=ਮੈਨੂੰ। ਬਕਾਰ ਅਸਤ=ਲੋੜੀਦਾ ਹੈ। ਰੋਜ਼ੇ ਤਮਾਮ=ਸਾਰੇ ਦਿਨ।

***ਅਰਥ***—ਹੇ ਸਾਕੀ! ਮੈਨੂੰ ਹਰੀ ਰੰਗਤ ਵਾਲਾ ਪਿਆਲਾ ਦਿਓ। ਜੋ ਮੈਨੂੰ ਸਾਰੇ ਦਿਨਾਂ ਵਿਚ ਲੋੜੀਂਦਾ ਹੈ। ਭਾਵ ਇਹ ਨਾਮ ਰੂਪੀ ਪਿਆਲਾ ਮੇਰੇ ਪਾਸ ਹਰ ਵੇਲੇ ਹੋਣਾ ਚਾਹੀਦਾ ਹੈ।੧੪੦।

Sri Satguru Jagjit Singh Ji eLibrary NamdhariElibrary@gmail.com

**ਤੋ ਮਾਰਾ ਬਿਦੇਹ ਤਾਂ ਸ਼ਵਮ ਤਾਜ਼ਹ ਦਿਲ ॥**
**ਕਿ ਗੌਹਰ ਬਿਆਰੇਮ ਆਲੂਦਹ ਗਿਲ ॥੧੪੧॥੪॥**

***ਪਦ ਅਰਥ***—ਮਾਰਾ=ਮੈਨੂੰ। ਬਿਦੇਹ=ਦੇਹੁ। ਸ਼ਵਮ=ਹੋਵੇਗਾ। ਤਾਜ਼ਹ=ਅਨੰਦ, ਖ਼ੁਸ਼ੀ ਨਾਲ ਪਰਫੁਲਤ। ਗੌਹਰ=ਮੋਤੀ। ਬਿਆਰੇਮ=ਲਿਆਵਾਂ। ਆਲੂਦਹ=ਲਿਬੜਿਆ ਹੋਇਆ। ਗਿਲ=ਮਿੱਟੀ।

***ਅਰਥ***—ਤੂੰ ਮੈਨੂੰ ਨਾਮ ਰੂਪੀ ਪਿਆਲਾ ਦੇਹ, ਤਾਂ ਮੇਰਾ ਮਨ ਪ੍ਰਸੰਨ ਹੋਵੇਗਾ। (ਫਿਰ ਮੈਂ) ਮਿੱਟੀ ਨਾਲ ਲਿਬੜਿਆ ਹੋਇਆ ਮੋਤੀ ਲੈ ਆਵਾਂਗਾ।੧੪੪।੪।

ਚੌਥੀ ਹਿਕਾਯਤ (ਕਹਾਣੀ) ਸੰਪੂਰਣ ਹੋਈ

# ਹਿਕਾਯਤ ਪੰਜਵੀਂ

**ਵਾਹਿਗੁਰੂ ਜੀ ਕੀ ਫਤਹ ॥**

**ਤੁਈ ਰਹਿਨੁਮਾ ਓ ਤੁਈ ਦਿਲ ਕੁਸ਼ਾਇ ॥**
**ਤੁਈ ਦਸਤਗੀਰ ਅੰਦਰ ਹਰ ਦੋ ਸਰਾਇ ॥੧॥**

***ਪਦ ਅਰਥ***—ਤੁਈ=ਤੂੰ ਹੈਂ। ਰਹਿਨੁਮਾ=ਰਾਹ ਵਿਖਾਉਣ ਵਾਲਾ। ਓ=ਅਤੇ। ਦਿਲ ਕੁਸ਼ਾਇ= ਚਿੱਤ ਨੂੰ ਪ੍ਰਸੰਨ ਕਰਨ ਵਾਲਾ। ਦਸਤਗੀਰ=ਹੱਥ ਫੜਨ ਵਾਲਾ। ਹਰ ਦੋ ਸਰਾਇ=ਦੋਹਾਂ ਲੋਕਾਂ ਵਿਚ।

***ਅਰਥ***—ਹੇ ਵਾਹਿਗੁਰੂ! ਤੂੰ ਹੀ ਰਾਹ ਦਿਖਾਉਣ ਵਾਲਾ ਹੈਂ ਅਤੇ ਤੂੰ ਹੀ ਚਿੱਤ ਨੂੰ ਪ੍ਰਸੰਨ ਕਰਨ ਵਾਲਾ ਹੈਂ। ਤੂੰ ਹੀ ਦੋਹਾਂ ਲੋਕਾਂ ਵਿਚ ਹੱਥ ਨੂੰ ਫੜਨ ਵਾਲਾ ਭਾਵ ਸਹਾਇਤਾ ਕਰਨ ਵਾਲਾ ਹੈਂ।੧।

[ਦ: ਗ੍ਰੰ: ਪੰਨਾ ੧੪੦੬

**ਤੁ ਰੱਜ਼ਾਕ ਰੋਜ਼ੀ ਦਿਹੋ ਦਸਤਗੀਰ ॥**
**ਕਰੀਮੇ ਖ਼ਤਾ ਬਖਸ਼ ਦਾਨਿਸ਼ ਪਜ਼ੀਰ ॥੨॥**

***ਪਦ ਅਰਥ***—ਤੁ=ਤੂੰ। ਰੱਜ਼ਾਕ=ਦੇਣ ਵਾਲਾ। ਰੋਜ਼ੀ ਦਿਹੋ=(ਰੋਜ਼ੀ, ਖ਼ੁਰਾਕ) ਖਾਣ ਯੋਗ ਪਦਾਰਥ ਦੇਣ ਵਾਲਾ। ਦਸਤਗੀਰ=ਆਸਰਾ ਦੇਣ ਵਾਲਾ। ਕਰੀਮੇ=ਕ੍ਰਿਪਾਲੂ। ਖ਼ਤਾ=ਗੁਨਾਹ, ਭੁਲਾਂ। ਦਾਨਿਸ਼ ਪਜ਼ੀਰ= ਜਾਣੀ ਜਾਣ, ਅੰਦਰ ਦੇ ਲੁਕਵੇਂ ਭੇਦ ਜਾਨਣ ਵਾਲਾ।

***ਅਰਥ***—ਹੇ ਵਾਹਿਗੁਰੂ ਤੂੰ ਰਾਜ਼ਕ ਹੈਂ, ਰੋਜ਼ੀ ਦੇਣ ਵਾਲਾ ਹੈਂ, ਆਸਰਾ ਦੇਣ ਵਾਲਾ ਹੈਂ। ਕ੍ਰਿਪਾਲੂ

ਹੈਂ, ਭੁਲਾਂ ਬਖ਼ਸ਼ਣ ਵਾਲਾ ਹੈਂ ਅਤੇ ਅੰਦਰ ਦੇ ਲੁਕਵੇਂ ਭੇਦ ਜਾਨਣ ਵਾਲਾ ਹੈਂ ।੨।

**ਹਿਕਾਯਤ ਸ਼ੁਨੀਦਮ ਯਕੇ ਕਾਜ਼ੀਅਸ਼ ॥**
**ਕਿ ਬਰਤਰ ਨ ਦੀਦਮ ਕਜ਼ੋ ਦੀਗਰਸ਼ ॥੩॥**

**ਪਦ ਅਰਥ**—ਹਿਕਾਯਤ=ਕਹਾਣੀ । ਸ਼ੁਨੀਦਮ=ਮੈਂ ਸੁਣੀ । ਯਕੇ=ਇਕ । ਕਾਜ਼ੀਅਸ਼=ਕਾਜ਼ੀ ਹੈਗਾ ਸੀ । ਕਿ=ਜੋ । ਬਰਤਰ=ਵਧੀਆ । ਦੀਦਮ=ਵੇਖਿਆ । ਕਜ਼ੋ=ਉਸ ਤੋਂ । ਦੀਗਰਸ਼=ਹੋਰ ਕੋਈ ਦੂਜਾ।

**ਅਰਥ**—ਹੇ ਔਰੰਗਜ਼ੇਬ! ਮੈਂ ਇਕ ਕਾਜ਼ੀ ਦੀ ਕਹਾਣੀ ਸੁਣੀ ਹੈ, ਜੋ ਉਸ ਤੋਂ ਵਧੀਆ ਹੋਰ ਕੋਈ ਦੂਸਰਾ ਨਹੀਂ ਵੇਖਿਆ ।੩।

**ਯਕੇ ਖ਼ਾਨਹ ਓ ਬਾਨੂਏ ਨੌ ਜਵਾਂ ॥**
**ਕਿ ਕੁਰਬਾਂ ਸ਼ਵਦ ਹਰ ਕਸੇ ਨਾਜ਼ਦਾਂ ॥੪॥**

**ਪਦ ਅਰਥ**—ਖ਼ਾਨਹ=ਘਰ । ਬਾਨੂਏ=ਇਸਤ੍ਰੀ । ਨੌ ਜਵਾਂ=ਚੜ੍ਹਦੀ ਜਵਾਨੀ ਵਾਲੀ । ਕੁਰਬਾਂ=ਕੁਰਬਾਨ। ਸ਼ਵਦ=ਹੁੰਦਾ । ਹਰ ਕਸੇ=ਸਭ ਕੋਈ । ਨਾਜ਼ਦਾਂ=ਨਖਰਾ ਜਾਣਨ ਵਾਲਾ।

**ਅਰਥ**—ਉਸ (ਕਾਜ਼ੀ) ਦੇ ਘਰ ਇਕ ਚੜ੍ਹਦੀ ਜਵਾਨੀ ਵਾਲੀ ਇਸਤ੍ਰੀ ਸੀ । ਉਸ ਦਾ ਨਖ਼ਰਾ ਜਾਣਨ ਵਾਲਾ ਸਭ ਕੋਈ ਕੁਰਬਾਨ ਹੁੰਦਾ ਸੀ ।੪।

**ਕਿ ਸੋਸਨ ਸਰੇ ਰਾ ਫ਼ਿਰੋ ਮੇਜ਼ਦਹ ॥**
**ਗੁਲੇ ਲਾਲਹ ਰਾ ਦਾਗ਼ ਦਰ ਦਿਲ ਸ਼ੁਦਹ ॥੫॥**

**ਪਦ ਅਰਥ**—ਸੋਸਨ=ਇਕ ਫਲ, ਜੋ ਬਹੁਤ ਸੋਹਣਾ ਤੇ ਕੋਮਲ ਹੁੰਦਾ ਹੈ । ਸਰੇ=ਸਿਰ । ਰਾ=ਨੂੰ। ਫਿਰੋ=ਹੇਠਾਂ । ਮੇਜ਼ਦਹ=ਸੁਟਦਾ ਸੀ । ਗੁਲੇ ਲਾਲਹ='ਲੱਾਲੇ' ਦਾ ਫੁੱਲ । ਦਾਗ਼=ਧੱਬਾ, ਨਿਸ਼ਾਨ । ਦਰ=ਵਿਚ । ਸ਼ੁਦਹ=ਹੁੰਦਾ ।

**ਅਰਥ**—ਉਸ ਦੇ ਰੂਪ ਨੂੰ ਵੇਖ ਕੇ ਸੋਸਨ ਸਿਰ ਨੂੰ ਹੇਠਾਂ ਸੁਟ ਲੈਂਦੀ ਸੀ । ਲੱਾਲੇ ਦੇ ਫੁੱਲ ਨੂੰ ਵੀ ਦਿਲ ਵਿਚ ਨਿਸ਼ਾਨ ਹੋ ਜਾਂਦਾ ਸੀ ।੫।

**ਕਜ਼ਾਂ ਸੂਰਤੇ ਮਾਹ ਰਾ ਬੀਮ ਸ਼ੁਦ ॥**
**ਰਸ਼ਕ ਸੋਖ਼ਤਹ ਅਜ਼ ਮਿਆਂ ਨੀਮ ਸ਼ੁਦ ॥੬॥**

**ਪਦ ਅਰਥ**—ਕਜ਼ਾਂ=ਉਸ ਤੋਂ । ਸੂਰਤੇ=ਸ਼ਕਲ । ਮਾਹ=ਚੰਦਰਮਾ । ਰਾ=ਤਾਈਂ । ਬੀਮ=ਡਰ । ਸ਼ੁਦ=ਹੋਇਆ । ਰਸ਼ਕ=ਈਰਖਾ । ਸੋਖ਼ਤਹ=ਸੜ ਕੇ । ਮਿਆਂ=ਵਿਚਾਲੇ । ਨੀਮ=ਅੱਧਾ । ਸ਼ੁਦ=ਹੋ ਗਿਆ ।

**ਅਰਥ**—ਉਸ ਤੋਂ ਚੰਦਰਮਾ ਦੀ ਸ਼ਕਲ ਤਾਈਂ ਡਰ ਹੋਇਆ । ਈਰਖਾ ਦੀ ਅੱਗ ਵਿਚ ਸੜ ਕੇ ਅੱਧਾ ਹੋ ਗਿਆ ਭਾਵ ਮੱਧਮ ਹੋ ਗਿਆ ।੬।

Sri Satguru Jagjit Singh Ji eLibrary NamdhariElibrary@gmail.com

**ਬਕਾਰ ਅਜ਼ ਸੂਏ ਖ਼ਾਨਹ ਬੇਰੂੰ ਰਵਦ ॥**
**ਬ ਦੋਸ਼ੇ ਜ਼ੁਲਫ਼ ਸ਼ੋਰ ਸੁੰਬਲ ਸ਼ਵਦ ॥੭॥**

***ਪਦ ਅਰਥ***—ਬਕਾਰ=ਕੰਮ ਲਈ। ਅਜ਼=ਤੋਂ। ਸੂਏ=ਪਾਸੇ। ਖ਼ਾਨਹ=ਘਰ। ਬੇਰੂੰ=ਬਾਹਰ। ਰਵਦ=ਜਾਂਦੀ ਸੀ। ਦੋਸ਼ੇ=ਮੋਢੇ। ਬ=ਉਤੇ। ਸ਼ੋਰ=ਕੂਕ। ਸੁੰਬਲ=ਇਸ਼ਕ-ਪੇਚਾ।

***ਅਰਥ***—ਉਹ ਜਿਸ ਵੇਲੇ ਵੀ ਕੰਮ ਲਈ ਘਰ ਤੋਂ ਬਾਹਰ ਵਲ ਨੂੰ ਜਾਂਦੀ ਸੀ ਤਾਂ ਦੋਹਾਂ ਮੋਢਿਆਂ ਉਤੇ ਜ਼ੁਲਫ਼ਾਂ ਲਮਕੀਆਂ ਹੋਈਆਂ ਵੇਖ ਕੇ ਇਸ਼ਕ ਪੇਚਾ* ਕੂਕਾਂ ਦੇਂਦਾ ਸੀ।੭।

**ਗਰ ਆਬੇ ਬ ਦਰਿਆਇ ਬਸ਼ੋਯਦ ਰੁਖਸ਼ ॥**
**ਹਮਹ ਖ਼ਾਰਿ ਮਾਹੀ ਸ਼ਵਦ ਗੁਲ ਰੁਖਸ਼ ॥੮॥**

***ਪਦ ਅਰਥ***—ਗਰ=ਜੇਕਰ। ਆਬੇ=ਪਾਣੀ। ਬਸ਼ੋਯਦ=ਧੋਵੇ। ਰੁਖਸ਼=ਮੂੰਹ, ਉਹ। ਹਮਹ=ਸਾਰੇ। ਖ਼ਾਰਿ=ਕੰਡੇ, ਚਾੱਨੇ। ਮਾਹੀ=ਮੱਛੀ। ਸ਼ਵਦ=ਹੁੰਦੇ। ਗੁਲ=ਫੁੱਲ। ਰੁਖਸ਼=ਰੂਪ।

***ਅਰਥ***—ਜੇਕਰ ਉਹ ਦਰਿਆ ਦੇ ਪਾਣੀ ਵਿਚ ਆਪਣੇ ਮੂੰਹ ਨੂੰ ਧੋਂਦੀ ਸੀ (ਤਾਂ) ਸਾਰੀਆਂ ਮੱਛੀਆਂ ਦੇ ਕੰਡੇ ਫੁਲ ਰੂਪ ਹੋ ਜਾਂਦੇ ਸਨ ਭਾਵ ਉਸ ਦੀ ਕੋਮਲਤਾ ਦੇ ਛੂਹੇ ਹੋਏ ਪਾਣੀ ਨਾਲ ਕੰਡੇ ਵੀ ਫੁਲ ਹੋ ਜਾਂਦੇ ਸਨ।੮।

**ਬਖ਼ੁਮ ਉਫ਼ਤਾਦਹ ਹਮਾਂ ਸਾਯਹ ਆਬ ॥**
**ਜ਼ਿ ਮਸਤੀ ਸ਼ੁਦਹ ਨਾਮ ਨਰਗਸ ਸ਼ਰਾਬ ॥੯॥**

***ਪਦ ਅਰਥ***—ਬ=ਵਿਚ। ਖ਼ੁਮ=ਮਟ, ਘੜਾ। ਉਫ਼ਤਾਦ=ਪੈ ਗਿਆ। ਹਮਾਂ=ਓਹੀ। ਸਾਯਹ=ਪ੍ਰਛਾਵਾਂ। ਆਬ=ਪਾਣੀ। ਜ਼ਿ=ਨਾਲ। ਮਸਤੀ=ਨਸ਼ਾ, ਅਮਲ। ਸ਼ੁਦਹ=ਹੋ ਗਿਆ। ਨਰਗਸ ਸ਼ਰਾਬ=ਅੰਗੂਰੀ ਸ਼ਰਾਬ।

***ਅਰਥ***—ਉਸ ਦੇ ਮੂੰਹ ਦਾ ਪ੍ਰਛਾਵਾਂ ਘੜੇ ਦੇ ਪਾਣੀ ਵਿਚ ਪੈ ਗਿਆ। (ਜਿਸ) ਨਾਲ ਘੜੇ ਦਾ ਪਾਣੀ ਨਸ਼ੇ ਵਾਲਾ ਹੋ ਗਿਆ ਅਤੇ ਉਸ ਦਾ ਨਾਮ 'ਨਰਗਸ ਦੀ ਸ਼ਰਾਬ' ਪ੍ਰਸਿੱਧ ਹੋ ਗਿਆ।੯।

**ਬਦੀਦਸ਼ ਯਕੇ ਰਾਜਹੇ ਨੌ ਜਵਾਂ ॥**
**ਕਿ ਹੁਸਨਲ ਜਮਾਲ ਅਸਤ ਜ਼ਾਹਿਰ ਜਹਾਂ ॥੧੦॥**

***ਪਦ ਅਰਥ***—ਬਦੀਦਸ਼=ਵੇਖਿਆ ਉਸ ਨੇ। ਯਕੇ=ਇਕ। ਰਾਜਹੇ=ਰਾਜੇ ਨੂੰ। ਕਿ=ਜੋ। ਹੁਸਨਲ ਜਮਾਲ=ਸੁੰਦਰ ਸਰੂਪ। ਅਸਤ=ਹੈ। ਜ਼ਾਹਿਰ ਜਹਾਂ=ਜਗਤ ਵਿਚ ਮਸ਼ਹੂਰ।

***ਅਰਥ***—ਉਸ ਨੇ ਇਕ ਨੌਜਵਾਨ ਰਾਜੇ ਨੂੰ ਵੇਖਿਆ, ਜੋ ਸੰਸਾਰ ਵਿਚ ਬਹੁਤ ਹੀ ਸੁੰਦਰ ਸਰੂਪ ਵਾਲਾ ਅਤੇ ਮਸ਼ਹੂਰ ਸੀ।੧੦।

---

*ਇਸ਼ਕ-ਪੇਚੇ ਦੀ ਵੇਲ ਸੱਪ ਵਾਂਗੂੰ ਵਲ ਪਾ ਕੇ ਚੜ੍ਹਦੀ ਹੈ।

Sri Satguru Jagjit Singh Ji eLibrary NamdhariElibrary@gmail.com

**ਬਿਗੁਫ਼ਤਹ ਕਿ ਐ ਰਾਜਹੇ ਨੇਕ ਬਖਤ ॥**
**ਤੋ ਮਾਰਾ ਬਿਦੇਹ ਜਾਇ ਨਜ਼ਦੀਕਿ ਤਖਤ ॥੧੧॥**

***ਪਦ ਅਰਥ***—ਬਿਗੁਫ਼ਤਹ=ਕਿਹਾ। ਨੇਕ=ਚੰਗੇ। ਬਖਤ=ਭਾਗ। ਮਾਰਾ=ਮੇਰੇ। ਬਿਦੇਹ=ਦਿਓ। ਜਾਇ=ਜਗ੍ਹਾ। ਨਜ਼ਦੀਕਿ=ਨੇੜੇ।

***ਅਰਥ***—(ਉਸ ਨੇ ਕਿਹਾ)-ਹੇ ਚੰਗੇ ਭਾਗਾਂ ਵਾਲੇ ਰਾਜੇ! ਤੂੰ ਮੈਨੂੰ ਆਪਣੇ ਤਖ਼ਤ ਦੇ ਨੇੜੇ ਬੈਠਣ ਨੂੰ ਜਗ੍ਹਾ ਦੇਹੁ ਭਾਵ ਮੈਨੂੰ ਇਸਤ੍ਰੀ ਕਰ ਲੈ।੧੧।

**ਨਖੁਸਤੀਂ ਸਰਿ ਕਾਜ਼ੀ ਆਵਰ ਤਰਾਸਤ ॥**
**ਵਜ਼ਾਂ ਪਸ ਕਿ ਈਂ ਖ਼ਾਨਹ ਮਾ ਅਜ਼ ਤੁਰਾਸਤ ॥੧੨॥**

***ਪਦ ਅਰਥ***—ਨਖੁਸਤੀਂ=ਪਹਿਲੇ। ਸਰਿ=ਸਿਰ। ਆਵਰ=ਲਿਆਓ। ਤਰਾਸਤ=ਵੱਢਕੇ। ਵਜ਼ਾਂ ਪਸ=ਇਸ ਤੋਂ ਪਿਛੋਂ। ਈਂ=ਇਹ। ਖ਼ਾਨਹ ਮਾ=ਮੇਰਾ ਘਰ। ਤੁਰਾਸਤ=ਤੇਰਾ ਹੈ।

***ਅਰਥ***—(ਰਾਜੇ ਨੇ ਕਿਹਾ)-ਪਹਿਲੋਂ ਤੂੰ ਆਪਣੇ ਖਾਵੰਦ ਕਾਜ਼ੀ ਦਾ ਸਿਰ ਵੱਢ ਕੇ ਲਿਆ। ਇਸ ਤੋਂ ਪਿਛੋਂ ਇਹ ਮੇਰਾ ਘਰ ਤੇਰਾ ਹੈ।੧੨।

**ਸ਼ੁਨੀਦ ਈਂ ਸੁਖਨ ਰਾ ਦਿਲ ਅੰਦਰ ਨਿਹਾਦ ॥**
**ਨ ਰਾਜ਼ੇ ਦਿਗਰ ਪੇਸ਼ਿ ਔਰਤ ਕੁਸ਼ਾਦ ॥੧੩॥**

***ਪਦ ਅਰਥ***—ਸ਼ੁਨੀਦ=ਸੁਣੀ। ਈਂ=ਇਹ। ਸੁਖਨ=ਗੱਲ। ਨਿਹਾਦ=ਰੱਖ ਲਈਂ। ਰਾਜ਼ੇ=ਭੇਦ ਨੂੰ। ਦਿਗਰ ਪੇਸ਼ਿ=ਦੂਜੇ ਦੇ ਸਾਹਮਣੇ। ਕੁਸ਼ਾਦ=ਖੋਲ੍ਹਿਆ।

***ਅਰਥ***—ਇਹ ਗੱਲ ਸੁਣ ਕੇ ਇਸਤ੍ਰੀ ਨੇ ਦਿਲ ਅੰਦਰ ਰੱਖ ਲਈ ਇਸ ਭੇਦ ਨੂੰ ਕਿਸੇ ਦੂਸਰੀ ਇਸਤ੍ਰੀ ਦੇ ਸਾਹਮਣੇ ਨਹੀਂ ਖੋਲ੍ਹਿਆ।੧੩।

**ਬਵਕਤੇ ਸ਼ੌਹਰਿ ਚੋ ਖੁਸ਼ ਖੁਫ਼ਤਹ ਦੀਦ ॥**
**ਬਿਜ਼ਦ ਤੇਗ਼ ਖੁਦ ਦਸਤ ਸਰਿ ਓ ਬੁਰੀਦ ॥੧੪॥**

***ਪਦ ਅਰਥ***—ਬਵਕਤੇ-ਸਮੇਂ ਸਿਰ। ਸ਼ੌਹਰਿ=ਖ਼ਾਵੰਦ, ਪਤੀ। ਚੋ=ਜਦ। ਖੁਸ਼ ਖੁਫ਼ਤਹ=ਸੁਖ ਦੀ ਨੀਂਦ ਸੁਤਾ। ਦੀਦ=ਵੇਖਿਆ। ਬਿਜ਼ਦ=ਮਾਰੀ। ਖੁਦ ਦਸਤ=ਆਪਣੇ ਹੱਥੀਂ। ਸਰਿ ਓ ਬੁਰੀਦ=ਉਸ ਦਾ ਸਿਰ ਵੱਢ ਲਿਆ।

***ਅਰਥ***—ਜਦੋਂ ਆਪਣੇ ਪਤੀ ਨੂੰ ਸਮੇਂ ਸਿਰ ਸੁਖ ਦੀ ਨੀਂਦ ਵਿਚ ਸੁਤਾ ਪਿਆ ਵੇਖਿਆ ਤਾਂ ਆਪਣੇ ਹੱਥ ਨਾਲ ਤਲਵਾਰ ਮਾਰ ਕੇ ਉਸ ਦਾ ਸਿਰ ਵੱਢ ਲਿਆ।੧੪।

**ਬੁਰੀਦਹ ਸਰਿ ਓ ਰਵਾਂ ਜਾਇ ਗਸ਼ਤ ॥**
**ਦਰਾਂ ਜਾ ਸਬਲ ਸਿੰਘ ਬਿਨਸ਼ਸਤਹ ਅਸਤ ॥੧੫॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਬੁਰੀਦਹ=ਵੱਢ ਕੇ । ਸਰਿ ਓ=ਉਸ ਦਾ ਸਿਰ । ਰਵਾਂ=ਤੁਰ ਪਈ । ਜਾਇ ਗਸ਼ਤ= ਟਿਕਾਣੇ ਤੇ ਗਈ । ਦਰਾਂ ਜਾ=ਉਸ ਜਗ੍ਹਾ ਵਿਚ । ਸਬਲ ਸਿੰਘ=(ਉਸ ਰਾਜੇ ਦਾ ਨਾਮ ਸੀ, ਜਿਸ ਉਤੇ ਉਹ ਮੋਹਤ ਹੋਈ ਸੀ) । ਬਿਨਸ਼ਸਤਹ=ਬੈਠਾ ਹੋਇਆ । ਅਸਤ=ਹੈ ।

***ਅਰਥ***—ਉਸ ਦਾ ਸਿਰ ਵੱਢ ਕੇ ਤੁਰ ਪਈ ਤੇ ਟਿਕਾਣੇ ਉਤੇ ਜਾ ਪੁਜੀ । ਉਸ ਜਗ੍ਹਾ ਵਿਚ, 'ਸਬਲ ਸਿੰਘ' ਬੈਠਾ ਹੋਇਆ ਹੈ ।੧੫।

**ਤੁ ਗੁਫਤੀ ਮਰਾ ਹਮ ਚੁਨੀ ਕਰਦਹ ਅਮ ॥**
**ਬਪੇਸ਼ਿ ਤੁ ਈਂ ਸਰ ਮਨ ਆਵੁਰਦਹ ਅਮ ॥੧੬॥**

***ਪਦ ਅਰਥ***—ਤੁ ਗੁਫਤੀ=ਤੂੰ ਕਿਹਾ ਸੀ । ਮਰਾ=ਮੈਨੂੰ । ਹਮ ਚੁਨੀ=ਉਸੇ ਤਰ੍ਹਾਂ । ਕਰਦਹ ਅਮ=ਕੀਤਾ ਹੈ, ਮੈਂ । ਬਪੇਸ਼ਿ ਤੁ=ਤੇਰੇ ਸਾਹਮਣੇ । ਈਂ ਸਰ=ਇਹ ਸਿਰ । ਅਵੁਰਦਹ ਅਮ=ਲਿਆਂਦਾ ਹੈ ਇਹ ।

***ਅਰਥ***—ਹੇ ਰਾਜਾ ! ਜਿਸ ਤਰ੍ਹਾਂ ਤੂੰ ਮੈਨੂੰ ਕਿਹਾ ਸੀ, ਮੈਂ ਉਸੇ ਤਰ੍ਹਾਂ ਹੀ ਕੀਤਾ ਹੈ । ਇਹ ਕਾਜ਼ੀ ਦਾ ਸਿਰ ਤੇਰੇ ਸਾਹਮਣੇ ਲੈ ਆਂਦਾ ਹੈ ।੧੬।

**ਅਗਰ ਸਰ ਤੁ ਖ਼੍ਵਾਹੀ ਸਰ ਤੋ ਮੇ ਦਿਹਮ ॥**
**ਬਜਾਨੋ ਦਿਲੇ ਬਰ ਤੋ ਆਸ਼ਿਕ ਸ਼ੁਦਮ ॥੧੭॥**

***ਪਦ ਅਰਥ***—ਅਗਰ=ਜੇਕਰ । ਸਰ=ਸਿਰ । ਤੁ=ਤੂੰ । ਖ਼੍ਵਾਹੀ=ਚਾਹੇਂ । ਤੋ=ਤੈਨੂੰ । ਮੇ ਦਿਹਮ=ਮੈਂ ਦੇਵਾਂ । ਬਜਾਨ=ਜਾਨ ਨਾਲ । ਬਰ ਤੋ=ਤੇਰੇ ਉਤੇ । ਸ਼ੁਦਮ=ਹੋ ਗਈ ਹਾਂ ।

***ਅਰਥ***—ਜੇਕਰ ਤੂੰ ਮੇਰਾ ਸਿਰ ਵੀ ਲੈਣਾ ਚਾਹੇਂ, ਤਾਂ ਮੈਂ ਆਪਣਾ ਸਿਰ ਵੀ ਤੈਨੂੰ ਦੇ ਦੇਵਾਂ ? (ਕਿਉਂਕਿ) ਦਿਲ ਜਾਨ ਨਾਲ ਮੈਂ ਤੇਰੇ ਉਤੇ ਆਸ਼ਿਕ ਹੋ ਗਈ ਹਾਂ ।੧੭।

**ਕਿ ਇਮ ਸ਼ਬ ਕੁਨ ਆਂ ਅਹਿਦ ਤੋ ਬਸਤਹਈ ॥**
**ਬ ਗ਼ਮਜ਼ਹ ਚਸ਼ਮ ਜਾਨਿ ਮਨ ਕੁਸ਼ਤਹਈ ॥੧੮॥**

***ਪਦ ਅਰਥ***—ਕਿ=ਜੋ । ਇਮ ਸ਼ਬ=ਇਸ ਰਾਤ । ਕੁਨ=ਕਰ । ਆਂ=ਓਹ । ਅਹਿਦ=ਬਚਨ । ਤੋ=ਤੂੰ । ਬਸਤਹਈ=ਬੰਨ੍ਹਿਆ ਹੈ । ਬ=ਨਾਲ । ਗ਼ਮਜ਼ਹ ਚਸ਼ਮ=ਅੱਖ ਦੇ ਇਸ਼ਾਰੇ । ਜਾਨਿ=ਜਿੰਦ । ਮਨ=ਮੇਰੀ । ਕੁਸ਼ਤਹਈ=ਕੋਹ ਦਿਤੀ, ਵਿੰਨ੍ਹ ਦਿਤੀ ਹੈ ।

***ਅਰਥ***—ਹੇ ਪਿਆਰੇ ! ਜੋ ਤੂੰ ਬਚਨ ਬੰਨ੍ਹਿਆ ਹੈ, ਇਸ ਰਾਤ ਵਿਚ ਉਹ ਪੂਰਾ ਕਰ । ਅੱਖਾਂ ਦੇ ਇਸ਼ਾਰੇ ਨਾਲ ਤੂੰ ਮੇਰੀ ਜਾਨ ਨੂੰ ਵਿੰਨ੍ਹ ਦਿਤਾ ਹੈ ।੧੮।

**ਚੋ ਦੀਦਸ਼ ਸਰੇ ਰਾਜਹੇ ਨੌ ਜਵਾਂ ॥**
**ਬਿਤਰਸੀਦ ਵ ਗੁਫ਼ਤਹ ਕਿ ਏ ਬਦਨਿਸ਼ਾਂ ॥੧੯॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਚੋ=ਜਦ । ਦੀਦਸ਼=ਉਸ ਨੇ ਡਿੱਠਾ । ਸਰੇ=ਸਿਰ ਵਲ । ਤਰਸੀਦ=ਡਰ ਗਿਆ । ਵ=ਅਤੇ। ਗੁਫ਼ਤਹ=ਆਖਿਆ । ਏ=ਹੇ । ਬਦਨਿਸ਼ਾਂ=ਭੈੜੇ ਲੱਛਣਾਂ ਵਾਲੀ।

**ਅਰਥ**—ਜਦ ਉਸ ਨੌਜਵਾਨ ਰਾਜੇ ਨੇ ਸਿਰ ਵਲ ਡਿੱਠਾ ਤਾਂ ਡਰ ਗਿਆ ਤੇ ਆਖਿਆ-ਜੋ ਹੇ ਭੈੜੇ ਲੱਛਣਾਂ ਵਾਲੀਏ ।੧੯।

**ਚੁਨਾ ਬਦ ਤੋ ਕਰਦੀ ਖ਼ੁਦਾਵੰਦ ਖੇਸ਼ ॥**
**ਕਿ ਮਾਰਾ ਚਿਹ ਆਰੀ ਅਜ਼ੀਂ ਕਾਰ ਬੇਸ਼ ॥੨੦॥**

**ਪਦ ਅਰਥ**—ਚੁਨਾ=ਅਜਿਹਾ । ਬਦ=ਬੁਰਾ । ਤੋ ਕਰਦੀ=ਤੂੰ ਕੀਤਾ । ਖੇਸ਼=ਆਪਣੇ । ਕਿ=ਜੋ । ਮਾਰਾ=ਮੈਨੂੰ । ਚਿਹ=ਕੀ । ਆਰੀ=ਲਿਆਵੇਂਗੀ । ਅਜ਼ੀਂ ਕਾਰ=ਇਸ ਕੰਮ ਤੋਂ । ਬੇਸ਼=ਵਧੀਕ । ਖ਼ੁਦਾਵੰਦ= ਪਤੀ।

**ਅਰਥ**—ਤੂੰ ਆਪਣੇ ਪਤੀ ਦਾ ਅਜਿਹਾ ਬੁਰਾ ਕੀਤਾ ਹੈ । ਤਾਂ ਇਸ ਕੰਮ ਤੋਂ ਵਧੀਕ ਮੈਨੂੰ ਕੀ ਲਿਆ ਦੇਵੇਂਗੀ ? ।੨੦।

ਭਾਵ—ਜਦ ਤੂੰ ਆਪਣੇ ਪਤੀ ਦਾ ਅਜਿਹਾ ਹਾਲ ਕੀਤਾ ਹੈ, ਤਾਂ ਅੰਤ ਨੂੰ ਮੇਰਾ ਵੀ ਇਹੋ ਹਾਲ ਕਰੇਂਗੀ।

**ਜ਼ਿ ਤੋ ਦੋਸਤੀ ਮਨ ਬ ਬਾਜ਼ ਆਮਦਮ ॥**
**ਜ਼ਿ ਕਰਦਹ ਤੋ ਮਨ ਦਰ ਨਿਆਜ਼ ਆਮਦਮ ॥੨੧॥**

**ਪਦ ਅਰਥ**—ਜ਼ਿ=ਤੋਂ । ਤੋ=ਤੇਰੀ । ਮਨ=ਮੈਂ । ਬਾਜ਼ ਆਮਦਮ=ਬਾਜ਼ ਆਇਆ, ਭਾਵ ਪਿਛੇ ਹਟ ਗਿਆ । ਕਰਦਹ=ਕੰਮ । ਮਨ=ਮੈਂ । ਦਰ=ਵਿਚ ।

**ਅਰਥ**—ਮੈਂ ਤੇਰੀ ਯਾਰੀ ਤੋਂ ਬਾਜ਼ ਆਇਆ, ਭਾਵ ਹੁਣ ਮੈਂ ਤੇਰੀ ਯਾਰੀ ਛੱਡਦਾ ਹਾਂ। ਤੇਰੀਆਂ ਇਹਨਾਂ ਕਰਤੂਤਾਂ ਨਾਲ ਹੀ ਮਨ ਵਿਚ ਡਰ ਆਇਆ ਹੈ ।੨੧।

**ਚੁਨੀ ਬਦ ਤੋ ਕਰਦੀ ਖ਼ੁਦਾਵੰਦ ਕਾਰ ॥**
**ਮਰਾ ਕਰਦਹ ਬਾਸ਼ੀ ਚੁਨੀ ਰੋਜ਼ਗਾਰ ॥੨੨॥**

**ਪਦ ਅਰਥ**—ਚੁਨੀ=ਅਜਿਹਾ । ਬਦ=ਬੁਰਾ । ਤੋ ਕਰਦੀ=ਤੂੰ ਕੀਤਾ । ਖ਼ੁਦਾਵੰਦ=ਖ਼ਾਵੰਦ । ਕਾਰ= ਕੰਮ । ਮਰਾ=ਮੈਨੂੰ । ਬਾਸ਼ੀ=ਹੋਵੇਗਾ । ਚੁਨੀ=ਐਸਾ । ਰੋਜ਼ਗਾਰ=ਵਰਤਾਉ।

**ਅਰਥ**—ਤੂੰ ਅਜਿਹਾ ਬੁਰਾ ਕੰਮ ਆਪਣੇ ਪਤੀ ਨਾਲ ਕੀਤਾ ਹੈ । ਤਾਂ ਮੇਰੇ ਨਾਲ ਵੀ ਅਜਿਹਾ ਹੀ ਵਰਤਾਉ ਕਰਨਾ ਹੋਵੇਗਾ ?।੨੨।

ਭਾਵ—ਮੇਰੇ ਨਾਲ ਵੀ ਅਜਿਹਾ ਹੀ ਸਲੂਕ ਕਰੇਂਗੀ। [ਦ: ਗ੍ਰੰ: ਪੰਨਾ ੧੪੦੭

**ਬਿਅੰਦਾਖ਼ਤ ਸਰ ਰਾ ਦਰਾਂ ਜਾ ਜ਼ਿ ਦਸਤ ॥**
**ਬਰੇ ਸੀਨਹ ਓ ਸਰ ਬਿਜ਼ਦ ਹਰ ਦੁ ਦਸਤ ॥੨੩॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬਿਅੰਦਾਖ਼ਤ=ਸੁਟ ਦਿਤਾ। ਸਰ ਰਾ=ਸਿਰ ਨੂੰ। ਦਰਾਂ ਜਾ=ਉਸ ਜਗ੍ਹਾ ਵਿਚ। ਜ਼ਿ=ਤੋਂ। ਦਸਤ=ਹੱਥ। ਬਰੇ ਸੀਨਹ=ਛਾਤੀ ਉਤੇ। ਓ=ਅਤੇ। ਬਿਜ਼ਦ=ਮਾਰੇ। ਹਰ ਦੁ ਦਸਤ=ਦੋਵੇਂ ਹੱਥ।

**ਅਰਥ**—ਹੱਥ ਵਿਚੋਂ ਸਿਰ ਨੂੰ ਉਥੇ ਹੀ ਸੁਟ ਦਿਤਾ। ਆਪਣੇ ਦੋਵੇਂ ਹੱਥ ਛਾਤੀ ਅਤੇ ਸਿਰ ਉਤੇ ਮਾਰੇ ਭਾਵ ਪਿੱਟਣਾ ਸ਼ੁਰੂ ਕਰ ਦਿਤਾ।੨੩।

**ਮਰਾ ਪੁਸ਼ਤ ਦਾਦੀ ਤੁਰਾ ਹਕ ਦਿਹਦ ॥**
**ਵਜ਼ਾਂ ਰੋਜ਼ ਮੌਲਾਇ ਕਾਜ਼ੀ ਸ਼ਵਦ ॥੨੪॥**

**ਪਦ ਅਰਥ**—ਮਰਾ=ਮੈਨੂੰ। ਪੁਸ਼ਤ=ਪਿੱਠ। ਦਾਦੀ=ਦਿਤੀ। ਤੁਰਾ=ਤੈਨੂੰ। ਹੱਕ=ਖ਼ੁਦਾ। ਦਿਹਦ=ਦੇਵੇਗਾ। ਵਜ਼ਾਂ ਰੋਜ਼=ਉਸ ਦਿਨ। ਮੌਲਾਇ=ਪ੍ਰਮਾਤਮਾ। ਸ਼ਵਦ=ਹੋਵੇਗਾ। ਕਾਜ਼ੀ=ਇਸਲਾਮੀ ਸ਼ਰ੍ਹਾਂ ਦੇ ਮੁਤਾਬਿਕ ਸੱਚ ਝੂਠ ਦਾ ਨਿਆਂ ਕਰਨ ਵਾਲਾ।

**ਅਰਥ**—ਤੂੰ ਮੈਨੂੰ ਪਿੱਠ ਦਿਤੀ ਹੈ, ਤੈਨੂੰ ਖ਼ੁਦਾ ਪਿੱਠ ਦੇਵੇਗਾ। ਉਸ ਦਿਨ ਪ੍ਰਮਾਤਮਾ ਆਪ ਸੱਚ ਝੂਠ ਦਾ ਨਿਆਂ ਕਰਨ ਵਾਲਾ ਹੋਵੇਗਾ।੨੪।

**ਬਿਅੰਦਾਖ਼ਤ ਸਰ ਖ਼ਾਨਹ ਆਮਦ ਬਬਾਜ਼ ॥**
**ਬਿਆਂ ਲਾਸ਼ ਕਾਜ਼ੀ ਬ ਖੁਸ਼ਪਦ ਦਰਾਜ਼ ॥੨੫॥**

**ਪਦ ਅਰਥ**—ਬਿਅੰਦ=ਸੁਟ ਦਿਤਾ। ਸਰ=ਸਿਰ। ਖ਼ਾਨਹ=ਘਰ। ਆਮਦ=ਆ ਗਈ। ਬਬਾਜ਼=ਮੁੜ ਕੇ। ਬਿਆਂ=ਉਸ ਕੋਲ। ਲਾਸ਼=ਮੁਰਦਾ ਲੋਥ। ਖੁਸ਼ਪਦ=ਸੌਂ ਗਈ। ਦਰਾਜ਼=ਲੰਮੀ।

**ਅਰਥ**—ਸਿਰ ਨੂੰ ਸੁਟ ਦਿਤਾ ਆਪ ਮੁੜ ਕੇ ਘਰ ਆ ਗਈ। ਕਾਜ਼ੀ ਦੀ ਲੋਥ ਕੋਲ ਹੀ ਲੰਮੀ ਪੈ ਕੇ ਸੌਂ ਗਈ।੨੫।

**ਬਿਅੰਦਾਖਤ ਬਰ ਸਰ ਜ਼ਿ ਖ਼ੁਦ ਦਸਤ ਖ਼ਾਕ ॥**
**ਬਿਗੁਫ਼ਤਾ ਕਿ ਖ਼ੇਜ਼ੇਦ ਯਾਰਾਨਿ ਪਾਕ ॥੨੬॥**

**ਪਦ ਅਰਥ**—ਬਿਅੰਦਾਖ਼ਤ=ਪਾਈ। ਬਰ ਸਰ=ਸਿਰ ਉਤੇ। ਜ਼ਿ=ਨਾਲ। ਖੁਦ=ਆਪਣੇ। ਦਸਤ=ਹੱਥ। ਖ਼ਾਕ=ਖੇਹ, ਮਿੱਟੀ। ਬਿਗੁਫ਼ਤਾ=ਕਿਹਾ। ਖੇਜ਼ੇਦ=ਉਠੋ। ਯਾਰਾਨਿ ਪਾਕ=ਪਵਿਤ੍ਰ ਮਿਤਰੋ।

**ਅਰਥ**—ਆਪਣੇ ਸਿਰ ਵਿਚ ਆਪਣੇ ਹੱਥ ਨਾਲ ਮਿੱਟੀ ਪਾ ਲਈ ਅਤੇ ਕਿਹਾ—ਹੇ ਪਵਿਤਰ ਮਿੱਤਰੋ! ਉਠੋ।੨੬।

**ਚਿਹ ਬਦ ਕਾਰ ਕਰਦ ਈਂ ਕਸੇ ਸ਼ੋਰ ਬਖ਼ਤ ॥**
**ਕਿ ਕਾਜ਼ੀ ਬਜਾਂ ਕੁਸ਼ਤ ਯਕ ਜ਼ਖਮ ਸਖ਼ਤ ॥੨੭॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਚਿਹ=ਕੀ। ਬਦ ਕਾਰ=ਬੁਰਾ ਕੰਮ। ਕਰਦ=ਕੀਤਾ। ਈਂ=ਇਹ। ਕਸੇ=ਕਿਸੇ ਆਦਮੀ। ਸ਼ੋਰ ਬਖ਼ਤ=ਮੰਦ ਭਾਗੀ ਚੰਦਰੇ। ਬਜਾਂ=ਜਾਨ ਤੋਂ ਹੀ। ਕੁਸ਼ਤ=ਮਾਰ ਸੁਟਿਆ। ਯਕ ਜ਼ਖਮ=ਇਕੋ ਘਾਉ।

**ਅਰਥ**—ਕਿਸੇ ਚੰਦਰੇ ਆਦਮੀ ਨੇ ਇਹ ਕੀ ਬੁਰਾ ਕੰਮ ਕੀਤਾ? ਜੋ ਇਕ ਹੀ ਸਖ਼ਤ ਸੱਟ ਨਾਲ ਕਾਜ਼ੀ ਨੂੰ ਜਾਨੋ ਮਾਰ ਸੁਟਿਆ।੨੭।

**ਬ-ਹਰ ਜਾ ਕਿ ਯਾਬੇਦ ਖ਼ੂਨਸ਼ ਨਿਸ਼ਾਂ॥**
**ਹਮਾਂ ਰਾਹ ਗੀਰੰਦ ਹਮਹ ਮਰਦੁਮਾਂ॥੨੮॥**

**ਪਦ ਅਰਥ**—ਬ=ਵਿਚ। ਹਰ ਜਾ=ਜਿਸ ਜਗ੍ਹਾ, ਜਿਥੇ। ਯਾਬੇਦ=ਪਿਆ ਹੋਇਆ। ਖ਼ੂਨਸ਼=ਉਸ ਲਹੂ। ਨਿਸ਼ਾਂ=ਨਿਸ਼ਾਨ, ਚਿੰਨ੍ਹ। ਹਮਾਂ ਰਾਹ=ਉਸ ਰਾਹ। ਗੀਰੰਦ=ਫੜ ਲਿਆ। ਹਮਹ=ਸਭਨਾਂ। ਮਰਦੁਮਾਂ= ਆਦਮੀਆਂ।

**ਅਰਥ**—ਜਿਸ ਜਗ੍ਹਾ ਉਸ ਲਹੂ ਦਾ ਨਿਸ਼ਾਨ ਪਿਆ ਹੋਇਆ ਸੀ, ਸਾਰੇ ਬੰਦਿਆਂ ਨੇ ਉਸੇ ਰਾਹ ਨੂੰ ਫੜ ਲਿਆ।੨੮।

**ਬ ਆਂ ਜਾ ਜਹਾਂ ਖ਼ਲਕ ਇਸਤਾਦਹ ਕਰਦ॥**
**ਬਜਾਇ ਸਰੇ ਕਾਜ਼ੀ ਉਫ਼ਤਾਦਹ ਕਰਦ॥੨੯॥**

**ਪਦ ਅਰਥ**—ਬ=ਵਿਚ। ਆਂ=ਉਸ। ਜਾ=ਜਗ੍ਹਾ। ਜਹਾਂ=ਸੰਸਾਰ, ਮੁਲਕ। ਖ਼ਲਕ=ਖ਼ਲਕਤ, ਲੋਕ। ਇਸਤਾਦਹ ਕਰਦ=ਖੜਾ ਕੀਤਾ। ਬਜਾਇ=ਜਿਸ ਜਗ੍ਹਾ ਵਿਚ। ਸਰੇ=ਸਿਰ। ਉਫ਼ਤਾਦਹ=ਸੁਟਿਆ ਹੋਇਆ ਸੀ।

**ਅਰਥ**—ਸੰਸਾਰ ਦੇ ਸਾਰੇ ਲੋਕਾਂ ਨੂੰ ਉਸ ਜਗ੍ਹਾ ਵਿਚ ਖੜਾ ਕੀਤਾ। ਜਿਥੇ ਕਾਜ਼ੀ ਦਾ ਸਿਰ ਸੁੱਟਿਆ ਹੋਇਆ ਸੀ।੨੯।

**ਬਿਦਾਨਿਸਤ ਹਮ ਔਰਤੇ ਮਰਦੁਮਾਂ॥**
**ਕਿ ਈਂ ਰਾ ਬਿਕੁਸ਼ਤ ਅਸਤ ਰਾਜਹ ਹਮਾਂ॥੩੦॥**

**ਪਦ ਅਰਥ**—ਬਿਦਾਨਿਸਤ=ਜਾਣ ਲਿਆ। ਹਮ=ਵੀ। ਔਰਤੇ ਮਰਦੁਮਾਂ=ਔਰਤਾਂ ਤੇ ਆਦਮੀਆਂ। ਕਿ=ਜੋ। ਈਂ ਰਾ=ਇਸ ਨੂੰ। ਬਿਕੁਸ਼ਤ=ਮਾਰਿਆ ਹੈ, ਵੱਢਿਆ ਹੈ। ਰਾਜਹ ਹਮਾਂ=ਉਸ ਰਾਜੇ ਨੇ।

**ਅਰਥ**—ਔਰਤਾਂ ਤੇ ਆਦਮੀਆਂ ਨੇ ਵੀ ਜਾਣ ਲਿਆ ਜੋ ਇਸ ਨੂੰ ਉਸ ਰਾਜੇ ਨੇ ਹੀ ਮਾਰਿਆ ਹੈ।੩੦।

**ਗ੍ਰਿਫ਼ਤੰਦ ਓ ਰਾ ਬਿ ਬਸਤੰਦ ਸਖਤ॥**
**ਕਿ ਜਾਇ ਜਹਾਂਗੀਰ ਬਿਨਸ਼ਸਤਹ ਤਖਤ॥੩੧॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਗਿਰ੍ਫ਼ਤੰਦ=ਫੜ ਲਿਆ । ਓ ਰਾ=ਉਸ ਨੂੰ । ਬਸਤੰਦ=ਬੰਨ੍ਹ ਲਿਆ । ਸਖ਼ਤ=ਕੱਸ ਕੇ। ਕਿ=ਜੋ । ਜਾਇ=ਜਗ੍ਹਾ । ਬਿਨਸ਼ਸਤਹ=ਬੈਠਾ ਹੋਇਆ ।

***ਅਰਥ***—ਉਸ ਨੂੰ ਫੜ ਲਿਆ ਅਤੇ ਕੱਸ ਕੇ ਬੰਨ੍ਹ ਲਿਆ । ਜਿਸ ਜਗ੍ਹਾ ਜਹਾਂਗੀਰ ਤਖ਼ਤ ਉਤੇ ਬੈਠਾ ਹੋਇਆ ਸੀ ।੩੧।

**ਬਿਗੁਫ਼ਤੰਦ ਕਿ ਈਂ ਰਾ ਹਵਾਲਹ ਕੁਨਦ ॥**
**ਬ ਦਿਲ ਹਰ ਚਹ ਦਾਰਦ ਸਜ਼ਾਇਸ਼ ਦਿਹਦ ॥੩੨॥**

***ਪਦ ਅਰਥ***—ਬਿਗੁਫ਼ਤੰਦ=ਕਿਹਾ । ਕਿ=ਜੋ । ਈਂ ਰਾ=ਇਸ ਨੂੰ । ਹਵਾਲਹ ਕੁਨਦ=ਹਵਾਲੇ ਕਰਦਾ ਹਾਂ । ਬ=ਵਿਚ । ਹਰ ਚਹ= ਜੋ ਕੁਝ । ਦਾਰਦ=ਰੱਖਦਾ । ਸਜ਼ਾਇਸ਼=ਦੰਡ ਜਾਂ ਬਦਲਾ ਉਸ ਨੂੰ । ਦਿਹਦ= ਦੇਵੇਗੀ ।

***ਅਰਥ***—ਬਾਦਸ਼ਾਹ ਨੇ ਕਿਹਾ-ਜੋ ਇਸ ਨੂੰ ਮੈਂ ਕਾਜ਼ਿਆਨੀ ਹਵਾਲੇ ਕਰਦਾ ਹਾਂ । ਜੋ ਕੁਝ ਵੀ ਸਜ਼ਾ ਦਿਲ ਵਿਚ ਰਖਦੀ ਹੋਵੇਗੀ, ਉਹ ਇਸ ਨੂੰ ਦੇ ਦੇਵੇਗੀ ।੩੨।

**ਬਿਫ਼ਰਮੂਦ ਜੱਲਾਦ ਰਾ ਸ਼ੋਰ ਬਖਤ ॥**
**ਕਿ ਈਂ ਸਰ ਜੁਦਾ ਕੁਨ ਬ ਯਕ ਜ਼ਖਮਿ ਸਖਤ ॥੩੩॥**

***ਪਦ ਅਰਥ***—ਬਿਫ਼ਰਮੂਦ=ਹੁਕਮ ਦਿਤਾ । ਜੱਲਾਦ ਰਾ= ਮਾਰਣ ਵਾਲੇ ਨੂੰ । ਸ਼ੋਰ ਬਖਤ=ਬੁਰੀ ਕਿਸਮਤ ਵਾਲਾ । ਕਿ=ਜੋ । ਈਂ ਸਰ=ਇਸ ਦਾ ਸਿਰ । ਜੁਦਾ ਕੁਨ=ਵੱਖਰਾ ਕਰ ਦੇਹੁ । ਬ ਯਕ ਜ਼ਖਮਿ ਸਖਤ=ਇਕ ਜ਼ੋਰ ਦੀ ਸੱਟ ਨਾਲ ।

***ਅਰਥ***—ਜੱਲਾਦ ਨੂੰ ਹੁਕਮ ਦਿਤਾ-ਜੋ ਇਸ ਬੁਰੀ ਕਿਸਮਤ ਵਾਲੇ ਦਾ ਸਿਰ ਇਕੋ ਹੀ ਜ਼ੋਰ ਦੀ ਸੱਟ ਨਾਲ ਵੱਖਰਾ ਕਰ ਦੇਹੁ ।੩੩।

**ਚੁ ਸ਼ਮਸ਼ੇਰ ਰਾ ਦੀਦ ਆਂ ਨੌਜਵਾਂ ॥**
**ਬ ਲਰਜ਼ਹ ਦਰਾਮਦ ਚੋ ਸਰਵੇ ਗਿਰਾਂ ॥੩੪॥**

***ਪਦ ਅਰਥ***—ਚੁ=ਜਦ । ਸ਼ਮਸ਼ੇਰ=ਤਲਵਾਰ । ਰਾ=ਨੂੰ । ਦੀਦ=ਵੇਖਿਆ । ਆਂ=ਉਸ । ਲਰਜ਼ਹ=ਕਾਂਬਾ, ਕੰਬਨੀ । ਦਰਾਮਦ=ਆਈ । ਚੋ=ਵਾਂਗੂ । ਸਰਵੇ ਗਿਰਾਂ=ਭਾਰੇ ਸਰੂ ਬ੍ਰਿਛ ।

***ਅਰਥ***—ਜਦ ਉਸ ਨੌਜਵਾਨ ਨੇ ਤਲਵਾਰ ਨੂੰ ਵੇਖਿਆ ਤਾਂ ਉਸ ਨੂੰ ਬੜੇ ਭਾਰੀ ਸਰੂ ਬ੍ਰਿਛ ਵਾਂਗੂ ਕੰਬਣੀ ਆ ਗਈ ।੩੪।

**ਬਿਗੁਫ਼ਤਹ ਕਿ ਮਨ ਕਾਰਿ ਬਦ ਕਰਦਹ ਅਮ ॥**
**ਬਕਾਰੇ ਸ਼ੁਮਾ ਤੌਰ ਖ਼ੁਦ ਕਰਦਹ ਅਮ ॥੩੫॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬਿਗੁਫ਼ਤਹ=ਆਖਿਆ। ਕਿ=ਜੋ। ਮਨ=ਮੈਂ। ਕਾਰਿ ਬਦ=ਬੁਰਾ ਕੰਮ। ਕਰਦਹ ਅਮ=ਕੀਤਾ ਹੈ। ਬਕਾਰੇ=ਕੰਮ ਵਿਚ। ਸ਼ੁਮਾ=ਤੇਰੇ। ਤੌਰ=ਮੁਤਾਬਿਕ, ਅਨੁਸਾਰ। ਖ਼ੁਦ=ਆਪ।

**ਅਰਥ**—ਕਿਹਾ, ਜੋ ਮੈਂ ਬੁਰਾ ਕੰਮ ਕੀਤਾ ਹੈ। ਤੇਰੇ ਮੁਤਾਬਿਕ ਕੰਮ ਵਿਚ ਆਪ ਕੀਤਾ ਹੈ।੩੫।

**ਨਮੂਦਹ ਇਸ਼ਾਰਤ ਬਚਸ਼ਮੇ ਬਿਆਂ ॥**
**ਕਿ ਐ ਬਾਨੂਏ ਸਰਵਰਿ ਬਾਨੂਆਂ ॥੩੬॥**

**ਪਦ ਅਰਥ**—ਨਮੂਦ=ਕੀਤੀ। ਇਸ਼ਾਰਤ=ਸੈਨਤ। ਬਚਸ਼ਮੇ=ਅੱਖ ਨਾਲ। ਬਿਆਂ=ਉਸ ਨੂੰ। ਕਿ=ਜੋ। ਬਾਨੂਏ=ਇਸਤ੍ਰੀ। ਸਰਵਰਿ=ਸਿਰਤਾਜ। ਬਾਨੂਆਂ=ਇਸਤ੍ਰੀਆਂ।

**ਅਰਥ**—ਅੱਖ ਨਾਲ ਉਸ ਨੂੰ ਸੈਨਤ ਕੀਤੀ। ਜੋ ਹੇ ਇਸਤ੍ਰੀਆਂ ਦੀ ਸਿਰਤਾਜ ਇਸਤ੍ਰੀ! ਹੇ ਰਾਣੀਆਂ ਵਿਚੋਂ ਸ਼ਿਰੋਮਣੀ ਰਾਣੀ।੩੬।

**ਜ਼ਿ ਹੁਕਮਿ ਸ਼ੁਮਾਂ ਮਨ ਖ਼ਤਾ ਕਰਦਹ ਅਮ ॥**
**ਕਿ ਕਾਰ ਈਂ ਬ ਬੇਮਸਲਿਹਤ ਕਰਦਹ ਅਮ ॥੩੭॥**

**ਪਦ ਅਰਥ**—ਜ਼ਿ=ਤੋਂ। ਸ਼ੁਮਾਂ=ਤੇਰਾ। ਮਨ=ਮੈਂ। ਖ਼ਤਾ=ਗੁਨਾਹ, ਭੁੱਲ। ਕਰਦਹ ਅਮ=ਕੀਤੀ ਹੈ। ਕਾਰ ਈਂ=ਇਹ ਕੰਮ। ਬੇਮਸਲਿਹਤ=ਵਿਚਾਰ ਤੋਂ ਬਿਨਾਂ ਜਾਂ ਸਲਾਹ ਤੋਂ ਬਿਨਾਂ।

**ਅਰਥ**—ਜੋ ਤੇਰੇ ਹੁਕਮ ਤੋਂ ਇਨਕਾਰ ਕੀਤਾ ਹੈ, ਇਹ ਮੈਂ ਗੁਨਾਹ ਕੀਤਾ ਹੈ। ਇਹ ਜੋ ਕੰਮ ਮੈਂ ਸੋਚੇ ਸਮਝੇ ਅਤੇ ਵਿਚਾਰੇ ਤੋਂ ਬਿਨਾਂ ਜਾਂ ਸਲਾਹ ਤੋਂ ਬਿਨਾਂ ਕੀਤਾ ਹੈ।੩੭।

**ਖ਼ਿਲਾਸ਼ਮ ਬਿਦਿਹ ਅਹਿਦ ਕਰਦਮ ਕਬੂਲ ॥**
**ਕਿ ਅਹਿਦਿ ਖ਼ੁਦਾ ਅਸਤ ਕਸਮੇ ਰਸੂਲ ॥੩੮॥**

**ਪਦ ਅਰਥ**—ਖਿਲਾਸ਼ਮ=ਖਲਾਸੀ ਮੈਨੂੰ, ਛੁਟਕਾਰਾ ਮੈਨੂੰ। ਬਿਦਿਹ=ਦੇਹ। ਅਹਿਦ=ਬਚਨ। ਕਰਦਮ=ਕਰਦਾ ਹਾਂ। ਕਬੂਲ=ਮਨਜ਼ੂਰ। ਕਿ=ਜੋ। ਅਹਿਦਿ=ਸੌਂਹ। ਅਸਤ=ਹੈ। ਕਸਮੇ=ਸੌਂਹ, ਸੁਗੰਧ। ਰਸੂਲ=ਮੁਹੰਮਦ, ਪੈਗੰਬਰ।

**ਅਰਥ**—ਮੈਨੂੰ ਛੁਟਕਾਰਾ ਦੇਹ, ਮੈਂ ਤੇਰਾ ਬਚਨ ਮਨਜ਼ੂਰ ਕਰਦਾ ਹਾਂ। ਜੋ ਖ਼ੁਦਾ ਦੀ ਸੌਂਹ ਤੇ ਮੁਹੰਮਦ ਦੀ ਸੌਂਹ ਹੈ।੩੮।

**ਗੁਨਹ ਬਖ਼ਸ਼ ਤੋ ਮਨ ਖ਼ਤਾ ਕਰਦਹ ਅਮ ॥**
**ਕਿ ਐ ਜਿਗਰਿ ਜਾਂ ਮਨ ਗ਼ੁਲਾਮਿ ਤੁਅਮ ॥੩੯॥**

**ਪਦ ਅਰਥ**—ਗੁਨਹ=ਭੁਲ। ਮਨ=ਮੈਂ। ਖ਼ਤਾ=ਗੁਨਾਹ, ਗ਼ਲਤੀ। ਕਰਦਹ ਅਮ=ਕੀਤਾ ਹੈ। ਜਿਗਰਿ=ਜਿੰਦ। ਗ਼ੁਲਾਮਿ=ਦਾਸ, ਨੌਕਰ। ਤੁਅਮ=ਤੇਰਾ ਹਾਂ।

**ਅਰਥ**—ਤੂੰ ਭੁਲ ਬਖ਼ਸ਼, ਮੈਂ ਗ਼ਲਤੀ ਕੀਤੀ ਹੈ। ਜੋ ਹੇ ਜਿੰਦ ਜਾਨ! ਮੈਂ ਤੇਰਾ ਨੌਕਰ ਹਾਂ।੩੯।

**ਬਿਗੁਫ਼ਤਹ ਗਰ ਈਂ ਰਾਜਹ ਪਾਂ ਸਦ ਕੁਸ਼ਮ ॥**
**ਨ ਕਾਜ਼ੀ ਮਰਾ ਜ਼ਿੰਦਹ ਦਸਤ ਆਯਦਮ ॥੪੦॥**

***ਪਦ ਅਰਥ***—ਬਿਗੁਫ਼ਤਹ=ਆਖਿਆ । ਗਰ=ਜੇਕਰ । ਈਂ=ਇਸ । ਪਾਂ ਸਦ=ਪੰਜ ਸੌ । ਕੁਸ਼ਮ=ਮਾਰ ਦੇਵਾਂ । ਮਰਾ=ਮੈਨੂੰ । ਦਸਤ=ਹੱਥ । ਆਯਦਮ=ਆਵੇਗਾ ।

***ਅਰਥ***—ਕਹਿਣ ਲੱਗੀ-ਜੇਕਰ ਇਸ ਤਰ੍ਹਾਂ ਦੇ ਪੰਜ ਸੌ ਰਾਜੇ ਵੀ ਮਾਰ ਦੇਵਾਂ । ਤਦ ਵੀ ਕਾਜ਼ੀ ਮੈਨੂੰ ਜੀਊਂਦਾ ਹੱਥ ਨਹੀਂ ਆਵੇਗਾ ।੪੦।

**ਕਿ ਓ ਕੁਸ਼ਤਹ ਸ਼ੁਦ ਮਨ ਚਰਾ ਈਂ ਕੁਸ਼ਮ ॥**
**ਕਿ ਖ਼ੂਨਿ ਅਜ਼ੀਂ ਬਰ ਸਰਿ ਖ਼ੁਦ ਕੁਨਮ ॥੪੧॥**

***ਪਦ ਅਰਥ***—ਕਿ=ਜਦ । ਕੁਸ਼ਤਹ ਸ਼ੁਦ=ਮਰ ਗਿਆ ਹੈ । ਮਨ=ਮੈਂ । ਚਰਾ=ਕਿਉਂ । ਈਂ=ਇਸ ਨੂੰ। ਕੁਸ਼ਮ=ਮਾਰਾਂ । ਖ਼ੂਨਿ=ਮਾਰਨ ਦਾ ਪਾਪ । ਅਜ਼ੀਂ=ਇਸ ਦਾ । ਬਰ ਸਰਿ=ਸਿਰ ਦੇ ਉਤੇ । ਖ਼ੁਦ=ਆਪਣੇ। ਕੁਨਮ=ਕਰ ਲਵਾਂ।

***ਅਰਥ***—ਜਦ ਓਹ (ਕਾਜ਼ੀ) ਮਰ ਗਿਆ ਹੈ, ਤਾਂ ਮੈਂ ਇਸ ਨੂੰ ਕਿਉਂ ਮਾਰਾਂ ? ਜੋ ਇਸ ਦੇ ਮਾਰਨ ਦਾ ਪਾਪ ਆਪਣੇ ਸਿਰ ਉਤੇ ਆਪੇ ਹੀ ਕਰ ਲਵਾਂ।੪੧।

**ਚਿਹ ਖੁਸ਼ਤਰ ਕਿ ਈਂ ਰਾ ਖ਼ਲਾਸੀ ਦਿਹਮ ॥**
**ਵ ਮਨ ਹਜ਼ਰਤੇ ਕਾਬਹ ਅੱਲਹ ਰਵਮ ॥੪੨॥**

***ਪਦ ਅਰਥ***—ਚਿਹ=ਕੇਹੀ । ਖੁਸ਼ਤਰ=ਚੰਗੀ ਗੱਲ । ਖ਼ਲਾਸੀ=ਛੁਟਕਾਰਾ । ਦਿਹਮ=ਦੇਵਾਂ । ਮਨ=ਮੈਂ। ਕਾਬਹ=ਮੱਕਾ । ਰਵਮ=ਮੈਂ ਚਲੀ।

***ਅਰਥ***—ਕੇਹੀ ਚੰਗੀ ਗੱਲ ਹੈ ਜੋ ਇਸ ਨੂੰ ਛੁਟਕਾਰਾ ਦੇ ਦੇਵਾਂ । ਅਤੇ ਮੈਂ ਅੱਲਾਹ (ਦੇ ਘਰ) ਕਾਬੇ ਦਾ ਹੱਜ ਕਰਨ ਲਈ ਚਲੀ ਜਾਵਾਂ।੪੨।

**ਬਿਗੁਫ਼ਤ ਈਂ ਸੁਖਨ ਰਾ ਵ ਕਰਦਸ਼ ਖਿਲਾਸ ॥**
**ਬਖ਼ਾਨਹ ਖ਼ੁਦ ਆਮਦ ਜਮਹ ਕਰਦ ਖਾਸ ॥੪੩॥**

***ਪਦ ਅਰਥ***—ਬਿਗੁਫ਼ਤ=ਕਿਹਾ । ਕਰਦਸ਼ ਖਿਲਾਸ=ਅਜ਼ਾਦ ਕਰ ਦਿਤਾ । ਬਖ਼ਾਨਹ=ਘਰ ਵਿਚ। ਖ਼ੁਦ=ਆਪਣੇ । ਆਮਦ=ਆ ਗਈ । ਜਮਹ ਕਰਦ=ਇਕੱਠੇ ਕਰ ਲਏ । ਖਾਸ=ਚੰਗੇ।

***ਅਰਥ***—ਇਸ ਗੱਲ ਨੂੰ ਕਿਹਾ ਅਤੇ ਉਸ ਨੂੰ ਅਜ਼ਾਦ ਕਰ ਦਿਤਾ । ਫਿਰ ਆਪਣੇ ਘਰ ਵਿਚ ਆ ਗਈ ਅਤੇ ਚੰਗੇ ਬੰਦੇ ਇਕੱਠੇ ਕਰ ਲਏ ।੪੩।

**ਬਿ ਬਸਤੰਦ ਬਾਰੋ ਤਿਆਰੀ ਕੁਨਦ ॥**
**ਕਿ ਏਜ਼ਦ ਮਰਾ ਕਾਮਗਾਰੀ ਦਿਹਦ ॥੪੪॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਬਸਤੰਦ=ਬੰਨ੍ਹ ਲਿਆ। ਬਾਰੋ=ਭਾਰ ਨੂੰ। ਕੁਨਦ=ਕੀਤੀ। ਏਜ਼ਦ=ਪ੍ਰਮਾਤਮਾ। ਮਰਾ=ਮੇਰੀ। ਕਾਮਗਾਰੀ=ਇੱਛਾ, ਮਨੋ ਕਾਮਨਾ। ਦਿਹਦ=ਦੇਵੇ।

***ਅਰਥ***—ਭਾਰ ਨੂੰ ਬੰਨ੍ਹ ਲਿਆ ਅਤੇ ਤਿਆਰੀ ਕਰ ਲਈ। ਜੋ ਪ੍ਰਮਾਤਮਾ ਮੇਰੀ ਇੱਛਾ ਪੂਰੀ ਕਰ ਦੇਵੇ।੪੪। [ਦ: ਗ੍ਰੰ: ਪੰਨਾ ੧੪੦੮

## ਦਰੇਗ਼ ਅਜ਼ ਕਬਾਇਲ ਜੁਦਾ ਮੇ ਸ਼ੂਮ॥
## ਅਗਰ ਜ਼ਿੰਦਹ ਬਾਸ਼ਮ ਬ ਬਾਜ਼ ਆਮਦਮ॥੪੫॥

***ਪਦ ਅਰਥ***—ਦਰੇਗ਼=ਅਫ਼ਸੋਸ। ਅਜ਼=ਤੋਂ। ਕਬਾਇਲ=ਕਬੀਲੇ, ਭਾਈਚਾਰਾ। ਜੁਦਾ=ਵੱਖਰੀ। ਮੇ ਸ਼ੂਮ=ਮੈਂ ਹੁੰਦੀ ਹਾਂ। ਅਗਰ=ਜੇਕਰ। ਜ਼ਿੰਦਹ=ਜੀਊਂਦੀ। ਬਾਸ਼ਮ=ਰਹੀ। ਬਾਜ਼=ਵਾਪਸ। ਆਮਦਮ=ਆਵਾਂਗੀ।

***ਅਰਥ***—ਮੈਨੂੰ ਇਸ ਗੱਲ ਦਾ ਬੜਾ ਅਫ਼ਸੋਸ ਹੈ ਜੋ ਮੈਂ ਭਾਈਚਾਰੇ ਤੋਂ ਵੱਖਰੀ ਹੋ ਰਹੀ ਹਾਂ। ਜੇਕਰ ਜੀਊਂਦੀ ਰਹੀ ਵਾਪਸ ਆ ਜਾਵਾਂਗੀ।੪੫।

## ਮਤਾਇ ਨਕਦ ਜਿਨਸ ਰਾ ਬਾਰ ਬਸਤ॥
## ਰਵਾਨਾ ਸੂਏ ਕਾਬਹ ਅੱਲਹ ਸ਼ੁਦਸਤ॥੪੬॥

***ਪਦ ਅਰਥ***—ਮਤਾਇ=ਜੇਵਰ ਆਦਿਕ ਪੂੰਜੀ। ਨਕਦ=ਰੋਕ। ਜਿਨਸ=ਚੀਜ਼ਾਂ। ਰਾ=ਦਾ। ਬਾਰ=ਭਾਰ। ਬਸਤ=ਬੰਨ੍ਹਕੇ। ਰਵਾਨਾ=ਤੁਰੀ। ਸੂਏ=ਤਰਫ਼। ਕਾਬਹ=ਮੱਕਾ। ਅੱਲਹ=ਰੱਬ। ਸ਼ੁਦਸਤ=ਹੋ ਗਈ ਹੈ।

***ਅਰਥ***—ਜ਼ੇਵਰ, ਰੁਪੈ ਤੇ ਚੰਗੀਆਂ ਚੰਗੀਆਂ ਚੀਜ਼ਾਂ ਦੀਆਂ ਗੰਢਾਂ ਬੰਨ੍ਹਕੇ ਪ੍ਰਮੇਸ਼ਰ ਦੇ ਘਰ, ਮੱਕੇ ਵਲ ਤੁਰ ਪਈ।੪੬।

## ਚੋ ਬੇਰੂੰ ਬਰਾਮਦ ਦੋ ਸਿਹ ਮੰਜ਼ਲਸ਼॥
## ਬਯਾਦ ਆਮਦਹ ਖਾਨਹ ਅਜ਼ਾਂ ਦੋਸਤਸ਼॥੪੭॥

***ਪਦ ਅਰਥ***—ਚੋ=ਜਦ। ਬੇਰੂੰ=ਬਾਹਰ। ਬਰਾਮਦ=ਆਈ। ਦੋ ਸਿਹ=ਦੋ ਤਿੰਨ। ਮੰਜ਼ਲਸ਼=ਪੜਾਉ ਉਹ। ਬ ਯਾਦ=ਚੇਤੇ ਵਿਚ। ਖਾਨਹ=ਘਰ। ਅਜ਼ਾਂ=ਉਸ। ਦੋਸਤਸ਼=ਯਾਰ ਉਸ ਨੂੰ।

***ਅਰਥ***—ਜਦ ਉਹ ਦੋ ਤਿੰਨ ਪੜਾਉ ਸ਼ਹਿਰ ਤੋਂ ਬਾਹਰ ਆਈ ਤਾਂ ਉਸ ਨੂੰ ਉਸ ਯਾਰ ਦਾ ਘਰ ਚੇਤੇ ਆਇਆ।੪੭।

## ਬ ਬਾਜ਼ ਆਮਦਹ ਨੀਮ ਸ਼ਬ ਖਾਨਹ ਆਂ॥
## ਨਿਆਮਤ ਅਜ਼ੀਮੇ ਵ ਦੌਲਤ ਗਿਰਾਂ॥੪੮॥

***ਪਦ ਅਰਥ***—ਬਾਜ਼ ਆਮਦਹ=ਪਿਛੇ ਮੁੜ ਆਈ। ਨੀਮ ਸ਼ਬ=ਅੱਧੀ ਰਾਤ। ਖਾਨਹ=ਘਰ। ਆਂ=ਉਸ। ਨਿਆਮਤ=ਪਦਾਰਥ, ਸੁਗਾਤਾਂ। ਅਜ਼ੀਮੇ=ਬਹੁਤ ਵਡੀਆਂ। ਦੌਲਤ=ਧਨ ਮਾਲ। ਗਿਰਾਂ=ਬਹੁਤ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਅੱਧੀ ਰਾਤ ਵੇਲੇ ਉਸ ਮਿੱਤ੍ਰ ਦੇ ਘਰ ਪਿਛੇ ਮੁੜ ਆਈ। ਬਹੁਤ ਵਡੀਆਂ ਸੁਗਾਤਾਂ ਤੇ ਬਹੁਤ ਸਾਰਾ ਧਨ-ਮਾਲ ਵੀ ਲੈ ਆਈ।੪੮।

**ਬਿ ਦਾਨਿਸਤ ਆਲਮ ਕੁਜਾ ਜਾਇ ਗਸ਼ਤ ॥**
**ਚਿ ਦਾਨਦ ਕਿ ਕਸ ਹਾਲ ਬਰ ਸਰ ਗੁਜ਼ਸ਼ਤ ॥੪੯॥**

**ਪਦ ਅਰਥ**—ਦਾਨਿਸਤ=ਜਾਣਿਆ। ਆਲਮ=ਜਗਤ। ਕੁਜਾ=ਕਿਸ। ਜਾਇ=ਜਗ੍ਹਾ। ਗਸ਼ਤ=ਗਈ ਹੈ। ਚਿਹ=ਕੀ। ਦਾਨਦ=ਜਾਣਦਾ। ਕਿ=ਜੋ। ਕਸ=ਕੀ। ਹਾਲ=ਸਮਾਂ। ਬਰ ਸਰ=ਸਿਰ ਉਤੇ। ਗੁਜ਼ਸ਼ਤ=ਗੁਜ਼ਰਦਾ ਹੈ।

**ਅਰਥ**—ਸੰਸਾਰ ਨੇ ਇਹ ਨਾ ਜਾਣਿਆ, ਕਿਸ ਜਗ੍ਹਾ ਤੇ ਗਈ ਹੈ। (ਕੋਈ) ਕੀ ਜਾਣਦਾ ਹੈ, ਜੋ ਕਿਸ ਤਰ੍ਹਾਂ ਦਾ ਸਮਾਂ ਸਿਰ ਉਤੇ ਲੰਘ ਰਿਹਾ ਹੈ।੪੯।

**ਬਿਦਿਹ ਸਾਕੀਆ ਪਿਆਲਹ ਫ਼ੀਰੋਜ਼ਹ ਫ਼ਾਮ ॥**
**ਕਿ ਮਾਰਾ ਬਕਾਰ ਅਸਤ ਵਕਤਿ ਤੁਆਮ ॥੫੦॥**

**ਪਦ ਅਰਥ**—ਬਿਦਿਹ=ਦਿਓ। ਸਾਕੀਆ=ਹੇ ਸਾਕੀ! ਫ਼ੀਰੋਜ਼ਹ ਫ਼ਾਮ=ਹਰੇ ਰੰਗ ਦਾ। ਮਾਰਾ=ਮੈਨੂੰ। ਬਕਾਰ=ਲੋੜੀਦਾ। ਅਸਤ=ਹੈ। ਵਕਤਿ=ਵੇਲੇ ਸਿਰ। ਤੁਆਮ=ਰੋਟੀ।

**ਅਰਥ**—ਹੇ ਸਤਿਗੁਰੂ ਜੀ! ਮੈਨੂੰ ਹਰੇ ਰੰਗ ਦਾ ਪਿਆਲਾ ਦਿਓ। ਜੋ ਮੈਨੂੰ ਰੋਟੀ ਦੇ ਵੇਲੇ ਸਿਰ ਲੋੜੀਦਾ ਹੈ।੫੦।

**ਬ ਮਨ ਦਿਹ ਕਿ ਖੁਸ਼ਤਰ ਦਮਾਗ਼ੇ ਕੁਨਮ ॥**
**ਕਿ ਰੌਸ਼ਨ ਤਬੈ ਚੂੰ ਚਰਾਗ਼ੇ ਕੁਨਮ ॥੫੧॥੫॥**

**ਪਦ ਅਰਥ**—ਬ ਮਨ=ਮੈਨੂੰ। ਖੁਸ਼ਤਰ=ਬਹੁਤ ਚੰਗੀ। ਦਮਾਗ਼ੇ=ਸੋਚ ਵਿਚਾਰ। ਕੁਨਮ=ਕਰਾਂ। ਰੌਸ਼ਨ=ਪ੍ਰਕਾਸ਼। ਤਬੈ=ਤਬਅ, ਚਿੱਤ। ਚੂੰ=ਵਾਂਗ। ਚਰਾਗ਼ੇ=ਦੀਵੇ ਦੇ।

**ਅਰਥ**—ਮੈਨੂੰ ਦਿਹੁ ਜੋ ਮੈਂ ਬਹੁਤ ਚੰਗੀ ਵਿਚਾਰ ਕਰਾਂ। ਜੋ ਚਿਤ ਨੂੰ ਦੀਵੇ ਵਾਂਗੂੰ ਪ੍ਰਕਾਸ਼ ਸਰੂਪ ਕਰ ਦੇਵੇ।੫੧।੫।

ਪੰਜਵੀਂ ਹਿਕਾਯਤ (ਕਹਾਣੀ) ਸੰਪੂਰਣ ਹੋਈ।

Sri Satguru Jagjit Singh Ji eLibrary NamdhariElibrary@gmail.com

# ਹਿਕਾਯਤ ਛੇਵੀਂ

## ਵਾਹਿਗੁਰੂ ਜੀ ਕੀ ਫਤਹ॥

**ਖ਼ੁਦਾਵੰਦ ਬਖ਼ਸ਼ਿੰਦਹ ਏ ਦਿਲ ਕੁਸ਼ਾਇ॥**
**ਰਜ਼ਾ ਬਖ਼ਸ਼ ਰੋਜ਼ੀ ਦਿਹ ਓ ਰਹਨੁਮਾਇ॥੧॥**

**ਪਦ ਅਰਥ**—ਖ਼ੁਦਾਵੰਦ=ਵਾਹਿਗੁਰੂ। ਬਖ਼ਸ਼ਿੰਦਹ=ਬਖ਼ਸ਼ਦਾ ਹੈ। ਦਿਲ ਕੁਸ਼ਾਇ=ਚਿੱਤ ਪ੍ਰਸੰਨ ਕਰਨ। ਰਜ਼ਾ ਬਖ਼ਸ਼=ਭਾਣਾ ਵਰਤਾਣ ਵਾਲਾ। ਰੋਜ਼ੀ ਦਿਹ=ਅੰਨ ਦਾਤਾ। ਰਹਨੁਮਾਇ=ਆਗੂ।

**ਅਰਥ**—ਵਾਹਿਗੁਰੂ ਚਿੱਤ ਨੂੰ ਪ੍ਰਸੰਨ ਕਰਨ ਦੀ ਬਖ਼ਸ਼ਸ਼ ਕਰਦਾ ਹੈ। ਭਾਣਾ ਵਰਤਾਉਂਦਾ ਹੈ, ਰੋਜ਼ੀ ਦੇਂਦਾ ਹੈ ਅਤੇ ਓਹੀ ਰਾਹ ਵਿਖਾਉਂਦਾ ਹੈ।੧।

**ਨ ਫ਼ੌਜੋ ਨ ਫ਼ਰਸ਼ ਓ ਫ਼ੱਰ ਓ ਨਫ਼ੂਰ॥**
**ਖ਼ੁਦਾਵੰਦ ਬਖਸ਼ਿੰਦਹ ਜ਼ਾਹਿਰ ਜ਼ਹੂਰ॥੨॥**

**ਪਦ ਅਰਥ**—ਫ਼ਰਸ਼=ਗਲੀਚੇ। ਫ਼ੱਰ=ਪਦਾਰਥ। ਨਫ਼ੂਰ=ਨੌਕਰ। ਖ਼ੁਦਾਵੰਦ=ਵਾਹਿਗੁਰੂ। ਜ਼ਾਹਿਰ=ਪ੍ਰਗਟ।

**ਅਰਥ**—ਨਾ ਉਸ ਦੀ ਫ਼ੌਜ ਹੈ, ਨਾ ਗਲੀਚੇ ਹਨ, ਨਾ ਉਸ ਦੇ ਪਦਾਰਥ ਤੇ ਨਾ ਉਸ ਦੇ ਨੌਕਰ ਹਨ। ਜੇਕਰ ਵਾਹਿਗੁਰੂ ਚਾਹਵੇ ਤਾਂ ਪ੍ਰਗਟ ਹੀ ਸਭ ਚੀਜ਼ਾਂ ਬਖ਼ਸ਼ ਦੇਂਦਾ ਹੈ।੨।

**ਹਿਕਾਯਤ ਸ਼ੁਨੀਦੇਮ ਦੁਖ਼ਤਰ ਵਜ਼ੀਰ॥**
**ਕਿ ਹੁਸਨਲ ਜਮਾਲਸਤ ਰੋਸ਼ਨ ਜ਼ਮੀਰ॥੩॥**

**ਪਦ ਅਰਥ**—ਹਿਕਾਯਤ=ਕਹਾਣੀ। ਸ਼ੁਨੀਦਮ=ਮੈਂ ਸੁਣੀ ਹੈ। ਦੁਖ਼ਤਰ=ਲੜਕੀ। ਹੁਸਨਲ=ਖ਼ੂਬਸੂਰਤੀ। ਜਮਾਲਸਤ=ਬਹੁਤ ਸੁੰਦਰ ਹੈ। ਰੋਸ਼ਨ=ਪ੍ਰਕਾਸ਼ ਵਾਲੀ। ਜ਼ਮੀਰ=ਅਕਲ।

**ਅਰਥ**—ਹੇ ਔਰੰਗਜ਼ੇਬ! ਇਕ ਵਜ਼ੀਰ ਦੀ ਲੜਕੀ ਦੀ ਕਹਾਣੀ ਅਸਾਂ ਸੁਣੀ ਹੈ ਜੋ ਬਹੁਤ ਸੁੰਦਰ ਸਰੂਪ ਵਾਲੀ ਤੇ ਵਿਚਾਰ ਸ਼ਕਤੀ ਦੀ ਅਕਲ ਵਾਲੀ ਸੀ।੩।

**ਵਜ਼ਾਂ ਕੈਸਰੋ ਸ਼ਾਹਿ ਰੂਮੀ ਕੁਲਾਹ॥**
**ਦਰਖਸ਼ਿੰਦਹ ਏ ਸ਼ਮਸੋ ਬਰਖਸਿੰਦਹ ਮਾਹ॥੪॥**

**ਪਦ ਅਰਥ**—ਵਜ਼ਾਂ=ਉਸ ਤੋਂ। ਕੈਸਰੋ=ਚੱਕਰਵਰਤੀ। ਸ਼ਾਹਿ=ਰਾਜਾ। ਰੂਮੀ=ਰੂਮ ਦੇਸ ਦੀ। ਕੁਲਾਹ=ਟੋਪੀ। ਦਰਖਸ਼ਿੰਦਹ=ਚਮਕਣ ਵਾਲਾ। ਏ=ਵਾਂਗੂ। ਸ਼ਮਸੋ=ਸੂਰਜ। ਬਰਖਸ਼ਿੰਦਹ=ਪ੍ਰਕਾਸ਼ਕ। ਮਾਹ=ਚੰਦ੍ਰਮਾ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਰੂਮੀ ਟੋਪੀ ਵਾਲਾ ਸੀ ਉਸ ਦਾ ਚੱਕ੍ਰਵਰਤੀ ਰਾਜਾ। ਸੂਰਜ ਵਾਂਗ ਚਮਕਣ ਵਾਲਾ ਉਸਦਾ ਤੇਜ ਤੇ ਚੰਦ੍ਰਮਾ ਵਾਂਗੂ ਸ਼ਾਂਤਿ ਸੁਭਾਵ ਵਾਲਾ ਸੀ ।੪।

**ਯਕੇ ਰੋਜ਼ ਰੌਸ਼ਨ ਬਰਾਮਦ ਸ਼ਿਕਾਰ ॥**
**ਹਮਹ ਯੂਜ਼ ਅਜ਼ ਬਾਜ਼ ਬਹਰੀ ਹਜ਼ਾਰ ॥੫॥**

***ਪਦ ਅਰਥ***—ਯਕੇ ਰੋਜ਼=ਇਕ ਦਿਨ। ਰੌਸ਼ਨ=ਚਾਨਣ ਹੁੰਦੇ। ਰੋਜ਼ ਰੌਸ਼ਨ=ਦਿਨ ਚੜ੍ਹੇ ਨਾਲ। ਬਰਾਮਦ=ਵਾਸਤੇ ਆਇਆ। ਹਮਹ=ਸਾਰੇ। ਯੂਜ਼=ਚਿਤਰਾ। ਅਜ਼=ਆਦਿਕ।

***ਅਰਥ***—ਇਕ ਦਿਨ ਚਾਨਣ ਹੁੰਦਿਆਂ ਹੀ ਸ਼ਿਕਾਰ ਵਾਸਤੇ ਬਾਹਰ ਆਇਆ। ਚਿੱਤ੍ਰਾ, ਬਾਜ ਤੇ ਬਹਿਰੀ ਆਦਿਕ ਹਜ਼ਾਰਾਂ ਹੀ ਆਪਣੇ ਨਾਲ ਕਰ ਲਏ ।੫।

**ਬ ਪਹਨ ਅੰਦਰ ਆਮਦ ਬ ਨਖ਼ਚੀਰ ਗਾਹ ॥**
**ਬਿਜ਼ਦ ਗੋਰ ਆਹੂ ਬਸੇ ਸ਼ੇਰ ਸ਼ਾਹ ॥੬॥**

***ਪਦ ਅਰਥ***—ਬ=ਵਿਚ। ਪਹਨ=ਉਜਾੜ। ਆਮਦ=ਆਇਆ। ਨਖਚੀਰ ਗਾਹ=ਸ਼ਿਕਾਰ ਗਾਹ, ਸ਼ਿਕਾਰ ਖੇਡਣ ਦੀ ਜਗ੍ਹਾ। ਬਿਜ਼ਦ=ਮਾਰੇ। ਗੋਰ=ਗੋਰਖਰ, ਰੋਝ। ਆਹੂ=ਹਰਨ। ਬਸੇ=ਬਹੁਤ। ਸ਼ਾਹ=ਰਾਜਾ।

***ਅਰਥ***—ਉਜਾੜ ਸ਼ਿਕਾਰ ਗਾਹ ਵਿਚ ਆ ਗਿਆ। ਬਾਦਸ਼ਾਹ ਨੇ ਬਹੁਤ ਸਾਰੇ ਰੋਝ, ਹਰਨ ਅਤੇ ਸ਼ੇਰ ਵੀ ਮਾਰ ਗਏ ।੬।

**ਦਿਗਰ ਸ਼ਾਹਿ ਮਗਰਬ ਦਰ ਆਮਦ ਦਲੇਰ ॥**
**ਚੋ ਰਖ਼ਸ਼ਿੰਦਹ ਮਾਹੋ ਚੁ ਗੁਰਰਿੰਦਹ ਸ਼ੇਰ ॥੭॥**

***ਪਦ ਅਰਥ***—ਦਿਗਰ ਸ਼ਾਹਿ=ਇਕ ਹੋਰ ਰਾਜਾ। ਮਗਰਬ=ਲਹਿੰਦਾ, ਪੱਛਮ। ਦਰ ਆਮਦ=ਆਇਆ। ਚੋ=ਵਾਂਗੂੰ। ਰਖਸ਼ਿੰਦਹ=ਪ੍ਰਕਾਸ਼ ਕਰਨ ਵਾਲਾ। ਮਾਹੋ=ਚੰਦਰਮਾ। ਗੁਰਰਿੰਦਹ=ਗਰਜਨਾ।

***ਅਰਥ***—ਇਕ ਹੋਰ ਪੱਛਮ ਦਾ ਦਲੇਰ ਰਾਜਾ ਆਇਆ। ਜੋ ਚੰਦ੍ਰਮਾ ਵਾਂਗੂ ਪ੍ਰਕਾਸ਼ ਵਾਲਾ ਅਤੇ ਸ਼ੇਰ ਵਾਂਗੂ ਗਰਜਨ ਵਾਲਾ ਸੀ ।੭।

**ਦੋ ਸ਼ਾਹ ਦਰਾਮਦ ਬ ਯਕ ਜਾਇ ਸਖ਼ਤ ॥**
**ਕਿਰਾ ਤੇਗ਼ ਯਾਰੀ ਦਿਹਦ ਨੇਕ ਬਖ਼ਤ ॥੮॥**

***ਪਦ ਅਰਥ***—ਦੋ ਸ਼ਾਹ=ਦੋ ਰਾਜੇ। ਜਾਇ=ਜਗ੍ਹਾ। ਸਖ਼ਤ=ਤੰਗ, ਔਖੀ, ਕਠੋਰ। ਕਿਰਾ=ਕਿਸ ਨੂੰ। ਯਾਰੀ=ਸਹਾਇਤਾ, ਮਦਦ। ਦਿਹਦ=ਦੇਵੇਗੀ। ਨੇਕ ਬਖ਼ਤ=ਚੰਗੇ ਭਾਗਾਂ ਵਾਲਾ।

***ਅਰਥ***—ਦੋਵੇਂ ਬਾਦਸ਼ਾਹ ਇਕ ਤੰਗ ਜਗ੍ਹਾ ਵਿਚ ਆ ਗਏ। ਕਿਸ ਚੰਗੇ ਭਾਗਾਂ ਵਾਲੇ ਨੂੰ ਤਲਵਾਰ ਸਹਾਇਤਾ ਦੇਵੇਗੀ ? ।੮।

Sri Satguru Jagjit Singh Ji eLibrary NamdhariElibrary@gmail.com

**ਕਿਰਾ ਰੋਜ਼ਿ ਇਕਬਾਲ ਯਾਰੀ ਦਿਹਦ ॥**
**ਕਿ ਯਜ਼ਦਾਂ ਕਿਰਾ ਕਾਮਗਾਰੀ ਦਿਹਦ ॥੯॥**

***ਪਦ ਅਰਥ***—ਕਿਰਾ=ਕਿਸ ਦਾ । ਰੋਜ਼ਿ=ਦਿਨ । ਇਕਬਾਲ=ਤੇਜ-ਪ੍ਰਤਾਪ, ਵਾਧਾ । ਯਾਰੀ=ਸਹਾਇਤਾ, ਮਦਦ । ਯਜ਼ਦਾਂ=ਪ੍ਰਮਾਤਮਾ । ਕਾਮਗਾਰੀ=ਜਿੱਤ, ਫ਼ਤਹ । ਦਿਹਦ=ਦੇਂਦਾ ।

***ਅਰਥ***—ਤੇਜ ਪ੍ਰਤਾਪ ਦਾ ਦਿਨ ਕਿਸ ਨੂੰ ਸਹਾਇਤਾ ਦੇਂਦਾ ਹੈ ? ਪ੍ਰਮਾਤਮਾ ਕਿਸ ਨੂੰ ਜੰਗ ਵਿਚ ਫ਼ਤਹ ਦਿੰਦਾ ਹੈ ।੯।

**ਬ ਜੁੰਬਸ਼ ਬਰਾਮਦ ਦੋ ਸ਼ਾਹਿ ਦਲੇਰ ॥**
**ਕਿ ਬਰ ਆਹੂ ਏ ਯਕ ਬਰਾਮਦ ਦੋ ਸ਼ੇਰ ॥੧੦॥**

***ਪਦ ਅਰਥ***—ਜੁੰਬਸ਼=ਦਿਲ ਦਾ ਜੋਸ਼, ਗੁਸੇ ਦਾ ਵੇਗ । ਆਹੂ=ਹਰਨ । ਬਰਾਮਦ=ਹੱਲਾ ਕੀਤਾ।

***ਅਰਥ***—ਦੋਵੇਂ ਬਹਾਦਰ ਬਾਦਸ਼ਾਹ ਗੁਸੇ ਵਿਚ ਆ ਗਏ। ਜਿਵੇਂ ਇਕ ਹਰਨ ਉਤੇ ਦੋ ਸ਼ੇਰ ਹੱਲਾ ਕਰ ਕੇ ਆ ਪਏ ਹਨ ।੧੦।

**ਬ ਗੁਰਰੀਦਨ ਆਮਦ ਦੋ ਅਬਰੇ ਸਿਯਾਹ ॥**
**ਸਨਾਨਿ ਬਿਅੰਦਾਖ਼ਤ ਨੇਜ਼ਾ ਚੋ ਕਾਹ ॥੧੧॥**

***ਪਦ ਅਰਥ***—ਗੁਰਰੀਦਨ=ਗਰਜਨ। ਆਮਦ=ਆਏ। ਅਬਰੇ=ਬੱਦਲ। ਸਿਯਾਹ=ਕਾਲਾ। ਸਨਾਨਿ=ਬਰਛੇ ਦਾ ਫਲ । ਬਿਅੰਦਾਖ਼ਤ=ਸੁਟਿਆ । ਕਾਹ=ਘਾਹ।

***ਅਰਥ***—ਦੋ ਕਾਲੇ ਬੱਦਲ ਗਰਜਦੇ ਆ ਗਏ। ਘਾਹ ਦੀਆਂ ਪੂਲੀਆਂ ਵਾਂਗੂ ਬਰਛੇ ਦੇ ਫਲ ਇਕ ਦੂਜੇ ਉਤੇ ਸੁਟੇ ਭਾਵ ਬੇਅੰਤ ਬਰਛਿਆਂ ਦੇ ਵਾਰ ਇਕ ਦੂਜੇ ਉਤੇ ਕੀਤੇ।੧੧।

**ਚੁਨਾਂ ਤੀਰ ਬਾਰਾਨਿ ਪੱਰਰਾ ਸ਼ੁਦਹ ॥**
**ਜ਼ਮੀ ਆਸਮਾਂ ਪੁਰ ਜ਼ਿ ਕਰਗਸ਼ ਸ਼ੁਦਹ ॥੧੨॥**

***ਪਦ ਅਰਥ***—ਚੁਨਾਂ=ਅਜੇਹੀ। ਬਾਰਾਨਿ=ਬਾਰਸ਼। ਪੱਰਰਾ=ਉੱਡਣ ਵਾਲੇ। ਸ਼ੁਦਹ=ਹੋਈ। ਜ਼ਮੀ=ਧਰਤੀ । ਆਸਮਾਂ=ਆਕਾਸ਼, ਅਸਮਾਨ । ਪੁਰ ਜ਼ਿ=ਭਰ ਗਿਆ । ਕਰਗਸ਼=ਗਿਰਝਾਂ।

***ਅਰਥ***—ਉਡਣ ਵਾਲੇ ਤੀਰਾਂ ਦੀ ਅਜਿਹੀ ਬਾਰਸ਼ ਹੋਈ ਕਿ ਧਰਤੀ ਤੇ ਅਕਾਸ਼ ਗਿਰਝਾਂ ਨਾਲ ਭਰ ਗਿਆ ।੧੨।

**ਚਕਾ ਚੱਕ ਬਰਖਾਸਤ ਨੋਕਿ ਸਨਾਂ ॥**
**ਯਕੇ ਰੁਸਤਖੇਜ਼ ਅਜ਼ ਬਰਾਮਦ ਜਹਾਂ ॥੧੩॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਚਕਾ ਚੱਕ=ਘਚਾ ਘੱਚ । ਬਰਖਾਸਤ=ਉਠੀ । ਨੋਕਿ ਸਨਾਂ=ਬਰਛੇ ਦੀ ਨੋਕ । ਰੁਸਤਖੇਜ਼=ਪਰਲੋ । ਬਰਾਮਦ=ਨਿਕਲੀ । ਜਹਾਂ=ਸੰਸਾਰ।

***ਅਰਥ***—ਬਰਛਿਆਂ ਦੀਆਂ ਨੋਕਾਂ ਨਾਲ ਘਚਾ ਘਚ ਦੀ ਅਵਾਜ਼ ਉਠੀ। ਸੰਸਾਰ ਵਿਚ ਇਕ ਪਰਲੋ ਜਿਹੀ ਆ ਗਈ ।੧੩। [ਦ: ਗ੍ਰੰ: ਪੰਨਾ ੧੪੦੯

## ਚੋ ਸੂਰਿ ਸਰਾਫੀਲ ਦਮ ਮੇਜ਼ਦਹ ॥
## ਕਿ ਰੋਜ਼ੇ ਕਿਆਮਤ ਬਹਮ ਮੇਜ਼ਦਹ ॥੧੪॥

***ਪਦ ਅਰਥ***—ਚੋ=ਵਾਂਗੂੰ। ਸੂਰਿ=ਤੁਰੀ। ਸਰਾਫੀਲ=ਅਸ਼ਰਫਾਈਲ। (ਚਾਰ ਫਰਿਸ਼ਤਿਆਂ ਵਿਚੋਂ ਇਕ ਫਰਿਸ਼ਤੇ ਦਾ ਨਾਮ ਹੈ, ਜੋ ਕਿਆਮਤ ਦੇ ਦਿਨ 'ਤੁਰੀ' ਵਜਾਏਗਾ ਤੇ ਮੁਰਦੇ ਕਬਰਾਂ ਵਿਚੋਂ ਉਠ ਖਲੋਣਗੇ)। ਦਮ=ਅਵਾਜ਼। ਮੇਜ਼ਦਹ=ਮਾਰਦੇ ਹਨ। ਰੋਜ਼ੇ ਕਿਆਮਤ=ਪਰਲੋ ਦੇ ਦਿਨ। ਬਹਮ=ਆਪੋ ਵਿਚ। ਮੇਜ਼ਦਹ= ਟਕਰਾਉਂਦੇ ਹਨ ।

***ਅਰਥ***—ਅਸ਼ਰਫਾਈਲ ਫਰਿਸ਼ਤੇ ਦੀ ਤੁਰੀ ਵਾਂਗੂੰ ਸੂਰਮੇ ਲਲਕਾਰਾਂ ਮਾਰਦੇ ਹਨ ਜਿਵੇਂ ਉਹ ਦੋਵੇਂ ਰਾਜੇ ਹੀ ਪਰਲੋ ਦੇ ਦਿਨ, ਆਪੋ ਵਿਚ ਟਕਰਾ ਰਹੇ ਹਨ ਭਾਵ ਬਹਿਸ਼ਤ ਦੇ ਸੁਖ ਵਾਸਤੇ ਆਪੋ ਵਿਚ ਲੜਦੇ ਹਨ ।੧੪।

## ਗੁਰਜਸ਼ ਦਰਾਮਦ ਬ ਅਰਬੀ ਸਪਾਹ ॥
## ਬ.ਗਾਲਿਬ ਦਰਾਮਦ ਹਮਾਂ ਗਰਬ ਸ਼ਾਹ ॥੧੫॥

***ਪਦ ਅਰਥ***—ਗੁਰਜਸ਼=ਭਾਂਜ । ਦਰਾਮਦ=ਆ ਗਈ । ਅਰਬੀ=ਅਰਬ ਦੇਸ ਦੀ । ਸਪਾਹ=ਫ਼ੌਜ। ਬ.ਗਾਲਿਬ=ਪ੍ਰਬਲ, ਜਿੱਤ ਲਈ । ਗਰਬ=ਮਗਰਬ, ਪੱਛਮ।

***ਅਰਥ***—ਅੰਤ ਅਰਬ ਦੀ ਫ਼ੌਜ ਨੂੰ ਭਾਜੜ ਪੈ ਗਈ। ਪੱਛਮ ਦਾ ਬਾਦਸ਼ਾਹ ਜਿੱਤ ਗਿਆ ।੧੫।

## ਕਿ ਤਨਹਾ ਬਿਆਂਦ ਅਸਤ ਸ਼ਾਹਿ ਅਰਬ ॥
## ਬ ਵਕਤਿ ਚੋ ਪੇਸ਼ੀਨ ਸ਼ਮਸ ਚੂੰ ਗਰਬ ॥੧੬॥

***ਪਦ ਅਰਥ***—ਤਨਹਾ=ਇਕੋ ਇਕ, ਇਕੱਲਾ। ਬਿਆਂਦ=ਹੋ ਗਿਆ। ਅਸਤ=ਹੈ। ਸ਼ਾਹਿ=ਬਾਦਸ਼ਾਹ। ਚੋ=ਜਦ । ਪੇਸ਼ੀਨ=ਤ੍ਰਿਕਾਲਾਂ, ਸੰਧਯਾ । ਸ਼ਮਸ=ਸੂਰਜ । ਗਰਬ=ਛਿਪ ਗਿਆ।

***ਅਰਥ***—ਜੋ ਅਰਬ ਦਾ ਬਾਦਸ਼ਾਹ ਇਕੱਲਾ ਰਹਿ ਗਿਆ। ਜਦ ਤ੍ਰਿਕਾਲਾਂ ਦਾ ਵੇਲਾ ਹੋਇਆ ਤੇ ਸੂਰਜ ਛਿਪ ਗਿਆ ।੧੬।

## ਚੋ ਤਾਬਸ਼ ਨ ਮਾਨਦ ਸ਼ਵਦ ਦਸਤਗੀਰ ॥
## ਚੋ ਦੁਜ਼ਦੇ ਸ਼ਵਦ ਵਕਤਿ ਸ਼ਬ ਰਾ ਅਸੀਰ ॥੧੭॥

***ਪਦ ਅਰਥ***—ਚੋ=ਜਦ । ਤਾਬ=ਗਰਮੀ, ਤਾਕਤ । ਸ਼=ਉਸ । ਨ ਮਾਨਦ=ਨਾ ਰਹੀ । ਸ਼ਵਦ=ਹੋ ਗਿਆ। ਦਸਤਗੀਰ=ਕੈਦੀ । ਦੁਜ਼ਦੇ=ਚੋਰ । ਸ਼ਵਦ=ਹੋਵੇ । ਸ਼ਬ=ਰਾਤ । ਅਸੀਰ=ਕੈਦੀ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਜਦ ਉਸ ਵਿਚ ਤਾਕਤ ਨਾ ਰਹੀ ਤਾਂ ਉਹ ਕੈਦੀ ਹੋ ਗਿਆ। ਜਦ ਰਾਤ ਨੂੰ ਚੋਰੀ ਭੱਜਣ ਦਾ ਵੇਲਾ ਵੀ ਨਾ ਮਿਲਿਆ, ਤਦ ਉਹ ਕੈਦੀ ਹੋ ਗਿਆ।੧੭।

**ਬਿ ਬਸਤੰਦ ਬੁਰਦੰਦ ਸ਼ਾਹ ਨਿਜ਼ਦਿ ਸ਼ਾਹ॥**
**ਚੁ ਮਾਹ ਅਫਗਨੋ ਹਮਚੋ ਬੁਰਦੰਦ ਮਾਹ॥੧੮॥**

***ਪਦ ਅਰਥ***—ਬਸਤੰਦ=ਬੰਨ੍ਹ ਲਿਆ। ਬੁਰਦੰਦ=ਲੈ ਗਏ। ਨਿਜ਼ਦਿ=ਨੇੜੇ, ਕੋਲ। ਸ਼ਾਹ=ਬਾਦਸ਼ਾਹ। ਚੁ=ਜਿਵੇਂ। ਮਾਹ ਅਫਗਨੋ=ਚੰਦ੍ਰਮਾ ਦੇ ਡੇਗਨ ਵਾਲਾ। ਬੁਰਦੰਦ=ਫੜ ਲੈਂਦਾ ਹੈ। ਮਾਹ=ਚੰਦ੍ਰਮਾ।

***ਅਰਥ***—ਬਾਦਸ਼ਾਹ ਨੂੰ ਬੰਨ੍ਹ ਲਿਆ ਤੇ ਆਪਣੇ ਬਾਦਸ਼ਾਹ ਕੋਲ ਲੈ ਗਏ। ਜਿਵੇਂ ਰਾਹੂ ਚੰਦ੍ਰਮਾ ਨੂੰ ਫੜ ਲੈਂਦਾ ਹੈ।੧੮।

**ਬ.ਖ਼ਾਨਹ ਖਬਰ ਆਮਦਹ ਸ਼ਾਹ ਬਸਤ॥**
**ਹਮਹ ਕਾਰ ਦੁਜ਼ਦੀ ਵ ਮਰਦੀ ਗੁਜ਼ਸ਼ਤ॥੧੯॥**

***ਪਦ ਅਰਥ***—ਬ=ਵਿੱਚ। ਖ਼ਾਨਹ=ਘਰ। ਆਮਦਹ=ਆ ਗਈ। ਬਸਤ=ਫੜਿਆ ਗਿਆ। ਹਮਹ=ਸਾਰੇ। ਕਾਰ=ਕੰਮ, ਤਰੀਕੇ। ਦੁਜ਼ਦੀ=ਚੋਰੀ। ਵ=ਅਤੇ। ਮਰਦੀ=ਬਹਾਦਰੀ। ਗੁਜ਼ਸ਼ਤ=ਲੰਘ ਗਏ।

***ਅਰਥ***—ਘਰ ਵਿਚ ਖ਼ਬਰ ਆ ਗਈ (ਕਿ) ਬਾਦਸ਼ਾਹ ਫੜਿਆ ਗਿਆ ਹੈ, ਚੋਰੀ ਤੇ ਬਹਾਦਰੀ ਦੇ ਸਾਰੇ ਤਰੀਕੇ ਕੀਤੇ ਜਾ ਚੁਕੇ ਹਨ ਪਰ ਕਿਸੇ ਤਰ੍ਹਾਂ ਵੀ ਬਾਦਸ਼ਾਹ ਦਾ ਛੁਟਕਾਰਾ ਨਹੀਂ ਹੋਇਆ।੧੯।

**ਨਿਸ਼ਸਤੰਦ ਮਜਲਿਸ ਜ਼ ਦਾਨਾਇ ਦਿਲ॥**
**ਸੁਖਨ ਰਾਂਦ ਪਿਨਹਾਂ ਵਜ਼ਾਂ ਸ਼ਹ ਖ਼ਜ਼ਲ॥੨੦॥**

***ਪਦ ਅਰਥ***—ਨਿਸ਼ਸਤੰਦ=ਬੈਠੇ। ਮਜਲਿਸ=ਸਭਾ। ਦਾਨਾਇ ਦਿਲ=ਸਿਆਣੇ ਲੋਕ, ਬੁਧੀਮਾਨ। ਸੁਖਨ=ਗੱਲ। ਰਾਂਦ=ਚਲਾਈ। ਪਿਨਹਾਂ=ਗੁਪਤ, ਲਾ-ਪਤਾ। ਵਜ਼ਾਂ=ਉਸ। ਖ਼ਜ਼ਲ=ਲੱਜਾਵਾਨ।

***ਅਰਥ***—ਸਿਆਣੇ ਲੋਕ ਸਭਾ ਬਣਾ ਕੇ ਜੁੜ ਬੈਠੇ ਤੇ ਸ਼ਰਮਿੰਦਿਆਂ ਨੇ ਉਸ ਲਾ-ਪਤਾ ਹੋਏ ਬਾਦਸ਼ਾਹ ਦੀ ਗੱਲ ਚਲਾਈ ਭਾਵ ਲੋਕ ਸਾਨੂੰ ਕੀ ਕਹਿਣਗੇ ਕਿ ਇਨ੍ਹਾਂ ਦਾ ਬਾਦਸ਼ਾਹ ਕੈਦ ਹੋ ਗਿਆ ਹੈ ਤੇ ਇਨ੍ਹਾਂ ਤੋਂ ਕੁਝ ਨਹੀਂ ਹੋ ਸਕਿਆ।੨੦।

**ਚੋ ਬਿਸ਼ੁਨੀਦ ਈਂ ਖਬਰ ਦੁਖਤਰ ਵਜ਼ੀਰ॥**
**ਬਿ ਬਸਤੰਦ ਸ਼ਮਸ਼ੇਰ ਜੁਸਤੰਦ ਤੀਰ॥੨੧॥**

***ਪਦ ਅਰਥ***—ਚੋ=ਜਦੋਂ। ਬਿਸ਼ੁਨੀਦ=ਸੁਣੀ। ਦੁਖਤਰ=ਲੜਕੀ। ਬਸਤੰਦ=ਬੰਨ੍ਹ ਲਈ। ਸ਼ਮਸ਼ੇਰ=ਤਲਵਾਰ। ਜੁਸਤੰਦ=ਲਭ ਲਏ।

***ਅਰਥ***—ਵਜ਼ੀਰ ਦੀ ਲੜਕੀ ਨੇ ਜਦੋਂ ਇਹ ਖ਼ਬਰ ਸੁਣੀ ਤਾਂ ਤਲਵਾਰ ਬੰਨ੍ਹ ਲਈ ਤੇ ਤੀਰ ਲਭ ਲਏ।੨੧।

Sri Satguru Jagjit Singh Ji eLibrary NamdhariElibrary@gmail.com

**ਬਿਪੋਸ਼ੀਦ ਜ਼ਰ ਬਫ਼ਤ ਰੂਮੀ ਕਬਾਇ ॥**
**ਬਜ਼ੀਂ ਬਰ ਨਸ਼ਸਤੋ ਬਿਆਮਦ ਬਜਾਇ ॥੨੨॥**

***ਪਦ ਅਰਥ***—ਬਿਪੋਸ਼ੀਦ=ਪਹਿਣ ਲਈ। ਜ਼ਰ ਬਫ਼ਤ=ਸੁਨਹਿਰੀ। ਰੂਮੀ ਕਬਾਇ=ਰੂਮ ਦੇਸ ਦੀ ਪੁਸ਼ਾਕ। ਕਬਾਇ=ਚੋਗਾ। ਬ-ਜ਼ੀਂ=ਜ਼ੀਨ, ਕਾਠੀ। ਬਰ=ਉਪਰ। ਨਸ਼ਸਤੋ=ਬੈਠੀ। ਬਿਆਮਦ=ਆਈ। ਬ-ਜਾਇ=ਉਸ ਜਗ੍ਹਾ ਵਿਚ।

***ਅਰਥ***—ਰੂਮ ਦੇਸ ਦੀ ਸੁਨਹਿਰੀ ਪੁਸ਼ਾਕ ਪਹਿਣ ਲਈ ਅਤੇ ਘੋੜੇ ਦੀ ਕਾਠੀ ਉਤੇ ਬੈਠ ਕੇ ਉਸ ਜਗ੍ਹਾ ਵਿਚ ਆ ਗਈ।੨੨।

**ਰਵਾਂ ਸ਼ੁਦ ਸੂਏ ਸ਼ਾਹਿ ਮਗਰਿਬ ਚੋ ਬਾਦ ॥**
**ਕਮਾਨੇ ਕਿਯਾਨੀ ਬਤਰਕਸ਼ ਨਿਹਾਦ ॥੨੩॥**

***ਪਦ ਅਰਥ***—ਰਵਾਂ ਸ਼ੁਦ=ਤੁਰ ਪਈ। ਸੂਏ=ਵੱਲ। ਸ਼ਾਹਿ=ਬਾਦਸ਼ਾਹ। ਮਗਰਿਬ=ਲਹਿੰਦਾ ਦੇਸ। ਬਾਦ=ਹਵਾ। ਕਮਾਨੇ=ਕਮਾਨ। ਤਰਕਸ਼=ਭੱਥਾ। ਨਿਹਾਦ=ਰੱਖਿਆ।

***ਅਰਥ***—ਪੱਛਮ ਦੇਸ ਦੇ ਬਾਦਸ਼ਾਹ ਵਲ ਹਵਾ ਵਾਂਗੂੰ ਤੁਰ ਪਈ। 'ਕੈਅ' ਖ਼ਾਨਦਾਨ ਵਾਲੀ ਕਮਾਨ ਤੇ ਤੀਰਾਂ ਦਾ ਭੱਥਾ ਪਿੱਠ ਉਤੇ ਰਖਿਆ।੨੩।

**ਬਪੇਸ਼ੇ ਸ਼ਾਹਿ ਮਗਰਬਿ ਆਮਦ ਦਲੇਰ ॥**
**ਚੁ ਗੁਰਰਿੰਦਾ ਅਬਰੋ ਚੋ ਦਰਰਿੰਦਹ ਸ਼ੇਰ ॥੨੪॥**

***ਪਦ ਅਰਥ***—ਬਪੇਸ਼ੇ=ਸਾਹਮਣੇ। ਆਮਦ=ਆ ਗਈ। ਗੁਰਰਿੰਦਾ=ਗਰਜਨ ਵਾਲਾ। ਅਬਰੋ=ਬੱਦਲ। ਚੋ=ਵਾਂਗੂ। ਦਰਰਿੰਦਹ=ਵੱਢ ਖਾਣ ਵਾਲਾ।

***ਅਰਥ***—ਪੱਛਮ ਦੇਸ ਦੇ ਬਾਦਸ਼ਾਹ ਸਾਹਮਣੇ ਬੜੀ ਬਹਾਦਰੀ ਨਾਲ ਆ ਗਈ। ਗਰਜਨ ਵਾਲੇ ਬੱਦਲ ਤੇ ਵੱਢ ਖਾਣੇ ਸ਼ੇਰ ਵਾਂਗੂ।੨੪।

**ਦੁਆ ਕਰਦ ਕਿ ਐ ਸ਼ਾਹਿ ਆਜ਼ਾਦ ਬਖ਼ਤ ॥**
**ਸਜ਼ਾਵਾਰਿ ਦੈਹੀਮ ਓ ਸ਼ਾਯਾਨਿ ਤਖ਼ਤ ॥੨੫॥**

***ਪਦ ਅਰਥ***—ਦੁਆ ਕਰਦ=ਸਲਾਮੀ ਕੀਤੀ। ਆਜ਼ਾਦ ਬਖ਼ਤ=ਉੱਤਮ ਭਾਗਾਂ ਵਾਲੇ। ਸਜ਼ਾਵਾਰਿ=ਯੋਗ, ਲਾਇਕ। ਦੈਹੀਮ=ਛਤ੍ਰ। ਸ਼ਾਯਾਨਿ=ਯੋਗ।

***ਅਰਥ***—ਆਉਂਦਿਆਂ ਹੀ ਸਲਾਮੀ ਕੀਤੀ ਤੇ ਕਿਹਾ ਹੇ ਉੱਤਮ ਭਾਗਾਂ ਵਾਲੇ ਬਾਦਸ਼ਾਹ! (ਤੂੰ) ਛਤ੍ਰ-ਚੌਰ ਦੇ ਲਾਇਕ ਹੈਂ ਅਤੇ ਤਖ਼ਤ ਉਤੇ ਬੈਠਣ ਦੇ ਯੋਗ ਹੈਂ।੨੫।

**ਮਰਾ ਕਾਹੀਆਂ ਆਮਦ ਅਜ਼ ਬਹਰਿ ਕਾਹ ॥**
**ਦੋ ਸਿਹ ਸਦ ਸਵਾਰੋ ਯਕ ਅਜ਼ ਸ਼ਕਲਿ ਸ਼ਾਹ ॥੨੬॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਮਰਾ=ਮੇਰੇ। ਕਾਹੀਆਂ=ਘਾਹੀ। ਆਮਦ=ਆਏ। ਅਜ਼ ਬਹਰਿ=ਵਾਸਤੇ। ਕਾਹ=ਘਾਹ। ਦੋ ਸਿਹ ਸਦ=ਦੋ ਤਿੰਨ ਸੌ। ਸ਼ਕਲਿ ਸ਼ਾਹ=ਬਾਦਸ਼ਾਹ ਦੀ ਸ਼ਕਲ।

**ਅਰਥ**—ਮੇਰੇ ਘਾਹੀ ਘਾਹ ਲੈਣ ਦੇ ਵਾਸਤੇ ਆਏ ਸਨ। ਦੋ ਤਿੰਨ ਸੌ ਘੋੜਿਆਂ ਤੇ ਸਵਾਰ ਸਨ, ਇਕ ਦੀ ਸ਼ਕਲ ਬਾਦਸ਼ਾਹ ਵਰਗੀ ਹੈ।੨੬।

**ਕਿ ਬਿਹਤਰ ਹਮਾਂ ਅਸਤ ਆਂ ਰਾ ਬਿਦਿਹ ॥**
**ਵਗਰਨਹ ਖੁਦਸ਼ ਮੌਤ ਬਰ ਸਰ ਬਿਨਿਹ ॥੨੭॥**

**ਪਦ ਅਰਥ**—ਕਿ=ਜੋ। ਬਿਹਤਰ=ਚੰਗਾ। ਹਮਾਂ=ਉਹੀ। ਅਸਤ=ਹੈ। ਆਂ ਰਾ=ਉਨ੍ਹਾਂ ਨੂੰ। ਬਿਦਿਹ= ਮੋੜ ਦਿਓ। ਵਗਰਨਹ=ਨਹੀਂ ਤਾਂ। ਖੁਦਸ਼=ਆਪਣੀ। ਬਰ=ਉਪਰ। ਸਰ=ਸਿਰ। ਬਿਨਿਹ=ਵੇਖੋ, ਰਖੋ।

**ਅਰਥ**—ਉਨ੍ਹਾਂ ਨੂੰ ਮੋੜ ਦੇਵੋ ਤਾਂ ਏਹੀ ਚੰਗਾ ਹੈ। ਨਹੀਂ ਤਾਂ ਆਪਣੀ ਮੌਤ ਸਿਰ ਉਤੇ ਵੇਖ ਲਵੋ।੨੭।

**ਸ਼ੁਨੀਦ ਈਂ ਜ਼ ਮਨ ਸ਼ਾਹ ਗਰ ਈਂ ਸੁਖ਼ਨ ॥**
**ਹਮਾਨਾ ਤੁਰਾ ਬੇਖ਼ ਬਰਕੰਦ ਬੁਨ ॥੨੮॥**

**ਪਦ ਅਰਥ**—ਸ਼ੁਨੀਦ ਈਂ=ਸੁਣ ਲਈ। ਜ਼ ਮਨ=ਮੈਥੋਂ। ਗਰ=ਜੇਕਰ। ਈਂ ਸੁਖ਼ਨ=ਇਹ ਗੱਲ। ਹਮਾਨਾ=ਸਚਮੁਚ। ਤੁਰਾ ਬੇਖ਼=ਤੇਰੀ ਜੜ੍ਹ। ਬਰਕੰਦ=ਪੁਟ ਸੁਟੇਗਾ। ਬੁਨ=ਮੂਲ, ਮੁਢ।

**ਅਰਥ**—ਜੇਕਰ ਇਹ ਗੱਲ ਮੇਰੇ ਪਾਸੋਂ ਬਾਦਸ਼ਾਹ ਨੇ ਸੁਣ ਲਈ। ਤਾਂ ਸਚਮੁਚ ਹੀ ਤੇਰੀ ਜੜ੍ਹ ਮੁਢ ਤੋਂ ਪੁਟ ਸੁਟੇਗਾ।੨੮।

**ਸ਼ੁਨੀਦ ਈਂ ਸੁਖਨ ਸ਼ਾਹ ਫ਼ੌਲਾਦ ਤਨ ॥**
**ਬਿ ਲਰਜ਼ੀਦ ਬਰ ਖੁਦ ਚੋ ਬਰਗੇ ਸਮਨ ॥੨੯॥**

**ਪਦ ਅਰਥ**—ਸ਼ੁਨੀਦ=ਸੁਣਿਆ। ਈਂ ਸੁਖਨ=ਇਹ ਬਚਨ। ਫ਼ੌਲਾਦ=ਲੋਹਾ। ਤਨ=ਸਰੀਰ। ਬਿ ਲਰਜ਼ੀਦ=ਕੰਬ ਗਿਆ। ਬਰ ਖੁਦ=ਆਪਣੇ ਆਪ। ਚੋ=ਵਾਂਗੂ। ਬਰਗੇ=ਪੱਤਾ। ਸਮਨ=ਚੰਬੇਲੀ।

**ਅਰਥ**—ਲੋਹੇ ਦੇ ਸਰੀਰ ਵਾਲੇ ਬਾਦਸ਼ਾਹ ਨੇ ਇਹ ਗੱਲ ਸੁਣ ਲਈ। ਚੰਬੇਲੀ ਦੇ ਪਤੇ ਵਾਂਗੂ ਆਪਣੀ ਥਾਂ ਉਤੇ ਹੀ ਕੰਬਣ ਲਗ ਪਿਆ।੨੯।

**ਚੁਨਾ ਜੰਗ ਕਰਦੰਦ ਈਂ ਕਾਹੀਆਂ ॥**
**ਨ ਦਾਨਮ ਮਗਰ ਸ਼ਾਹ ਬਾਸ਼ਦ ਜਵਾਂ ॥੩੦॥**

**ਪਦ ਅਰਥ**—ਚੁਨਾ=ਅਜੇਹਾ। ਕਰਦੰਦ=ਕੀਤਾ ਹੈ। ਈਂ=ਇਨ੍ਹਾਂ। ਕਾਹੀਆਂ=ਘਾਹੀਆਂ। ਨ ਦਾਨਮ= ਮੈਂ ਨਹੀਂ ਜਾਣਦਾ। ਮਗਰ=ਭਾਵੇਂ। ਸ਼ਾਹ=ਬਾਦਸ਼ਾਹ। ਬਾਸ਼ਦ=ਹੋਵੇਗਾ। ਜਵਾਂ=ਸੂਰਬੀਰ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਬਾਦਸ਼ਾਹ ਮਨ ਵਿਚ ਸੋਚਣ ਲੱਗਾ ਕਿ ਇਨ੍ਹਾਂ ਘਾਹੀਆਂ ਨੇ ਅਜਿਹਾ ਜੰਗ ਕੀਤਾ ਹੈ। ਮੈਂ ਨਹੀਂ ਜਾਣ ਸਕਦਾ ਇਹਨਾਂ ਦਾ ਬਾਦਸ਼ਾਹ ਕਿੰਨਾ ਕੁ ਸੂਰਬੀਰ ਹੋਵੇਗਾ।੩੦।

**ਨ ਦਾਨਮ ਮਗਰ ਸ਼ਾਹ ਹਸਤਸ਼ ਜਵਾਂ॥**
**ਕਿ ਮਾਰਾ ਬਗੀਰਦ ਜ਼ਿ ਮਾਯੰਦਰਾਂ॥੩੧॥**

***ਪਦ ਅਰਥ***—ਨ ਦਾਨਮ=ਨਹੀਂ ਜਾਣਦਾ। ਕਸੇ=ਕੋਈ। ਮਗਰ=ਜੇਕਰ, ਭਾਵੇਂ। ਹਸਤਸ਼=ਹੈ। ਸ਼=ਉਹਨਾਂ। ਜਵਾਂ=ਯੋਧਾ। ਕਿ=ਜੋ। ਮਾਰਾ=ਮੈਨੂੰ। ਬਗੀਰਦ=ਫੜ ਲਵੇ। ਜ਼ਿ=ਤੋਂ।

***ਅਰਥ***—ਮੈਂ ਨਹੀਂ ਜਾਣਦਾ ਕਿ ਇਹਨਾਂ ਦਾ ਬਾਦਸ਼ਾਹ ਏਨਾ ਜਵਾਨ ਹੈ। ਜੋ ਮੈਨੂੰ ਮਾਯੰਦਰਾਂ ਤੋਂ ਵੀ ਫੜ ਲਿਆਵੇ।੩੧।

**ਜ਼ਿ ਪੇਸ਼ੀਨਹ ਏ ਸ਼ਾਹ ਵਜ਼ੀਰਾਂ ਬਿਖਾਂਦ॥**
**ਸੁਖਨਹਾਏ ਪੋਸ਼ੀਦਹ ਬਾ ਓ ਬਿਰਾਂਦ॥੩੨॥**

***ਪਦ ਅਰਥ***—ਪੇਸ਼ੀਨਹ=ਸਾਹਮਣੇ। ਏ=ਦੇ। ਬਿਖਾਂਦ=ਬੁਲਾ ਲਏ। ਸੁਖਨਹਾਏ=ਗੱਲਾਂ। ਪੋਸ਼ੀਦਹ=ਗੁਪਤ, ਲੁਕਵੀਆਂ। ਬਾ=ਨਾਲ। ਓ=ਉਹਨਾਂ। ਰਾਂਦ=ਤੋਰੀਆਂ।

***ਅਰਥ***—ਬਾਦਸ਼ਾਹ ਨੇ ਆਪਣੇ ਵਜ਼ੀਰਾਂ ਨੂੰ ਸਾਹਮਣੇ ਸੱਦ ਲਿਆ। ਗੁਪਤ ਗੱਲਾਂ ਉਹਨਾਂ ਨਾਲ ਤੋਰ ਦਿਤੀਆਂ।੩੨।

**ਤੁ ਦੀਦੀ ਚੁਨਾਂ ਕਾਹੀਆਂ ਜੰਗ ਕਰਦ॥**
**ਕਿ ਅਜ਼ ਮੁਲਕ ਯਜ਼ਦਾਂ ਬਰਾਵੁਰਦ ਗਰਦ॥੩੩॥**

***ਪਦ ਅਰਥ***—ਤੁ ਦੀਦੀ=ਤੁਸਾਂ ਵੇਖਿਆ ਹੈ। ਚੁਨਾਂ=ਅਜਿਹਾ। ਕਾਹੀਆਂ=ਘਸਿਆਰਿਆਂ। ਕਰਦ=ਕੀਤਾ। ਕਿ=ਜੋ। ਮੁਲਕਿ=ਦੇਸ ਦੀ। ਯਜ਼ਦਾਂ=ਪ੍ਰਮਾਤਮਾ। ਬਰਾਵੁਰਦ=ਲੈ ਆਂਦਾ। ਗਰਦ=ਖ਼ਾਕ।

***ਅਰਥ***—ਹੇ ਵਜ਼ੀਰੋ! ਤੁਸਾਂ ਵੇਖਿਆ ਹੈ, (ਜੋ ਇਹਨਾਂ) ਘਾਹੀਆਂ ਨੇ ਅਜਿਹਾ ਜੰਗ ਕੀਤਾ ਹੈ ਜੋ ਪ੍ਰਮੇਸ਼ਰ ਦੇ ਦੇਸ ਨੂੰ ਖ਼ਾਕ ਵਿਚ ਲੈ ਆਂਦਾ ਭਾਵ ਮਿਲਾ ਦਿਤਾ ਹੈ।੩੩।

**ਮੁਬਾਦਾ ਕੁਨਦ ਤਾਖ਼ਤ ਬਰ ਮੁਲਕ ਸਖ਼ਤ॥**
**ਦਿਹਮ ਕਾਹੀਆਂ ਰਾ ਅਜ਼ਾਂ ਨੇਕ ਬਖ਼ਤ॥੩੪॥**

***ਪਦ ਅਰਥ***—ਮੁਬਾਦਾ=ਰੱਬ ਨਾ। ਕੁਨਦ=ਕਰੇ। ਤਾਖ਼ਤ=ਚੜ੍ਹਾਈ। ਬਰ ਮੁਲਕ=ਦੇਸ ਉਤੇ। ਸਖ਼ਤ=ਤੰਗ। ਦਿਹਮ=ਮੈਂ ਦੇਵਾਂ। ਰਾ=ਨੂੰ। ਅਜ਼ਾਂ=ਉਸ ਨੂੰ। ਨੇਕ ਬਖ਼ਤ=ਚੰਗੇ ਭਾਗਾਂ ਵਾਲੇ।

***ਅਰਥ***—ਰੱਬ ਨਾ ਕਰੇ, ਜੇਕਰ ਬਾਦਸ਼ਾਹ ਚੜ੍ਹਾਈ ਕਰ ਦੇਵੇ, ਦੇਸ ਉਤੇ ਤੰਗੀ ਆ ਜਾਵੇਗੀ। ਉਸ ਚੰਗੇ ਭਾਗਾਂ ਵਾਲੇ ਨੂੰ ਮੈਂ ਘਾਹੀ ਮੋੜ ਦੇਵਾਂ।੩੪।

Sri Satguru Jagjit Singh Ji eLibrary NamdhariElibrary@gmail.com

## ਹਮਾਂ ਸ਼ਾਹ ਮਹਬੂਸੀਆਂ ਪੇਸ਼ ਖ਼ਾਂਦ ॥
## ਹਵਾਲਹ ਨਮੂਦਸ਼ ਕਿ ਓ ਰਾ ਨਿਸ਼ਾਂਦ ॥੩੫॥

**ਪਦ ਅਰਥ**—ਹਮਾਂ=ਤੁਰੰਤ, ਝੱਟ ਪਟ। ਮਹਬੂਸੀਆਂ=ਬੰਨ੍ਹੇ ਹੋਇਆਂ। ਪੇਸ਼=ਕੋਲ। ਖ਼ਾਂਦ=ਬੁਲਾਇਆ। ਹਵਾਲਹ=ਸੌਂਪਣਾ। ਨਮੂਦ=ਕੀਤੇ। ਸ਼=ਉਸ। ਕਿ=ਜੋ ਅਤੇ। ਓ ਰਾ=ਉਸ ਨੂੰ। ਨਿਸ਼ਾਂਦ=ਬਿਠਾਇਆ।

**ਅਰਥ**—ਬਾਦਸ਼ਾਹ ਨੇ ਬੰਨ੍ਹਿਆਂ ਹੋਇਆਂ (ਘਾਹੀਆਂ) ਨੂੰ ਝਟ ਪਟ ਆਪਣੇ ਕੋਲ ਬੁਲਾਇਆ। ਉਸ ਨੂੰ ਕੋਲ ਬਿਠਾਇਆ ਅਤੇ ਉਸ ਦੇ ਹਵਾਲੇ ਕਰ ਦਿੱਤੇ।੩੫।

## ਤੋ ਆਜ਼ਾਦ ਗਸ਼ਤੀ ਅਜ਼ੀਂ ਸਹਿਲ ਚੀਜ਼ ॥
## ਬਿਗੀਰ ਐ ਬਰਾਦਰ ਤੁ ਅਜ਼ ਜਾਂ ਅਜ਼ੀਜ਼ ॥੩੬॥

**ਪਦ ਅਰਥ**—ਤੋ=ਤੂੰ। ਆਜ਼ਾਦ=ਵਿਹਲਾ। ਗਸ਼ਤੀ=ਹੋ ਗਿਆ। ਅਜ਼ੀਂ=ਇਸ ਤੋਂ। ਸਹਿਲ=ਸੁਖੱਲਾ, ਸੌਖਾ, ਸਹਿਜੇ ਹੀ। ਚੀਜ਼=ਕੰਮ। ਬਿਗੀਰ=ਫੜ। ਐ=ਹੇ। ਬਰਾਦਰ=ਭਰਾ, ਭਾਈ। ਅਜ਼=ਨਾਲੋਂ। ਜਾਂ=ਜਾਨ। ਅਜੀਜ਼=ਪਿਆਰਾ।

**ਅਰਥ**—ਤੂੰ ਇਸ ਕੰਮ ਤੋਂ ਸਹਿਜੇ ਹੀ ਵਿਹਲਾ ਹੋ ਗਿਆ ਹੈਂ। ਹੇ ਭਾਈ! ਇਹਨਾਂ ਨੂੰ ਫੜ, ਤੂੰ (ਮੈਨੂੰ) ਜਾਨ ਤੋਂ ਪਿਆਰਾ ਹੈਂ।੩੬।

## ਜ਼ਨੇ ਪੇਚ ਦਸਤਾਰ ਰਸਤਾਰ ਰਾ ਤਾਬ ਦਾਦ ॥
## ਦਿਗਰ ਦਸਤ ਬਰ ਮੁਸ਼ਤਿ ਤੇਗਸ਼ ਨਿਹਾਦ ॥੩੭॥

**ਪਦ ਅਰਥ**—ਜ਼ਨੇ=ਇਸਤ੍ਰੀ ਨੇ। ਪੇਚ=ਪੱਗ ਦੇ ਲਪੇਟ। ਦਸਤਾਰ=ਪੱਗ। ਰਾ=ਨੂੰ। ਤਾਬ ਦਾਦ=ਸਵਾਰ ਲਿਆ। ਦਿਗਰ=ਦੂਜਾ। ਦਸਤ=ਹੱਥ। ਬਰ=ਉਪਰ। ਮੁਸ਼ਤਿ=ਮੁਠੀ, ਕਬਜ਼ਾ। ਤੇਗ=ਤਲਵਾਰ। ਸ਼=ਉਸ। ਨਿਹਾਦ=ਰਖਿਆ।

**ਅਰਥ**—ਉਸ ਇਸਤ੍ਰੀ ਨੇ (ਇਕ ਹੱਥ ਨਾਲ) ਪੱਗ ਦੇ ਪੇਚ ਨੂੰ ਘੁਟ ਕੇ ਬੰਨ੍ਹ ਲਿਆ ਭਾਵ ਸਵਾਰ ਲਿਆ। ਦੂਜਾ ਹੱਥ ਉਸ ਨੇ ਤਲਵਾਰ ਦੀ ਮੁੱਠ ਉਤੇ ਰੱਖ ਲਿਆ।੩੭। [ਦ: ਗ੍ਰੰ: ਪੰਨਾ ੧੪੧੦

## ਬਿਜ਼ਦ ਤਾਜ਼ੀਆਨਹ ਬ ਹਰ ਚਾਰ ਚਾਰ ॥
## ਵ ਗੁਫ਼ਤਹ ਕਿ ਐ ਬੇਖਬਰ ਬੇਮੁਹਾਰ ॥੩੮॥

**ਪਦ ਅਰਥ**—ਬਿਜ਼ਦ=ਮਾਰੇ। ਤਾਜ਼ੀਆਨਹ=ਚਾਬਕ। ਬ ਹਰ=ਹਰ ਇਕ ਨੂੰ। ਵ=ਅਤੇ। ਗੁਫ਼ਤਹ=ਕਿਹਾ। ਬੇ ਖਬਰ=ਬਿਨ ਪਤਾ, ਲਾ-ਪਤਾ।

**ਅਰਥ**—ਚਾਰ ਚਾਰ ਕੋਰੜੇ ਹਰ ਇਕ ਨੂੰ ਮਾਰੇ ਅਤੇ ਕਿਹਾ-ਹੇ ਬੇ-ਅਕਲੋ! ਤੁਹਾਨੂੰ ਕਿਸੇ ਗੱਲ ਦਾ ਪਤਾ ਨਹੀਂ?।੩੮।

**ਕਿ ਆਮਦ ਦਰੀਂ ਜਾ ਵਜ਼ਾਂ ਕਾਹ ਨੇਸਤ ॥**
**ਕਿ ਏਜ਼ਦ ਗਵਾਰ ਅਸਤ ਯਜ਼ਦਾਂ ਯਕੇਸਤ ॥੩੯॥**

***ਪਦ ਅਰਥ***—ਆਮਦ=ਆਏ । ਦਰੀਂ ਜਾ=ਇਸ ਜਗ੍ਹਾ । ਵਜ਼ਾਂ=ਉਥੇ । ਕਾਹ=ਘਾਹ । ਨੇਸਤ=ਨਹੀਂ ਹੈ । ਏਜ਼ਦ=ਵਾਹਿਗੁਰੂ । ਅਸਤ=ਹੈ । ਯਜ਼ਦਾਂ=ਅਕਾਲ ਪੁਰਖ । ਯਕੇਸਤ=ਇਕ ਹੈ ।

***ਅਰਥ***—ਜੋ ਤੁਸੀਂ ਇਸ ਥਾਂ ਆਏ ਹੋ, ਉਸ ਥਾਂ ਤੇ ਘਾਹ ਨਹੀਂ ਹੈ ? ਜੋ ਪਰਮੇਸ਼ਰ ਇਕ ਹੈ। ਉਹ ਪਰਮੇਸ਼ਰ ਮੇਰਾ ਗਵਾਹ ਹੈ।੩੯।

**ਦਰੋਗੋ ਮਰਾ ਬਰ ਗਫ਼ੂਰੇ ਗਵਾਹ ਅਸਤ ॥**
**ਬਿਗੋਯਦ ਕਿ ਮਾਰਾ ਪਨਾਹਿ ਖ਼ੁਦਾ ਅਸਤ ॥੪੦॥**

***ਪਦ ਅਰਥ***—ਦਰੋਗੋ=ਝੂਠ । ਬਰ=ਉਤੇ । ਗਫ਼ੂਰੇ=ਖਿਮਾਂ ਕਰਨ ਵਾਲਾ । ਅਸਤ=ਹੈ । ਬਿਗੋਯਦ= ਕਿਹਾ । ਮਾਰਾ=ਮੈਨੂੰ । ਪਨਾਹ=ਆਸਰਾ, ਓਟ । ਖ਼ੁਦਾ ਅਸਤ=ਖ਼ੁਦਾ ਹੈ।

***ਅਰਥ***—ਉਸ ਨੇ ਆਖਿਆ-ਪ੍ਰਮਾਤਮਾ ਹੀ ਮੇਰਾ ਓਟ ਤੇ ਆਸਰਾ ਹੈ। ਮੇਰੇ ਝੂਠ ਨੂੰ ਖਿਮਾਂ ਕਰਨ ਵਾਲਾ ਉਹ ਪ੍ਰਮਾਤਮਾ ਗਵਾਹ ਹੈ।੪੦।

**ਰਿਹਾਈ ਦਿਹਦ ਖ਼ੁਦ ਖ਼ੁਦਾਵੰਦਿ ਤਖ਼ਤ ॥**
**ਬਿਦਾ ਗਸ਼ਤ ਜਾਂ ਮੰਜ਼ਲੇ ਜ਼ਾਇ ਸਖ਼ਤ ॥੪੧॥**

***ਪਦ ਅਰਥ***—ਰਿਹਾਈ=ਛੁਟਕਾਰਾ। ਦਿਹਦ=ਦੇਂਦੀ ਹੈ। ਖ਼ੁਦ=ਆਪਣੇ। ਖ਼ੁਦਾਵੰਦ=ਮਾਲਕ। ਤਖ਼ਤ= ਰਾਜਗੱਦੀ । ਬਿਦਾ=ਵਿਦੈਗੀ । ਗਸ਼ਤ=ਹੋਈ । ਜਾਂ ਮੰਜ਼ਲੇ=ਉਸ ਜਗ੍ਹਾ । ਜਾਇ=ਸਖ਼ਤ=ਕਠੋਰ ਜਗ੍ਹਾ।

***ਅਰਥ***—ਰਾਜਗੱਦੀ ਦੇ ਮਾਲਕ ਭਾਵ ਆਪਣੇ ਪਤੀ ਨੂੰ ਛੁਟਕਾਰਾ ਦਿਵਾ ਦਿਤਾ । ਫਿਰ ਉਸ ਔਖੀ ਜਗ੍ਹਾ ਤੋਂ ਵਿਦਾ ਹੋਈ।੪੧।

**ਬਿਦਿਹ ਸਾਕੀਆ ਸਾਗਰੇ ਸਬਜ਼ ਪਾਨ ॥**
**ਕਿ ਸਾਹਿਬ ਸ਼ਊਰ ਅਸਤ ਜ਼ਾਹਿਰ ਜਹਾਨ ॥੪੨॥**

***ਪਦ ਅਰਥ***—ਬਿਦਿਹ=ਦੇਹੋ । ਸਾਕੀਆ=ਹੇ ਸਤਿਗੁਰੋ ! ਸਾਗਰੇ=ਪਿਆਲਾ, ਕਟੋਰਾ । ਸਬਜ਼ ਪਾਨ= ਹਰਾ ਰੰਗ । ਸ਼ਊਰ=ਸਮਝ ਦੇਣ ਵਾਲਾ । ਜ਼ਾਹਿਰ=ਪ੍ਰਸਿੱਧ।

***ਅਰਥ***—ਹੇ ਸਤਿਗੁਰੋ ! ਹਰੇ ਰੰਗ ਦਾ ਪਿਆਲਾ ਦੇਹੁ । ਜੋ ਮਾਲਕ ਸਮਝ ਦੇਣ ਵਾਲਾ ਹੈ ਅਤੇ ਸੰਸਾਰ ਵਿਚ ਪ੍ਰਸਿੱਧ ਹੈ ।੪੨।

**ਬਿਦਿਹ ਸਾਕੀਆ ਜਾਮ ਫੀਰੋਜ਼ਹ ਰੰਗ ॥**
**ਕਿ ਦਰ ਵਕਤਿ ਸ਼ਬ ਚੂੰ ਖ਼ੁਸ਼ੇ ਰੋਜ਼ੇ ਜੰਗ ॥੪੩॥੬॥**

**ਪਦ ਅਰਥ**—ਜਾਮ=ਪਿਆਲਾ। ਫੀਰੋਜ਼ਹ=ਨੀਮ ਸਬਜ਼। ਸ਼ਬ=ਰਾਤ। ਖ਼ੁਸ਼ੇ=ਆਨੰਦ। ਰੋਜ਼ੇ=ਦਿਨ।

**ਅਰਥ**—ਹੇ ਸਤਿਗੁਰੋ! ਫ਼ੀਰੋਜ਼ੀ ਰੰਗ ਦਾ ਭਾਵ ਹਰੀ ਨਾਮ ਰੂਪੀ ਪਿਆਲਾ ਦਿਓ। ਜੋ ਰਾਤ ਦੇ ਵੇਲੇ ਵਿਚ ਤੇ ਜੁਧ ਦੇ ਦਿਨ ਵਿਚ ਅਨੰਦ ਦੇਣ ਵਾਲਾ ਹੈ।੪੩।੬।

ਛੇਵੀਂ ਹਿਕਾਯਤ (ਕਹਾਣੀ) ਸੰਪੂਰਨ ਹੋਈ।

# ਹਿਕਾਯਤ ਸਤਵੀਂ

## ਵਾਹਿਗੁਰੂ ਜੀ ਕੀ ਫਤਹ॥

**ਖ਼ੁਦਾਵੰਦ ਬਖ਼ਸ਼ਿੰਦਹ ਏ ਬੇਸ਼ੁਮਾਰ॥**
**ਕਿ ਜ਼ਾਹਿਰ ਜ਼ਹੂਰ ਅਸਤ ਸਾਹਿਬ ਦਿਯਾਰ॥੧॥**

**ਪਦ ਅਰਥ**—ਖ਼ੁਦਾਵੰਦ=ਪ੍ਰਮਾਤਮਾ। ਬਖ਼ਸ਼ਿੰਦਹ=ਬਖ਼ਸ਼ਸ਼ ਕਰਨ ਵਾਲਾ। ਬੇਸ਼ੁਮਾਰ=ਅਣਗਿਣਤ। ਕਿ=ਜੋ। ਜ਼ਾਹਿਰ=ਪ੍ਰਗਟ। ਜ਼ਹੂਰ=ਪ੍ਰਕਾਸ਼ ਰੂਪ। ਅਸਤ=ਹੈ। ਸਾਹਿਬ=ਮਾਲਕ। ਦਿਯਾਰ=ਦੇਸ।

**ਅਰਥ**—ਪ੍ਰਮਾਤਮਾ ਅਣਗਿਣਤ ਬਖ਼ਸ਼ਸ਼ਾਂ ਦੇ ਕਰਨ ਵਾਲਾ ਹੈ। ਜੋ ਪ੍ਰਗਟ ਹੈ, ਪ੍ਰਕਾਸ਼ ਰੂਪ ਹੈ ਅਤੇ ਦੇਸਾਂ ਦਾ ਮਾਲਕ ਹੈ।੧।

**ਤਬੀਅਤ ਬਹਾਲ ਅਸਤ ਹੁਸਨਲ ਜਮਾਲ॥**
**ਚਿ ਹੁਸਨਲ ਜਮਾਲੋ ਫ਼ਜ਼ੀਲਤ ਕਮਾਲ॥੨॥**

**ਪਦ ਅਰਥ**—ਤਬੀਅਤ=ਚਿੱਤ, ਹਾਲਾਤ। ਬਹਾਲ=ਟਿਕਾਣੇ ਉਤੇ। ਹੁਸਨਲ=ਸਰੂਪ। ਜਮਾਲ=ਬਹੁਤ ਸੁੰਦਰ। ਫ਼ਜ਼ੀਲਤ=ਅਕਲ, ਬੁਧੀ। ਕਮਾਲ=ਬੇਹਦ ਸੰਪੂਰਨ।

**ਅਰਥ**—ਚਿੱਤ ਟਿਕਾਣੇ ਉਤੇ, ਸੁੰਦਰ ਸਰੂਪ ਦਾ ਜਲਵਾ ਰੌਸ਼ਨ ਹੈ। ਜੋ ਸਰੂਪ ਬਹੁਤ ਸੁੰਦਰ ਹੈ ਤੇ ਉਸ ਦੀ ਅਕਲ ਪੂਰਨ ਹੈ।੨।

**ਕਿ ਅਸਫ਼ੰਦ ਯਾਰ ਅਜ਼ ਜਹਾਂ ਰਖ਼ਤ ਬੁਰਦ॥**
**ਨਸਬ ਨਾਮਹ ਏ ਖ਼ੁਦ ਬ ਬਹਮਨ ਸਪੁਰਦ॥੩॥**

**ਪਦ ਅਰਥ**—ਕਿ=ਜਦੋਂ। ਅਜ਼=ਤੋਂ। ਜਹਾਂ=ਜਹਾਨ। ਰਖ਼ਤ=ਸਾਜ ਸਾਮਾਨ। ਬੁਰਦ=ਲੈ ਗਿਆ। ਨਸਬ ਨਾਮਹ=ਰਾਜ ਗੱਦੀ। ਖ਼ੁਦ=ਆਪ। ਸਪੁਰਦ=ਸੌਂਪਣਾ।

**ਅਰਥ**—ਜਦੋਂ ਅਸਫ਼ੰਦ ਯਾਰ ਜਹਾਨ ਤੋਂ ਸਾਜੋ-ਸਾਮਾਨ ਲੈ ਗਿਆ ਭਾਵ ਮਰ ਗਿਆ ਅਤੇ ਰਾਜ ਗੱਦੀ 'ਬਹਮਨ' ਨਾਮੇ ਆਪਣੇ ਪੁੱਤਰ ਨੂੰ ਸੌਂਪ ਗਿਆ।੩।

Sri Satguru Jagjit Singh Ji eLibrary NamdhariElibrary@gmail.com

**ਅਜ਼ਾਂ ਦੁਖਤਰੇ ਹਮਚੁ ਪਰ ਹੁਮਾਇ ॥**
**ਕਿ ਹੁਸਨਲ ਜਮਾਲਸਤ ਦੌਲਤ ਫ਼ਿਜ਼ਾਇ ॥੪॥**

**ਪਦ ਅਰਥ**—ਅਜ਼ਾਂ=ਉਸ ਦੀ । ਦੁਖਤਰੇ=ਲੜਕੀ । ਹਮਚੁ=ਵਾਂਗੂ । ਪਰ=ਖੰਭ । ਹੁਮਾਇ=ਹੁਮਾਊ ਪੰਛੀ । ਜਮਾਲਸਤ=ਮਹਾਨ ਸੁੰਦਰ ਰੂਪ ਹੈ । ਫ਼ਿਜ਼ਾਇ=ਵਡੇ ਭਾਗਾਂ ਵਾਲੇ ।

**ਅਰਥ**—ਉਸ ਬਹਮਨ ਦੀ ਇਕ ਲੜਕੀ, ਹੁਮਾਊਂ ਪੰਛੀ ਦੇ ਖੰਭ ਵਰਗੀ ਬੜੇ ਹੀ ਸੁੰਦਰ ਸਰੂਪ ਵਾਲੀ ਤੇ ਵਡੇ ਉੱਤਮ ਭਾਗਾਂ ਦੀ ਦੌਲਤ ਵਾਲੀ ਸੀ ।੪।

**ਚੁ ਬਹਮਨ ਸ਼ੁਦੋ ਜ਼ੀਂ ਜਹਾਂ ਬੁਰਦ ਰਖ਼ਤ ॥**
**ਬ ਦੁਖਤਰ ਸਪੁਰਦੰਦ ਆਂ ਤਾਜ ਤਖ਼ਤ ॥੫॥**

**ਪਦ ਅਰਥ**—ਚੁ=ਜਦੋਂ । ਸ਼ੁਦੋ=ਚਲਾ ਗਿਆ । ਜ਼ੀਂ=ਇਸ । ਜਹਾਂ=ਜਹਾਨ । ਬੁਰਦ ਰਖ਼ਤ=ਸਾਜ-ਸਾਮਾਨ । ਦੁਖਤਰ=ਲੜਕੀ । ਸਪੁਰਦੰਦ=ਦੇ ਦਿਤਾ । ਤਾਜ ਤਖ਼ਤ=ਰਾਜ ਗੱਦੀ ।

**ਅਰਥ**—ਜਦੋਂ 'ਬਹਮਨ' ਵੀ ਇਸ ਜਹਾਨ ਤੋਂ ਸਾਜ ਸਾਮਾਨ ਲੈ ਕੇ ਚਲਾ ਗਿਆ ਭਾਵ ਮਰ ਗਿਆ ਤਾਂ ਰਾਜ ਗੱਦੀ ਆਪਣੀ ਲੜਕੀ ਨੂੰ ਦੇ ਦਿਤੀ।੫।

**ਨਸ਼ਸਤੰਦ ਬਰ ਤਖਤ ਰੂਮੀ ਹੁਮਾਇ ॥**
**ਕਿ ਬੁਸਤਾਂ ਬਹਾਰ ਅਸਤ ਸੂਰਤ ਫ਼ਿਜ਼ਾਇ ॥੬॥**

**ਪਦ ਅਰਥ**—ਨਸ਼ਸਤੰਦ=ਬੈਠੀ । ਬਰ=ਉਤੇ । ਤਖ਼ਤ=ਰਾਜ-ਗੱਦੀ । ਰੂਮੀ=ਰੂਮ ਦੀ । ਹੁਮਾਇ=ਹੁਮਾਂ ਪੰਛੀ ਵਰਗੀ । ਬੁਸਤਾਂ=ਬਾਗ । ਬਹਾਰ=ਬਸੰਤ ਰੁਤ । ਸੂਰਤ=ਸਰੂਪ । ਫ਼ਿਜ਼ਾਇ=ਵਧਾਉਣ ਵਾਲੀ।

**ਅਰਥ**—ਜੋ ਹੁਮਾਊਂ ਪੰਛੀ ਵਰਗੀ ਸੁੰਦਰ ਭਾਵ ਮਨ-ਬਾਂਛਤ ਫਲ ਦੇਣ ਵਾਲੀ ਰੂਮ ਦੀ ਰਾਜ-ਗੱਦੀ ਉਤੇ ਬੈਠੀ ਜੋ ਬਸੰਤ ਰੁਤ ਦੀ ਫੁਲਵਾੜੀ ਵਧਾਉਣ ਵਾਲੀ ਹੈ ।੬।

**ਚੁ ਬਿਗੁਜ਼ਸਤ ਬਰ ਵੈ ਜ਼ ਦਹ ਸਾਲ ਚਾਰ ॥**
**ਕਿ ਪੈਦਾ ਸ਼ੁਦਹ ਸਬਜ਼ਹ ਏ ਨੌ ਬਹਾਰ ॥੭॥**

**ਪਦ ਅਰਥ**—ਚੁ=ਜਦ । ਬਿਗੁਜ਼ਸ਼ਤ=ਬੀਤੇ । ਬਰ=ਉਪਰ । ਵੈ=ਉਸ ਨੂੰ । ਦਹ=ਦਸ । ਪੈਦਾ ਸ਼ੁਦਹ=ਉਗ ਪਈ । ਸਬਜ਼ਹ=ਹਰਿਆਵਲ । ਨੌ ਬਹਾਰ=ਨਵੀਂ ਰੁੱਤ।

**ਅਰਥ**—ਜਦ ਉਸ ਦੇ ਉਪਰ ਚੌਦਾਂ ਵਰ੍ਹੇ ਗੁਜਰ ਗਏ ਭਾਵ ਜਦੋਂ ਉਹ ਚੌਦਾਂ ਵਰ੍ਹਿਆਂ ਦੀ ਹੋ ਗਈ । ਤਾਂ ਉਸ ਦੇ ਸਰੀਰ ਵਿਚ ਨਵੀਂ ਰੁੱਤ ਦੀ ਹਰਿਆਵਲ ਪੈਦਾ ਹੋ ਗਈ ਭਾਵ ਜਵਾਨੀ ਆ ਗਈ ।੭।

**ਬਹਾਰੇ ਜਵਾਨੀ ਬ ਨੌਬਤ ਰਸੀਦ ॥**
**ਚੁ ਬੁਸਤਾਂ ਗੁਲੇ ਸੁਰਖ ਬੇਰੂੰ ਕਸ਼ੀਦ ॥੮॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬਹਾਰੇ ਜਵਾਨੀ=ਜੁਆਨੀ ਦੀ ਬਹਾਰ। ਨੌਬਤ=ਹਾਲਤ। ਰਸੀਦ=ਪੁਜ ਗਈ। ਬੁਸਤਾਂ=ਬਗੀਚੀ। ਗੁਲੇ ਸੁਰਖ=ਗੁਲਾਬ ਦਾ ਫੁਲ। ਬੇਰੂੰ=ਬਾਹਰ। ਕਸ਼ੀਦ=ਨਿਕਲਦਾ ਹੈ।

**ਅਰਥ**—ਜਦੋਂ ਜੁਆਨੀ ਦਾ ਹੁਲਾਰਾ ਦੇਣ ਵਾਲੀ ਹਾਲਤ ਪੁਜ ਗਈ। ਜਿਵੇਂ ਬਗੀਚੀ ਅੰਦਰ ਗੁਲਾਬ ਦਾ ਫੁਲ ਖਿੜ ਕੇ ਬਾਹਰ ਨੂੰ ਨਿਕਲਦਾ ਹੈ।੮।

**ਬ ਹੁਸਨ ਆਮਦ ਸ਼ ਤੂਤੀਏ ਨੌ ਬਹਾਰ॥**
**ਚੁ ਮਾਹਿ ਕਿ ਬਰ ਖੁਦ ਕੁਨਦ ਨੌ ਬਹਾਰ॥੯॥**

**ਪਦ ਅਰਥ**—ਬ ਹੁਸਨ=ਸੁੰਦਰਤਾ ਵਿਚ। ਆਮਦ=ਆਈ। ਸ਼=ਉਸ। ਤੂਤੀਏ=ਤੋਤੀ। ਨੌ ਬਹਾਰ=ਨਵਾਂ ਜੋਬਨ। ਚੁ=ਜਿਵੇਂ। ਮਾਹਿ=ਚੰਦ੍ਰਮਾ। ਬਰ ਖੁਦ=ਆਪਣੇ ਉਤੇ। ਕੁਨਦ=ਕਰਦਾ। ਨੌ ਬਹਾਰ=ਨਵੀਂ ਰੁੱਤ।

**ਅਰਥ**—ਉਸ ਦੇ ਹੁਸਨ (ਸੁੰਦਰਤਾ) ਰੂਪ ਤੋਤੀ ਲਈ (ਜੁਆਨੀ ਰੂਪ) ਬਸੰਤ ਰੁੱਤ ਆ ਗਈ। (ਉਸ ਵੇਲੇ ਉਸਦਾ ਸਰੂਪ ਇਉਂ ਹੋ ਗਿਆ) ਜਿਵੇਂ ਕਿ ਚੰਦ੍ਰਮਾ ਆਪਣੇ ਉਤੇ ਨਵੀਂ ਬਹਾਰ ਕਰਦਾ ਹੈ।੯।

**ਮਿਜ਼ਾਜਸ਼ ਜ਼ ਤਿਫ਼ਲੀ ਬਿਰੂੰ ਦਰ ਰਸੀਦ॥**
**ਜਵਾਨੀ ਜ਼ਿ ਆਗਾਜ਼ ਬਰ ਵੈ ਕਸ਼ੀਦ॥੧੦॥**

**ਪਦ ਅਰਥ**—ਮਿਜ਼ਾਜ=ਸੁਭਾਉ। ਸ਼=ਉਸ। ਜ਼=ਤੋਂ। ਤਿਫ਼ਲੀ=ਅੰਞਾਣਪੁਣਾ। ਬਿਰੂੰ=ਬਾਹਰ। ਦਰ=ਵਿਚ। ਰਸੀਦ=ਪੁਜ ਗਿਆ। ਆਗਾਜ਼=ਮੁਢ, ਆਰੰਭ। ਬਰ ਵੈ=ਉਸ ਉਤੇ। ਕਸ਼ੀਦ=ਖਿਚਿਆ।

**ਅਰਥ**—ਉਸ ਦੇ ਸੁਭਾਵ ਵਿਚੋਂ ਅੰਞਾਣ ਪੁਣਾ ਬਾਹਰ ਪੁਜ ਗਿਆ। ਉਸ ਉਤੇ ਜੁਆਨੀ ਦੇ ਮੁਢ ਦਾ (ਨਿਸ਼ਾਨ) ਖਿੱਚਿਆ ਗਿਆ।੧੦।

**ਬਿਦਾ ਸ਼ੁਦ ਅਜ਼ੋ ਹਾਲਿ ਤਿਫ਼ਲੀ ਮਿਜ਼ਾਜ॥**
**ਬਹਾਰੇ ਜਵਾਨੀ ਦਰਾਮਦ ਬ ਬਾਜ॥੧੧॥**

**ਪਦ ਅਰਥ**—ਬਿਦਾ ਸ਼ੁਦ=ਚਲਾ ਗਿਆ। ਅਜ਼ੋ=ਉਸ ਤੋਂ। ਹਾਲਿ=ਢੰਗ, ਤਰੀਕਾ। ਤਿਫ਼ਲੀ=ਬਾਲਪੁਣੇ। ਮਿਜ਼ਾਜ=ਸੁਭਾਉ। ਬਹਾਰੇ=ਮੌਸਮ। ਬਾਜ=ਫੇਰ।

**ਅਰਥ**—ਉਸ ਪਾਸੋਂ ਬਾਲਪੁਣੇ ਦਾ ਢੰਗ ਤੇ ਸੁਭਾਵ ਚਲਾ ਗਿਆ। ਫਿਰ ਜੁਆਨੀ ਦਾ ਮੌਸਮ ਆ ਗਿਆ।੧੧।

**ਕਿ ਬਿਨਸ਼ਸਤ ਬਰ ਤਖ਼ਤਿ ਸ਼ਾਹਨਸ਼ਹੀ॥**
**ਬ ਕਲਮ ਅੰਦਰ ਆਵੇਖ਼ਤ ਕਾਗਜ਼ ਮਹੀ॥੧੨॥**

**ਪਦ ਅਰਥ**—ਕਿ=ਜਦੋਂ। ਬਿਨਸ਼ਸਤ=ਬੈਠੀ। ਬਰ ਤਖ਼ਤਿ=ਰਾਜ ਸਿੰਘਾਸਨ ਦੇ ਉਤੇ। ਸ਼ਾਹਨਸ਼ਹੀ=ਸ਼ਹਿਨਸ਼ਾਹੀ, ਚੱਕ੍ਰਵਰਤੀ। ਆਵੇਖ਼ਤ=ਲਟਕਾਇਆ। ਮਹੀ=ਜਥੇਦਾਰੀ ਦਾ।

**ਅਰਥ**—ਜਦੋਂ ਸ਼ਹਿਨਸ਼ਾਹੀ ਤਖ਼ਤ ਉਤੇ ਬੈਠੀ ਅਤੇ ਕਲਮ ਨਾਲ ਕਾਗ਼ਜ਼ ਉਤੇ ਲਿਖਣ ਲਗੀ, ਜੋ ਜਥੇਦਾਰੀ ਦਾ ਕਾਗ਼ਜ਼ ਦਰਬਾਰ ਅੰਦਰ ਲਟਕਾਇਆ ਹੋਇਆ ਸੀ ।੧੨।

**ਨਜ਼ਰ ਕਰਦ ਬਰ ਬਚਹ ਗੌਹਰ ਨਿਗਾਰ ॥**
**ਕਿ ਬੁਰਦ ਅੰਦਰੂੰਨਸ਼ ਵਕਤਿ ਗੁਬਾਰ ॥੧੩॥**

**ਪਦ ਅਰਥ**—ਨਜ਼ਰ ਕਰਦ=ਨਿਗ੍ਹਾ ਕੀਤੀ, ਵੇਖਿਆ । ਬਰ=ਉਪਰ । ਗੌਹਰ ਨਿਗਾਰ=ਮੋਤੀਆਂ ਦਾ ਪਾਰਖੂ, ਜੌਹਰੀ । ਬੁਰਦ=ਲੈ ਗਈ । ਗੁਬਾਰ=ਹਨੇਰਾ । ਬਚਹ=ਪੁਤਰ । ਸ਼=ਉਸ ਨੂੰ ।

**ਅਰਥ**—ਜੌਹਰੀ ਦੇ ਪੁਤਰ ਉਤੇ ਨਿਗਾਹ ਕੀਤੀ ਤੇ ਉਸ ਨੂੰ ਹਨੇਰੇ ਵਿਚ ਅੰਦਰ ਲੈ ਗਈ।੧੩।

**ਬਿਆਵੇਖ਼ਤ ਬਾ ਓ ਦੋ ਸਿਹ ਚਾਰ ਮਾਹ ॥**
**ਕਿ ਸ਼ਿਕਮਸ਼ ਫਿਰੋਮਾਂਦ ਅਜ਼ ਤੁਖ਼ਮਿ ਸ਼ਾਹ ॥੧੪॥**

**ਪਦ ਅਰਥ**—ਬਿਆਵੇਖ਼ਤ=ਫਸੀ ਰਹੀ, ਪਿਆਰ ਵਿਚ ਰਚੀ ਮਿਚੀ ਰਹੀ । ਬਾ ਓ=ਉਸ ਨਾਲ। ਦੋ ਸਿਹ=ਦੋ ਤਿੰਨ । ਮਾਹ=ਮਹੀਨੇ । ਸ਼ਿਕਮ=ਢਿੱਡ, ਗਰਭ, ਹਮਲ । ਸ਼=ਉਸ ਨੂੰ । ਫਿਰੋਮਾਂਦ=ਹੋ ਗਿਆ, ਠਹਿਰ ਗਿਆ । ਅਜ਼=ਤੋਂ । ਤੁਖ਼ਮਿ=ਬੀਜ, ਬੀਰਜ । ਸ਼ਾਹ=ਸ਼ਾਹੂਕਾਰ।

**ਅਰਥ**—ਦੋ, ਤਿੰਨ, ਚਾਰ ਭਾਵ ਨੌ ਮਹੀਨੇ ਉਸ ਨਾਲ ਪਿਆਰ ਵਿਚ ਫਸੀ ਰਹੀ । ਸ਼ਾਹੂਕਾਰ ਦੇ ਬੀਰਜ ਤੋਂ ਉਸ ਨੂੰ ਗਰਭ ਠਹਿਰ ਗਿਆ ।੧੪।

**ਚੋ ਨਹਿ ਮਾਹ ਗਸ਼ਤਹ ਬ ਆਬਿਸਤਨੀ ॥**
**ਬਿ ਕੋਸ਼ਿਸ਼ ਦਰਾਮਦ ਰਗੇ ਖੁਸ਼ਤਨੀ ॥੧੫॥**

**ਪਦ ਅਰਥ**—ਚੋ=ਜਦੋਂ । ਨਹਿ ਮਾਹ=ਨੌਂ ਮਹੀਨੇ । ਗਸ਼ਤਹ=ਲੰਘ ਗਏ । ਆਬਿਸਤਨੀ=ਹਮਲ ਠਹਿਰਿਆ । ਬਿ=ਵਿਚ । ਕੋਸ਼ਿਸ਼=ਫੜਕਨਾ, ਹਿਲਨਾ । ਰਗੇ=ਨਾੜੀ, ਪ੍ਰਸੂਤਾ ਨਾੜੀ । ਖੁਸ਼ਤਨੀ=ਸੁੰਦਰ ਸਰੀਰ ਵਾਲੀ । ਦਰਾਮਦ=ਆਈ।

**ਅਰਥ**—ਜਦੋਂ ਗਰਭ ਠਹਿਰਿਆਂ ਨੂੰ ਨੌਂ ਮਹੀਨੇ ਲੰਘ ਗਏ । ਤਾਂ ਸੁੰਦਰ ਸਰੀਰ ਵਾਲੀ ਦੀ ਪ੍ਰਸੂਤਾ ਨਾੜੀ ਫੜਕਣ ਲਗ ਪਈ।੧੫।

**ਤਵੱਲੁਦ ਸ਼ੁਦਹ ਕੋਦਕੇ ਸ਼ੀਰ ਖ਼ਾਰ ॥**
**ਕਿ ਖ਼ੁਦ ਸ਼ਾਹੇ ਸ਼ਾਹ ਅਫਗਨੋ ਨਾਮਦਾਰ ॥੧੬॥**

**ਪਦ ਅਰਥ**—ਤਵੱਲੁਦ ਸ਼ੁਦਹ=ਪੈਦਾ ਹੋਇਆ । ਕੋਦਕੇ=ਲੜਕਾ, ਪੁਤ੍ਰ । ਸ਼ੀਰ ਖ਼ਾਰ=ਦੁਧ ਪੀਣ ਵਾਲਾ । ਕਿ=ਜੋ ।ਖ਼ੁਦ=ਆਪ । ਸ਼ਾਹੇ=ਰਾਜਾ । ਸ਼ਾਹ ਅਫਗਨ=ਰਾਜਿਆਂ ਨੂੰ ਢਾਹੁਣ ਵਾਲਾ । ਨਾਮਦਾਰ=ਪ੍ਰਗਟ, ਮਸ਼ਹੂਰ।

**ਅਰਥ**—ਉਸ ਤੋਂ ਦੁਧ ਪੀਣ ਵਾਲਾ ਲੜਕਾ ਪੈਦਾ ਹੋਇਆ । ਜੋ ਆਪ ਰਾਜਾ ਤੇ ਰਾਜਿਆਂ ਨੂੰ ਢਾਹੁਣ ਵਾਲਿਆਂ ਵਿਚ ਮਸ਼ਹੂਰ ਹੋ ਗਿਆ ।੧੬। [ਦ: ਗ੍ਰੰ: ਪੰਨਾ ੧੪੧੧

**ਕਿ ਜ਼ਾਹਿਰ ਨ ਕਰਦੰਦ ਸਿਰਰੇ ਜਹਾਂ ॥**
**ਬ ਸੰਦੂਕ ਓ ਰਾ ਨਿਗਾਹ ਦਾਸ਼ਤ ਆਂ ॥੧੭॥**

***ਪਦ ਅਰਥ***—ਕਿ=ਜੋ। ਜ਼ਾਹਿਰ=ਪ੍ਰਗਟ। ਨ ਕਰਦੰਦ=ਨਾ ਕੀਤਾ। ਸਿਰਰੇ=ਉਹਦੇ ਭੇਦ। ਜਹਾਂ=ਜਹਾਨ, ਜਗਤ। ਬ=ਵਿਚ। ਓ ਰਾ=ਉਸ ਨੂੰ। ਨਿਗਾਹ=ਨਜ਼ਰ। ਦਾਸ਼ਤ=ਰਖਿਆ। ਆਂ=ਉਸ।

***ਅਰਥ***—ਜੋ ਸੰਸਾਰ ਵਿਚ ਉਹਦਾ ਭੇਦ ਪ੍ਰਗਟ ਨਾ ਕੀਤਾ ਭਾਵ ਲੋਕਾਂ ਨੂੰ ਨਹੀਂ ਦਸਿਆ। ਉਸ ਨੂੰ ਸੰਦੂਕ ਵਿਚ ਪਾ ਕੇ (ਆਪਣੀ) ਨਜ਼ਰ ਵਿਚ ਰਖਿਆ।੧੭।

**ਜ਼ ਮੁਸ਼ਕੋ ਇਤਰ ਅੰਬਰ ਆਵੇਖ਼ਤੰਦ ॥**
**ਬਰੋ ਊਦ ਅਜ਼ ਜ਼ਅਫਰਾਂ ਰੇਖ਼ਤੰਦ ॥੧੮॥**

***ਪਦ ਅਰਥ***—ਮੁਸ਼ਕੋ=ਕਸਤੂਰੀ। ਇਤਰ=ਅਤਰ। ਅੰਬਰ=ਮੁਸ਼ਕੰਬਰ। ਊਦ=ਇਕ ਤਰ੍ਹਾਂ ਦੀ ਸੁਗੰਧੀ ਵਾਲੀ ਲੱਕੜੀ। ਜ਼ਅਫਰਾਂ=ਕੇਸਰ। ਆਵੇਖ਼ਤੰਦ=ਲਪੇਟਿਆ। ਰੇਖ਼ਤੰਦ=ਛਿੜਕਿਆ।

***ਅਰਥ***—ਕਸਤੂਰੀ, ਮੁਸ਼ਕੰਬਰ ਤੇ ਅਤਰ ਆਦਿਕਾਂ ਦਾ ਉਸ ਦੇ ਉਤੇ ਲੇਪ ਕੀਤਾ। ਉਸ ਉਪਰ ਕੇਸਰ ਘੋਲ ਕੇ ਡੋਲ੍ਹਿਆ ਤੇ ਧੂਪ ਵੀ ਧੁਖਾਇਆ।੧੮।

**ਬ ਦਸਤ ਅੰਦਰੂੰ ਦਾਸ਼ਤ ਓ ਰਾ ਅਕੀਕ ॥**
**ਰਵਾਂ ਕਰਦ ਸੰਦੂਕ ਦਰੀਆ ਅਮੀਕ ॥੧੯॥**

***ਪਦ ਅਰਥ***—ਦਸਤ=ਹੱਥ। ਅੰਦਰੂੰ=ਅੰਦਰ। ਦਾਸ਼ਤ=ਰੱਖ ਦਿਤਾ। ਓ ਰਾ=ਉਸ ਦੇ। ਅਕੀਕ=ਲਾਲ। ਰਵਾਂ ਕਰਦ=ਰੋੜ੍ਹ ਦਿਤਾ। ਦਰੀਆ=ਨਦੀ। ਅਮੀਕ=ਡੂੰਘੀ

***ਅਰਥ***—ਉਸ ਦੇ ਹੱਥ ਉਤੇ ਇਕ ਲਾਲ ਭਾਵ ਕੀਮਤੀ ਪੱਥਰ ਰੱਖ ਦਿਤਾ। ਸੰਦੂਕ ਨੂੰ ਨਦੀ ਦੇ ਡੂੰਘੇ ਪਾਣੀ ਵਿਚ ਰੋੜ੍ਹ ਦਿਤਾ।੧੯।

**ਰਵਾਂ ਕਰਦ ਓ ਰਾ ਕੁਨਦ ਜਾਮਹ ਚਾਕ ॥**
**ਨਜ਼ਰ ਦਾਸ਼ਤ ਬਰ ਸ਼ੁਕਰਿ ਯਜ਼ਦਾਨਿ ਪਾਕ ॥੨੦॥**

***ਪਦ ਅਰਥ***—ਰਵਾਂ ਕਰਦ=ਰੋੜ੍ਹ ਦਿਤਾ। ਓ ਰਾ=ਉਸ ਨੂੰ। ਕੁਨਦ=ਕੀਤਾ। ਜਾਮਹ=ਕਪੜੇ। ਚਾਕ=ਲੀਰੋ ਲੀਰ। ਨਜ਼ਰ ਦਾਸ਼ਤ=ਧਿਆਨ ਰਖਿਆ। ਸ਼ੁਕਰਿ=ਸਿਮਰਨ ਕੀਤਾ। ਯਜ਼ਦਾਨਿ ਪਾਕ=ਪਵਿੱਤ੍ਰ ਪ੍ਰਮਾਤਮਾ ਦਾ।

***ਅਰਥ***—ਉਸ ਨੂੰ ਰੋੜ੍ਹ ਦਿਤਾ, ਤੇ ਕਪੜੇ ਲੀਰੋ ਲੀਰ ਕਰ ਦਿਤੇ। ਪਵਿਤ੍ਰ ਪ੍ਰਮਾਤਮਾ ਦਾ ਧਿਆਨ ਧਰਿਆ ਤੇ ਸਿਮਰਨ ਕਰਨ ਲਗ ਪਈ ਹੇ ਵਾਹਿਗੁਰੂ! ਹੁਣ ਤੂੰ ਹੀ ਇਸ ਦਾ ਰਾਖਾ ਹੈਂ।੨੦।

**ਨਸ਼ਸਤੰਦ ਬਰ ਰੋਦ ਲਬ ਗਾਜ਼ਰਾਂ ॥**
**ਨਜ਼ਰ ਕਰਦ ਸੰਦੂਕ ਦਰਿਆ ਰਵਾਂ ॥੨੧॥**

***ਪਦ ਅਰਥ***—ਨਸ਼ਸਤੰਦ=ਬੈਠੇ ਸਨ । ਬਰ=ਉਪਰ । ਰੋਦ=ਨਦੀ । ਲਬ=ਕੰਢੇ । ਗਾਜ਼ਰਾਂ=ਧੋਬੀ । ਨਜ਼ਰ ਕਰਦ=ਵੇਖਿਆ । ਰਵਾਂ=ਰੁੜ੍ਹਿਆ ਆਉਂਦਾ ।

***ਅਰਥ***—ਨਦੀ ਦੇ ਕਿਨਾਰੇ ਉਤੇ ਧੋਬੀ ਬੈਠੇ ਸਨ । ਦਰਿਆ ਵਿਚ ਰੁੜ੍ਹਿਆ ਆਉਂਦਾ ਸੰਦੂਕ ਵੇਖਿਆ ।੨੧।

**ਹਮੀਂ ਖਾਸਤ ਕਿ ਓ ਰਾ ਬਦਸਤ ਆਵਰੰਦ ॥**
**ਕਿ ਸੰਦੂਕ ਬਸਤਹ ਸ਼ਿਕਸਤ ਆਵਰੰਦ ॥੨੨॥**

***ਪਦ ਅਰਥ***—ਹਮੀ ਖਾਸਤ=ਚਾਹਿਆ । ਕਿ=ਜੋ । ਓ ਰਾ=ਉਸ ਨੂੰ । ਬਦਸਤ=ਹੱਥ ਵਿਚ । ਆਵਰੰਦ= ਲਿਆਈਏ । ਬਸਤਹ=ਬੰਦ ਕੀਤੇ । ਸ਼ਿਕਸਤ ਆਵਰੰਦ=ਤੋੜ ਸੁਟੀਏ ।

***ਅਰਥ***—ਉਹਨਾਂ ਨੇ ਚਾਹਿਆ ਜੋ ਉਸ ਨੂੰ ਹੱਥ ਵਿਚ ਲਿਆਈਏ । ਜੋ ਬੰਦ ਕੀਤੇ ਹੋਏ ਸੰਦੂਕ ਨੂੰ ਤੋੜ ਸੁਟੀਏ ।੨੨।

**ਚੋ ਬਾਜ਼ੂ ਬਿਕੋਸ਼ਸ਼ ਦਰਾਮਦ ਅਜ਼ਾਂ ॥**
**ਬਦਸਤ ਅੰਦਰ ਆਮਦ ਮਤਾਏ ਗਿਰਾਂ ॥੨੩॥**

***ਪਦ ਅਰਥ***—ਚੋ=ਜਦੋਂ । ਬਾਜ਼ੂ=ਬਾਹਾਂ । ਕੋਸ਼ਸ਼=ਯਤਨ । ਦਰਾਮਦ=ਆਏ । ਅਜ਼ਾਂ=ਉਸ ਵਿਚੋਂ । ਬਦਸਤ=ਹੱਥ ਵਿਚ । ਆਮਦ=ਆ ਗਿਆ । ਮਤਾਏ=ਪਦਾਰਥ । ਗਿਰਾਂ=ਬਹੁਤ ।

***ਅਰਥ***—ਜਦ ਉਹਨਾਂ ਨੇ ਬਾਹਾਂ ਦੇ ਜ਼ੋਰ ਨਾਲ ਯਤਨ ਕੀਤਾ ਤਾਂ ਉਸ ਵਿਚੋਂ ਬਹੁਤ ਧਨ ਪਦਾਰਥ ਹੱਥ ਵਿਚ ਆਇਆ ।੨੩।

**ਸ਼ਿਕਸਤੰਦ ਮੋਹਰਸ਼ ਬਰਾਏ ਮਤਾ ॥**
**ਪਦੀਦ ਆਮਦਹ ਜਾਂ ਚੋ ਰਖ਼ਸ਼ਿੰਦਹ ਮਾਹ ॥੨੪॥**

***ਪਦ ਅਰਥ***—ਸ਼ਿਕਸਤੰਦ=ਤੋੜ ਦਿਤੀ । ਮੋਹਰ=ਸੀਲ । ਸ਼=ਉਸ ਦੀ । ਬਰਾਏ=ਵਾਸਤੇ । ਮਤਾ=ਧਨ, ਪਦਾਰਥ । ਪਦੀਦ ਆਮਦਹ=ਪ੍ਰਗਟ ਹੋ ਆਇਆ । ਜਾਂ=ਉਸ ਵਿਚੋਂ । ਚੋ=ਵਾਂਗੂ । ਰਖ਼ਸ਼ਿੰਦਹ=ਚਮਕੀਲਾ । ਮਾਹ=ਚੰਦਰਮਾ ।

***ਅਰਥ***—ਧਨ ਪਦਾਰਥ ਵਾਸਤੇ ਉਸ ਦੀ ਸੀਲ ਮੋਹਰ ਤੋੜ ਦਿਤੀ । ਤਾਂ ਉਸ ਵਿਚੋਂ ਪ੍ਰਕਾਸ਼ ਵਾਲੇ ਚੰਦਰਮਾ ਵਰਗਾ (ਬਾਲਕ) ਪ੍ਰਗਟ ਹੋ ਆਇਆ ।੨੪।

**ਵ ਜ਼ਾਂ ਗਾਜ਼ਰਾਂ ਖ਼ਾਨਹ ਕੋਦਕ ਚੋ ਨੇਸਤ ॥**
**ਖ਼ੁਦਾ ਮਨ ਪਿਸਰ ਦਾਦ ਈਂ ਹਮਹ ਬਸ਼ੇਸਤ ॥੨੫॥**

***ਪਦ ਅਰਥ***—ਵ=ਅਤੇ । ਜ਼ਾਂ=ਉਹਨਾਂ । ਗਾਜ਼ਰਾਂ=ਧੋਬੀਆਂ । ਖ਼ਾਨਹ=ਘਰ । ਕੋਦਕ=ਲੜਕਾ । ਨੇਸਤ= ਨਹੀਂ ਹੈ । ਮਨ=ਮੈਨੂੰ । ਪਿਸਰ=ਪੁਤਰ । ਦਾਦ=ਦਿਤਾ ਹੈ । ਈਂ=ਇਹ । ਹਮ=ਸਾਨੂੰ । ਬਸ਼ੇਸਤ=ਬਹੁਤ

ਹੈ ।

**ਅਰਥ**—ਅਤੇ ਉਹਨਾਂ ਧੋਬੀਆਂ ਦੇ ਘਰ ਲੜਕਾ ਕੋਈ ਨਹੀਂ ਸੀ । ਖ਼ੁਦਾ ਨੇ ਮੈਨੂੰ ਪੁਤਰ ਦਿਤਾ ਹੈ, ਏਹੋ ਹੀ ਸਾਨੂੰ ਬਹੁਤ ਹੈ ।੨੫।

**ਬਿਆਵੁਰਦ ਓ ਰਾ ਗਿਫ਼ਤ ਆਂ ਅਮੀਕ ॥**
**ਸ਼ੁਕਰ ਕਰਦ ਯਜ਼ਦਾਨਿ ਆਜ਼ਮ ਅਕੀਕ ॥੨੬॥**

**ਪਦ ਅਰਥ**—ਬਿਆਵੁਰਦ=ਲਿਆਏ । ਓ ਰਾ=ਉਸ ਨੂੰ । ਗਿਫ਼ਤ=ਫੜ ਕੇ । ਆਂ=ਉਹ । ਅਮੀਕ= ਡੂੰਘਾ ਪਾਣੀ । ਸ਼ੁਕਰ ਕਰਦ=ਧੰਨਵਾਦ ਕੀਤਾ । ਯਜ਼ਦਾਂ=ਵਾਹਿਗੁਰੂ । ਆਜ਼ਮ=ਵੱਡਾ । ਅਕੀਕ=ਹੀਰਾ ਵ ਲਾਲ।

**ਅਰਥ**—ਉਸ ਨੂੰ ਡੂੰਘੇ ਪਾਣੀ ਵਿਚੋਂ ਫੜ ਕੇ ਲਿਆਏ ਸਨ । ਵੱਡਾ ਸਾਰਾ ਹੀਰਾ ਭਾਵ ਬੱਚਾ ਉਹਨਾਂ ਦੇ ਹੱਥ ਲੱਗਾ ਸੀ, ਇਸ ਲਈ ਵਾਹਿਗੁਰੂ ਦਾ ਧੰਨਵਾਦ ਕੀਤਾ।੨੬।

**ਕੁਨਦ ਪਰਵਰਸ਼ ਰਾ ਚੁ ਪਿਸਰਿ ਅਜ਼ੀਮ ॥**
**ਬ ਯਾਦੇ ਖ਼ੁਦਾਇ ਕਿਬਲਹ ਕਾਬਹ ਕਰੀਮ ॥੨੭॥**

**ਪਦ ਅਰਥ**—ਕੁਨਦ=ਕਰਦਾ ਹੈ । ਪਰਵਰਸ਼=ਪਾਲਣਾ । ਪਿਸਰਿ=ਪੁੱਤਰ ਦੇ । ਚੁ=ਵਾਂਗੂ । ਅਜ਼ੀਮ= ਵੱਡਾ । ਬ ਯਾਦੇ=ਸਿਮਰਨ ਨਾਲ । ਕਿਬਲਹ=ਪੂਜਯ ਜਗ੍ਹਾ । ਕਾਬਹ=ਮੱਕਾ । ਕਰੀਮ=ਕਿਰਪਾਲੂ ।

**ਅਰਥ**—ਉਸ ਦੀ ਪੁਤਰ ਵਾਂਗ ਪਾਲਣਾ ਕਰਨ ਲਗ ਪਿਆ । ਮੱਕਾ ਸ਼ਰੀਫ਼ ਤੇ ਕ੍ਰਿਪਾਲੂ ਖ਼ੁਦਾ ਦਾ ਵੀ ਸਿਮਰਨ ਕਰਦਾ ਰਿਹਾ।੨੭।

**ਚੁ ਬਿਗੁਜ਼ਸ਼ਤ ਦਰ ਵੈ ਦੋ ਸਿਹ ਸਾਲ ਮਾਹ ॥**
**ਕਜ਼ੋ ਦੁਖ਼ਤਰੇ ਖ਼ਾਨਹ ਆਵੁਰਦ ਸ਼ਾਹ ॥੨੮॥**

**ਪਦ ਅਰਥ**—ਚੁ=ਜਦੋਂ । ਬਿਗੁਜ਼ਸ਼ਤ=ਗੁਜ਼ਰ ਗਏ । ਦੋ ਸਿਹ=ਦੋ ਤਿੰਨ । ਸਾਲ=ਵਰ੍ਹੇ । ਮਾਹ=ਮਹੀਨੇ । ਕਜ਼ੋ=ਉਸ ਦੀ । ਆਰਵੁਦ=ਲਿਆਈ । ਸ਼ਾਹ=ਬਾਦਸ਼ਾਹ।

**ਅਰਥ**—ਜਦ ਇਸ ਗੱਲ ਨੂੰ ਦੋ ਤਿੰਨ ਵਰ੍ਹੇ ਤੇ ਕੁਝ ਮਹੀਨੇ ਗੁਜ਼ਰ ਗਏ । ਤਦ ਉਸ ਧੋਬੀ ਦੀ ਲੜਕੀ ਬਾਦਸ਼ਾਹ ਦੇ ਘਰ ਲੈ ਆਈ ।੨੮।

**ਨਜ਼ਰ ਕਰਦ ਬਰ ਵੈ ਹੁਮਾਇ ਅਜ਼ੀਮ ॥**
**ਬਿਯਾਦ ਆਮਦਸ਼ ਪਿਸਰੇ ਗਾਜ਼ਰ ਕਰੀਮ ॥੨੯॥**

**ਪਦ ਅਰਥ**—ਨਜ਼ਰ ਕਰਦ=ਵੇਖਿਆ । ਬਰ ਵੈ=ਉਸ ਉਤੇ । ਬਿਯਾਦ=ਯਾਦ ਵਿਚ । ਆਮਦ=ਆ ਗਿਆ । ਪਿਸਰੇ=ਪੁਤਰ । ਗਾਜ਼ਰ=ਧੋਬੀ ।

Sri Satguru Jagjit Singh Ji eLibrary NamdhariElibrary@gmail.com

***ਅਰਥ***—'ਹੁਮਾਇ ਅਜ਼ੀਮ' ਉਸ ਵਲ ਵੇਖਿਆ। (ਜੋ) 'ਕਰੀਮ' ਧੋਬੀ ਦਾ ਪੁੱਤਰ ਸੀ, ਉਸ ਦੀ ਯਾਦ ਆ ਗਈ।੨੯।

**ਬਿ ਪੁਰਸੀਦ ਓ ਰਾ ਕਿ ਐ ਨੇਕ ਜ਼ਨ ॥**
**ਕੁਜਾ ਯਾਫ਼ਤੀ ਪਿਸਰ ਖੁਸ਼ ਖੋਇ ਤਨ ॥੩੦॥**

***ਪਦ ਅਰਥ***—ਬਿ=ਪਾਸੋਂ। ਪੁਰਸੀਦ=ਪੁਛਿਆ। ਓ=ਉਸ ਨੂੰ। ਐ=ਹੇ। ਨੇਕ ਜ਼ਨ=ਚੰਗੀ ਇਸਤ੍ਰੀ। ਕੁਜਾ=ਕਿਥੋਂ। ਯਾਫ਼ਤੀ=ਤੂੰ ਲੱਭਾ ਹੈ। ਪਿਸਰ=ਪੁੱਤਰ। ਖੁਸ਼ ਖੋਇ=ਚੰਗੇ ਸੁਭਾਵ। ਤਨ=ਸਰੀਰ।

***ਅਰਥ***—ਉਸ ਲੜਕੀ ਪਾਸੋਂ ਪੁਛਿਆ-ਹੇ ਚੰਗੀ ਇਸਤ੍ਰੀ। ਜੋ ਚੰਗੇ ਸੁਭਾਵ ਤੇ ਸੋਹਣੇ ਸਰੀਰ ਵਾਲਾ ਪੁੱਤਰ ਤੂੰ ਕਿਥੋਂ ਲਿਆ ਹੈ।੩੦।

**ਬਿਦਾਨੇਮ ਖਾਨੇਮ ਸ਼ਨਾਸੇਮ ਮਨ ॥**
**ਯਕੇ ਮਨ ਸ਼ਨਾਸਮ ਨ ਦੀਗਰ ਸੁਖਨ ॥੩੧॥**

***ਪਦ ਅਰਥ***—ਦਾਨੇਮ=ਜਾਣਦੀ ਹਾਂ। ਖਾਨੇਮ=ਕਹਿੰਦੀ ਹਾਂ। ਸ਼ਨਾਸੇਮ=ਪਛਾਣਦੀ ਹਾਂ। ਮਨ=ਮੈਂ। ਯਕੇ ਮਨ=ਇਕੋ ਮੈਂ। ਸ਼ਨਾਸਮ=ਪਛਾਣਦੀ ਹਾਂ। ਨ=ਨਹੀਂ। ਦੀਗਰ=ਦੂਸਰਾ। ਸੁਖਨ=ਗੱਲ।

***ਅਰਥ***—ਆਪਣੇ ਮਨ ਵਿਚ ਕਹਿਣ ਲੱਗੀ-ਇਸ ਲੜਕੇ ਨੂੰ ਮੈਂ ਜਾਣਦੀ ਹਾਂ, ਕਹਿੰਦੀ ਹਾਂ ਅਤੇ ਪਛਾਣਦੀ ਹਾਂ, ਪਰ ਇਸ ਭੇਦ ਨੂੰ ਇਕ ਮੈਂ ਹੀ ਜਾਣਦੀ ਹਾਂ। ਦੂਜਾ ਹੋਰ ਕੋਈ ਇਸ ਭੇਦ ਦੀ ਗੱਲ ਨੂੰ ਨਹੀਂ ਜਾਣਦਾ।੩੧।

**ਦਵੀਦੰਦ ਮਰਦੁਮ ਕਿ ਖ਼ਾਹੰਦ ਜ਼ੋ ॥**
**ਕਿ ਅਜ਼ ਖ਼ਾਨਹ ਏ ਗਾਜ਼ਰਾਨਸ਼ ਅਜ਼ੋ ॥੩੨॥**

***ਪਦ ਅਰਥ***—ਦਵੀਦੰਦ=ਦੌੜ। ਮਰਦੁਮ=ਲੋਕ। ਖ਼ਾਹੰਦ=ਚਾਹੁੰਦੇ ਹਨ। ਜ਼ੋ=ਉਸ ਤੋਂ। ਕਿ=ਜੋ। ਅਜ਼=ਤੋਂ। ਖ਼ਾਨਹ=ਘਰ। ਗਾਜ਼ਰਾਨਸ਼=ਉਹਨਾਂ ਧੋਬੀਆਂ।

***ਅਰਥ***—ਜੋ ਲੋਕ ਚਾਹੁੰਦੇ ਸਨ, ਉਸ ਪਾਸੋਂ ਲੜਕਾ ਲੈ ਆਈਏ, ਉਹ ਧੋਬੀਆਂ ਦੇ ਘਰ ਵਲ ਦੌੜ ਗਏ।੩੨।

**ਬਿਖਾਦੰਦ ਓ ਰਾ ਬਿ ਬਸਤੰਦ ਸਖਤ ॥**
**ਬਿਪੁਰਸੀਦ ਓ ਰਾ ਕਿ ਐ ਨੇਕ ਬਖਤ ॥੩੩॥**

***ਪਦ ਅਰਥ***—ਬਿਖਾਦੰਦ=ਬੁਲਾਇਆ। ਓ ਰਾ=ਉਸ ਨੂੰ। ਬਸਤੰਦ=ਬੰਨ੍ਹ ਲਿਆ। ਸਖਤ=ਪੱਕਾ, ਘੁੱਟ ਕੇ। ਪੁਰਸੀਦ=ਪੁਛਿਆ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਉਸ ਧੋਬੀ ਨੂੰ ਬੁਲਾਇਆ ਤੇ ਪੱਕਾ ਕਰ ਕੇ ਬੰਨ੍ਹ ਲਿਆ। ਉਸ ਨੂੰ ਪੁੱਛਿਆ ਹੇ ਚੰਗੇ ਭਾਗਾਂ ਵਾਲੇ ਬੰਦੇ! ਤੂੰ ਇਹ ਲੜਕਾ ਕਿਥੋਂ ਲਿਆ ਹੈ।੩੩।

**ਬਿਗੋਯਮ ਤੁਰਾ ਹਮ ਚੁਨੀ ਯਾਫਤੇਮ ॥**
**ਨਮਾਯਮ ਬ ਤੋ ਹਾਲ ਚੂੰ ਸਾਖਤੇਮ ॥੩੪॥**

**ਪਦ ਅਰਥ**—ਗੋਯਮ=ਕਿਹਾ। ਤੁਰਾ=ਤੈਨੂੰ। ਹਮ ਚੁਨੀ=ਇਸ ਤਰ੍ਹਾਂ। ਯਾਫਤੇਮ=ਲੱਭਾ ਹੈ। ਨਮਾਯਮ=ਪ੍ਰਗਟ ਕਰਦਾ ਹਾਂ। ਬ ਤੋ=ਤੈਨੂੰ। ਹਾਲ=ਬ੍ਰਿਤਾਂਤ। ਚੂੰ=ਜੈਸਾ। ਸਾਖਤੇਮ=ਅਸਾਂ ਕੀਤਾ ਹੈ।

**ਅਰਥ**—ਉਸ ਨੇ ਕਿਹਾ ਤੈਨੂੰ ਦਸਦਾ ਹਾਂ, ਜਿਸ ਤਰ੍ਹਾਂ ਨਾਲ ਮੈਂ ਇਸ ਨੂੰ ਲੱਭਿਆ ਹੈ। ਤੈਨੂੰ ਉਹ ਹਾਲ ਪ੍ਰਗਟ ਕਰਦਾ ਹਾਂ, ਜੈਸਾ ਕਿ ਮੈਂ ਕੀਤਾ ਹੈ।੩੪।

**ਕਿ ਸਾਲੇ ਫ਼ਲਾਂ ਮਾਹ ਦਰ ਵਕਤਿ ਸ਼ਾਮ ॥**
**ਕਿ ਈਂ ਕਾਰ ਰਾ ਕਰਦਹ ਅਮ ਮਨ ਤਮਾਮ ॥੩੫॥**

**ਪਦ ਅਰਥ**—ਕਿ=ਜੋ। ਸਾਲੇ=ਵਰ੍ਹੇ। ਫ਼ਲਾਂ=ਫਲਾਣੇ, ਅਮਕੇ। ਮਾਹ=ਮਹੀਨੇ। ਵਕਤਿ ਸ਼ਾਮ=ਸੰਧਿਆ ਵੇਲੇ। ਈਂ ਕਾਰ=ਇਸ ਕੰਮ ਨੂੰ। ਦਰ=ਵਿਚ। ਕਰਦਹ ਅਮ=ਮੈਂ ਕੀਤਾ ਸੀ।

**ਅਰਥ**—ਜੋ ਫਲਾਣੇ ਵਰ੍ਹੇ ਤੇ ਅਮਕੇ ਮਹੀਨੇ ਸੰਧਿਆ ਦੇ ਵੇਲੇ, ਮੈਂ ਇਸ ਸਾਰੇ ਕੰਮ ਨੂੰ ਕੀਤਾ ਸੀ।੩੫।

**ਗ੍ਰਿਫਤੇਮ ਸੰਦੂਕ ਦਰੀਆ ਅਮੀਕ ॥**
**ਯਕੇ ਦਸਤ ਜੋ ਯਾਫਤਮ ਈਂ ਅਕੀਕ ॥੩੬॥**

**ਪਦ ਅਰਥ**—ਗ੍ਰਿਫਤੇਮ=ਮੈਂ ਫੜਿਆ। ਅਮੀਕ=ਡੂੰਘੇ ਪਾਣੀ। ਯਾਫਤਮ=ਮੈਂ ਲੱਭਿਆ। ਅਕੀਕ=ਹੀਰਾ।

**ਅਰਥ**—ਮੈਂ ਡੂੰਘੇ ਦਰਿਆ ਵਿਚੋਂ ਸੰਦੂਕ ਫੜਿਆ। ਜਦ ਸੰਦੂਕ ਖੋਲ੍ਹਿਆ ਤਾਂ ਵਿਚੋਂ ਇਹ ਲੜਕਾ ਨਿਕਲਿਆ। ਇਸ ਦੇ ਹੱਥ ਵਿਚੋਂ ਇਹ ਹੀਰਾ ਲੱਭਿਆ।੩੬।

**ਬਿਦੀਦੰਦ ਗੌਹਰ ਗ੍ਰਿਫ਼ਤੰਦ ਅਜ਼ਾਂ ॥**
**ਸ਼ਨਾਸੰਦ ਕਿ ਈਂ ਪਿਸਰ ਹਸਤ ਆਂ ਹੁਮਾ ॥੩੭॥**

**ਪਦ ਅਰਥ**—ਬਿਦੀਦੰਦ=ਵੇਖ ਕੇ। ਗੌਹਰ=ਮੋਤੀ। ਗ੍ਰਿਫ਼ਤੰਦ=ਫੜ ਲਿਆ। ਅਜ਼ਾਂ=ਉਸ ਤੋਂ। ਸ਼ਨਾਸੰਦ=ਪਛਾਣ। ਪਿਸਰ=ਲੜਕਾ। ਹੁਮਾਂ=ਓਹੀ।

**ਅਰਥ**—ਮੋਤੀ ਵਾਂਗ ਚਮਕਦੇ ਲੜਕੇ ਨੂੰ ਵੇਖ ਕੇ ਉਸ ਤੋਂ ਫੜ ਲਿਆ। ਚੰਗੀ ਤਰ੍ਹਾਂ ਪਛਾਣ ਕੇ ਕਹਿਣ ਲੱਗੀ, ਇਹ ਮੇਰਾ ਓਹੀ ਲੜਕਾ ਹੈ (ਜਿਸ ਨੂੰ ਮੈਂ ਰੋੜ੍ਹਿਆ ਸੀ)।੩੭।

Sri Satguru Jagjit Singh Ji eLibrary NamdhariElibrary@gmail.com

**ਬਰੋ ਤਾਜ਼ਹ ਸ਼ੁਦ ਸ਼ੀਰ ਪਿਸਤਾਂ ਅਜ਼ੋ ॥**
**ਬਿਜ਼ਦ ਸੀਨਹ ਖ਼ੁਦ ਹਰ ਦੋ ਦਸਤਾਂ ਅਜ਼ੋ ॥੩੮॥**

***ਪਦ ਅਰਥ***—ਬਰੋ=ਉਸ ਦੇ। ਤਾਜ਼ਹ ਸ਼ੁਦ=ਸਜਰਾ ਹੋ ਗਿਆ, ਵਗਣ ਲਗ ਪਿਆ। ਸ਼ੀਰ=ਦੁਧ। ਪਿਸਤਾਂ=(ਪਿਸਤਾਨ) ਥਣਾਂ। ਅਜ਼ੋ=ਉਸ ਨੇ। ਬਿਜ਼ਦ=ਮਾਰਿਆ। ਸੀਨਹ=ਛਾਤੀ। ਖ਼ੁਦ=ਆਪਣੀ। ਹਰ ਦੋ=ਦੋਹਾਂ। ਦਸਤਾਂ=ਹੱਥਾਂ।

***ਅਰਥ***—ਉਸ ਵੇਲੇ ਉਸ ਦੇ ਥਣਾਂ ਵਿਚ ਦੁਧ ਤਾਜ਼ਾ ਹੋ ਗਿਆ ਭਾਵ ਥਣਾਂ ਵਿਚ ਦੁਧ ਉਤਰ ਆਇਆ। ਉਸ ਨੇ ਆਪਣੀ ਛਾਤੀ ਉਤੇ ਦੋਹਾਂ ਹੱਥਾਂ ਨੂੰ ਰਖ ਲਿਆ।੩੮। [ਦ: ਗ੍ਰੰ: ਪੰਨਾ ੧੪੧੨

**ਸ਼ਨਾਸਦ ਅਜ਼ੋ ਹਰ ਦੋ ਲਬ ਬਰ ਕੁਸ਼ਾਦ ॥**
**ਕਿ ਜ਼ਾਹਰ ਨ ਕਰਦਸ਼ ਦਿਲ ਅੰਦਰ ਨਿਹਾਦ ॥੩੯॥**

***ਪਦ ਅਰਥ***—ਸ਼ਨਾਸਦ=ਪਛਾਣ ਕਰਦਿਆਂ ਹੀ। ਅਜ਼ੋ=ਉਸ ਦੇ। ਹਰ ਦੋ=ਦੋਵੇਂ। ਲਬ=ਹੋਠ। ਬਰ ਕੁਸ਼ਾਦ=ਖੁਲ੍ਹ ਗਏ। ਕਰਦਸ਼=ਉਸ ਨੇ ਕੀਤਾ। ਨਿਹਾਦ=ਰਖਿਆ।

***ਅਰਥ***—ਪਛਾਣਦਿਆਂ ਹੀ ਉਸ ਦੇ ਦੋਵੇਂ ਹੋਠ ਖੁਲ੍ਹ ਗਏ ਭਾਵ ਦੁੱਧ ਪੀਣ ਵਾਸਤੇ ਮੂੰਹ ਖੋਲ੍ਹਿਆ। (ਪਰ ਇਸ ਭੇਦ ਨੂੰ) ਉਸ ਨੇ ਪ੍ਰਗਟ ਨਹੀਂ ਕੀਤਾ (ਆਪਣੇ) ਦਿਲ ਅੰਦਰ ਹੀ ਰਖਿਆ।੩੯।

**ਦਿਗਰ ਰੋਜ਼ ਰਫ਼ਤੰਦ ਜ਼ੌਜਹ ਫਲਾਂ ॥**
**ਮਰਾ ਖ਼੍ਵਾਬ ਦਾਦਹ ਬਜ਼ੁਰਗੇ ਹਮਾਂ ॥੪੦॥**

***ਪਦ ਅਰਥ***—ਦਿਗਰ ਰੋਜ਼=ਦੂਜੇ ਦਿਨ। ਰਫ਼ਤੰਦ=ਚਲੀ ਗਈ। ਜ਼ੌਜਹ ਫਲਾਂ=ਫਲਾਣੇ ਦੀ ਵਹੁਟੀ। ਮਰਾ=ਮੈਨੂੰ। ਖ਼੍ਵਾਬ=ਸੁਪਨਾ [ਦ: ਗ੍ਰੰ: ਪੰਨਾ ੧੪੦੫। ਦਾਦਹ=ਦਿਤਾ ਹੈ।

***ਅਰਥ***—ਫਲਾਣੇ ਦੀ ਵਹੁਟੀ ਦੂਜੇ ਦਿਨ ਚਲੀ ਗਈ। ਮੈਨੂੰ ਸੁਪਨੇ ਵਿਚ ਉਸ ਬਜ਼ੁਰਗ ਨੇ (ਦਰਸ਼ਨ) ਦਿਤਾ ਹੈ।੪੦।

**ਤੁਰਾ ਮਨ ਕਿ ਫ਼ਰਜ਼ੰਦ ਬਖ਼ਸ਼ੀਦਹ ਅਮ ॥**
**ਚਰਾਗੇ ਕਿਆਂ ਰਾ ਦਰਖ਼ਸ਼ੀਦਹ ਅਮ ॥੪੧॥**

***ਪਦ ਅਰਥ***—ਤੁਰਾ=ਤੈਨੂੰ। ਮਨ=ਮੈਂ। ਕਿ=ਜੋ। ਫ਼ਰਜ਼ੰਦ=ਪੁਤ੍ਰ। ਬਖ਼ਸ਼ੀਦਹ ਅਮ=ਬਖ਼ਸ਼ਿਆ ਹੈ। ਚਰਾਗੇ=ਦੀਵਾ। ਕਿਆਂ=ਕੈਆਂ ਖ਼ਾਨਦਾਨ। ਰਾ=ਨੂੰ। ਦਰਖ਼ਸ਼ੀਦਹ ਅਮ=ਰੋਸ਼ਨ ਕੀਤਾ ਹੈ।

***ਅਰਥ***—ਤੈਨੂੰ, ਮੈਂ ਜੋ ਪੁਤ੍ਰ ਬਖ਼ਸ਼ਿਆ ਹੈ। ਮੈਂ 'ਕੈਆਂ' ਖ਼ਾਨਦਾਨ ਦਾ ਦੀਵਾ ਰੋਸ਼ਨ ਕੀਤਾ ਹੈ। ਭਾਵ 'ਕੈਅ' ਖ਼ਾਨਦਾਨ ਨੂੰ ਰੋਸ਼ਨ ਕਰੇਗਾ।੪੧।

**ਜ਼ ਗੰਜੋ ਜ਼ਰ ਸ਼ ਗੌਹਰੋ ਤਖ਼ਤ ਦਾਦ ॥**
**ਵਜ਼ਾਂ ਪਿਸਰ ਰਾ ਖ਼ਾਨਹ ਏ ਖ਼ੁਦ ਨਿਹਾਦ ॥੪੨॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਗੰਜੋ=ਖ਼ਜ਼ਾਨਾ। ਜ਼ਰ=ਸੋਨਾ। ਗੌਹਰੋ=ਮੋਤੀ। ਦਾਦ=ਦਿਤਾ। ਪਿਸਰ ਰਾ=ਲੜਕੇ ਨੂੰ। ਖਾਨਹ ਏ=ਘਰ ਵਿਚ। ਖ਼ੁਦ=ਆਪਣੇ। ਨਿਹਾਦ=ਰਖਿਆ।

**ਅਰਥ**—ਉਸ ਨੂੰ ਖ਼ਜ਼ਾਨਾ, ਸੋਨਾ, ਮੋਤੀ ਤੇ ਰਾਜ-ਗੱਦੀ ਦੇ ਦਿਤੀ। ਉਸ ਲੜਕੇ ਨੂੰ ਆਪਣੇ ਘਰ ਵਿਚ ਰੱਖ ਲਿਆ ਹੈ।੪੨।

**ਬਿਗੁਫ਼ਤਸ਼ ਕਿ ਈਂ ਰਾ ਜ਼ ਦਰੀ ਆਫ਼ਤਮ॥**
**ਕਿ ਦਾਰਾਬ ਨਾਮਸ਼ ਅਜ਼ਾਂ ਸਾਖਤਮ॥੪੩॥**

**ਪਦ ਅਰਥ**—ਗੁਫ਼ਤ=ਕਿਹਾ। ਸ਼=ਉਸ ਨੇ। ਈਂ ਰਾ=ਇਸ ਨੂੰ। ਜ਼ ਦਰੀਆਫ਼ਤਮ=ਦਰਿਆ ਵਿਚੋਂ ਲੱਭਾ ਮੈਂ। ਸਾਖਤਮ=ਰਖਿਆ।

**ਅਰਥ**—ਉਸ ਨੇ ਕਿਹਾ-ਮੈਂ ਇਸ ਨੂੰ ਦਰਿਆ ਵਿਚੋਂ ਪਾਇਆ ਹੈ। ਜਿਸ ਕਰਕੇ ਉਸ ਦਾ ਨਾਮ 'ਦਾਰਾਬ' ਰਖਿਆ।੪੩।

**ਕਿ ਸ਼ਾਹੀ ਜਹਾਂ ਰਾ ਬਦੋ ਮੇ ਦਿਹਮ॥**
**ਵਜ਼ਾਂ ਤਾਜਿ ਇਕਬਾਲ ਬਰ ਸਰ ਨਿਹਮ॥੪੪॥**

**ਪਦ ਅਰਥ**—ਸ਼ਾਹੀ=ਰਾਜ। ਜਹਾਂ ਰਾ=ਜਗਤ ਦਾ। ਬਦੋ=ਉਸ ਨੂੰ। ਮੇ ਦਿਹਮ=ਮੈਂ ਦੇਂਦੀ ਹਾਂ। ਵਜ਼ਾਂ=ਉਸ ਦੇ। ਤਾਜਿ=ਛਤ੍ਰ, ਚੌਰ। ਇਕਬਾਲ=ਪ੍ਰਤਾਪ। ਬਰ ਸਰ=ਸਿਰ ਉਤੇ। ਨਿਹਮ=ਰਖਦੀ ਹਾਂ।

**ਅਰਥ**—ਮੈਂ ਸੰਸਾਰ ਦੀ ਬਾਦਸ਼ਾਹੀ ਉਸ ਨੂੰ ਦੇਂਦੀ ਹਾਂ। ਉਸ ਦੇ ਸਿਰ ਉਤੇ ਪ੍ਰਤਾਪ ਵਾਲਾ ਛਤ੍ਰ ਤੇ ਚੌਰ ਮੈਂ ਰਖਦੀ ਹਾਂ।੪੪।

**ਮਰਾ ਖੁਸ਼ਤਰ ਆਮਦ ਅਜ਼ਾਂ ਸੂਰਤਸ਼॥**
**ਕਿ ਹੁਸਨਲ ਜਮਾਲ ਅਸਤ ਖੁਸ਼ ਸੂਰਤਸ਼॥੪੫॥**

**ਪਦ ਅਰਥ**—ਮਰਾ=ਮੈਨੂੰ। ਖੁਸ਼ਤਰ=ਪਿਆਰਾ। ਆਮਦ=ਆਇਆ। ਅਜ਼ਾਂ=ਇਸ ਕਰਕੇ। ਸੂਰਤ=ਸ਼ਕਲ। ਸ਼=ਉਸਦੀ। ਹੁਸਨਲ ਜਮਾਲ=ਬਹੁਤ ਤੇਜ ਪ੍ਰਤਾਪ ਵਾਲਾ ਸਰੂਪ। ਅਸਤ=ਹੈ। ਖੁਸ਼=ਚੰਗਾ।

**ਅਰਥ**—ਉਸ ਦੀ ਸ਼ਕਲ ਮੈਨੂੰ ਇਸ ਕਰਕੇ ਚੰਗੀ ਲੱਗੀ ਹੈ ਕਿਉਂਕਿ ਉਸ ਦਾ ਸਰੂਪ ਬੜੇ ਤੇਜ ਪ੍ਰਤਾਪ ਵਾਲਾ ਤੇ ਸੂਰਤ ਵੀ ਚੰਗੀ ਹੈ।੪੫।

**ਕਿ ਅਜ਼ ਸ਼ਾਹ ਓ ਚੂੰ ਖਬਰ ਯਾਫਤਸ਼॥**
**ਕਿ ਦਾਰਾਬ ਨਾਮਸ਼ ਮੁਕਰਰ ਸ਼ੁਦਸ਼॥੪੬॥**

**ਪਦ ਅਰਥ**—ਕਿ=ਜੋ। ਅਜ਼=ਤੋਂ। ਸ਼ਾਹ=ਬਾਦਸ਼ਾਹ। ਓ=ਉਹ। ਚੂੰ=ਜਦ। ਖਬਰ ਯਾਫਤ=ਪਤਾ ਲਗਾ। ਸ਼=ਉਸ ਨੂੰ। ਨਾਮਸ਼=ਨਾਮ ਉਸ ਦਾ। ਮੁਕਰਰ=ਪੱਕਾ, ਕਾਇਮ। ਸ਼ੁਦਸ਼=ਹੋਇਆ ਹੈ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਜਦ ਉਸ ਨੂੰ ਪਤਾ ਲਗਾ ਜੋ ਉਹ ਬਾਦਸ਼ਾਹ ਹੋਇਆ ਹੈ ਅਤੇ ਉਸ ਦਾ ਨਾਮ 'ਦਾਰਾਬ' ਪੱਕਾ ਹੋਇਆ ਹੈ ।੪੬।

**ਅਜ਼ਾਂ ਸ਼ੇਰ ਸ਼ੁਦ ਸ਼ਾਹ ਦਾਰਾਇ ਦੀਨ ॥**
**ਹਕੀਕਤ ਸ਼ਨਾਸ ਅਸਤ ਐਨਲ ਯਕੀਨ ॥੪੭॥**

**ਪਦ ਅਰਥ**—ਅਜ਼ਾਂ=ਉਸ ਤੋਂ । ਸ਼ੇਰ=ਸੂਰਮਾ, ਜੋਧਾ । ਸ਼ੁਦ=ਹੋਇਆ । ਸ਼ਾਹ=ਬਾਦਸ਼ਾਹ । ਦਾਰਾਇ=ਰਖਿਅਕ । ਦੀਨ=ਧਰਮ । ਹਕੀਕਤ=ਸਚਿਆਈ । ਸ਼ਨਾਸ=ਪਛਾਣ ਵਾਲਾ । ਅਸਤ=ਹੈ । ਐਨਲ=ਪ੍ਰਪੱਕ । ਯਕੀਨ=ਨਿਸਚਾ ।

**ਅਰਥ**—ਉਸ ਸੂਰਮੇ ਬਾਦਸ਼ਾਹ ਤੋਂ ਧਰਮ ਦਾ ਰਾਜ ਹੋਇਆ, (ਕਿਉਂਕਿ) ਉਹ ਧਰਮ ਦਾ ਰਖਿਅਕ ਹੈ । ਸੱਚ ਦੀ ਪਛਾਣ ਵਾਲਾ ਅਤੇ ਪੱਕੇ ਨਿਸਚੇ ਵਾਲਾ ਹੈ ।੪੭।

**ਬਿਦਿਹ ਸਾਕੀਆ ਸਾਗਰੇ ਸੁਰਖ ਫ਼ਾਮ ॥**
**ਕਿ ਮਾਰਾ ਬਕਾਰਸਤ ਵਕਤੇ ਮੁਦਾਮ ॥੪੮॥**

**ਪਦ ਅਰਥ**—ਸਾਗਰੇ=ਪਿਆਲਾ । ਸੁਰਖ=ਲਾਲ । ਫ਼ਾਮ=ਰੰਗ । ਮਾਰਾ=ਮੈਨੂੰ । ਬਕਾਰ=ਲੋੜੀਦਾ। ਮੁਦਾਮ=ਹਮੇਸ਼ਾ, ਹਰ ਵੇਲੇ ।

**ਅਰਥ**—ਹੇ ਸਤਿਗੁਰੋ ! ਮੈਨੂੰ 'ਲਾਲ' ਰੰਗ ਦਾ ਪਿਆਲਾ ਦੇਹੁ । ਜੋ ਮੈਨੂੰ ਹਰ ਵੇਲੇ ਲੋੜੀਦਾ ਹੈ ।੪੮।

**ਬਿਦਿਹ ਪਿਆਲਹ ਫੀਰੋਜ਼ਹ ਰੰਗੀਨ ਰੰਗ ॥**
**ਕਿ ਮਾਰਾ ਖੁਸ਼ ਆਮਦ ਬਸੇ ਵਕਤਿ ਜੰਗ ॥੪੯॥੭॥**

**ਅਰਥ**—ਫੀਰੋਜ਼ੀ ਰੰਗ ਦੀ ਰੰਗਤ ਵਾਲਾ ਪਿਆਲਾ ਦੇਹੁ ਜੋ ਮੈਨੂੰ ਜੰਗ ਦੇ ਸਮੇਂ ਵਾਸਤੇ ਬਹੁਤ ਚੰਗਾ ਜਾਪਿਆ ਹੈ ।੪੯।੭।

ਸੱਤਵੀਂ ਹਿਕਾਯਤ (ਕਹਾਣੀ) ਸੰਪੂਰਨ ਹੋਈ।

# ਹਿਕਾਯਤ ਅੱਠਵੀਂ

## ਵਾਹਿਗੁਰੂ ਜੀ ਕੀ ਫਤਹ ॥

**ਖੁਦਾਵੰਦ ਬਖਸ਼ਿੰਦਹ ਏ ਦਿਲ ਕਰਾਰ ॥**
**ਰਜ਼ਾ ਬਖਸ਼ ਰੋਜ਼ੀ ਦਿਹੋ ਨਉ ਬਹਾਰ ॥੧॥**

**ਪਦ ਅਰਥ**—ਖੁਦਾਵੰਦ=ਪ੍ਰਮੇਸ਼ਰ, ਪ੍ਰਮਾਤਮਾ । ਬਖਸ਼ਿੰਦਹ=ਬਖ਼ਸ਼ਣ ਵਾਲਾ ਹੈ । ਕਰਾਰ=ਸਥਿਰਤਾ। ਰਜ਼ਾ=ਅਨੰਦ, ਖ਼ੁਸ਼ੀ । ਨਉ ਬਹਾਰ=ਪ੍ਰਸੰਨਤਾ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਪ੍ਰਮਾਤਮਾ ਮਨ ਦੀ ਸਥਿਰਤਾ ਬਖ਼ਸ਼ਣ ਵਾਲਾ ਹੈ। ਖ਼ੁਸ਼ੀ ਦੇਣ ਵਾਲਾ, ਅੰਨ ਦਾਤਾ ਅਤੇ ਪ੍ਰਸੰਨਤਾ ਦੇ ਦੇਣ ਵਾਲਾ ਹੈ।੧।

**ਕਿ ਮੀਰ ਅਸਤ ਪੀਰਸਤ ਹਰ ਦੋ ਜਹਾਂ॥**
**ਖ਼ੁਦਾਵੰਦ ਬਖਸ਼ਿੰਦਹ ਹਰ ਯਕ ਅਮਾਂ॥੨॥**

**ਪਦ ਅਰਥ**—ਮੀਰ=ਪਾਤਸ਼ਾਹ। ਪੀਰ=ਮੁਰਸ਼ਦ, ਗੁਰੂ। ਅਸਤ=ਹੈ। ਸਤ=ਹੈ। ਹਰ ਦੋ ਜਹਾਂ=ਦੋਹਾਂ ਲੋਕਾਂ। ਹਰ ਯਕ=ਹਰ ਕਿਸੇ ਨੂੰ। ਅਮਾਂ=ਸੁਖ।

**ਅਰਥ**—ਜੋ ਪ੍ਰਮਾਤਮਾ ਦੋ ਜਹਾਨਾਂ ਦਾ ਬਾਦਸ਼ਾਹ ਹੈ, ਗੁਰੂ ਹੈ। ਉਹੀ ਪ੍ਰਮਾਤਮਾ ਹਰ ਇਕ ਨੂੰ ਸੁਖ ਬਖ਼ਸ਼ਦਾ ਹੈ।੨।

**ਹਿਕਾਯਤ ਸ਼ੁਨੀਦੇਮ ਸ਼ਾਹੇ ਅਜਮ॥**
**ਕਿ ਹੁਸਨਲ ਜਮਾਲਸਤ ਸਾਹਿਬ ਕਰਮ॥੩॥**

**ਪਦ ਅਰਥ**—ਹਿਕਾਯਤ=ਕਹਾਣੀ। ਸ਼ੁਨੀਦੇ=ਮੈਂ ਸੁਣੀ ਹੈ। ਸ਼ਾਹੇ ਅਜਮ=ਪਾਰਸ ਦੇਸ਼ ਦੇ ਰਾਜੇ ਦਾ ਨਾਮ 'ਅਜਮ' ਸੀ। ਹੁਸਨਲ=ਪ੍ਰਕਾਸ਼। ਜਮਾਲ=ਚਿਹਰਾ। ਸਾਹਿਬ=ਮਾਲਕ। ਕਰਮ=ਦਾਤ।

**ਅਰਥ**—ਹੇ ਔਰੰਗਜ਼ੇਬ! ਪਾਰਸ ਦੇਸ ਦੇ ਰਾਜੇ 'ਅਜਮ' ਦੀ ਕਹਾਣੀ ਅਸਾਂ ਸੁਣੀ ਹੈ। ਜੋ ਬਹੁਤ ਸੁੰਦਰ ਸਰੂਪ ਵਾਲਾ ਤੇ ਦਾਤਾਂ ਦੇਣ ਵਾਲਾ ਮਾਲਕ ਸੀ।੩।

**ਕਿ ਸੂਰਤ ਜਮਾਲਸਤ ਹੁਸਨਲ ਤਮਾਮ॥**
**ਹਮਹ ਰੋਜ਼ ਆਸਾਇਸ਼ ਰੋਦ ਓ ਜਾਮ॥੪॥**

**ਪਦ ਅਰਥ**—ਸੂਰਤ=ਸ਼ਕਲ। ਜਮਾਲ=ਪ੍ਰਕਾਸ਼। ਸਤ=ਹੈ। ਹੁਸਨਲ ਤਮਾਮ=ਪੂਰਨ ਸੁੰਦਰਤਾ। ਹਮਹ= ਸਾਰਾ। ਰੋਜ਼=ਦਿਨ। ਆਸਾਇਸ਼=ਸੁਖ। ਰੋਦ ਓ ਜਾਮ=ਰਾਗ ਤੇ ਪਿਆਲਾ।

**ਅਰਥ**—(ਜਿਸ ਦੀ) ਸ਼ਕਲ ਪ੍ਰਕਾਸ਼ ਅਤੇ ਪੂਰਨ ਸੁੰਦਰਤਾ ਵਾਲੀ ਹੈ। (ਉਸ ਦਾ) ਸਾਰਾ ਦਿਨ ਰਾਗ ਸੁਣਨ ਤੇ ਪਿਆਲਾ ਪੀਣ ਵਿਚ ਬੀਤਦਾ ਸੀ।੪।

**ਕਿ ਸਰਹੰਗ ਦਾਨਿਸ਼ ਜ਼ ਫਰਜ਼ਾਨਗੀ॥**
**ਕਿ ਅਜ਼ ਮਸਲਿਹਤ ਮੌਜਿ ਮਰਦਾਨਗੀ॥੫॥**

**ਪਦ ਅਰਥ**—ਸਰਹੰਗ=ਸੂਰਬੀਰ। ਦਾਨਿਸ਼=ਬੁਧਿਮਾਨ। ਜ਼=ਵਿਚ। ਫਰਜ਼ਾਨਗੀ=ਬੁਧੀ। ਕਿ=ਜੋ। ਅਜ਼=ਨਾਲ। ਮਸਲਿਹਤ=ਚੰਗੀ ਤਰ੍ਹਾਂ। ਮੌਜਿ=ਠਾਠ। ਮਰਦਾਨਗੀ=ਸੂਰਮਤਾਈ।

**ਅਰਥ**—ਜੋ ਸੂਰਬੀਰ ਅਕਲ ਭਾਵ ਸਿਆਣਪ ਕਰ ਕੇ ਬੁਧੀਮਾਨ ਸੀ। ਜੋ ਬਹਾਦਰੀ ਦੇ ਠਾਠ ਵਿਚ ਬੜੀ ਚੰਗੀ ਤਰ੍ਹਾਂ ਨਾਲ (ਸੋਭਦਾ ਸੀ)।੫।

**ਵਜ਼ਾਂ ਬਾਨੂਏ ਹਮਚੁ ਮਾਹਿ ਜਵਾਂ॥**
**ਕਿ ਕੁਰਬਾਂ ਸ਼ਵਦ ਹਰ ਕਸੇ ਨਾਜ਼ਦਾਂ॥੬॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਵਜ਼ਾ=ਉਸਦੀ। ਬਾਨੂਏ=ਇਸਤ੍ਰੀ। ਹਮਚੁ=ਵਾਂਗੂ। ਮਾਹਿ=ਚੰਦਰਮਾ। ਜਵਾਂ=ਪੂਰਨ, ਭਾਵ ਪੁੰਨਿਆਂ। ਕਿ=ਜੋ। ਕੁਰਬਾਂ=ਕੁਰਬਾਨ। ਹਰ ਕਸੇ=ਜਿਹੜਾ ਕੋਈ। ਨਾਜ਼ਦਾਂ=ਸੂਖਮ ਪ੍ਰੀਖਿਆ ਕਰਨ ਵਾਲਾ।

***ਅਰਥ***—ਉਸ ਦੀ ਇਸਤ੍ਰੀ ਪੁੰਨਿਆਂ ਦੇ ਚੰਦਰਮਾ ਵਰਗੀ ਸੀ। ਬਰੀਕ ਬੀਨੀ ਦੀ ਸਮਝ ਵਾਲੇ ਪੁਰਸ਼ ਉਸ ਤੋਂ ਕੁਰਬਾਨ ਹੁੰਦੇ ਸਨ।੬।

**ਕਿ ਖ਼ੁਸ਼ ਰੰਗ ਖ਼ੁਸ਼ ਖੋਇ ਓ ਖ਼ੁਸ਼ਬੂ ਜਮਾਲ॥**
**ਖ਼ੁਸ਼ ਆਵਾਜ਼ ਖ਼ੁਸ਼ ਖ਼ਾਰਗੀ ਖ਼ੁਸ਼ ਖ਼ਿਆਲ॥੭॥**

***ਪਦ ਅਰਥ***—ਖ਼ੁਸ਼=ਚੰਗਾ। ਰੰਗ=ਵਰਨ। ਖੋਇ=ਸੁਭਾਉ। ਖ਼ੁਸ਼ਬੂ=ਸੁਗੰਧੀ ਵਾਲਾ। ਜਮਾਲ=ਸਰੂਪ। ਖ਼ਾਰਗੀ=ਭੋਗਣ ਵਾਲੀ। ਖ਼ਿਆਲ=ਵਿਚਾਰ।

***ਅਰਥ***—ਜੋ ਚੰਗੇ ਰੰਗ ਵਾਲੀ, ਚੰਗੇ ਸੁਭਾਉ ਵਾਲੀ ਅਤੇ ਸੁਗੰਧੀ ਵਾਲੇ ਸਰੂਪ ਵਾਲੀ ਸੀ। ਚੰਗੀ ਅਵਾਜ਼, ਚੰਗੇ ਪਦਾਰਥ ਭੋਗਣ ਵਾਲੀ ਤੇ ਚੰਗੇ ਵਿਚਾਰ ਵਾਲੀ ਸੀ।੭।

**ਬਦੀਦਨ ਕਿ ਖ਼ੁਸ਼ ਖੋਇ ਖ਼ੂਬੀ ਜਹਾਂ॥**
**ਜ਼ ਹਰਫਾਤ ਕਰਦਨ ਖ਼ੁਸ਼ੋ ਖ਼ੁਸ਼ ਜ਼ਬਾਂ॥੮॥**

***ਪਦ ਅਰਥ***—ਬਦੀਦਨ=ਵੇਖਣ ਵਿਚ। ਖ਼ੁਸ਼ ਖੋਇ=ਚੰਗੇ ਸੁਭਾਉ ਵਾਲੀ। ਖ਼ੂਬੀ=ਸੋਹਣੀ। ਹਰਫਾਤ ਕਰਦਨ=ਗੱਲ ਬਾਤ ਕਰਨ। ਖ਼ੁਸ਼ੋ=ਚੰਗੀ ਅਤੇ। ਖ਼ੁਸ਼ ਜ਼ਬਾਂ=ਮਿਠੀ ਜ਼ਬਾਨ।

***ਅਰਥ***—ਜੋ ਦੇਖਣ ਵਿਚ ਚੰਗੇ ਸੁਭਾਵ ਵਾਲੀ, ਸੰਸਾਰ ਵਿਚ ਸੋਹਣੀ। ਜੋ ਗੱਲ ਬਾਤ ਕਰਨ ਵਿਚ ਚੰਗੀ ਅਤੇ ਮਿੱਠੀ ਜ਼ੁਬਾਨ ਵਾਲੀ ਸੀ।੮।

**ਦੋ ਪਿਸਰਾਂ ਅਜਾਂ ਬੂਦ ਚੂੰ ਸ਼ਮਸ ਮਾਹਿ॥**
**ਕਿ ਰੌਸ਼ਨ ਤਬੀਅਤ ਹਕੀਕਤ ਗਵਾਹਿ॥੯॥**

***ਪਦ ਅਰਥ***—ਪਿਸਰਾਂ=ਪੁਤ੍ਰ। ਅਜਾਂ=ਉਸ ਦੇ। ਬੂਦ=ਹੋਏ। ਸ਼ਮਸ=ਸੂਰਜ। ਮਾਹਿ=ਚੰਦਰਮਾ। ਚੂੰ= ਵਰਗੇ। ਰੌਸ਼ਨ ਤਬੀਅਤ=ਖ਼ੁਸ਼ ਮਿਜ਼ਾਜ। ਹਕੀਕਤ ਗਵਾਹ=ਸੱਚ ਦੀ ਪਰਖ ਵਾਲੇ।

***ਅਰਥ***—ਸੂਰਜ ਤੇ ਚੰਦਰਮਾ ਉਸ ਦੇ ਦੋ ਪੁਤਰ ਹੋਏ। ਜੋ ਪ੍ਰਸੰਨ ਚਿਤ ਤੇ ਸੱਚ ਦੀ ਪਰਖ ਵਾਲੇ ਸਨ।੯। [ਦ: ਗ੍ਰੰ: ਪੰਨਾ ੧੪੧੩

**ਕਿ ਗੁਸਤਾਖ਼ ਦਸਤ ਅਸਤ ਚਾਲਾਕ ਜੰਗ॥**
**ਬ ਵਕਤਿ ਤਰੱਦਦ ਚੋ ਸ਼ੇਰੋ ਨਿਹੰਗ॥੧੦॥**

***ਪਦ ਅਰਥ***—ਗੁਸਤਾਖ਼=ਚਲਾਕ। ਦਸਤ=ਹੱਥ। ਅਸਤ=ਹੈਸਨ। ਚਾਲਾਕ=ਤੀਖਨ ਬੁਧਿ ਵਾਲੇ, ਹੁਸ਼ਿਆਰ। ਤਰੱਦਦ=ਯਤਨ, ਉਪਾਉ। ਸ਼ੇਰੋ ਨਿਹੰਗ=ਸ਼ੇਰ ਤੇ ਮਗਰ ਮੱਛ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਜੋ ਹੱਥਾਂ ਦੇ ਚਲਾਕ ਅਤੇ ਜੰਗ ਵਿਚ ਹੁਸ਼ਿਆਰ ਸਨ। ਜੰਗ ਦੇ ਸਮੇਂ ਵਿਚ ਯਤਨ ਕਰਨ ਵਾਲੇ ਸ਼ੇਰ ਅਤੇ ਮਗਰ ਮੱਛ ਵਰਗੇ ਸਨ।੧੦।

**ਦੋ ਪੀਲ ਅਫਗਨੋ ਹਮਚੁ ਸ਼ੇਰ ਅਫਗਨ ਅਸਤ ॥**
**ਬ ਵਕਤਿ ਵ.ਗਾਂ ਸ਼ੇਰ ਰੋਈਂ ਤਿਨ ਅਸਤ ॥੧੧॥**

**ਪਦ ਅਰਥ**—ਪੀਲ=ਹਾਥੀ। ਅਫਗਨੋ=ਢਾਹੁਣ ਵਾਲੇ। ਵਗਾਂ=ਜੁਧ। ਰੋਈਂ ਤਨ=ਲੋਹੇ ਦੇ ਸਰੀਰ।

**ਅਰਥ**—ਦੋਵੇਂ ਸੂਰਮੇ ਹਾਥੀ ਨੂੰ ਢਾਹੁਣ ਵਾਲੇ ਅਤੇ ਸ਼ੇਰ ਨੂੰ ਡੇਗਣ ਵਾਲੇ ਸਨ। ਜੰਗ ਦੇ ਸਮੇਂ ਵਿਚ ਤਾਂ ਲੋਹੇ ਦੇ ਸਰੀਰ ਵਾਲੇ ਸ਼ੇਰ ਸਨ।੧੧।

**ਯਕੇ ਖ਼ੂਬ ਰੂਇ ਦਿਗਰ ਤਨ ਸੁ ਸੀਮ ॥**
**ਦੋ ਸੂਰਤ ਸਜ਼ਾਵਾਰ ਆਜ਼ਮ ਅਜ਼ੀਮ ॥੧੨॥**

**ਪਦ ਅਰਥ**—ਯਕੇ=ਇਕ ਤਾਂ। ਖ਼ੂਬ=ਸੋਹਣਾ। ਰੂਇ=ਚੇਹਰਾ। ਸੀਮ=ਚਾਂਦੀ। ਸੂਰਤ=ਸ਼ਕਲਾਂ। ਸਜ਼ਾਵਾਰ=ਸੋਭਾ ਵਾਲੀਆਂ। ਆਜ਼ਮ=ਬਹੁਤ ਵੱਡਾ। ਅਜ਼ੀਮ=ਵੱਡੇ ਤੋਂ ਵੱਡਾ।

**ਅਰਥ**—ਇਕ ਤਾਂ ਚਿਹਰਾ ਸੋਹਣਾ ਹੈ, ਦੂਜਾ ਸਰੀਰ ਚਾਂਦੀ ਵਰਗਾ ਹੈ। ਦੋਵੇਂ ਸ਼ਕਲਾਂ ਵੱਡੀ ਤੋਂ ਵੱਡੀ ਸੋਭਾ ਵਾਲੀਆਂ ਹਨ।੧੨।

**ਵਜ਼ਾਂ ਮਾਦਰੇ ਬਰ ਕਸ ਆਸ਼ੁਫਤਹ ਗਸ਼ਤ ॥**
**ਚੁ ਮਰਦ ਅਸਤ ਗੁਲ ਹਮ ਚੁਨੀ ਗੁਲ ਪ੍ਰਸਤ ॥੧੩॥**

**ਪਦ ਅਰਥ**—ਵਜ਼ਾਂ=ਉਨ੍ਹਾਂ ਦੀ। ਮਾਦਰੇ=ਮਾਂ। ਬਰ=ਉਤੇ। ਕਸੇ=ਕਿਸੇ ਆਦਮੀ। ਆਸ਼ੁਫਤਹ=ਮੋਹਤ। ਗਸ਼ਤ=ਹੋ ਗਈ। ਗੁਲ=ਫੁਲ। ਚੁ=ਜੈਸਾ। ਹਮ ਚੁਨੀ=ਅਜਿਹੀ। ਗੁਲ ਪ੍ਰਸਤ=ਫੁਲ ਦੀ ਪੂਜਾ ਕਰਨ ਵਾਲੀ।

**ਅਰਥ**—ਉਹਨਾਂ ਦੀ ਮਾਂ ਕਿਸੇ ਆਦਮੀ ਉਤੇ ਮੋਹਿਤ ਹੋ ਗਈ। (ਉਹ) ਮਰਦ ਫੁਲ ਵਰਗਾ ਸੀ (ਅਤੇ) ਉਹ ਇਸਤ੍ਰੀ ਅਜਿਹੇ ਫੁਲ ਦੀ ਪੂਜਾ ਕਰਨ ਵਾਲੀ ਸੀ।੧੩।

**ਸ਼ਬਾਂ ਗਾਹ ਦਰ ਖ਼੍ਵਾਬ ਗਾਹ ਆਮਦੰਦ ॥**
**ਕਿ ਜ਼ੋਰਾਵਰਾਂ ਦਰ ਨਿਗਾਹ ਆਮਦੰਦ ॥੧੪॥**

**ਪਦ ਅਰਥ**—ਸ਼ਬਾਂ ਗਾਹ=ਰਾਤ ਦੇ ਸਮੇਂ। ਦਰ=ਵਿਚ। ਖ਼੍ਵਾਬ ਗਾਹ=ਸੌਣ ਦੀ ਜਗ੍ਹਾ। ਆਮਦੰਦ=ਆਏ। ਜ਼ੋਰਾਵਰਾਂ=ਬਲਵਾਨ। ਦਰ ਨਿਗਾਹ=ਨਜ਼ਰ ਵਿਚ।

**ਅਰਥ**—ਰਾਤ ਦੇ ਸਮੇਂ ਸੌਣ ਵਾਲੀ ਜਗ੍ਹਾ ਵਿਚ ਆ ਗਏ। ਜੋ ਬੜੇ ਬਲ ਵਾਲੇ (ਦੋਵੇਂ ਪੁਤ੍ਰ) ਉਨ੍ਹਾਂ ਦੀ ਨਜ਼ਰ ਵਿਚ ਆਏ।੧੪।

**ਬਖ਼ਾਦੰਦ ਪਸ ਪੇਸ਼ ਖੁਰਦੋ ਕਲਾਂ ॥**
**ਮੈ ੳ ਰੋਦ ਰਾਮਸ਼ ਗਰਾਰਾਂ ਹਮਾ ॥੧੫॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬਖ਼ਾਦੰਦ=ਬੁਲਾਇਆ। ਪਸ=ਪਿਛੇ। ਪੇਸ਼=ਅਗੇ। ਖ਼ੁਰਦੋ=ਛੋਟਾ। ਕਲਾਂ=ਵੱਡਾ। ਮੈ= (ਮਯ) ਸ਼ਰਾਬ। ਓ=ਅਤੇ। ਰੋਦ=ਰਾਗ। ਰਾਮਸ਼ ਗਰਾਰਾਂ=ਗਵਯੇ ਲੋਕਾਂ।

**ਅਰਥ**—ਛੋਟੇ ਵੱਡੇ ਪੁਤਰ ਨੂੰ ਅਗੇ ਪਿਛੇ ਬੁਲਾਇਆ। ਗਵਈਏ ਲੋਕਾਂ ਪਾਸੋਂ ਰਾਗ ਸੁਣਿਆ ਤੇ ਉਨ੍ਹਾਂ ਨੂੰ ਸ਼ਰਾਬ ਪਿਆ ਕੇ ਮਸਤ ਕਰ ਦਿਤਾ।੧੫।

**ਬਿ ਦਾਨਿਸ਼ਤ ਕਿ ਅਜ਼ ਮਸਤੀਅਸ਼ ਮਸਤ ਗਸ਼ਤ ॥**
**ਬਿਜ਼ਦ ਤੇਗ ਖ਼ੁਦ ਦਸਤ ਹਰ ਦੋ ਸ਼ਿਕਸਤ ॥੧੬॥**

**ਪਦ ਅਰਥ**—ਦਾਨਿਸ਼ਤ=ਜਾਣਿਆ। ਕਿ=ਜੋ। ਅਜ਼=ਨਾਲ। ਮਸਤੀ=ਸ਼ਰਾਬ, ਅਮਲ। ਅਸ਼=ਉਸ। ਮਸਤ=ਮਤਵਾਲੇ। ਗਸ਼ਤ=ਹੋ ਗਏ। ਬਿਜ਼ਦ=ਮਾਰੀ। ਤੇਗ=ਤਲਵਾਰ। ਖ਼ੁਦ ਦਸਤ=ਆਪਣੇ ਹੱਥ। ਸ਼ਿਕਸਤ=ਕਤਲ ਕਰ ਦਿਤੇ।

**ਅਰਥ**—ਜਦ ਉਸ ਨੇ ਜਾਣਿਆ ਜੋ ਸ਼ਰਾਬ ਨਾਲ ਮਸਤ ਹੋ ਗਏ ਹਨ। ਆਪਣੇ ਹੱਥ ਨਾਲ ਤਲਵਾਰ ਮਾਰੀ ਅਤੇ ਦੋਹਾਂ ਨੂੰ ਕਤਲ ਕਰ ਦਿਤਾ।੧੬।

**ਬਿਜ਼ਦ ਹਰ ਦੋ ਦਸਤਸ਼ ਸਰੇ ਖ਼ੇਸ਼ ਜ਼ੋਰ ॥**
**ਬ ਜੁੰਬਸ਼ ਦਰਾਮਦ ਬਿ ਕਰਦੰਦ ਸ਼ੋਰ ॥੧੭॥**

**ਪਦ ਅਰਥ**—ਬਿਜ਼ਦ=ਮਾਰੇ। ਹਰ ਦੋ ਦਸਤ=ਦੋਵੇਂ ਹੱਥ। ਸ਼=ਉਸ। ਸਰੇ=ਸਿਰ ਉਤੇ। ਖ਼ੇਸ਼=ਆਪਣੇ। ਜ਼ੋਰ=ਬਲ। ਜੁੰਬਸ਼=ਹਿਲਣਾ, ਕੰਬਣਾ। ਦਰਾਮਦ=ਵਿਚ ਆਈ। ਕਰਦੰਦ=ਕੀਤਾ। ਸ਼ੋਰ=ਰੌਲਾ ਗੌਲਾ।

**ਅਰਥ**—ਫਿਰ ਉਸ ਨੇ ਜ਼ੋਰ ਨਾਲ ਆਪਣੇ ਦੋਵੇਂ ਹੱਥ ਸਿਰ ਵਿਚ ਮਾਰੇ ਭਾਵ ਪਿੱਟਣ ਲੱਗ ਪਈ। ਗੁਸੇ ਨਾਲ ਕੰਬਣ ਲਗੀ ਤੇ ਰੌਲਾ-ਗੌਲਾ ਪਾਉਣਾ ਕੀਤਾ।੧੭।

**ਬਿਗੋਯਦ ਕਿ ਐ ਮੁਸਲਮਾਨਾਨ ਪਾਕ ॥**
**ਚਰਾ ਚੂੰ ਕਿ ਕੁਸ਼ਤੀ ਅਜ਼ੀਂ ਜਾਮਹ ਚਾਕ ॥੧੮॥**

**ਪਦ ਅਰਥ**—ਪਾਕ=ਪਵਿਤ੍ਰ। ਚਰਾ=ਕਿਉਂ। ਚੂੰ=ਵਾਂਗੂੰ। ਕਿ=ਕਿਸੇ ਨੇ। ਕੁਸ਼ਤੀ=ਵੱਢ ਸੁਟਿਆ। ਅਜ਼ੀਂ=ਇਹਨਾਂ। ਜਾਮਹ=ਕੱਪੜੇ। ਚਾਕ=ਲੀਰਾਂ।

**ਅਰਥ**—ਕਹਿਣ ਲਗੀ, ਜੋ ਹੇ ਪਵਿਤ੍ਰ ਮੁਸਲਮਾਨੋ! ਕਪੜੇ ਨੂੰ ਲੀਰਾਂ ਕਰਨ ਵਾਂਗੂ ਇਹਨਾਂ ਨੂੰ ਕਿਸ ਨੇ ਕਿਉਂ ਵੱਢ ਸੁਟਿਆ ਹੈ।੧੮।

**ਬਿ ਖ਼ੁਰਦੰਦ ਮੈ ਹਰ ਦੋ ਆਂ ਮਸਤ ਗਸ਼ਤ ॥**
**ਗਿਰਫ਼ਤੰਦ ਸ਼ਮਸ਼ੇਰਿ ਪੌਲਾਦ ਦਸਤ ॥੧੯॥**

**ਪਦ ਅਰਥ**—ਖ਼ੁਰਦੰਦ=ਪੀ ਲਈ। ਮੈ=(ਮਯ) ਸ਼ਰਾਬ। ਹਰ ਦੋ=ਦੋਹਾਂ। ਮਸਤ=ਮਤਵਾਲੇ। ਗਸ਼ਤ=ਹੋ ਗਏ। ਗਿਰਫ਼ਤੰਦ=ਫੜ ਲਈਆਂ। ਸ਼ਮਸ਼ੇਰਿ=ਤਲਵਾਰਾਂ। ਦਸਤ=ਹੱਥਾਂ ਵਿਚ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਦੋਹਾਂ ਨੇ ਸ਼ਰਾਬ ਪੀ ਲਈ ਅਤੇ ਮਸਤ ਹੋ ਗਏ। (ਫਿਰ) ਹੱਥਾਂ ਵਿਚ ਫੌਲਾਦੀ ਤਲਵਾਰਾਂ ਫੜ ਲਈਆਂ।੧੯।

**ਕਿ ਈਂ ਰਾ ਬਿਜ਼ਦ ਆਂ ਬ ਈਂ ਆਂ ਜ਼ਿਦੰਦ ॥**
**ਬ ਦੀਦਹ ਮਰਾ ਹਰ ਦੁ ਈਂ ਕੁਸ਼ਤਹ ਅੰਦ ॥੨੦॥**

**ਪਦ ਅਰਥ**—ਈਂ ਰਾ=ਇਸ ਨੇ। ਬਿਜ਼ਦ=ਮਾਰਿਆ। ਆਂ=ਉਸਨੇ। ਬ ਈਂ=ਇਸ ਨੂੰ। ਆਂ=ਉਸ। ਜ਼ਿਦੰਦ=ਮਾਰਿਆ। ਦੀਦਹ=ਵੇਖਦਿਆਂ। ਹਰ ਦੁ=ਦੋਵੇਂ। ਈਂ=ਇਸ ਤਰ੍ਹਾਂ। ਕੁਸ਼ਤਹ ਅੰਦ=ਕਤਲ ਹੋਏ।

**ਅਰਥ**—ਜੋ ਇਸ ਨੇ ਉਸ ਨੂੰ ਮਾਰਿਆ ਹੈ ਅਤੇ ਉਸ ਨੇ ਇਸ ਨੂੰ ਮਾਰਿਆ। ਇਸ ਤਰ੍ਹਾਂ ਮੇਰੇ ਵੇਖਦਿਆਂ ਹੀ ਦੋਵੇਂ ਕਤਲ ਹੋ ਗਏ ਹਨ।੨੦।

**ਦਰੇਗ਼ਾ ਮਰਾ ਜਾ ਜ਼ਮੀਂ ਹਮ ਨ ਦਾਦ ॥**
**ਨ ਦਹਲੀਜ਼ ਦੋਜ਼ਖ਼ ਮਰਾ ਰਹ ਕੁਸ਼ਾਦ ॥੨੧॥**

**ਪਦ ਅਰਥ**—ਦਰੇਗ਼ਾ=ਅਫ਼ਸੋਸ। ਮਰਾ=ਮੈਨੂੰ। ਜਾ=ਜਗ੍ਹਾ। ਹਮ=ਭੀ। ਨ ਦਾਦ=ਨਹੀਂ ਦਿਤੀ। ਦਹਲੀਜ਼=ਦਲੀਜ ਭਾਵ ਬੂਹਾ। ਰਹ=ਰਸਤਾ। ਕੁਸ਼ਾਦ=ਖੁਲ੍ਹਾ।

**ਅਰਥ**—ਹਾਇ! ਅਫ਼ਸੋਸ! ਮੈਨੂੰ ਧਰਤੀ ਨੇ ਜਗ੍ਹਾ ਨਹੀਂ ਦਿਤੀ ਅਤੇ ਨਰਕਾਂ ਦੇ ਬੂਹੇ ਦਾ ਰਸਤਾ ਵੀ ਮੇਰੇ ਲਈ ਨਹੀਂ ਖੁਲ੍ਹਾ।੨੧।

**ਦੁ ਚਸ਼ਮੇ ਮਰਾ ਬੀਂ ਚਿਹ ਗਰਦੀਦਹ ਈਂ ॥**
**ਕਿ ਈਂ ਦੀਦਹੇ ਖ਼ੂੰਨਿ ਈਂ ਦੀਦਹ ਈਂ ॥੨੨॥**

**ਪਦ ਅਰਥ**—ਦੁ=ਦੋਵੇਂ। ਚਸ਼ਮੇ=ਅੱਖਾਂ। ਮਰਾ=ਮੇਰੀਆਂ। ਬੀਂ=ਵੇਖਦੀਆਂ। ਚਿਹ=ਕੀ। ਗਰਦੀਦਹ=ਹੋ ਗਿਆ। ਈਂ=ਇਹ। ਕਿ=ਜੋ। ਦੀਦਹ=ਅੱਖਾਂ। ਖ਼ੂੰਨਿ=ਕਤਲ, ਮਰਨਾ। ਦੀਦਹ=ਵੇਖਿਆ।

**ਅਰਥ**—ਮੇਰੀਆਂ ਦੋਹਾਂ ਅੱਖਾਂ ਦੇ ਵੇਖਦਿਆਂ ਇਹ ਕੀ ਹੋ ਗਿਆ? ਜੋ ਇਨ੍ਹਾਂ ਅੱਖਾਂ ਨੇ ਇਹਨਾਂ ਦਾ ਕਤਲ ਹੁੰਦਾ ਵੇਖਿਆ ਹੈ।੨੨।

**ਬਿਹਲ ਮਨ ਤਨੇ ਤਰਕ ਦੁਨੀਆਂ ਕੁਨਮ ॥**
**ਫ਼ਕੀਰੇ ਸ਼ਵਮ ਮੁਲਕਿ ਚੀਂ ਮੇ ਰਵਮ ॥੨੩॥**

**ਪਦ ਅਰਥ**—ਬਿਹਲ=ਛੱਡ ਦਿਤਾ। ਮਨ=ਮੈਂ। ਤਨੇ=ਸਰੀਰ। ਤਰਕ=ਤਿਆਗ। ਕੁਨਮ=ਕਰਾਂ। ਸ਼ਵਮ=ਹੋਵਾਂ। ਮੁਲਕਿ ਚੀਂ=ਚੀਨ ਦੇਸ ਵਲ। ਮੇ ਰਵਮ=ਚਲੀ ਜਾਂਦੀ ਹਾਂ।

**ਅਰਥ**—ਤੁਸਾਂ ਸਰੀਰ ਨੂੰ ਛੱਡ ਦਿਤਾ ਹੈ ਮੈਂ ਵੀ ਦੁਨੀਆਂ ਦਾ ਤਿਆਗ ਕਰਦੀ ਹਾਂ ਭਾਵ ਫ਼ਕੀਰਨੀ ਹੋ ਕੇ ਚੀਨ ਦੇਸ ਵਲ ਚਲੀ ਜਾਂਦੀ ਹਾਂ।੨੩।

Sri Satguru Jagjit Singh Ji eLibrary NamdhariElibrary@gmail.com

**ਬਿਗੁਫ਼ਤ ਈਂ ਸੁਖਨ ਰਾ ਕੁਨਦ ਜਾਮਹ ਚਾਕ ॥**
**ਰਵਾਂ ਸ਼ੁਦ ਸੂਏ ਦਸ਼ਤ ਖ਼ਤ ਚਾਕ ਚਾਕ ॥੨੪॥**

**ਪਦ ਅਰਥ**—ਗੁਫ਼ਤ=ਆਖੀ। ਈਂ ਸੁਖਨ=ਇਹ ਗੱਲ। ਰਾ=ਨੂੰ। ਕੁਨਦ=ਕੀਤਾ। ਜਾਮਹ=ਕੱਪੜੇ। ਚਾਕ=ਲੀਰਾਂ, ਪਾੜਨਾ। ਰਵਾਂ ਸ਼ੁਦ=ਤੁਰ ਪਈ। ਸੂਏ=ਵਲ, ਤਰਫ਼। ਦਸ਼ਤ=ਉਜਾੜ।

**ਅਰਥ**—ਇਹ ਗੱਲ ਆਖਕੇ ਕੱਪੜਿਆਂ ਨੂੰ ਪਾੜ ਕੇ ਲੀਰਾਂ ਕਰ ਦਿਤਾ। ਛੇਤੀ ਨਾਲ ਉਜਾੜ ਵੱਲ ਨੂੰ ਤੁਰ ਪਈ।੨੪।

**ਕਿ ਆਂ ਜਾ ਬਿਦੀਦੰਦ ਖੁਸ਼ ਖ਼੍ਵਾਬਗਾਹ ॥**
**ਨਿਸ਼ਸਤਹ ਅਸਤ ਬਰ ਗਾਓ ਬਾ ਜ਼ਨ ਚੁ ਮਾਹ ॥੨੫॥**

**ਪਦ ਅਰਥ**—ਕਿ=ਜੋ। ਆਂ=ਉਸ। ਜਾ=ਜਗ੍ਹਾ। ਬਿਦੀਦੰਦ=ਵੇਖਿਆ। ਖੁਸ਼=ਸੋਹਣਾ। ਖ਼੍ਵਾਬਗਾਹ=ਸੌਣ ਦੀ ਜਗ੍ਹਾ। ਨਿਸ਼ਸਤਹ=ਬੈਠੀ। ਅਸਤ=ਹੈ। ਬਰ=ਉਤੇ। ਗਾਓ=ਬਲਦ, ਬੈਲ। ਬਾ=ਨਾਲ। ਜ਼ਨ=ਔਰਤ। ਚੁ=ਵਾਂਗੂ। ਮਾਹ=ਚੰਦਰਮਾ।

**ਅਰਥ**—ਜੋ ਉਸ ਜਗ੍ਹਾ 'ਤੇ ਜਾ ਕੇ ਸੌਣ ਦੀ ਇਕ ਚੰਗੀ ਜਗ੍ਹਾ ਨੂੰ ਵੇਖਿਆ। ਉਥੇ ਬਲਦ ਉਤੇ ਬੈਠਾ ਸ਼ਿਵਜੀ ਡਿੱਠਾ, ਜਿਸ ਦੇ ਨਾਲ ਚੰਦ੍ਰਮਾ ਵਰਗੀ ਇਸਤ੍ਰੀ ਹੈ।੨੫।

**ਬਿ ਪੁਰਸੀਦ ਓ ਰਾ ਕਿ ਐ ਨੇਕ ਜ਼ਨ ॥**
**ਹਮਾਯੂੰ ਦਰਖ਼ਤੇ ਚੁ ਸਰਵਿ ਚਮਨ ॥੨੬॥**

**ਪਦ ਅਰਥ**—ਪੁਰਸੀਦ=ਪੁਛਿਆ। ਰਾ=ਉਸ ਨੂੰ। ਨੇਕ ਜ਼ਨ=ਭਲੀ ਇਸਤ੍ਰੀ। ਹਮਾਯੂੰ=ਭਾਗਾਂ ਵਾਲਾ। ਚੁ=ਵਰਗਾ। ਸਰਵਿ=ਸਰੂ ਬ੍ਰਿਛ। ਚਮਨ=ਬਗੀਚੀ।

**ਅਰਥ**—ਸ਼ਿਵਜੀ ਨੇ ਉਸ ਨੂੰ ਪੁਛਿਆ-ਹੇ ਭਲੀ ਇਸਤ੍ਰੀਏ! ਬਗੀਚੀ ਦੇ ਵਿਚ ਸਰੂ ਬ੍ਰਿਛ ਵਾਂਗੂ ਤੂੰ ਭਾਗਾਂ ਵਾਲੀ ਕੌਣ ਹੈਂ? ।੨੬।

**ਕਿ ਹੂਰੇ ਪਰੀ ਤੋ ਚੁ ਨੂਰੇ ਜਹਾਂ ॥**
**ਕਿ ਮਾਹਿ ਫ਼ਲਕ ਆਫ਼ਤਾਬੇ ਯਮਾਂ ॥੨੭॥**

**ਪਦ ਅਰਥ**—ਕਿ=ਜੋ। ਮਾਹਿ=ਚੰਦਰਮਾ। ਫ਼ਲਕ=ਅਕਾਸ਼। ਆਫ਼ਤਾਬੇ=ਸੂਰਜ। ਯਮਾਂ=ਯਮਨ, ਜਗਤ।

**ਅਰਥ**—ਜੋ ਤੂੰ ਹੂਰ ਹੈਂ ਜਾਂ ਪਰੀ ਹੈਂ। ਜਾਂ ਜਗਤ ਦੇ ਚਾਨਣ ਕਰਨ ਵਾਲੀ ਹੈਂ। ਜਾਂ ਅਕਾਸ਼ ਦਾ ਚੰਦਰਮਾ ਹੈਂ ਜਾਂ ਜਗਤ ਦਾ ਸੂਰਜ ਹੈਂ।੨੭।

**ਨ ਹੂਰੋ ਪਰੀ ਅਮ ਨ ਨੂਰਿ ਜਹਾਂ ॥**
**ਮਨਮ ਦੁਖ਼ਤਰੇ ਸ਼ਾਹਿ ਜਾਬਿਲਸਤਾਂ ॥੨੮॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਮਨਮ=ਮੈਂ ਹਾਂ । ਦੁਖ਼ਤਰੇ=ਲੜਕੀ । ਜਾਬਿਲਸਤਾਂ=ਜਾਬਿਲਸਤਾਨ ਇਕ ਦੇਸ ਦਾ ਨਾਮ ਹੈ ।

**ਅਰਥ**—(ਉਸ ਨੇ ਕਿਹਾ) ਹੇ ਸ਼ਿਵਜੀ ਮਹਾਰਾਜ ਜੀ! ਨਾ ਮੈਂ ਹੂਰ ਹਾਂ, ਨਾ ਪਰੀ ਹਾਂ, ਨਾ ਹੀ ਜਗਤ ਦਾ ਚਾਨਣ ਹਾਂ । ਮੈਂ ਜਾਬਲਿਸਤਾਨ ਦੇ ਰਾਜੇ ਦੀ ਲੜਕੀ ਹਾਂ ।੨੮।

**ਬਿਪੁਰਸੀਦ ਦਰਾਮਦ ਪਰਸਤਸ਼ ਨਮੂਦ ॥**
**ਬ ਨਿਜ਼ਦਸ਼ ਜ਼ਬਾਂ ਰਾ ਬਫੁਰਸਤ ਕਸੂਦ ॥੨੯॥**

**ਪਦ ਅਰਥ**—ਪੁਰਸੀਦ=ਪੁਛਣਾ । ਦਰਾਮਦ=ਆਇਆ । ਪਰਸਤਸ਼=ਨਮਸ਼ਕਾਰ । ਨਮੂਦ=ਕੀਤੀ। ਨਿਜ਼ਦਸ਼=ਉਸ ਦੇ ਕੋਲ । ਜ਼ਬਾਂ=ਜ਼ਬਾਨ, ਜੀਭ । ਫੁਰਸਤ=ਵਿਹਲ । ਕਸੂਦ=ਖੋਲ੍ਹਿਆ।

**ਅਰਥ**—ਜਦੋਂ ਸ਼ਿਵਜੀ ਨੇ ਉਸ ਤੋਂ ਪੁਛਣਾ ਕੀਤੀ, ਤਾਂ ਉਸ ਨੇ ਨਮਸ਼ਕਾਰ ਕੀਤੀ । ਉਸ ਦੇ ਕੋਲ ਧੀਰਜ ਨਾਲ ਜ਼ਬਾਨ ਨੂੰ ਖੋਲ੍ਹਿਆ ਭਾਵ ਬੜੇ ਠਰ੍ਹਮੇ ਨਾਲ ਗੱਲ ਕੀਤੀ ।੨੯।

**ਬਦੀਦਨ ਤੁਰਾ ਮਨ ਬਸ ਅਜ਼ੁਰਦਹ ਅਮ ॥**
**ਬਿਗੋਈ ਤੋ ਹਰ ਚੀਜ਼ ਬਖ਼ਸ਼ੀਦਹ ਅਮ ॥੩੦॥**

**ਪਦ ਅਰਥ**—ਦੀਦਨ=ਵੇਖਣਾ । ਤੁਰਾ=ਤੈਨੂੰ । ਮਨ=ਮੈਂ । ਬਸ=ਬਹੁਤ । ਅਜ਼ੁਰਦਹ ਅਮ=ਦੁਖੀ ਹੋਇਆ ਹਾਂ । ਬਿਗੋਈ=ਆਖੇ ।

**ਅਰਥ**—(ਸ਼ਿਵਜੀ ਨੇ ਕਿਹਾ ਹੇ ਭਲੀ ਇਸਤ੍ਰੀ!) ਤੈਨੂੰ ਵੇਖਦਿਆਂ ਹੀ ਮੈਂ ਬਹੁਤ ਦੁਖੀ ਹੋਇਆ ਹਾਂ । ਜੇ ਤੂੰ ਆਖੇਂ ਤਾਂ ਸਾਰੀਆਂ ਚੀਜ਼ਾਂ ਤੈਨੂੰ ਬਖ਼ਸ਼ ਦੇਵਾਂ ? ।੩੦।

**ਬਹੰਗਾਮਿ ਪੀਰੀ ਜਵਾਂ ਮੇ ਸ਼ਵਮ ॥**
**ਬਮੁਲਕਿ ਹਮਾਂ ਯਾਰ ਮਨ ਮੇ ਰਵਮ ॥੩੧॥**

**ਪਦ ਅਰਥ**—ਬਹੰਗਾਮਿ=ਸਮਾਂ, ਉਮਰਾਂ ਤੋਂ । ਪੀਰੀ=ਬੁਢੇਪਾ । ਜਵਾਂ=ਜਵਾਨ । ਮੇ ਸ਼ਵਮ=ਮੈਂ ਹੋ ਜਾਵਾਂ । ਹਮਾਂ=ਉਸੇ । ਮਨ=ਮੈਂ । ਮੇ ਰਵਮ=ਚਲੀ ਜਾਵਾਂ।

**ਅਰਥ**—ਉਸ ਇਸਤ੍ਰੀ ਨੇ ਕਿਹਾ-ਮੈਂ ਬਿਰਧ ਉਮਰ ਤੋਂ ਜਵਾਨ ਹੋ ਜਾਵਾਂ । ਅਤੇ ਮੈਂ ਉਸੇ ਹੀ ਯਾਰ ਦੇ ਦੇਸ ਵਿਚ ਚਲੀ ਜਾਵਾਂ ।੩੧।

**ਬਿ ਦਾਨਿਸ਼ ਤੋ ਦਾਨੀ ਵਗਰ ਈਂ ਵਫਾ ॥**
**ਬਿਯਾਦ ਆਮਦਸ਼ ਬਦਤਰੀਂ ਬੇਵਫ਼ਾ ॥੩੨॥**

**ਪਦ ਅਰਥ**—ਬਿ=ਨਾਲ । ਦਾਨਿਸ਼=ਬੁਧੀ । ਦਾਨੀ=ਜਾਣਦੀ ਹੈਂ । ਵਗਰ=ਜੇਕਰ । ਈਂ=ਇਹ । ਵਫਾ=ਭਲਾ ਕੰਮ । ਬਿਯਾਦ=ਚੇਤੇ । ਆਮਦਸ਼=ਆਇਆ । ਬਦਤਰੀਂ=ਬਹੁਤ ਬੁਰਾ । ਬੇਵਫ਼ਾ=ਖੋਟਾ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਤਾਂ ਸ਼ਿਵਜੀ ਨੇ ਕਿਹਾ ਤੂੰ ਇਹ ਗੱਲ ਬੁਧੀ ਵਿਚ ਚੰਗੀ ਜਾਣੀ ਹੈ, ਤਾਂ ਮੈਂ ਤਿਆਰ ਹਾਂ। ਪਰ ਤੈਨੂੰ ਉਹ ਬਹੁਤ ਹੀ ਬੁਰਾ ਤੇ ਖੋਟਾ ਖ਼ਿਆਲ ਚਿਤ ਵਿਚ ਆਇਆ ਹੈ।੩੨। [ਦ: ਗ੍ਰੰ: ਪੰਨਾ ੧੪੧੪

**ਵਜ਼ਾਂ ਜਾ ਬਿਯਾਮਦ ਬਗਿਰਦੇ ਚੁ ਚਾਹ॥**
**ਕਜ਼ਾਂ ਜਾ ਅਜ਼ੋ ਬੂਦ ਨਖਜ਼ੀਰਗਾਹ॥੩੩॥**

***ਪਦ ਅਰਥ***—ਵਜ਼ਾਂ ਜਾ=ਉਸ ਜਗ੍ਹਾ ਤੋਂ। ਬਿਯਾਮਦ=ਆਈ। ਗਿਰਦ=ਨੇੜੇ। ਚੁ=ਜਦ। ਚਾਹ=ਖੂਹ। ਕਜ਼ਾਂ ਜਾ=ਜੋ ਜਗ੍ਹਾ। ਅਜ਼ੋ ਬੂਦ=ਉਸ ਦੀ ਸੀ। ਨਖ਼ਜ਼ੀਰਗਾਹ=ਸ਼ਿਕਾਰਗਾਹ।

***ਅਰਥ***—ਉਸ ਜਗ੍ਹਾ ਤੋਂ ਭਾਵ ਸ਼ਿਵਜੀ ਪਾਸੋਂ ਵਰ ਲੈ ਕੇ ਜਦ ਖੂਹ ਦੇ ਨੇੜੇ ਆਈ ਜੋ ਉਸ ਦੇ ਮਿੱਤਰ ਦੀ ਸ਼ਿਕਾਰ (ਖੇਡਣ) ਵਾਲੀ ਜਗ੍ਹਾ ਸੀ।੩੩।

**ਬ ਸੈਰੇ ਦਿਗਰ ਰੋਜ਼ ਆਮਦ ਸ਼ਿਕਾਰ॥**
**ਚੁ ਮਿਨਕਾਲ ਅਜ਼ ਬਾਸ਼ਹ ਏ ਨੌ ਬਹਾਰ॥੩੪॥**

***ਪਦ ਅਰਥ***—ਬ=ਵਾਸਤੇ। ਸੈਰੇ=ਸੈਰ। ਮਿਨਕਾਲ=ਚੁੰਝ। ਬਾਸ਼ਹ=ਬਾਜ ਵਰਗੇ ਇਕ ਸ਼ਿਕਾਰੀ ਪੰਛੀ ਦਾ ਨਾਮ ਹੈ। ਨੌ ਬਹਾਰ=ਬਸੰਤ ਰੁਤ।

***ਅਰਥ***—ਦੂਸਰੇ ਦਿਨ ਉਸ ਦਾ ਮਿਤਰ ਸੈਰ ਅਤੇ ਸ਼ਿਕਾਰ ਵਾਸਤੇ ਆਇਆ। ਜੋ ਬਸੰਤ ਰੁਤ ਦੇ ਬਾਸ਼ੇ ਪੰਛੀ ਦੀ ਲਾਲ ਚੁੰਝ ਵਰਗਾ ਸੀ।੩੪।

**ਕਿ ਬਰਖਾਸਤ ਪੇਸ਼ਸ ਗਵਜ਼ਨੇ ਅਜ਼ੀਮ॥**
**ਰਵਾਂ ਕਰਦ ਅਸਪ ਹਮਚੁ ਬਾਦੇ ਨਸੀਮ॥੩੫॥**

***ਪਦ ਅਰਥ***—ਬਰਖਾਸਤ=ਉਠਿਆ। ਪੇਸ਼ਸ=ਉਸ ਦੇ ਅਗੇ। ਗਵਜ਼ਨੇ=ਇਕ ਜੰਗਲੀ ਗਊ। ਅਜ਼ੀਮ=ਵੱਡੀ। ਰਵਾਂ ਕਰਦ=ਤੋਰਿਆ। ਅਸਪ=ਘੋੜਾ। ਹਮਚੁ=ਵਾਂਗੂ। ਬਾਦੇ=ਹਵਾ। ਨਸੀਮ=ਸਵੇਰਾ।

***ਅਰਥ***—ਉਸ ਦੇ ਅਗੇ ਇਕ ਵੱਡੀ ਜੰਗਲੀ ਗਊ ਉਠ ਭਜੀ। ਸਵੇਰ ਦੀ ਹਵਾ ਵਾਂਗੂ ਉਸ ਦੇ ਪਿਛੇ ਘੋੜਾ ਤੋਰ ਦਿਤਾ।੩੫।

**ਬਸੇ ਦੂਰ ਗਸ਼ਤਸ਼ ਨ ਮਾਂਦਹ ਦਿਗਰ॥**
**ਅ ਆਬੋ ਨ ਤੋਸਹ ਨ ਅਜ਼ ਖ਼ੁਦ ਖ਼ਬਰ॥੩੬॥**

***ਪਦ ਅਰਥ***—ਬਸੇ=ਬਹੁਤ। ਗਸ਼ਤਸ਼=ਚਲੇ ਗਏ, ਉਹ। ਨ ਮਾਂਦਹ=ਨਾ ਰਿਹਾ। ਦਿਗਰ=ਹੋਰ। ਆਬੋ=ਪਾਣੀ। ਤੋਸਹ=ਖ਼ੁਰਾਕ। ਅਜ਼ ਖ਼ੁਦ=ਆਪਣਾ ਆਪ।

***ਅਰਥ***—ਉਹ ਬਹੁਤ ਦੂਰ ਚਲੇ ਗਏ। ਦੂਜਾ ਕੋਈ ਵੀ ਨਾ ਰਿਹਾ। ਨਾ ਪਾਣੀ, ਨਾ ਖ਼ੁਰਾਕ ਅਤੇ ਨਾ ਹੀ ਆਪਣੇ ਆਪ ਦੀ ਖ਼ਬਰ ਰਹੀ।੩੬।

Sri Satguru Jagjit Singh Ji eLibrary NamdhariElibrary@gmail.com

**ਰਵਾਂ ਓ ਸ਼ੁਦਹ ਬਾ ਤਨੇ ਨੌ ਜਵਾਂ ॥**
**ਨ ਹੂਰੋ ਪਰੀ ਆਫ਼ਤਾਬੇ ਜਹਾਂ ॥੩੭॥**

***ਪਦ ਅਰਥ***—ਰਵਾਂ ਓ ਸ਼ੁਦਹ=ਉਹ ਤੁਰ ਪਈ । ਬ=ਨਾਲ । ਤਨੇ=ਸਰੀਰ ਦੇ । ਆਫ਼ਤਾਬੇ ਜਹਾਂ=ਜਗਤ ਦਾ ਸੂਰਜ।

***ਅਰਥ***—ਉਹ ਨੌਜਵਾਨ ਸਰੀਰ ਨਾਲ ਤੁਰ ਪਈ । ਐਸਾ ਸੁੰਦਰ ਸਰੂਪ ਨਾ ਹੂਰ ਤੇ ਪਰੀ ਦਾ ਹੈ ਅਤੇ ਨਾ ਹੀ ਜਹਾਨ ਦਾ ਸੂਰਜ ਹੈ ।੩੭।

**ਬਦੀਦਨ ਵਜ਼ਾਂ ਸ਼ਾਹ ਆਸ਼ੁਫਤਹ ਗਸ਼ਤ ॥**
**ਕਿ ਅਜ਼ ਖ਼ੁਦ ਖ਼ਬਰ ਰਫ਼ਤ ਵ ਅਜ਼ ਹੋਸ਼ ਦਸਤ ॥੩੮॥**

***ਪਦ ਅਰਥ***—ਬਦੀਦਨ=ਵੇਖਣ ਨਾਲ । ਵਜ਼ਾਂ=ਉਸ ਨੂੰ । ਸ਼ਾਹ=ਰਾਜਾ । ਆਸ਼ੁਫਤਹ=ਮੋਹਤ । ਗਸ਼ਤ=ਹੋ ਗਿਆ । ਖ਼ੁਦ ਖ਼ਬਰ ਰਫ਼ਤ=ਆਪਣੀ ਸੁਰਤ ਜਾਂਦੀ ਰਹੀ । ਹੋਸ਼=ਸੁਰਤ । ਦਸਤ=ਹੱਥ।

***ਅਰਥ***—ਉਸ ਨੂੰ ਵੇਖਣ ਨਾਲ ਹੀ ਰਾਜਾ ਮੋਹਤ ਹੋ ਗਿਆ । ਜੋ ਆਪਣੀ ਹੋਸ਼ ਮਾਰੀ ਗਈ ਤੇ ਹੱਥ ਤੋਂ ਸੁਰਤ ਵੀ ਚਲੀ ਗਈ ।੩੮।

**ਕਿ ਕਸਮਿ ਖ਼ੁਦਾ ਮਨ ਤੁਰਾ ਮੇ ਕੁਨਮ ॥**
**ਕਿ ਅਜ਼ ਜਾਨਿ ਜਾਨੀ ਤੋ ਬਰਤਰ ਕੁਨਮ ॥੩੯॥**

***ਪਦ ਅਰਥ***—ਮਨ=ਮੈਂ । ਤੁਰਾ=ਤੈਨੂੰ । ਅਜ਼=ਨਾਲੋਂ । ਜਾਨਿ ਜਾਨੀ=ਜਿੰਦ ਤੋਂ ਪਿਆਰੀ । ਬਰਤਰ=ਵਧਕੇ ।

***ਅਰਥ***—ਖ਼ੁਦਾ ਦੀ ਸਹੁੰ ਹੈ ਮੈਂ ਤੈਨੂੰ ਜ਼ਰੂਰ ਕਰਾਂਗਾ । ਜੋ ਤੈਨੂੰ ਜਾਨ ਨਾਲੋਂ ਵੀ ਵਧ ਕੇ ਪਿਆਰ ਕਰਦਾ ਹਾਂ ।੩੯।

**ਉਜ਼ਰ ਕਰਦ ਓ ਚੂੰ ਦੋ ਸਿਹ ਚਾਰ ਬਾਰ ॥**
**ਹਮ ਆਖ਼ਰ ਬਿਗੁਫਤਨ ਵਜ਼ਾਂ ਕਰਦ ਕਾਰ ॥੪੦॥**

***ਪਦ ਅਰਥ***—ਉਜ਼ਰ=ਨਾਂਹ ਨੁਕਰ । ਕਰਦ=ਕੀਤੀ । ਦੋ ਸਿਹ ਚਾਰ=ਦੋ ਤਿੰਨ ਚਾਰ । ਬਾਰ=ਵਾਰੀ। ਹਮ ਆਖ਼ਰ=ਅੰਤ ਨੂੰ । ਬਿਗੁਫਤਨ=ਕਹਿਣਾ । ਵਜ਼ਾਂ=ਉਸ ਦੇ ।

***ਅਰਥ***—ਉਸ ਇਸਤ੍ਰੀ ਨੇ ਦੋ ਤਿੰਨ ਚਾਰ ਵਾਰੀ ਨਾਂਹ ਨੁਕਰ ਕੀਤੀ । ਅੰਤ ਨੂੰ ਉਸ ਦੇ ਕਹੇ ਅਨੁਸਾਰ ਹੀ ਕੰਮ ਕੀਤਾ ।੪੦।

**ਬਿ ਬੀਂ ਗਰਦਸ਼ਿ ਬੇਵਫ਼ਾਏ ਜ਼ਮਾਂ ॥**
**ਕਿ ਖ਼ੂੰਨਿ ਸਿਤਾਦਸ਼ ਨ ਮਾਂਦਸ਼ ਨਸ਼ਾਂ ॥੪੧॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਬੀਂ=ਵੇਖ। ਗਰਦਸ਼ਿ=ਚੱਕ੍ਰ, ਤੌਰ। ਬੇਵਫ਼ਾਏ ਜ਼ਮਾਂ=ਜ਼ਮਾਨੇ ਦੀ ਬੇ ਵਫ਼ਾਈ। ਮਾਂਦਸ਼=ਰਿਹਾ। ਨਸ਼ਾਂ=ਨਿਸ਼ਾਨ।

***ਅਰਥ***—ਹੇ ਔਰੰਗਜ਼ੇਬ! ਜ਼ਮਾਨੇ ਦੀ ਬੇਵਫ਼ਾਈ ਦੇ ਚੱਕਰ ਨੂੰ ਵੇਖ। ਜੋ 'ਸਿਤਾਦਸ਼' ਮਾਰਿਆ ਗਿਆ ਅਤੇ ਦੁਨੀਆ ਵਿਚ ਉਸ ਦਾ ਨਾਮ ਨਿਸ਼ਾਨ ਵੀ ਨਾ ਰਿਹਾ।੪੧।

**ਕੁਜਾ ਸ਼ਾਹਿ ਕੈ ਖੁਸਰੋ ਓ ਜਾਮ ਜਮ ॥**
**ਕੁਜਾ ਸ਼ਾਹਿ ਆਦਮ ਮੁਹੰਮਦ ਖ਼ਤਮ ॥੪੨॥**

***ਪਦ ਅਰਥ***—ਕੁਜਾ=ਕਿਥੇ। ਸ਼ਾਹਿ=ਬਾਦਸ਼ਾਹ। ਜਾਮ=ਪਿਆਲਾ। ਜਮ=ਜਮਸ਼ੈਦ। ਆਦਮ=ਬਾਬਾ ਆਦਮ, ਕੁਰਾਨ ਦੇ ਕਥਨ ਅਨੁਸਾਰ ਦੁਨੀਆ ਦੇ ਸਭ ਤੋਂ ਪਹਿਲੇ ਮਨੁਖ ਦਾ ਨਾਮ ਹੈ। ਖ਼ਤਮ=ਅਖ਼ੀਰਲਾ (ਪੈਗੰਬਰ)।

***ਅਰਥ***—ਕਿਥੇ ਹੈ ਬਾਦਸ਼ਾਹ ਖੁਸਰੋ ਅਤੇ ਜਮਸ਼ੈਦ ਤੇ ਕਿਥੇ ਹੈ ਉਸ ਦਾ ਪਿਆਲਾ ? ਬਾਬਾ ਆਦਮ ਤੇ ਮੁਹੰਮਦ ਕਿਥੇ ਹੈ ? ।੪੨।

**ਫਿਰੇਦੂੰ ਕੁਜਾ ਬਹਮਨ ਅਸਫ਼ੰਦ ਯਾਰ ॥**
**ਨ ਦਾਰਾਬ ਦਾਰਾ ਦਰਾਮਦ ਸ਼ੁਮਾਰ ॥੪੩॥**

***ਅਰਥ***—ਫਿਰੇਦੂੰ, ਬਹਮਨ ਤੇ ਅਸਫ਼ੰਦ ਯਾਰ ਨਾਮੀ ਤਿੰਨੇ ਨਾਮੀ ਬਾਦਸ਼ਾਹ ਕਿਥੇ ਹਨ ? ਨਾ ਦਾਰਾਬ ਹੈ, ਨਾ ਦਾਰਾ ਹੈ। ਗਿਣਤੀ ਅੰਦਰ ਨਹੀਂ ਆਉਂਦੇ ।੪੩।

**ਕੁਜਾ ਸ਼ਾਹਿ ਅਸਕੰਦਰ ਓ ਸ਼ੇਰ ਸ਼ਾਹ ॥**
**ਕਿ ਯਕ ਹਮ ਨ ਮਾਂਦਸਤ ਜ਼ਿੰਦਾ ਬ ਜਾਹ ॥੪੪॥**

***ਪਦ ਅਰਥ***—ਹਮ=ਭੀ। ਨ ਮਾਂਦਸਤ=ਨਹੀਂ ਰਿਹਾ। ਬ ਜਾਹ=ਜਗ੍ਹਾ ਉਤੇ।

***ਅਰਥ***—ਹੇ ਔਰੰਗਜ਼ੇਬ! ਅਸਕੰਦਰ ਬਾਦਸ਼ਾਹ ਅਤੇ ਸ਼ੇਰ ਸ਼ਾਹ ਕਿਥੇ ਹੈ ? ਜੋ ਇਸ ਜਗ੍ਹਾ ਉਤੇ ਇਕ ਵੀ ਜੀਉਂਦਾ ਨਹੀਂ ਰਿਹਾ।੪੪।

**ਕੁਜਾ ਸ਼ਾਹ ਤੈਮੂਰ ਬਾਬਰ ਕੁਜਾਸਤ ॥**
**ਹਮਾਯੂੰ ਕੁਜਾ ਸ਼ਾਹਿ ਅਕਬਰ ਕੁਜਾਸਤ ॥੪੫॥**

***ਅਰਥ***—ਤੈਮੂਰ ਬਾਦਸ਼ਾਹ ਕਿਥੇ ਹੈ ? ਬਾਬਰ ਕਿਥੇ ਹੈ ? ਹਮਾਯੂੰ ਕਿਥੇ ਹੈ ਅਤੇ ਅਕਬਰ ਬਾਦਸ਼ਾਹ ਕਿਥੇ ਹੈ ? ਇਹ ਸਾਰੇ ਬਾਦਸ਼ਾਹ ਆਪੋ ਆਪਣੀ ਵਾਰੀ ਨਾਲ ਦੁਨੀਆ ਤੋਂ ਚਲੇ ਗਏ ਹਨ ਅਤੇ ਚਲਿਆ ਤੂੰ ਵੀ ਜਾਣਾ ਹੈ।੪੫।

**ਬਿਦਿਹ ਸਾਕੀਆ ਸੁਰਖ ਰੰਗੇ ਫਿਰੰਗ ॥**
**ਖੁਸ਼ ਆਮਦ ਮਰਾ ਵਕਤਿ ਜ਼ਦ ਤੇਗ਼ ਜੰਗ ॥੪੬॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਫਿਰੰਗ=ਇਕ ਦੇਸ ਦਾ ਨਾਮ। ਮਰਾ=ਮੈਨੂੰ । ਜ਼ਦ ਤੇਗ=ਤਲਵਾਰ ਮਾਰਨੀ।

**ਅਰਥ**—ਹੇ ਸਤਿਗੁਰੋ ! ਫਿਰੰਗ ਦੇਸ ਦਾ ਲਾਲ ਰੰਗ ਦਾ ਪਿਆਲਾ ਦੇਹੁ । ਜੋ ਮੈਨੂੰ ਜੁਧ ਵਿਚ ਤਲਵਾਰ ਮਾਰਨ ਦੇ ਸਮੇਂ ਵਿਚ ਸੋਹਣਾ ਲੱਗਦਾ ਹੈ ।੪੬।

**ਬ ਮਨ ਦਿਹ ਕਿ ਖ਼ੁਦ ਰਾ ਪਯੋਹਸ਼ ਕੁਨਮ ॥**
**ਬ ਤੇਗ ਆਜ਼ਮਾਈ ਸ਼ੁਕੋਹਸ਼ ਕੁਨਮ ॥੪੭॥੮॥**

**ਪਦ ਅਰਥ**—ਬ ਮਨ=ਮੈਨੂੰ । ਖ਼ੁਦ ਰਾ=ਆਪ ਨੂੰ । ਪਯੋਹਸ਼=ਢੂੰਡ, ਵਿਚਾਰ । ਤੇਗ ਆਜ਼ਮਾਈ=ਤਲਵਾਰ ਚਲਾਉਣੀ । ਸ਼ੁਕਹੋਸ਼=ਦਬਾਉਣਾ ।

**ਅਰਥ**—ਮੈਨੂੰ ਦੇਹੁ, ਜੋ ਆਪਣੇ ਆਪ ਦੀ ਵਿਚਾਰ ਕਰਾਂ । ਤਲਵਾਰ ਚਲਾਉਂਦਾ ਹੋਇਆ ਅਸੁਰੀ ਤਾਕਤਾਂ ਨੂੰ ਦਬਾਉਣਾ ਕਰਾਂ ।੪੭।੮।

ਅੱਠਵੀਂ ਹਿਕਾਯਤ (ਕਹਾਣੀ) ਸੰਪੂਰਨ ਹੋਈ ।

# ਹਿਕਾਯਤ ਨੌਵੀਂ

**ਵਾਹਿਗੁਰੂ ਜੀ ਕੀ ਫਤਹ ॥**

**ਕਮਾਲਸ਼ ਕਰਾਮਾਤ ਆਜ਼ਮ ਕਰੀਮ ॥**
**ਰਜ਼ਾ ਬਖ਼ਸ਼ ਰਾਜ਼ਿਕ ਰਿਹਾਕੋ ਰਹੀਮ ॥੧॥**

**ਪਦ ਅਰਥ**—ਕਮਾਲ=ਪੂਰਨ । ਸ਼=ਉਹ । ਕਰਾਮਾਤ=ਬਰਕਤ, ਵਡਿਆਈ ਪੂਰਨ ਤਾਕਤਾਂ । ਆਜ਼ਮ=ਵੱਡਾ। ਕਰੀਮ=ਕ੍ਰਿਪਾਲੂ। ਰਾਜ਼ਿਕ=ਰਿਜ਼ਕ ਦਾਤਾ। ਰਿਹਾਕੋ=ਛੁਟਕਾਰਾ। ਰਹੀਮ=ਰਹਿਮ ਦਿਲ।

**ਅਰਥ**—ਉਹ ਪ੍ਰਮਾਤਮਾ ਕਰਾਮਾਤਾਂ ਵਿਚ ਪੂਰਨ ਤੇ ਵੱਡਾ ਕ੍ਰਿਪਾਲੂ ਹੈ। ਭਾਣੇ ਦੇ ਬਖ਼ਸ਼ਣ ਵਾਲਾ, ਰਿਜ਼ਕ ਦੇਣ ਵਾਲਾ, ਛੁਟਕਾਰਾ ਕਰਨ ਵਾਲਾ ਤੇ ਰਹਿਮ ਦਿਲ ਹੈ।੧।

**ਬ ਜ਼ਾਕਿਰ ਦਿਹਦ ਈਂ ਜ਼ਮੀਨੋ ਜ਼ਮਾਂ ॥**
**ਮਲੂਕੋ ਮਲਾਇਕ ਹਮਹ ਆਂ ਜਹਾਂ ॥੨॥**

**ਪਦ ਅਰਥ**—ਜ਼ਾਕਿਰ=ਜਪਣ ਵਾਲਾ। ਦਿਹਦ=ਦੇਂਦਾ ਹੈ। ਈਂ=ਇਸ। ਜ਼ਮਾਂ=ਅਕਾਸ਼। ਮਲੂਕੋ=ਰਾਜੇ। ਮਲਾਇਕ=ਦੇਵਤੇ। ਹਮਹ=ਸਾਰੇ। ਆਂ=ਉਸ। ਜਹਾਂ=ਜਗਤ।

**ਅਰਥ**—ਜੋ ਸਿਮਰਨ ਕਰਦਾ ਹੈ, ਇਸ ਧਰਤੀ ਦੇ ਰਾਜਿਆਂ ਅਤੇ ਉਸ ਅਕਾਸ਼ ਦੇ ਦੇਵਤਿਆਂ ਸਾਰਿਆਂ (ਦਾ ਸਿਰਤਾਜ ਬਣਾ) ਦੇਂਦਾ ਹੈ ।੨।

Sri Satguru Jagjit Singh Ji eLibrary NamdhariElibrary@gmail.com

## ਹਿਕਾਯਤ ਸ਼ੁਨੀਦੇਮ ਸ਼ਾਹਿ ਫ਼ਿਰੰਗ ॥
## ਚੁ ਬਾ ਜ਼ਨ ਨਿਸ਼ਸਤੰਦ ਪੁਸ਼ਤਿ ਪਲੰਗ ॥੩॥

**ਪਦ ਅਰਥ**—ਸ਼ੁਨੀਦੇਮ=ਮੈਂ ਸੁਣੀ ਹੈ। ਬਾ ਜ਼ਨ=ਇਸਤ੍ਰੀ ਸਮੇਤ। ਨਿਸ਼ਸਤੰਦ=ਬੈਠਾ ਹੋਇਆ ਸੀ। ਪੁਸ਼ਤਿ ਪਲੰਗ=ਮੰਜੇ ਉਤੇ।

**ਅਰਥ**—ਹੇ ਔਰੰਗਜ਼ੇਬ! 'ਫਰੰਗ' ਦੇਸ ਦੇ ਰਾਜੇ ਦੀ ਮੈਂ ਕਹਾਣੀ ਸੁਣੀ ਹੈ। ਜਦ ਉਹ ਇਸਤ੍ਰੀ ਸਣੇ ਮੰਜੇ ਉਤੇ ਬੈਠਾ ਸੀ।੩।

## ਨਦਰ ਕਰਦ ਬਰ ਬਚਹ ਗੌਹਰ ਨਿਗਾਰ ॥
## ਬਦੀਦਨ ਹਮਾਯੂੰ ਜਵਾਂ ਉਸਤਵਾਰ ॥੪॥

**ਪਦ ਅਰਥ**—ਨਦਰ ਕਰਦ=ਧਿਆਨ ਕੀਤਾ। ਬਰ ਬਚਹ=ਪੁਤ੍ਰ ਉਤੇ। ਗੌਹਰ=ਮੋਤੀ। ਨਿਗਾਰ= ਪਾਰਖੂ। ਬਦੀਦਨ=ਵੇਖਣਾ। ਹਮਾਯੂੰ=ਸੁੰਦਰ। ਉਸਤਵਾਰ=ਤਕੜਾ।

**ਅਰਥ**—ਮੋਤੀਆਂ ਦੀ ਪਰਖ ਕਰਨ ਵਾਲੇ ਜੌਹਰੀ ਦੇ ਪੁਤਰ ਉਤੇ ਧਿਆਨ ਕੀਤਾ। ਵੇਖਣ ਵਿਚ ਉਹ ਲੜਕਾ ਸੁੰਦਰ, ਜਵਾਨ ਤੇ ਤਕੜਾ ਦਿਸਿਆ।੪।

## ਬਵਕਤਿ ਸ਼ਬ ਓ ਰਾ ਬਿਖ਼ਾਦੰਦ ਪੇਸ਼ ॥
## ਬਦੀਦਨ ਹਮਾਯੂੰ ਬ ਬਾਲਾਏ ਬੇਸ਼ ॥੫॥

**ਪਦ ਅਰਥ**—ਬਵਕਤਿ=ਵੇਲੇ, ਸਮੇਂ। ਸ਼ਬ=ਰਾਤ। ਓ ਰਾ=ਉਸ ਨੂੰ। ਬਿਖ਼ਾਦੰਦ=ਸੱਦਿਆ। ਪੇਸ਼= ਅਗੇ, ਸਾਹਮਣੇ। ਬਾਲਾਏ=ਉਚਿਆਈ। ਬੇਸ਼=ਬਹੁਤ।

**ਅਰਥ**—ਉਸ ਲੜਕੇ ਨੂੰ ਰਾਤ ਦੇ ਸਮੇਂ ਵਿਚ ਆਪਣੇ ਸਾਹਮਣੇ ਬੁਲਾਇਆ। ਜੋ ਵੇਖਣ ਵਿਚ ਸੁੰਦਰ ਸਰੂਪ ਤੇ ਬਹੁਤ ਉੱਚਾ ਜਵਾਨ ਨਜ਼ਰ ਆਇਆ।੫।

## ਬਿਆਵੇਖ਼ਤ ਬਾ ਓ ਹਮਹ ਯਕ ਦਿਗਰ ॥
## ਕਿ ਜ਼ਾਹਿਰ ਸ਼ਵਦ ਹੋਸ਼ੋ ਹੈਬਤ ਹੁਨਰ ॥੬॥

**ਪਦ ਅਰਥ**—ਬਿਆਵੇਖ਼ਤ=ਰਚ ਮਿਚ ਗਏ। ਹਮਹ=ਸਾਰੇ। ਜ਼ਾਹਿਰ=ਪ੍ਰਗਟ। ਸ਼ਵਦ=ਹੋਵੇ। ਬਾ ਓ=ਆਪੋ ਵਿਚ। ਹੋਸ਼=ਬੁਧੀ। ਹੈਬਤ=ਦਬਾਉ ਵਾ ਵਡਿਆਈ। ਹੁਨਰ=ਵਿਦਿਆ।

**ਅਰਥ**—ਸਾਰੇ ਇਕ ਦੂਜੇ ਨਾਲ ਆਪੋ ਵਿਚ ਰਚ ਮਿਚ ਗਏ। ਜੋ ਅਕਲ, ਵਡਿਆਈ ਅਤੇ ਵਿਦਿਆ ਵਿਚ ਪ੍ਰਗਟ ਹੋ ਗਏ।੬। [ਦ: ਗ੍ਰੰ: ਪੰਨਾ ੧੪੧੫

## ਯਕੇ ਮੂਇ ਚੀਂ ਰਾ ਬਿਖਾਦੰਦ ਪੇਸ਼ ॥
## ਕਿ ਅਜ਼ ਮੂਇ ਚੀਨੀ ਬਰਾਵੁਰਦ ਰੇਸ਼ ॥੭॥

**ਪਦ ਅਰਥ**—ਯਕੇ=ਇਕ। ਮੂਇ ਚੀਂ=ਵਾਲ ਚੁਗਨ ਵਾਲਾ ਭਾਵ ਨਾਈ। ਰਾ=ਨੂੰ। ਬਿਖਾਦੰਦ= ਸੱਦਿਆ। ਪੇਸ਼=ਕੋਲ। ਅਜ਼=ਨਾਲ। ਮੂਇ ਚੀਨੀ=ਵਾਲ ਸੰਦ, ਮੋਚਨਾ। ਬਰਾਵੁਰਦ=ਲਿਆਵੇ। ਰੇਸ਼=

Sri Satguru Jagjit Singh Ji eLibrary NamdhariElibrary@gmail.com

ਵੱਢਣਾ, ਮੁੰਨ ਕੇ ਸਾਫ਼ ਕਰਨਾ।

**ਅਰਥ**—ਇਕ ਨਾਈ ਨੂੰ ਕੋਲ ਸੱਦਿਆ। ਜੋ ਮੋਚਨੇ ਨਾਲ ਦਾੜ੍ਹੀ ਦੇ ਵਾਲਾਂ ਨੂੰ ਵੱਢ ਭਾਵ ਮੁੰਨ ਕੇ ਸਾਫ਼ ਬਣਾ ਦੇਵੇ।੭।

**ਬਰੋ ਹਰ ਕਿ ਬੀਨਦ ਨ ਦਾਨਦ ਸੁਖ਼ਨ ॥**
**ਕਿ ਅਜ਼ ਰੂਇ ਮਰਦੋ ਸ਼ੁਦਹ ਸ਼ਕਲਿ ਜ਼ਨ ॥੮॥**

**ਪਦ ਅਰਥ**—ਬਰੋ=ਉਤੇ, ਉਸ। ਹਰ ਕਿ=ਜੋ ਕੋਈ। ਬੀਨਦ=ਵੇਖਦਾ। ਨ ਦਾਨਦ=ਨ ਜਾਣਦਾ। ਸੁਖ਼ਨ=ਗੱਲ। ਅਜ਼=ਤੋਂ। ਰੂਇ ਮਰਦ=ਮਨੁੱਖ ਦਾ ਚਿਹਰਾ। ਸ਼ਕਲਿ=ਸੂਰਤ। ਜ਼ਨ=ਔਰਤ। ਸ਼ੁਦਹ=ਹੋ ਗਈ।

**ਅਰਥ**—ਜੋ ਕੋਈ ਉਸ ਵੱਲ ਵੇਖਦਾ, ਅਸਲ ਗੱਲ ਨੂੰ ਕੋਈ ਨਹੀਂ ਜਾਣਦਾ। ਜੋ ਮਨੁੱਖ ਦੇ ਚਿਹਰੇ ਤੋਂ ਔਰਤ ਦੀ ਸ਼ਕਲ ਦਾ ਹੋ ਗਿਆ ਸੀ ।੮।

**ਬਿਦੀਦੰਦ ਹਰ ਕਸ ਕਿ ਈਂ ਹਮ ਜ਼ਨ ਅਸਤ ॥**
**ਕਿ ਦਰ ਪੈਕਰਿ ਚੂੰ ਪਰੀ ਰੌਸ਼ਨ ਅਸਤ ॥੯॥**

**ਪਦ ਅਰਥ**—ਬਿਦੀਦੰਦ=ਜਾਣਿਆ। ਹਰ ਕਸ=ਸਭ ਕਿਸੇ। ਈਂ ਹਮ=ਇਹ ਭੀ। ਜ਼ਨ ਅਸਤ=ਔਰਤ ਹੈ। ਕਿ=ਜੋ। ਦਰ ਪੈਕਰਿ=ਸਰੀਰ ਦੇ ਵਿਚ। ਚੂੰ=ਵਾਂਗੂ। ਰੌਸ਼ਨ=ਚਮਕੀਲੀ। ਅਸਤ=ਹੈ।

**ਅਰਥ**—ਸਭ ਕਿਸੇ ਨੇ ਜਾਣਿਆ ਜੋ ਇਹ ਵੀ ਇਸਤ੍ਰੀ ਹੈ। ਜੋ ਸਰੀਰ ਦੇ ਵਿਚ ਪਰੀ ਵਾਂਗੂ ਚਮਕੀਲੀ ਸੀ ।੯।

**ਬਿਦੀਦੰਦ ਓ ਰਾ ਯਕੇ ਰੋਜ਼ ਸ਼ਾਹਿ ॥**
**ਕਿ ਮਕਬੂਲ ਸੂਰਤ ਚੋ ਰਖ਼ਸ਼ਿੰਦਹ ਮਾਹ ॥੧੦॥**

**ਪਦ ਅਰਥ**—ਬਿਦੀਦੰਦ=ਜਾਣਿਆ ਭਾਵ ਵੇਖਿਆ। ਓ ਰਾ=ਉਸ ਤਾਈਂ। ਮਕਬੂਲ=ਪਿਆਰੀ। ਰਖ਼ਸ਼ਿੰਦਹ=ਚਮਕੀਲਾ। ਮਾਹ=ਚੰਦ੍ਰਮਾ।

**ਅਰਥ**—ਇਕ ਦਿਨ ਰਾਜੇ ਨੇ ਉਸ ਨੂੰ ਵੇਖਿਆ। ਜੋ ਪੁੰਨਿਆਂ ਦੇ ਚੰਦ੍ਰਮਾ ਵਰਗੀ ਪਿਆਰੀ ਤੇ ਚਮਕੀਲੀ ਸੂਰਤ ਵਾਲੀ ਹੈ ।੧੦।

**ਬਿਪੁਰਸੀਦ ਓ ਰਾ ਕਿ ਐ ਨੇਕ ਬਖ਼ਤ ॥**
**ਸਜ਼ਾਵਾਰ ਸ਼ਾਹੀਸਤ ਸ਼ਾਯਾਨਿ ਤਖ਼ਤ ॥੧੧॥**

**ਪਦ ਅਰਥ**—ਪੁਰਸੀਦ=ਪੁਛਿਆ। ਓ ਰਾ=ਉਸ ਨੂੰ। ਸਜ਼ਾਵਾਰ=ਯੋਗ, ਲਾਇਕ। ਸ਼ਾਹੀਸਤ=ਬਾਦਸ਼ਾਹੀ ਹੈ। ਸ਼ਾਯਾਨਿ=ਲਾਇਕ। ਤਖ਼ਤ=ਰਾਜ-ਗੱਦੀ।

**ਅਰਥ**—ਉਸ ਨੂੰ ਪੁਛਿਆ-ਜੋ ਹੇ ਚੰਗੇ ਭਾਗਾਂ ਵਾਲੀਏ! ਤੂੰ ਬਾਦਸ਼ਾਹੀ ਦੇ ਯੋਗ ਅਤੇ ਤਖ਼ਤ ਦੇ ਲਾਇਕ ਹੈਂ।੧੧।

Sri Satguru Jagjit Singh Ji eLibrary NamdhariElibrary@gmail.com

**ਕਿ ਜ਼ਨ ਤੋ ਕੁਦਾਮੀ ਕਿਰਾ ਦੁਖਤਰੀ ॥**
**ਕਿ ਮੁਲਕੇ ਕਿਰਾ ਤੋ ਕਿਰਾ ਖ਼੍ਵਾਹਰੀ ॥੧੨॥**

***ਪਦ ਅਰਥ***—ਜ਼ਨ=ਔਰਤ । ਕੁਦਾਮੀ=ਕਿਸ ਦੀ । ਕਿਰਾ=ਕਿਸ ਦੀ । ਦੁਖਤਰੀ=ਬੇਟੀ, ਲੜਕੀ। ਮੁਲਕੇ=ਦੇਸ । ਖ਼੍ਵਾਹਰੀ=ਭੈਣ।

***ਅਰਥ***—ਜੋ ਤੂੰ ਕਿਸ ਦੀ ਔਰਤ ਹੈਂ ? ਕਿਸ ਦੀ ਲੜਕੀ ਹੈਂ ? ਜੋ ਤੇਰਾ ਦੇਸ ਕਿਹੜਾ ਹੈ ? ਅਤੇ ਕਿਸ ਦੀ ਤੂੰ ਭੈਣ ਹੈਂ ? ।੧੨।

**ਬ ਨਦਰ ਅੰਦਰੂੰ ਬਹਰਹ ਮੰਦ ਆਮਦਸ਼ ॥**
**ਬਦੀਦਨ ਸ਼ਹੇ ਦਿਲ ਪਸੰਦ ਆਮਦਸ਼ ॥੧੩॥**

***ਪਦ ਅਰਥ***—ਬ ਨਦਰ=ਵੇਖਣ ਵਿਚ । ਬਹਰਹ ਮੰਦ=ਭਾਗਾਂ ਵਾਲੀ । ਆਮਦ=ਆਈ । ਸ਼=ਉਹ। ਦੀਦਨ=ਦੇਖਣ । ਸ਼ਾਹੇ=ਇਕ ਰਾਜਾ।

***ਅਰਥ***—ਵੇਖਣ ਵਿਚ ਭਾਗਾਂ ਵਾਲੀ ਨਜ਼ਰ ਆਉਂਦੀ ਹੈਂ । ਇਕ ਰਾਜੇ ਨੇ ਵੇਖਿਆ (ਤਾਂ) ਉਸ ਦੇ ਦਿਲ ਨੂੰ ਪਸੰਦ ਆ ਗਈ।੧੩।

**ਕਨੀਜ਼ਕ ਯਕੇ ਰਾ ਬਿਖ਼ਾਦੰਦ ਪੇਸ਼ ॥**
**ਸ਼ਬਾਂ ਗਾਹ ਬੁਰਦਸ਼ ਦਰੂੰ ਖਾਨਹ ਖੇਸ਼ ॥੧੪॥**

***ਪਦ ਅਰਥ***—ਕਨੀਜ਼ਕ=ਗੋਲੀ । ਯਕੇ ਰਾ=ਇਕ ਨੂੰ । ਬਿਖ਼ਾਦੰਦ=ਸਦਿਆ । ਪੇਸ਼=ਕੋਲ । ਸ਼ਬਾਂ ਗਾਹ=ਰਾਤ ਦੇ ਸਮੇਂ । ਬੁਰਦਸ਼=ਲੈ ਗਿਆ ਉਸ ਨੂੰ । ਦਰੂੰ=ਅੰਦਰ । ਖਾਨਹ=ਘਰ ਵਿਚ । ਖੇਸ਼=ਆਪਣੇ।

***ਅਰਥ***—ਇਕ ਗੋਲੀ ਨੂੰ ਕੋਲ ਸੱਦਿਆ ਅਤੇ ਰਾਤ ਦੇ ਸਮੇਂ ਉਸ ਨੂੰ ਆਪਣੇ ਘਰ ਲੈ ਗਿਆ।੧੪।

**ਬਿ ਗੁਫ਼ਤਹ ਕਿ ਐ ਸਰਵ ਕਦ ਸੀਮ ਤਨ ॥**
**ਚਰਾਗ਼ੇ ਫਲਕ ਆਫ਼ਤਾਬੇ ਯਮਨ ॥੧੫॥**

***ਪਦ ਅਰਥ***—ਗੁਫ਼ਤਹ=ਕਿਹਾ । ਐ=ਹੇ । ਸਰਵ ਕੱਦ=ਸਰੂ ਬ੍ਰਿਛ ਵਰਗੇ ਕੱਦ ਵਾਲੀ । ਸੀਮ=ਚਾਂਦੀ। ਤਨ=ਸਰੀਰ। ਚਰਾਗ਼ੇ ਫਲਕ=ਅਕਾਸ਼ ਦਾ ਦੀਵਾ (ਚੰਦਰਮਾ) । ਆਫ਼ਤਾਬ=ਸੂਰਜ । ਯਮਨ=ਇਕ ਦੇਸ਼।

***ਅਰਥ***—ਰਾਜੇ ਨੇ ਕਿਹਾ, ਹੇ ਸਰੂ ਬ੍ਰਿਛ ਵਾਂਗੂ ਲੰਮੇ ਕੱਦ ਵਾਲੀ ਤੇ ਚਾਂਦੀ (ਵਾਂਗੂ ਚਮਕਣ ਵਾਲੇ) ਸਰੀਰ ਵਾਲੀ । ਅਕਾਸ਼ ਦੇ ਦੀਵੇ ਭਾਵ ਚੰਦ੍ਰਮਾ ਵਰਗੇ ਸਰੂਪ ਵਾਲੀ ਅਤੇ ਯਮਨ ਦੇ ਸੂਰਜ ਸਮਾਨ ਪ੍ਰਕਾਸ਼ ਵਾਲੇ ਚਿਹਰੇ ਵਾਲੀ।੧੫।

**ਵਜ਼ਾਂ ਬਹਰ ਮਾ ਰਾ ਬ ਤਪਸ਼ੀਦ ਦਿਲ ॥**
**ਕਿ ਮਾਹੀ ਬਿਉਫ਼ਤਾਦ ਅਜ਼ ਆਬੋ ਗਿਲ ॥੧੬॥**

***ਪਦ ਅਰਥ***—ਵਜ਼ਾਂ=ਉਸ । ਬਹਰ=ਲਈ । ਮਾ ਰਾ=ਮੇਰਾ । ਤਪਸ਼ੀਦ=ਤੜਫ ਰਿਹਾ । ਮਾਹੀ=ਮੱਛੀ।

**ਕਿ ਜ਼ਨ ਤੋ ਕੁਦਾਮੀ ਕਿਰਾ ਦੁਖਤਰੀ ॥**
**ਕਿ ਮੁਲਕੇ ਕਿਰਾ ਤੋ ਕਿਰਾ ਖ਼੍ਵਾਹਰੀ ॥੧੨॥**

***ਪਦ ਅਰਥ***—ਜ਼ਨ=ਔਰਤ । ਕੁਦਾਮੀ=ਕਿਸ ਦੀ । ਕਿਰਾ=ਕਿਸ ਦੀ । ਦੁਖਤਰੀ=ਬੇਟੀ, ਲੜਕੀ। ਮੁਲਕੇ=ਦੇਸ । ਖ਼੍ਵਾਹਰੀ=ਭੈਣ।

***ਅਰਥ***—ਜੋ ਤੂੰ ਕਿਸ ਦੀ ਔਰਤ ਹੈਂ ? ਕਿਸ ਦੀ ਲੜਕੀ ਹੈਂ ? ਜੋ ਤੇਰਾ ਦੇਸ ਕਿਹੜਾ ਹੈ ? ਅਤੇ ਕਿਸ ਦੀ ਤੂੰ ਭੈਣ ਹੈਂ ? ।੧੨।

**ਬ ਨਦਰ ਅੰਦਰੂੰ ਬਹਰਹ ਮੰਦ ਆਮਦਸ਼ ॥**
**ਬਦੀਦਨ ਸ਼ਹੇ ਦਿਲ ਪਸੰਦ ਆਮਦਸ਼ ॥੧੩॥**

***ਪਦ ਅਰਥ***—ਬ ਨਦਰ=ਵੇਖਣ ਵਿਚ । ਬਹਰਹ ਮੰਦ=ਭਾਗਾਂ ਵਾਲੀ । ਆਮਦ=ਆਈ । ਸ਼=ਉਹ। ਦੀਦਨ=ਦੇਖਣ । ਸ਼ਾਹੇ=ਇਕ ਰਾਜਾ।

***ਅਰਥ***—ਵੇਖਣ ਵਿਚ ਭਾਗਾਂ ਵਾਲੀ ਨਜ਼ਰ ਆਉਂਦੀ ਹੈਂ । ਇਕ ਰਾਜੇ ਨੇ ਵੇਖਿਆ (ਤਾਂ) ਉਸ ਦੇ ਦਿਲ ਨੂੰ ਪਸੰਦ ਆ ਗਈ।੧੩।

**ਕਨੀਜ਼ਕ ਯਕੇ ਰਾ ਬਿਖ਼ਾਦੰਦ ਪੇਸ਼ ॥**
**ਸ਼ਬਾਂ ਗਾਹ ਬੁਰਦਸ਼ ਦਰੂੰ ਖਾਨਹ ਖੇਸ਼ ॥੧੪॥**

***ਪਦ ਅਰਥ***—ਕਨੀਜ਼ਕ=ਗੋਲੀ । ਯਕੇ ਰਾ=ਇਕ ਨੂੰ । ਬਿਖ਼ਾਦੰਦ=ਸਦਿਆ । ਪੇਸ਼=ਕੋਲ । ਸ਼ਬਾਂ ਗਾਹ=ਰਾਤ ਦੇ ਸਮੇਂ । ਬੁਰਦਸ਼=ਲੈ ਗਿਆ ਉਸ ਨੂੰ । ਦਰੂੰ=ਅੰਦਰ । ਖਾਨਹ=ਘਰ ਵਿਚ । ਖੇਸ਼=ਆਪਣੇ।

***ਅਰਥ***—ਇਕ ਗੋਲੀ ਨੂੰ ਕੋਲ ਸੱਦਿਆ ਅਤੇ ਰਾਤ ਦੇ ਸਮੇਂ ਉਸ ਨੂੰ ਆਪਣੇ ਘਰ ਲੈ ਗਿਆ।੧੪।

**ਬਿ ਗੁਫ਼ਤਹ ਕਿ ਐ ਸਰਵ ਕਦ ਸੀਮ ਤਨ ॥**
**ਚਰਾ.ਗੇ ਫਲਕ ਆਫ਼ਤਾਬੇ ਯਮਨ ॥੧੫॥**

***ਪਦ ਅਰਥ***—ਗੁਫ਼ਤਹ=ਕਿਹਾ । ਐ=ਹੇ । ਸਰਵ ਕੱਦ=ਸਰੂ ਬ੍ਰਿਛ ਵਰਗੇ ਕੱਦ ਵਾਲੀ । ਸੀਮ=ਚਾਂਦੀ। ਤਨ=ਸਰੀਰ। ਚਰਾ.ਗੇ ਫਲਕ=ਅਕਾਸ਼ ਦਾ ਦੀਵਾ (ਚੰਦਰਮਾ)। ਆਫ਼ਤਾਬ=ਸੂਰਜ । ਯਮਨ=ਇਕ ਦੇਸ਼।

***ਅਰਥ***—ਰਾਜੇ ਨੇ ਕਿਹਾ, ਹੇ ਸਰੂ ਬ੍ਰਿਛ ਵਾਂਗੂ ਲੰਮੇ ਕੱਦ ਵਾਲੀ ਤੇ ਚਾਂਦੀ (ਵਾਂਗੂ ਚਮਕਣ ਵਾਲੇ) ਸਰੀਰ ਵਾਲੀ । ਅਕਾਸ਼ ਦੇ ਦੀਵੇ ਭਾਵ ਚੰਦ੍ਰਮਾ ਵਰਗੇ ਸਰੂਪ ਵਾਲੀ ਅਤੇ ਯਮਨ ਦੇ ਸੂਰਜ ਸਮਾਨ ਪ੍ਰਕਾਸ਼ ਵਾਲੇ ਚਿਹਰੇ ਵਾਲੀ।੧੫।

**ਵਜਾਂ ਬਹਰ ਮਾ ਰਾ ਬ ਤਪਸ਼ੀਦ ਦਿਲ ॥**
**ਕਿ ਮਾਹੀ ਬਿਉਫ਼ਤਾਦ ਅਜ਼ ਆਬੋ ਗਿਲ ॥੧੬॥**

***ਪਦ ਅਰਥ***—ਵਜ਼ਾਂ=ਉਸ । ਬਹਰ=ਲਈ । ਮਾ ਰਾ=ਮੇਰਾ । ਤਪਸ਼ੀਦ=ਤੜਫ ਰਿਹਾ । ਮਾਹੀ=ਮੱਛੀ।

Sri Satguru Jagjit Singh Ji eLibrary NamdhariElibrary@gmail.com

ਬਿਉਫ਼ਤਾਦ=ਡਿਗ ਪਵੇ । ਅਜ਼=ਤੋਂ । ਆਬੋ=ਪਾਣੀ ਤੋਂ । ਗਿਲ=ਮਿੱਟੀ।

**ਅਰਥ**—ਉਸ ਲਈ ਮੇਰਾ ਦਿਲ ਇਉਂ ਤੜਫ ਰਿਹਾ ਹੈ, ਜਿਵੇਂ ਮੱਛੀ ਪਾਣੀ ਵਿਚੋਂ ਮਿੱਟੀ ਵਿਚ ਡਿਗ ਪਵੇ ਤਾਂ ਤੜਫਦੀ ਹੈ ।੧੬।

**ਬਿਰੌਂ ਐ ਸਬਾਪੈਕ ਗੁਲਜ਼ਾਰਿ ਮਾ ॥**
**ਕਿ ਦਰਪੇਸ਼ ਯਾਰੇ ਵਫ਼ਾਦਾਰ ਮਾ ॥੧੭॥**

**ਪਦ ਅਰਥ**—ਬਿਰੌਂ=ਜਾਹ । ਐ=ਹੇ । ਸਬਾਪੈਕ=ਫੁਰਤੀਲੀ, ਛੇਤੀ ਨਾਲ । ਗੁਲਜ਼ਾਰਿ=ਬਗੀਚੀ । ਮਾ=ਮੇਰੀ । ਦਰਪੇਸ਼=ਸਾਹਮਣੇ । ਵਫ਼ਾਦਾਰ=ਬਚਨ ਦਾ ਪੱਕਾ।

**ਅਰਥ**—ਹੇ ਮੇਰੇ (ਦਿਲ ਦੀ) ਫੁਲਵਾੜੀ! ਛੇਤੀ ਨਾਲ ਜਾਹ । ਮੇਰੇ ਵਫ਼ਾਦਾਰ ਯਾਰ ਦੇ ਸਾਹਮਣੇ ਜਾਹ ।੧੭।

**ਤੋ ਗਰ ਪੇਸ਼ ਓ ਰਾ ਬਿਆਰੀ ਮਰਾ ॥**
**ਬਿਬਖ਼ਸ਼ਮ ਸਰਿ ਬਸਤਹ ਗੰਜੇ ਤੁਰਾ ॥੧੮॥**

**ਪਦ ਅਰਥ**—ਤੋ=ਤੂੰ । ਗਰ=ਜੇਕਰ । ਓ ਰਾ=ਉਸ ਨੂੰ । ਬਿਆਰੀ=ਲੈ ਆਵੇਂ । ਮਰਾ=ਮੇਰੇ । ਬਿਬਖ਼ਸ਼ਮ=ਬਖ਼ਸ਼ ਦੇਵਾਂਗਾ । ਸਰਿ ਬਸਤਹ=ਮੂੰਹੋਂ ਮੂੰਹ ਤਕ ਭਰਿਆ ਹੋਇਆ । ਗੰਜੇ=ਖ਼ਜ਼ਾਨਾ । ਤੁਰਾ=ਤੈਨੂੰ ।

**ਅਰਥ**—ਜੇਕਰ ਤੂੰ ਉਸ ਨੂੰ ਮੇਰੇ ਪਾਸ ਲੈ ਆਵੇਂ, ਤਾਂ ਮੈਂ ਤੈਨੂੰ ਮੂੰਹੋਂ ਮੂੰਹ ਤਕ ਭਰਿਆ ਹੋਇਆ ਖ਼ਜ਼ਾਨਾ ਬਖ਼ਸ਼ ਦੇਵਾਂਗਾ ।੧੮।

**ਰਵਾਂ ਸ਼ੁਦ ਕਨੀਜ਼ ਸ਼ੁਨੀਦ ਈਂ ਸੁਖ਼ਨ ॥**
**ਬਿਗੋਯਦ ਸੁਖ਼ਨ ਰਾ ਜ਼ਿ ਸਰ ਤਾ ਬ ਬੁਨ ॥੧੯॥**

**ਪਦ ਅਰਥ**—ਰਵਾਂ=ਤੁਰ ਪਈ । ਕਨੀਜ਼=ਗੋਲੀ । ਸ਼ੁਨੀਦ=ਸੁਣਦਿਆਂ । ਈਂ ਸੁਖ਼ਨ=ਇਹ ਗੱਲ। ਬਿਗੋਯਦ=ਕਹਿੰਦੀ ਹੈ । ਸੁਖ਼ਨ ਰਾ=ਗੱਲ ਨੂੰ । ਜ਼ਿ=ਤੋਂ । ਸਰ ਤਾ=ਸਿਰ ਤੋਂ । ਬ ਬੁਨ=ਪੈਰਾਂ ਤਕ।

**ਅਰਥ**—ਇਹ ਗੱਲ ਸੁਣਦਿਆਂ ਹੀ ਗੋਲੀ ਤੁਰ ਪਈ । ਸਿਰ ਤੋਂ ਪੈਰਾਂ ਤਕ ਸਾਰੀ ਗੱਲ ਕਹਿ ਦਿਤੀ । ਭਾਵ ਆਦਿ ਤੋਂ ਅੰਤ ਤਕ ਸਾਰਾ ਹਾਲ ਸੁਣਾਇਆ ।੧੯।

**ਜ਼ਬਾਨੀ ਕਨੀਜ਼ਕ ਸ਼ੁਨੀਦ ਈਂ ਸੁਖ਼ਨ ॥**
**ਬਿ ਪੇਚੀਦ ਬਰ ਖ਼ੁਦ ਜ਼ਿ ਪੋਸ਼ਾਕ ਜ਼ਨ ॥੨੦॥**

**ਪਦ ਅਰਥ**—ਸ਼ੁਨੀਦ=ਸੁਣਿਆ । ਈਂ ਸੁਖ਼ਨ=ਇਹ ਗੱਲ । ਕਨੀਜ਼ਕ=ਗੋਲੀ ਦੀ । ਪੇਚੀਦ=ਵੱਟ। ਬਰ ਖ਼ੁਦ=ਆਪਣੇ ਉਤੇ । ਜ਼ਿ=ਤੋਂ । ਜ਼ਨ=ਇਸਤ੍ਰੀ।

**ਅਰਥ**—ਗੋਲੀ ਦੀ ਜ਼ਬਾਨੀ ਇਹ ਗੱਲ ਸੁਣੀ ਕਿ ਬਾਦਸ਼ਾਹ ਤੈਨੂੰ ਵਰਨਾ ਚਾਹੁੰਦਾ ਹੈ ਤਾਂ ਆਪਣੇ ਉਤੇ ਇਸਤ੍ਰੀ ਦੀ ਪੋਸ਼ਾਕ ਤੋਂ ਵੱਟ ਖਾਧਾ ਭਾਵ ਇਸਤ੍ਰੀ ਲਿਬਾਸ ਤੋਂ ਨਫ਼ਰਤ ਕੀਤੀ।੨੦।

**ਕਿ ਜ਼ਾਹਰ ਕੁਨਾਨੀਦ ਅਸਬਾਬਿ ਖੇਸ਼ ॥**
**ਕਿ ਦੀਦਨ ਜਹਾਂ ਰਾ ਬਿ ਕਿਰਦਾਰੇ ਖੇਸ਼ ॥੨੧॥**

***ਪਦ ਅਰਥ***—ਕਿ=ਜੋ। ਜ਼ਾਹਰ=ਪ੍ਰਗਟ। ਕੁਨਾਨੀਦ=ਕਰਾ ਲਿਆ। ਅਸਬਾਬਿ=ਭੇਦ, ਪਾਜ। ਖੇਸ਼=ਆਪਣਾ। ਦੀਦਨ=ਵੇਖਣਾ। ਜਹਾਂ ਰਾ=ਜਗਤ ਦਾ। ਬਿ=ਉਪਰ। ਕਿਰਦਾਰੇ=ਕਰਤਬ।

***ਅਰਥ***—ਜੋ ਮੈਂ ਆਪਣਾ ਭੇਦ ਪ੍ਰਗਟ ਕਰਾ ਲਿਆ ਹੈ। ਵੇਖਿਆ ਜੋ ਜਗਤ ਵਿਚ ਕੀ ਕੀ ਕਰਤਬ ਹੈ ? ।੨੧।

**ਬਿ ਖਾਹਦ ਮਰਾ ਸ਼ਾਹਿ ਐ ਯਾਰਿ ਮਾ ॥**
**ਮਰਾ ਮਸਲਿਹਤ ਦੇਹ ਵਫ਼ਾਦਾਰਿ ਮਾ ॥੨੨॥**

***ਪਦ ਅਰਥ***—ਖਾਹਦ=ਚਾਹੁੰਦਾ ਹੈ। ਮਰਾ=ਮੈਨੂੰ। ਸ਼ਾਹਿ=ਰਾਜਾ। ਮਾ=ਮਰੇ। ਮਰਾ=ਮੈਨੂੰ। ਮਸਲਿਹਤ=ਸਲਾਹ।

***ਅਰਥ***—ਹੇ ਮੇਰੇ ਯਾਰ! ਹੇ ਮੇਰੀ ਵਫ਼ਾਦਾਰ! ਰਾਜਾ ਮੈਨੂੰ ਚਾਹੁੰਦਾ ਹੈ। ਮੈਨੂੰ ਸਲਾਹ ਦੇਹ ਜੋ ਮੈਂ ਹੁਣ ਕੀ ਕਰਾਂ ? ।੨੨।

**ਤੁ ਗੋਈ ਮਨ ਈਂ ਜਾ ਗੁਰੇਜ਼ਾ ਸ਼ਵਮ ॥**
**ਕਿ ਇਮ ਰੋਜ਼ ਅਜ਼ ਜਾਇ ਖ਼ੇਜ਼ਾ ਸ਼ਵਮ ॥੨੩॥**

***ਪਦ ਅਰਥ***—ਤੁ ਗੋਈ=ਤੂੰ ਆਖੇਂ। ਮਨ=ਮੈਂ। ਈਂ ਜਾ=ਇਸ ਤੋਂ। ਗੁਰੇਜ਼ਾ ਸ਼ਵਮ=ਗੁੰਮ ਹੋ ਜਾਵਾਂ। ਇਮ ਰੋਜ਼=ਅਜ। ਅਜ਼ ਜਾਇ=ਇਸ ਤੋਂ। ਖ਼ੇਜ਼ਾ ਸ਼ਵਮ=ਉਠ ਜਾਵਾਂ।

***ਅਰਥ***—ਤੂੰ ਆਖੇਂ ਤਾਂ ਮੈਂ ਇਸ ਥਾਂ ਤੋਂ ਗੁੰਮ ਹੋ ਜਾਵਾਂ ? ਜਾਂ ਇਸ ਥਾਂ ਤੋਂ ਅਜ ਹੀ ਉਠ ਕੇ ਚਲਾ ਜਾਵਾਂ ਭਾਵ ਤੇਰੇ ਪਾਸੋਂ ਤੁਰ ਜਾਵਾਂ ਤਾਂ ਚੰਗਾ ਹੈ, ਨਹੀਂ ਤਾਂ ਭੇਦ ਖੁਲ੍ਹ ਜਾਵੇਗਾ ? ।੨੩।

**ਨ ਤਰਸੀ ਇਲਾਜ ਤੁਰਾ ਮਨ ਕੁਨਮ ॥**
**ਬਦੀਦਨ ਵਜ਼ਾਂ ਚਾਰਿ ਮਾਹਿ ਨਿਹਮ ॥੨੪॥**

***ਪਦ ਅਰਥ***—ਤਰਸੀ=ਡਰ। ਇਲਾਜ=ਉਪਾਵ। ਕੁਨਮ=ਕਰਦੀ ਹਾਂ। ਬਦੀਦਨ=ਵੇਖਦੇ। ਵਜ਼ਾਂ=ਉਸ ਦੇ। ਮਾਹੇ=ਮਹੀਨੇ। ਨਿਹਮ=ਰੱਖਾਂਗੀ।

***ਅਰਥ***—ਡਰ ਨਾ ਤੇਰਾ ਉਪਾਵ ਮੈਂ ਕਰਦੀ ਹਾਂ। ਉਸ ਦੇ ਵੇਖਦਿਆਂ ਚਾਰ ਮਹੀਨੇ ਤੈਨੂੰ ਆਪਣੇ ਕੋਲ ਰਖਾਂਗੀ।੨੩।

**ਚੁ ਖੁਸ਼ਪੀਦ ਯਕ ਜਾਇ ਚੂੰ ਬੇਖਬਰ ॥**
**ਖਬਰ ਗਸ਼ਤ ਸ਼ੁਦ ਸ਼ਾਹ ਓ ਸ਼ੇਰ ਨਰ ॥੨੫॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਚੁ=ਜਦੋਂ। ਖੁਸ਼ਪੀਦ=ਸੌਂ ਗਏ। ਯਕ ਜਾਇ=ਇਕ ਜਗ੍ਹਾ ਤੇ। ਗਸ਼ਤ=ਹੋਈ। ਸ਼ੁਦ=ਹੋਇਆ। ਸ਼ਾਹ=ਰਾਜਾ।

**ਅਰਥ**—ਜਦ ਇਕ ਜਗ੍ਹਾ ਤੇ ਇਕੱਠੇ ਸੁਤੇ ਪਏ ਹੀ ਬੇਹੋਸ਼ ਹੋ ਗਏ। ਤਦ ਸ਼ੇਰ ਮਰਦ ਰਾਜੇ ਨੂੰ ਖ਼ਬਰ ਹੋਈ।੨੫।

**ਦਹਾਨਿ ਸ਼ੁਨੀਦ ਈਂ ਕਨੀਜ਼ਕ ਸੁਖ਼ਨ ॥**
**ਬਜੁੰਬਸ਼ ਬ ਲਰਜ਼ੀਦ ਸਰ ਤਾ ਬ ਬੁਨ ॥੨੬॥**

**ਪਦ ਅਰਥ**—ਦਹਾਨਿ=ਮੂੰਹ ਤੋਂ। ਸ਼ੁਨੀਦ=ਸੁਣਿਆ। ਈਂ=ਇਹ। ਕਨੀਜ਼ਕ=ਦਾਸੀ। ਬ ਜੁੰਬਸ਼=ਗੁਸੇ ਨਾਲ। ਬ ਲਰਜ਼ੀਦ=ਕੰਬ ਗਿਆ। ਸਰ=ਸਿਰ। ਤਾ=ਤੋਂ। ਬ ਬੁਨ=ਜੜ੍ਹ ਭਾਵ ਪੈਰ ਤਕ।

**ਅਰਥ**—ਦਾਸੀ ਦੇ ਮੂੰਹੋਂ ਇਹ ਸਾਰੀ ਗੱਲ ਸੁਣ ਲਈ। ਸਿਰ ਤੋਂ ਲੈ ਕੇ ਪੈਰਾਂ ਤਕ ਗੁਸੇ ਨਾਲ ਕੰਬਣ ਲਗ ਪਿਆ।੨੬।

**ਬਿਆਮਦ ਕਜ਼ੋ ਜਾਇ ਓ ਖੁਫਤਹ ਦੀਦ ॥**
**ਜ਼ ਸਰ ਤਾ ਕਦਮ ਹਮਚੁ ਮੇਹਰਸ਼ ਤਪੀਦ ॥੨੭॥**

**ਪਦ ਅਰਥ**—ਬਿਆਮਦ=ਆਇਆ। ਕਜ਼ੋ=ਉਸ। ਜਾਇ=ਜਗ੍ਹਾ। ਓ=ਉਸ। ਖੁਫਤਹ=ਸੁਤਾ। ਦੀਦ=ਵੇਖਿਆ। ਜ਼=ਤੋਂ। ਕਦਮ=ਪੈਰ। ਹਮਚੁ=ਵਾਂਗੂ। ਮੇਹਰਸ਼=ਸੂਰਜ। ਤਪੀਦ=ਤਪ ਗਿਆ।

**ਅਰਥ**—ਉਸ ਥਾਂ ਤੇ ਆਇਆ, ਉਹਨਾਂ ਨੂੰ ਇਕਠੇ ਸੁਤੇ ਪਿਆਂ ਵੇਖਿਆ। ਸਿਰ ਤੋਂ ਲੈ ਕੇ ਪੈਰਾਂ ਤਕ ਸੂਰਜ ਵਾਂਗੂੰ ਤਪ ਗਿਆ।੨੭।

**ਬਿ ਦਾਨਿਸ਼ਤ ਈਂ ਰਾ ਖਬਰਦਾਰ ਸ਼ੁਦ ॥**
**ਬਿਰੋਜ਼ਿ ਅਜ਼ਾ ਈਂ ਖਬਰਦਾਰ ਸ਼ੁਦ ॥੨੮॥**

**ਪਦ ਅਰਥ**—ਦਾਨਿਸ਼ਤ=ਜਾਣਿਆ। ਈਂ ਰਾ=ਇਸ ਨੂੰ। ਖਬਰਦਾਰ=ਖ਼ਬਰ ਵਾਲੀ। ਸ਼ੁਦ=ਹੋ ਗਈ। ਰੋਜ਼ਿ ਅਜ਼ਾ=ਉਸ ਦਿਨ ਤੋਂ। ਈਂ=ਇਹ। ਖ਼ਬਰ=ਸਾਵਧਾਨ। ਸ਼ੁਦ=ਹੋ ਗਈ ਹੈ।

**ਅਰਥ**—ਬਾਦਸ਼ਾਹ ਨੇ ਜਾਣਿਆ ਇਸ ਨੂੰ ਖ਼ਬਰ ਹੋ ਗਈ ਹੈ। ਇਹ ਉਸ ਦਿਨ ਤੋਂ ਹੀ ਖ਼ਬਰਦਾਰ ਭਾਵ ਸੁਚੇਤ ਹੋ ਗਈ ਹੈ।੨੮।

**ਬਿ ਖੁਸ਼ਪੀਦ ਯਕ ਜਾਇ ਯਕੇ ਖ੍ਵਾਬਗਾਹ ॥**
**ਮਰਾ ਦਾਉ ਉਫ਼ਤਦ ਨ ਯਜ਼ਦਾਂ ਗਵਾਹ ॥੨੯॥**

**ਪਦ ਅਰਥ**—ਖੁਸ਼ਪੀਦ=ਸੁੱਤੀ। ਯਕ ਜਾਇ=ਇਕ ਥਾਂ ਤੇ। ਖ੍ਵਾਬਗਾਹ=ਸੌਣ ਦੀ ਜਗ੍ਹਾ। ਯਜ਼ਦਾਂ=ਵਾਹਿਗੁਰੂ।

**ਅਰਥ**—ਇਕੋ ਸੌਣ ਵਾਲੇ ਕਮਰੇ ਵਿਚ, ਇਕ ਹੀ ਥਾਂ ਸੌਂਦੀਆਂ ਹਨ। ਮੇਰਾ ਦਾਅ ਨਹੀਂ ਫਬਿਆ। ਇਸ ਗੱਲ ਵਿਚ ਵਾਹਿਗੁਰੂ ਗਵਾਹ ਹੈ।੨੯। [ਦ: ਗ੍ਰੰ: ਪੰਨਾ ੧੪੧੬

Sri Satguru Jagjit Singh Ji eLibrary NamdhariElibrary@gmail.com

**ਜੁਦਾ ਗ਼ਰ ਬਿ ਬੀਨਮ ਅਜ਼ੀਂ ਖ਼ਾਬਗਾਹ ॥**
**ਯਕੇ ਜੁਫ਼ਤਹ ਬਾਸ਼ਮ ਚੁ ਖੁਰਸ਼ੈਦ ਮਾਹ ॥੩੦॥**

***ਪਦ ਅਰਥ***—ਜੁਦਾ=ਵਖਰੇ । ਗਰ=ਜੇਕਰ । ਬੀਨਮ=ਵੇਖ ਲਵਾਂ । ਅਜ਼ੀਂ=ਇਸ ਨੂੰ । ਖ਼ਾਬਗਾਹ=ਮੰਜਾ । ਜੁਫ਼ਤਹ=ਜੋੜਾ । ਬਾਸ਼ਮ=ਹੋ ਜਾਵਾਂ । ਖੁਰਸ਼ੈਦ=ਸੂਰਜ । ਮਾਹ=ਚੰਦਰਮਾ ।

***ਅਰਥ***—ਜੇਕਰ ਇਸ ਨੂੰ ਮੰਜੇ ਉਤੇ ਵੱਖਰੀ ਸੁਤੀ ਹੋਈ ਵੇਖ ਲਵਾਂ, ਤਾਂ ਸੂਰਜ ਚੰਦ੍ਰਮਾ ਵਾਂਗੂ ਇਕ ਦਮ ਜੋੜਾ ਹੋ ਜਾਵਾਂ । ਜਿਸ ਤਰ੍ਹਾਂ ਮੱਸਿਆ ਦੀ ਰਾਤ ਨੂੰ ਚੰਦ੍ਰਮਾ ਸੂਰਜ ਵਿਚ ਜੁੜ ਜਾਂਦਾ ਹੈ ।੩੦।

**ਵਜ਼ਾਂ ਰੋਜ਼ ਗਸ਼ਤ ਓ ਬਿਆਮਦ ਦਿਗਰ ॥**
**ਹਮਾਂ ਖੁਫਤਹ ਦੀਦੰਦ ਯਕ ਜਾਇ ਬਬਰ ॥੩੧॥**

***ਪਦ ਅਰਥ***—ਵਜ਼ਾਂ=ਉਸ । ਰੋਜ਼=ਦਿਨ । ਗਸ਼ਤ=ਚਲਾ ਗਿਆ । ਬਿਆਮਦ=ਆਇਆ । ਦਿਗਰ=ਦੂਜੇ । ਹਮਾਂ=ਉਸੇ ਤਰ੍ਹਾਂ । ਖੁਫਤਹ=ਸੁਤੇ ਪਿਆਂ । ਦੀਦੰਦ=ਵੇਖਿਆ । ਬਬਰ=ਜੱਫੀ ਪਾ ਕੇ ।

***ਅਰਥ***—ਉਸ ਦਿਨ ਚਲਾ ਗਿਆ, ਫਿਰ ਦੂਸਰੇ ਦਿਨ ਆਇਆ । ਉਸੇ ਤਰ੍ਹਾਂ ਹੀ ਜੱਫੀ ਪਾ ਕੇ ਸੁੱਤੇ ਪਿਆਂ ਵੇਖਿਆ ।੩੧।

**ਦਰੇ.ਗਾ ਅਜ਼ਾਂ ਗਰ ਜੁਦਾ ਯਾਫ਼ਤਮ ॥**
**ਯਕੇ ਹਮਲਹ ਚੂੰ ਸ਼ੇਰਿ ਨਰ ਸਾਖਤਮ ॥੩੨॥**

***ਪਦ ਅਰਥ***—ਦਰੇਗਾ=ਅਫ਼ਸੋਸ । ਅਜ਼ਾਂ=ਉਸ ਤੋਂ । ਗਰ=ਜੇਕਰ । ਜੁਦਾ=ਵੱਖਰਾ । ਯਾਫ਼ਤਮ=ਪਾਉਂਦਾ । ਹਮਲਹ=ਹੱਲਾ । ਸਾਖਤਮ=ਮੈਂ ਕਰਦਾ ।

***ਅਰਥ***—ਅਫ਼ਸੋਸ ਹੈ, ਜੇਕਰ ਉਸ ਤੋਂ ਵੱਖਰੀ ਪਾਉਂਦਾ ਤਾਂ ਨਰ ਸ਼ੇਰ ਵਾਂਗੂੰ ਮੈਂ ਇਕ ਵਾਰ ਹੀ ਹੱਲਾ ਕਰ ਦੇਂਦਾ ।੩੨।

**ਦਿਗਰ ਰੋਜ਼ ਰਫ਼ਤਸ਼ ਸਿਵਮ ਆਮਦਸ਼ ॥**
**ਬਿ ਦੀਦੰਦ ਯਕ ਜਾਇ ਬਰਤਾਫਤਸ਼ ॥੩੩॥**

***ਪਦ ਅਰਥ***—ਦਿਗਰ=ਦੂਜੇ । ਰੋਜ਼=ਦਿਨ । ਰਫ਼ਤ=ਗਿਆ । ਸ਼=ਉਹ । ਸਿਵਮ=ਤੀਜੇ । ਆਮਦਸ਼=ਆਇਆ । ਦੀਦੰਦ=ਵੇਖਿਆ । ਬਰਤਾਫਤਸ਼=ਮੁੜ ਆਇਆ ।

***ਅਰਥ***—ਦੂਜੇ ਦਿਨ ਗਿਆ ਤਦ ਇਕ ਜਗ੍ਹਾ ਤੇ ਵੇਖਿਆ ਤੇ ਮੁੜ ਆਇਆ । ਫਿਰ ਤੀਜੇ ਦਿਨ ਇਕ ਜਗ੍ਹਾ ਤੇ ਦੋਹਾਂ ਨੂੰ ਵੇਖ ਕੇ ਮੁੜ ਆਇਆ ।੩੩।

**ਬਰੋਜ਼ੇ ਚੁਵਮ ਆਮਦ ਦੀਦੰਦ ਜ਼ੁਫ਼ਤ ॥**
**ਬ ਹੈਰਤ ਫਿਰੋ ਰਫਤ ਬਾ ਦਿਲ ਬਿਗੁਫ਼ਤ ॥੩੪॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਚੁਵਮ=ਚੌਥੇ। ਆਮਦ=ਆਇਆ। ਦੀਦੰਦ=ਵੇਖੇ। ਜੁਫ਼ਤ=ਇਕੱਠੇ। ਹੈਰਤ=ਹੈਰਾਨ। ਫਿਰੋ ਰਫਤ=ਓਹ ਫਿਰ ਚਲਿਆ।

**ਅਰਥ**—ਚੌਥੇ ਦਿਨ ਆਇਆ ਤੇ ਇਕੱਠੇ ਸੁਤੇ ਪਏ ਵੇਖੇ। ਹੈਰਾਨ ਹੋ ਕੇ ਮੁੜ ਚਲਿਆ ਅਤੇ ਦਿਲ ਵਿਚ ਕਹਿਣ ਲੱਗਾ।੩੪।

**ਕਿ ਹੈਫ ਅਸਤ ਆਂ ਰਾ ਜੁਦਾ ਯਾਫ਼ਤਮ॥**
**ਕਿ ਤੀਰੋ ਕਮਾਂ ਅੰਦਰੂੰ ਸਾਖ਼ਤਮ॥੩੫॥**

**ਪਦ ਅਰਥ**—ਹੈਫ ਅਸਤ=ਅਫ਼ਸੋਸ ਹੈ। ਆਂ ਰਾ=ਉਸ ਨੂੰ। ਜੁਦਾ=ਵਖਰਿਆਂ। ਯਾਫ਼ਤਮ=ਮੈਂ ਪਾਉਂਦਾ। ਤੀਰੋ=ਤੀਰ ਨੂੰ। ਅੰਦਰੂੰ=ਵਿਚ। ਸਾਖ਼ਤਮ=ਮੈਂ ਰਖ ਦੇਂਦਾ।

**ਅਰਥ**—ਜੋ ਅਫ਼ਸੋਸ ਹੈ, ਜੇਕਰ ਉਸ ਨੂੰ ਵਖਰਿਆਂ ਪਾ ਲੈਂਦਾ। ਤਾਂ ਜ਼ਰੂਰ ਹੀ ਉਸ ਦੀ ਕਮਾਨ ਵਿਚ ਤੀਰ ਟਿਕਾ ਦੇਂਦਾ। ਭਾਵ ਇਕ ਵਾਰ ਜ਼ਰੂਰ ਉਸ ਨਾਲ ਭੋਗ ਕਰਦਾ।੩੫।

**ਨ ਦੀਦੇਮ ਦੁਸ਼ਮਨ ਨ ਦੋਜ਼ਮ ਬ ਤੀਰ॥**
**ਨ ਕੁਸ਼ਤਮ ਅਦੂ ਰਾ ਨ ਕਰਦਮ ਅਸੀਰ॥੩੬॥**

**ਪਦ ਅਰਥ**—ਦੀਦੇਮ=ਮੈਂ ਵੇਖਿਆ। ਦੋਜ਼ਮ=ਪ੍ਰੋਤਾ, ਵਿੰਨ੍ਹਿਆਂ। ਕੁਸ਼ਤਮ=ਮੈਂ ਮਾਰਿਆ। ਅਦੂ ਰਾ=ਵੈਰੀ, ਬੁਰੇ ਆਦਮੀ ਨੂੰ। ਅਸੀਰ=ਕੈਦ ਕੀਤਾ।

**ਅਰਥ**—ਨਾ ਮੈਂ ਦੁਸ਼ਮਣ ਨੂੰ ਵੇਖਿਆ, ਨਾ ਤੀਰ ਵਿਚ ਪਰੋਤਾ। ਨਾ ਹੀ ਵੈਰੀ ਨੂੰ ਮਾਰਿਆ ਅਤੇ ਨਾ ਹੀ ਕੈਦ ਕੀਤਾ ਹੈ।੩੬।

**ਸ਼ਸ਼ਮ ਰੋਜ਼ ਆਮਦ ਬਦੀਦਹ ਵਜ਼ਾਂ॥**
**ਬ ਪੇਚਸ਼ ਦਰ ਆਵੇਖ਼ਤ ਗੁਫ਼ਤ ਅਜ਼ ਜ਼ਬਾਂ॥੩੭॥**

**ਪਦ ਅਰਥ**—ਸ਼ਸ਼ਮ=ਛੇਵੇਂ। ਆਮਦ=ਆਇਆ। ਬਦੀਦਹ=ਡਿੱਠਾ। ਵਜ਼ਾਂ=ਉਸੇ ਤਰ੍ਹਾਂ। ਪੇਚਸ਼=ਵੱਟ। ਆਵੇਖ਼ਤ=ਲਪੇਟਿਆ। ਗੁਫ਼ਤ=ਕਿਹਾ। ਅਜ਼=ਤੋਂ। ਜ਼ਬਾਂ=ਜ਼ਬਾਨ।

**ਅਰਥ**—ਛੇਵੇਂ ਦਿਨ ਫਿਰ ਆਇਆ, ਉਸੇ ਤਰ੍ਹਾਂ ਹੀ ਵੇਖਿਆ। ਫਿਰ ਵੱਟ ਖਾਣ ਲਗ ਪਿਆ ਅਤੇ ਜ਼ਬਾਨ ਤੋਂ ਇਸ ਤਰ੍ਹਾਂ ਆਖਣ ਲੱਗਾ।੩੭।

**ਨ ਦੀਦੇਮ ਦੁਸ਼ਮਨ ਕਿ ਰੇਜ਼ੇਮ ਖ਼ੂੰ॥**
**ਦਰੇਗਾ ਨ ਕੈਬਰ ਕਮਾਂ ਅੰਦਰੂੰ॥੩੮॥**

**ਪਦ ਅਰਥ**—ਦੀਦੇਮ=ਮੈਂ ਡਿੱਠਾ। ਰੇਜ਼ੇਮ=ਟੁਕੜੇ ਟੁਕੜੇ। ਖ਼ੂੰ=ਖ਼ੂਨ, ਕਤਲ। ਦਰੇਗਾ=ਅਫ਼ਸੋਸ। ਕੈਬਰ=ਤੀਰ। ਕਮਾਂ=ਕਮਾਨ। ਅੰਦਰੂੰ=ਵਿਚ।

**ਅਰਥ**—ਨਾ ਮੈਂ ਵੈਰੀ ਨੂੰ ਡਿੱਠਾ ਜੋ ਖ਼ੂਨ (ਕਰ ਕੇ ਉਸ ਦੇ) ਮੈਂ ਟੁਕੜੇ ਟੁਕੜੇ ਕਰਦਾ। ਜੇ ਮੈਂ

Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਵੱਖਰਾ ਵੇਖਦਾ ਤਾਂ ਭੋਗ ਕਰਕੇ ਲਹੂ-ਲੁਹਾਣ ਕਰ ਦੇਂਦਾ। ਅਫ਼ਸੋਸ! (ਮੈਂ) ਕਮਾਨ ਵਿਚ ਤੀਰ ਨਹੀਂ (ਧਰ ਸਕਿਆ) ਭਾਵ ਆਪਣਾ ਤੀਰ (ਲਿੰਗ) ਕਮਾਨ ਵਰਗੀ ਭਗ ਵਿਚ ਨਹੀਂ ਰਖ ਸਕਿਆ।੩੮।

**ਦਰੇਗ਼ਾ ਬ ਦੁਸ਼ਮਨ ਨ ਆਵੇਖ਼ਤਮ॥**
**ਦਰੇਗ਼ਾ ਨ ਬਾ ਯਕ ਦਿਗਰ ਰੇਖ਼ਤਮ॥੩੯॥**

***ਪਦ ਅਰਥ***—ਆਵੇਖ਼ਤਮ=ਚੰਬੜਿਆ। ਬਾ=ਨਾਲ। ਰੇਖ਼ਤਮ=ਡੁਲ੍ਹੇ।

***ਅਰਥ***—ਅਫ਼ਸੋਸ ਹੈ ਜੋ ਦੁਸ਼ਮਣ ਨਾਲ ਚੰਬੜਿਆ ਨਹੀਂ। ਅਫ਼ਸੋਸ (ਕਿ) ਇਕ ਦੂਜੇ ਨਾਲ (ਜੱਫੀ ਪਾ ਕੇ) ਡੁਲ੍ਹੇ ਵੀ ਨਹੀਂ ਹਾਂ ਭਾਵ ਅਸੀਂ ਇਕ ਦੂਜੇ ਨਾਲ ਭੋਗ ਨਹੀਂ ਕੀਤਾ।੩੯।

**ਹਕੀਕਤ ਸ਼ਨਾਸਦ ਨ ਹਾਲੇ ਦਿਗਰ॥**
**ਕਿ ਮਾਇਲ ਬਸੇ ਗਸ਼ਤ ਓ ਤਾਬ ਸਰ॥੪੦॥**

***ਪਦ ਅਰਥ***—ਹਕੀਕਤ=ਤੱਤ ਵਸਤੂ ਸੱਚ ਸਰੂਪ, ਵਾਹਿਗੁਰੂ। ਸ਼ਨਾਸਦ=ਪਛਾਣਿਆ। ਹਾਲੇ=ਢੰਗ, ਤਰੀਕਾ। ਮਾਇਲ=ਮੋਹਤ। ਬਸੇ=ਬਹੁਤ। ਗਸ਼ਤ=ਹੋਇਆ। ਤਾਬ=ਤਕ।

***ਅਰਥ***—ਸੱਚ ਸਰੂਪ ਨੂੰ ਪਛਾਣਿਆ ਨਹੀਂ ਹੈ, (ਕਿਉਂਕਿ) ਦੂਜੇ ਢੰਗ ਵਿਚ, ਉਹ ਸਿਰ ਤਕ ਬਹੁਤ ਹੀ ਮੋਹਤ ਹੋ ਰਿਹਾ ਸੀ।੪੦।

**ਬਿਬੀਂ ਬੇਖ਼ਬਰ ਰਾ ਚਿ ਕਾਰੇ ਕੁਨਦ॥**
**ਕਿ ਕਾਰਿ ਬਦਸ਼ ਇਖ਼ਤਿਆਰੇ ਕੁਨਦ॥੪੧॥**

***ਪਦ ਅਰਥ***—ਬਿਬੀਂ=ਵੇਖ। ਬੇਖ਼ਬਰ=ਬੇਸੁਰਤ, ਕਮਲਾ। ਚਿ ਕਾਰੇ=ਕਿਸ ਕੰਮ ਨੂੰ। ਕਿ=ਜੋ। ਕਾਰਿ=ਕੰਮ ਨੂੰ। ਬਦਸ਼=ਬੁਰਾ ਹੈ। ਇਖ਼ਤਿਆਰੇ=ਪ੍ਰਵਾਨ, ਮਨਜ਼ੂਰ, ਹੱਕ ਵਿਚ।

***ਅਰਥ***—ਹੇ ਔਰੰਗਜ਼ੇਬ! ਤੂੰ ਇਸ ਕਮਲੇ ਜੀਵ ਵਲ ਵੇਖ! ਕੀ ਕੰਮ ਕਰ ਰਿਹਾ ਹੈ। ਜੋ ਬੁਰਾ ਕੰਮ ਹੈ, ਉਸ ਨੂੰ ਪ੍ਰਵਾਨ ਕਰ ਰਿਹਾ ਹੈ।੪੧।

**ਬਿਬੀਂ ਬੇਖ਼ਬਰ ਬਦ ਖ਼ਰਾਸ਼ੀ ਕੁਨਦ॥**
**ਕਿ ਬੇ ਆਬ ਸਰ ਖ਼ੁਦ ਤਰਾਸ਼ੀ ਕੁਨਦ॥੪੨॥**

***ਪਦ ਅਰਥ***—ਬਿਬੀਂ=ਵੇਖ। ਬੇਖ਼ਬਰ=ਸੁਰਤ ਤੋਂ ਹੀਣਾ। ਬਦ=ਬੁਰਾ। ਖ਼ਰਾਸ਼ੀ=ਦੁਖ ਦੇਣ ਵਾਲਾ। ਬੇ=ਬਿਨਾਂ। ਆਬ=ਪਾਣੀ। ਸਰ=ਸਿਰ। ਖ਼ੁਦ=ਆਪਣਾ। ਤਰਾਸ਼ੀ=ਛਿਲਣਾ, ਮੁੰਨਣਾ। ਕੁਨਦ=ਕਰਦਾ ਹੈ।

***ਅਰਥ***—ਓ ਸੁਰਤ ਤੋਂ ਹੀਣੇ! ਵੇਖ, (ਤੂੰ ਕਿਸ ਤਰ੍ਹਾਂ ਦਾ) ਦੁਖ ਦੇਣ ਵਾਲਾ ਬੁਰਾ ਕੰਮ ਕਰਦਾ ਹੈਂ? ਜੋ ਪਾਣੀ ਤੋਂ ਬਿਨਾਂ ਹੀ ਆਪਣਾ ਸਿਰ ਛਿਲਣਾ ਕਰਦਾ ਹੈਂ?।੪੨।

Sri Satguru Jagjit Singh Ji eLibrary NamdhariElibrary@gmail.com

**ਬਿਦਿਹ ਸਾਕੀਆ ਜਾਮ ਸਬਜ਼ੇ ਮਰਾ ॥**
**ਕਿ ਸਰ ਬਸਤਹ ਮਨ ਗੰਜ ਬਖ਼ਸ਼ਮ ਤੁਰਾ ॥੪੩॥**

***ਪਦ ਅਰਥ***—ਬਿਦਿਹ=ਦਿਓ। ਜਾਮ=ਪਿਆਲਾ। ਸਬਜ਼ੇ=ਸਾਵੇ ਰੰਗ ਦਾ। ਮਰਾ=ਮੈਨੂੰ। ਸਰ ਬਸਤਹ=ਬੰਦ ਦਾ ਬੰਦ, ਭਰਿਆ ਭਰਾਇਆ। ਮਨ=ਮੈਂ। ਗੰਜ=ਖ਼ਜ਼ਾਨਾ। ਬਖ਼ਸ਼ਮ=ਬਖ਼ਸ਼ ਦੇਵਾਂਗਾ। ਤੁਰਾ=ਤੈਨੂੰ।

***ਅਰਥ***—ਹੇ ਸਤਿਗੁਰੋ! ਮੈਨੂੰ ਨਾਮ ਰੂਪੀ ਸਾਵੇ ਰੰਗ ਦਾ ਪਿਆਲਾ ਦੇਹੁ। ਜੋ ਮੈਂ ਤੈਨੂੰ ਭਰਿਆ ਭਰਾਇਆ ਖ਼ਜ਼ਾਨਾ ਬਖ਼ਸ਼ ਦੇਵਾਂਗਾ।੪੩।

**ਬਿਦਿਹ ਸਾਕੀਆ ਸਾਗਰੇ ਸਬਜ਼ ਫ਼ਾਮ ॥**
**ਕਿ ਖ਼ਸ਼ਮ ਅਫ਼ਗਨੀ ਵਕਤ ਹਸਤਸ਼ ਬਕਾਮ ॥੪੪॥੯॥**

***ਪਦ ਅਰਥ***—ਸਾਗਰੇ=ਪਿਆਲਾ। ਫ਼ਾਮ=ਵਰਨ, ਰੰਗ। ਖ਼ਸ਼ਮ=ਵੈਰੀ। ਅਫ਼ਗਨੀ-ਢਾਹੁਣ ਦੇ। ਵਕਤ=ਵੇਲੇ। ਹਸਤਸ਼=ਹੈਗਾ ਹੈ। ਬਕਾਮ=ਕੰਮ।

***ਅਰਥ***—ਹੇ ਸਤਿਗੁਰੋ! ਹਰੀ ਦੇ ਨਾਮ ਰੂਪੀ ਸਬਜ਼ ਰੰਗ ਦਾ ਪਿਆਲਾ ਦੇਹੁ। ਜੋ ਦੁਸ਼ਮਣ ਨੂੰ ਪਟਕਾਉਣ ਦੇ ਵੇਲੇ ਸਿਰ ਕੰਮ ਆਉਂਦਾ ਹੈ।੪੪।੯।

ਨੌਵੀਂ ਹਿਕਾਯਤ (ਕਹਾਣੀ) ਸੰਪੂਰਨ ਹੋਈ।

# ਹਿਕਾਯਤ ਦਸਵੀਂ

**ਵਾਹਿਗੁਰੂ ਜੀ ਕੀ ਫਤਹ ॥**

**ਗ਼ਫ਼ੂਰੋ ਗੁਨਹ ਬਖ਼ਸ਼ ਗ਼ਾਫਿਲ ਕੁਸ਼ ਅਸਤ ॥**
**ਜਹਾਂ ਰਾ ਤੋਈ ਬਸਤ ਈਂ ਬੰਦੋਬਸਤ ॥੧॥**

***ਪਦ ਅਰਥ***—ਗ਼ਫ਼ੂਰੋ=ਦਿਆਲੂ ਅਤੇ। ਗੁਨਹ=ਔਗੁਣ, ਬੁਰੇ ਕੰਮ। ਬਖ਼ਸ਼=ਬਖ਼ਸ਼ਣ ਵਾਲਾ। ਗ਼ਾਫ਼ਿਲ=ਰੱਬ ਵਲੋਂ ਭੁਲੇ ਹੋਏ, ਬੇਹੋਸ਼ ਹੋ ਚੁਕੇ। ਕੁਸ਼ ਅਸਤ=ਮਾਰਣ ਵਾਲਾ ਹੈ। ਜਹਾਂ=ਜਗਤ। ਰਾ=ਦਾ। ਤੋਈ=ਤੂੰਹੀ। ਬਸਤ ਈਂ=ਬੰਨ੍ਹਿਆ ਹੈ।

***ਅਰਥ***—ਦਿਆਲੂ ਵਾਹਿਗੁਰੂ ਔਗੁਣ ਬਖ਼ਸ਼ਣ ਵਾਲਾ ਤੇ ਹੰਕਾਰੀਆਂ ਨੂੰ ਮਾਰਨ ਵਾਲਾ ਹੈ। ਹੇ ਔਰੰਗਜ਼ੇਬ! ਤੂੰ ਇਸ ਤਰ੍ਹਾਂ ਜਾਣ ਕਿ ਸਾਰੇ ਜਗਤ ਦਾ ਬੰਦੋਬਸਤ ਪ੍ਰਮਾਤਮਾ ਨੇ ਆਪ ਹੀ ਬੰਨ੍ਹਿਆ ਹੋਇਆ ਹੈ।੧।

**ਨ ਪਿਸਰੋ ਨ ਮਾਦਰ ਬਿਰਾਦਰ ਪਿਦਰ ॥**
**ਨ ਦਾਮਾਦ ਦੁਸ਼ਮਨ ਨ ਯਾਰੇ ਦਿਗਰ ॥੨॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਪਿਸਰ=ਪੁੱਤਰ। ਮਾਦਰ=ਮਾਂ। ਬਿਰਾਦਰ=ਭਰਾ। ਪਿਦਰ=ਪਿਉ। ਦਾਮਾਦ=ਜਵਾਈ। ਯਾਰੇ=ਮਿੱਤਰ। ਦਿਗਰ=ਦੂਸਰਾ।

**ਅਰਥ**—ਨਾ ਪੁੱਤਰ ਹੈ, ਨਾ ਮਾਂ ਹੈ, ਨਾ ਭਰਾ ਹੈ ਤੇ ਨਾ ਹੀ ਪਿਉ ਹੈ। ਨਾ ਕੋਈ ਜਵਾਈ ਹੈ, ਨਾ ਦੁਸ਼ਮਣ ਹੈ, ਤੇ ਨਾ ਹੀ ਕੋਈ ਦੂਸਰਾ ਮਿਤਰ ਹੈ।੨।

**ਸ਼ੁਨੀਦਮ ਸੁਖਨ ਸ਼ਾਹਿ ਮਾਜ਼ਿੰਦਰਾਂ॥**
**ਕਿ ਰੌਸ਼ਨ ਦਿਲੋ ਨਾਮ ਬੁਰਦਸ਼ ਜ਼ਮਾਂ॥੩॥**

**ਪਦ ਅਰਥ**—ਸ਼ੁਨੀਦਮ=ਮੈਂ ਸੁਣੀ ਹੈ। ਸੁਖਨ=ਗੱਲ, ਵਾਰਤਾ, ਕਹਾਣੀ। ਸ਼ਾਹਿ=ਰਾਜੇ ਦੀ। ਬੁਰਦ=ਲੈਂਦਾ। ਸ਼=ਉਸ ਦਾ।

**ਅਰਥ**—ਹੇ ਔਰੰਗਜ਼ੇਬ! ਅਸਾਂ ਮਾਜ਼ਿੰਦਰਾਂ ਦੇ ਰਾਜੇ ਦੀ ਵਾਰਤਾ ਸੁਣੀ ਹੋਈ ਹੈ। ਜੋ ਰੌਸ਼ਨ ਚਿੱਤ ਵਾਲਾ ਸੀ ਅਤੇ ਦੁਨੀਆਂ ਉਸ ਦਾ ਨਾਮ ਲੈਂਦੀ ਸੀ।੩।

**ਕਿ ਨਾਮਸ਼ ਵਜ਼ੀਰ ਅਸਤ ਸਾਹਿਬ ਸ਼ਊਰ॥**
**ਕਿ ਸਾਹਿਬ ਦਮਾਗ ਅਸਤ ਜ਼ਾਹਿਰ ਜ਼ਹੂਰ॥੪॥**

**ਪਦ ਅਰਥ**—ਨਾਮਸ਼=ਨਾਮ ਉਸ ਦਾ। ਅਸਤ=ਹੈ। ਸ਼ਊਰ=ਬੁਧੀਮਾਨ। ਸਾਹਿਬ ਦਮਾਗ=ਦਿਮਾਗ ਦਾ ਮਾਲਕ। ਜ਼ਾਹਿਰ=ਪ੍ਰਗਟ। ਜ਼ਹੂਰ=ਜਲਵਾ, ਪ੍ਰਤਾਪ।

**ਅਰਥ**—ਉਸ ਦੇ ਬੁਧੀਮਾਨ ਵਜ਼ੀਰ ਦਾ ਨਾਮ 'ਸਾਹਿਬ' ਸੀ। ਜੋ ਦਿਮਾਗ ਦਾ ਮਾਲਕ ਤੇ ਪ੍ਰਗਟ ਪ੍ਰਤਾਪ ਵਾਲਾ ਸੀ।੪।

**ਕਿ ਪਿਸਰੇ ਅਜ਼ਾਂ ਬੂਦ ਰੌਸ਼ਨ ਜ਼ਮੀਰ॥**
**ਕਿ ਹੁਸਨਲ ਜਮਾਲ ਅਸਤ ਸਾਹਿਬ ਅਮੀਰ॥੫॥**

**ਪਦ ਅਰਥ**—ਪਿਸਰੇ=ਪੁੱਤਰ। ਅਜ਼ਾਂ ਬੂਦ=ਉਸ ਦਾ ਹੋਇਆ। ਹੁਸਨਲ=ਪ੍ਰਕਾਸ਼। ਜਮਾਲ=ਚਿਹਰਾ। ਸਾਹਿਬ=ਮਾਲਕ।

**ਅਰਥ**—'ਰੌਸ਼ਨ ਜ਼ਮੀਰ' (ਨਾਮ ਵਾਲਾ) ਉਸ ਦਾ ਪੁਤ੍ਰ ਪੈਦਾ ਹੋਇਆ। ਜੋ ਬੜੇ ਹੀ ਸੁੰਦਰ ਸਰੂਪ ਵਾਲਾ ਤੇ ਸਰਦਾਰੀ ਦਾ ਮਾਲਕ ਸੀ।੫। [ਦ: ਗ੍ਰੰ: ਪੰਨਾ ੧੪੧੭

**ਕਿ ਰੌਸ਼ਨ ਦਿਲੇ ਸ਼ਾਹ ਓ ਨਾਮ ਬੂਦ॥**
**ਅਦੂ ਰਾ ਜ਼ ਮਰਦੀ ਬਰ ਆਵੁਰਦ ਦੂਦ॥੬॥**

**ਪਦ ਅਰਥ**—ਸ਼ਾਹ=ਰਾਜਾ। ਬੂਦ=ਸੀ। ਅਦੂ=ਵੈਰੀ, ਦੁਸ਼ਮਨ। ਰਾ=ਦਾ। ਮਰਦੀ=ਬਹਾਦਰੀ। ਜ਼=ਨਾਲ। ਬਰ ਆਵੁਰਦ=ਕਢਿਆ। ਦੂਦ=ਧੂੰਆਂ।

**ਅਰਥ**—ਉਸ ਰਾਜੇ ਦਾ ਨਾਮ 'ਰੌਸ਼ਨ ਦਿਲ' ਸੀ। ਉਸ ਨੇ ਬਹਾਦਰੀ ਨਾਲ ਵੈਰੀਆਂ ਦਾ ਧੂੰਆਂ ਕੱਢ ਦਿਤਾ ਸੀ।੬।

Sri Satguru Jagjit Singh Ji eLibrary NamdhariElibrary@gmail.com

**ਵਜ਼ੀਰੇ ਯਕੇ ਬੂਦ ਜ਼ੋ ਹੋਸ਼ ਮੰਦ ॥**
**ਰੱਯਤ ਨਵਾਜ਼ ਅਸਤ ਦੁਸ਼ਮਨ ਗਜ਼ੰਦ ॥੭॥**

***ਪਦ ਅਰਥ***—ਬੂਦ=ਸੀ। ਹੋਸ਼ ਮੰਦ=ਅਕਲ ਵਾਲਾ। ਰੱਯਤ=ਪਰਜਾ। ਨਵਾਜ਼=ਵਡਿਆਉਣ ਵਾਲਾ। ਗਜ਼ੰਦ=ਦੁਖਦਾਈ।

***ਅਰਥ***—ਉਸ ਰਾਜੇ ਦਾ ਇਕ ਵਜ਼ੀਰ ਬੜਾ ਅਕਲ ਵਾਲਾ ਸੀ। ਜੋ ਪਰਜਾ ਦੀ ਪਾਲਣਾ ਕਰਨ ਵਾਲਾ ਅਤੇ ਵੈਰੀਆਂ ਨੂੰ ਦੁਖ ਦੇਣ ਵਾਲਾ ਸੀ।੭।

**ਵਜ਼ਾਂ ਦੁਖ਼ਤਰੇ ਹਸਤ ਰੌਸ਼ਨ ਚਰਾਗ਼ ॥**
**ਕਿ ਨਾਮੇ ਅਜ਼ਾਂ ਬੂਦ ਰੌਸ਼ਨ ਦਮਾਗ਼ ॥੮॥**

***ਪਦ ਅਰਥ***—ਵਜ਼ਾਂ=ਉਸ ਦੀ। ਦੁਖ਼ਤਰੇ=ਲੜਕੀ। ਚਰਾਗ਼=ਦੀਵਾ। ਅਜ਼ਾਂ=ਉਸ ਦਾ। ਬੂਦ=ਸੀ।

***ਅਰਥ***—ਉਸ ਵਜ਼ੀਰ ਦੀ ਇਕ ਲੜਕੀ ਦੀਵੇ ਦੀ ਰੌਸ਼ਨੀ (ਸਮਾਨ) ਹੈਗੀ ਸੀ। ਉਸ ਦਾ ਨਾਮ ਹੀ 'ਰੌਸ਼ਨ ਦਿਮਾਗ' ਸੀ।੮।

**ਬ ਮਕਤਬਿ ਸਪੁਰਦੰਦ ਹਰ ਦੋ ਤਿਫ਼ਲ ॥**
**ਕਿ ਤਿਫ਼ਲਸ਼ ਬਸੇ ਰੋਜ਼ ਗਸ਼ਤੰਦ ਖਿਜ਼ਲ ॥੯॥**

***ਪਦ ਅਰਥ***—ਬ=ਵਿਚ। ਮਕਤਬਿ=ਮਦਰਸਾ। ਸਪੁਰਦੰਦ=ਬਿਠਾ ਦਿਤੇ। ਹਰ ਦੋ=ਦੋਵੇਂ। ਤਿਫ਼ਲ=ਬਾਲ। ਬਸੇ=ਬਹੁਤ। ਰੋਜ਼=ਦਿਨ। ਗਸ਼ਤੰਦ=ਹੋਏ, ਫਿਰਦੇ। ਖਿਜ਼ਲ=ਅਵਾਰਾ ਗਰਦ।

***ਅਰਥ***—ਮਦਰਸੇ ਵਿਚ ਦੋਵੇਂ ਬਾਲ ਪੜ੍ਹਨੇ ਬਿਠਾ ਦਿਤੇ। ਕਿਉਂ ਜੋ ਉਹ ਬੱਚੇ ਬਹੁਤ ਦਿਨਾਂ ਤਕ ਅਵਾਰਾ ਫਿਰਦੇ ਰਹੇ ਸਨ।੯।

**ਨਿਸ਼ਸਤੰਦ ਦਾਨਾਇ ਮਉਲਾਇ ਰੂਮ ॥**
**ਕਿ ਦਿਰਮਸ਼ ਬ ਬਖ਼ਸ਼ੀਦ ਆਂ ਮਰਜ਼ ਬੂਮ ॥੧੦॥**

***ਪਦ ਅਰਥ***—ਨਿਸ਼ਸਤੰਦ=ਬੈਠੇ। ਦਾਨਾਇ=ਸਿਆਣਾ। ਮਉਲਾਇ=ਮੌਲਾਣਾ, ਵਿਦਵਾਨ। ਦਿਰਮਸ਼=ਚਾਂਦੀ ਦਾ ਸਿੱਕਾ ਹੁੰਦਾ ਸੀ। ਆਂ=ਉਸ ਨੂੰ। ਮਰਜ਼=ਧਰਤੀ। ਬੂਮ=ਦੇਸ, ਜਾਗੀਰ।

***ਅਰਥ***—ਰੂਮ ਦੇਸ ਦੇ ਸਿਆਣੇ ਮੌਲਾਣੇ ਪਾਸ ਬੈਠੇ। ਉਸਨੂੰ ਨਕਦ ਦੌਲਤ ਤੇ ਜ਼ਮੀਨ ਦੀ ਜਗੀਰ ਬਖ਼ਸ਼ ਦਿਤੀ।੧੦।

**ਨਿਸ਼ਸਤੰਦ ਦਰਾਂ ਜਾਇ ਤਿਫ਼ਲਾਂ ਬਸੇ ॥**
**ਬਖਾਂਦੇ ਸੁਖ਼ਨ ਅਜ਼ ਕਿਤਾਬ ਹਰ ਕਸੇ ॥੧੧॥**

***ਪਦ ਅਰਥ***—ਨਿਸ਼ਸਤੰਦ=ਬੈਠੇ। ਦਰਾਂ ਜਾਇ=ਉਸ ਜਗ੍ਹਾ ਵਿਚ। ਤਿਫ਼ਲਾਂ=ਲੜਕੇ, ਮੁੰਡੇ। ਬਸੇ=ਬਹੁਤ। ਬਖਾਂਦੇ=ਪੜ੍ਹਦੇ ਸਨ। ਸੁਖ਼ਨ=ਵਾਰਤਾ। ਅਜ਼=ਤੋਂ। ਹਰ ਕਸੇ=ਸਭ ਕੋਈ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਉਥੇ ਹੋਰ ਵੀ ਬਹੁਤ ਸਾਰੇ ਲੜਕੇ ਬੈਠੇ ਹੋਏ ਸਨ। ਸਭ ਕੋਈ ਕਿਤਾਬਾਂ ਵਿਚੋਂ ਸਬਕ ਪੜ੍ਹਦੇ ਸਨ ਭਾਵ ਸੰਥਾ ਪੜ੍ਹਦੇ ਸਨ।੧੧।

**ਬ ਬਗਲ ਅੰਦਰ ਆਰੰਦ ਹਰ ਯਕ ਕਿਤਾਬ॥**
**ਜ਼ ਤੌਰੇਤ ਅੰਜੀਲ ਵਜਹੇ ਅਦਾਬ॥੧੨॥**

***ਪਦ ਅਰਥ***—ਬਗਲ=ਕੱਛ। ਆਰੰਦ=ਲੈ ਆਉਂਦੇ। ਜ਼=ਵਗੈਰਾ। ਤੌਰੇਤ=ਯਹੂਦੀਆਂ ਦੀ ਧਰਮ ਪੁਸਤਕ ਦਾ ਨਾਮ ਹੈ। ਵਜਹੇ=ਰੀਤੀ। ਅੰਜੀਲ=ਈਸਾਈਆਂ ਦੀ ਧਰਮ ਪੁਸਤਕ ਦਾ ਨਾਮ ਹੈ। ਅਦਾਬ= ਵਰਤਾਰਾ।

***ਅਰਥ***—ਹਰ ਇਕ ਭਾਵ ਸਾਰੇ ਲੜਕੇ ਕਿਤਾਬਾਂ ਨੂੰ ਕੱਛ ਵਿਚ ਲੈ ਆਉਂਦੇ ਸੀ। ਤੌਰੇਤ ਅਤੇ ਅੰਜੀਲ ਆਦਿਕ (ਉਤੇ ਭੀ ਇਸੇ) ਰੀਤੀ ਦਾ ਵਰਤਾਰਾ ਹੁੰਦਾ ਸੀ।੧੨।

ਭਾਵ ਧਰਮ ਪੁਸਤਕਾਂ ਤੇ ਦੁਨਿਆਵੀ ਕਿਤਾਬਾਂ ਸਾਰੀਆਂ ਕਛੇ ਮਾਰ ਕੇ ਹੀ ਲਿਆਉਂਦੇ ਹੁੰਦੇ ਸਨ।

**ਦੋ ਮਕਤਬਿ ਕੁਨਾਨੀਦ ਹਫ਼ਤ ਅਜ਼ ਜ਼ੁਬਾਂ॥**
**ਯਕੇ ਮਰਦ ਬੁਖਾਂਦੰਦ ਦੀਗਰ ਜ਼ਨਾਂ॥੧੩॥**

***ਪਦ ਅਰਥ***—ਮਕਤਬਿ=ਮਦਰਸੇ, ਸਕੂਲ। ਕੁਨਾਨੀਦ=ਬਣਾਏ ਗਏ। ਹਫ਼ਤ=ਸੱਤ। ਅਜ਼=ਵਾਸਤੇ। ਜ਼ੁਬਾਂ=ਬੋਲੀਆਂ। ਬੁਖਾਂਦੰਦ=ਪੜ੍ਹਦੇ। ਯਕੇ=ਇਕ ਵਿਚ। ਜ਼ਨਾਂ=ਔਰਤਾਂ।

***ਅਰਥ***—ਸੱਤਾਂ ਬੋਲੀਆਂ ਦੇ ਪੜ੍ਹਾਉਣ ਲਈ ਦੋ ਸਕੂਲ ਬਣਾਏ ਗਏ। ਇਕ ਵਿਚ ਲੜਕੇ ਪੜ੍ਹਦੇ ਸਨ, ਦੂਜੇ ਵਿਚ ਔਰਤਾਂ ਪੜ੍ਹਦੀਆਂ ਸਨ ਸਾਰੇ ਬੱਚੇ ਸੱਤਾਂ ਬੋਲੀਆਂ ਵਿਚ ਵਿਦਿਆ ਪੜ੍ਹਦੇ ਸਨ।੧੩।

**ਕਿ ਤਿਫਲਾ ਬਿਖਾਦੰਦ ਮੁਲਾਂ ਖ਼ੁਸ਼ਸ਼॥**
**ਜ਼ਨਾਂ ਰਾ ਬਿਖਾਨਦ ਜ਼ਨੇ ਫ਼ਾਜ਼ਿਲਸ਼॥੧੪॥**

***ਪਦ ਅਰਥ***—ਤਿਫਲਾ=ਲੜਕਿਆਂ। ਬਿਖਾਦੰਦ=ਪੜ੍ਹਾਉਂਦਾ ਸੀ। ਖ਼ੁਸ਼ਸ਼=ਉਹ ਚੰਗਾ ਸੀ। ਜ਼ਨਾਂ= ਔਰਤਾਂ। ਬਿਖਾਂਨਦ=ਪੜ੍ਹਾਂਦੀ ਸੀ। ਜ਼ਨੇ=ਇਕ ਜ਼ਨਾਨੀ। ਫ਼ਾਜ਼ਿਲਸ਼=ਪੂਰੀ ਵਿਦਵਾਨ।

***ਅਰਥ***—ਉਹਨਾਂ ਲੜਕਿਆਂ ਨੂੰ ਇਕ ਬਹੁਤ ਚੰਗਾ ਮੁਲਾਂ ਪੜ੍ਹਾਉਂਦਾ ਸੀ ਅਤੇ ਔਰਤਾਂ ਭਾਵ ਲੜਕੀਆਂ ਨੂੰ ਇਕ ਵਿਦਵਾਨ ਜ਼ਨਾਨੀ ਪੜ੍ਹਾਉਂਦੀ ਸੀ।੧੪।

**ਵਜ਼ੀਂ ਦਰਮਿਆਂ ਬੂਦ ਦੀਵਾਰ ਅਜ਼ੀਂ॥**
**ਯਕੇ ਆਂ ਤਰਫ ਬੂਦ ਯਕੇ ਤਰਫ ਈਂ॥੧੫॥**

***ਪਦ ਅਰਥ***—ਵਜ਼ੀਂ=ਉਨ੍ਹਾਂ। ਦਰਮਿਆਂ=ਵਿਚਾਲੇ। ਬੂਦ=ਸੀ। ਦੀਵਾਰ=ਕੰਧ। ਅਜ਼ੀਂ=ਇਸ ਵਾਸਤੇ। ਯਕੇ=ਇਕ। ਆਂ ਤਰਫ=ਉਸ ਪਾਸੇ। ਤਰਫ ਈਂ=ਇਸ ਪਾਸੇ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਇਸ ਵਾਸਤੇ ਉਹਨਾਂ ਦੇ ਵਿਚਾਲੇ ਕੰਧ ਕੀਤੀ ਹੋਈ ਸੀ, ਇਕ ਉਸ ਪਾਸੇ ਲੜਕੇ ਅਤੇ ਇਕ ਇਸ ਪਾਸੇ ਲੜਕੀਆਂ ਪੜ੍ਹਦੀਆਂ ਸਨ।੧੫।

**ਸਬਕ ਬੁਰਦ ਹਰ ਦੋ ਜ਼ ਹਰ ਯਕ ਹੁਨਰ ॥**
**ਇਲਮ ਕਸ਼ਮਕਸ਼ ਕਰਦ ਬਾ ਯਕ ਦਿਗਰ ॥੧੬॥**

**ਪਦ ਅਰਥ**—ਸਬਕ=ਵਾਧਾ। ਬੁਰਦ=ਲੈਂਦੇ। ਹਰ ਦੋ=ਦੋਵੇਂ। ਜ਼=ਨਾਲੋਂ। ਹਰ ਯਕ=ਹਰ ਇਕ। ਹੁਨਰ=ਵਿਦਿਆ ਦਾ ਗੁਣ। ਇਲਮ=ਵਿਦਿਆ। ਕਸ਼ਮਕਸ਼ ਕਰਦ=ਖਿੱਚਾ ਖਿੱਚੀ ਕਰਦੇ। ਬਾ=ਨਾਲੋਂ। ਯਕ ਦਿਗਰ=ਇਕ ਦੂਜੇ।

**ਅਰਥ**—ਹਰ ਇਕ ਗੁਣ ਸਿਖਣ ਵਿਚ ਦੋਵੇਂ ਹੀ ਵਾਧਾ ਲੈਂਦੇ ਸਨ। (ਕਿਉਂਕਿ) ਵਿਦਿਆ ਪੜ੍ਹਨ ਵਿਚ ਇਕ ਦੂਜੇ ਨਾਲੋਂ ਖਿੱਚਾ ਖਿੱਚੀ ਕਰਦੇ ਸਨ ।੧੬।

**ਸੁਖਨ ਹਰ ਯਕੇ ਰਾਂਦ ਹਰ ਯਕ ਕਿਤਾਬ ॥**
**ਜ਼ਬਾਂ ਫ਼ਰਸ ਅਰਬੀ ਬਿਗੋਯਦ ਜਵਾਬ ॥੧੭॥**

**ਪਦ ਅਰਥ**—ਸੁਖਨ=ਗੱਲ। ਹਰ ਯਕੇ=ਕੱਲਾ ਕੱਲਾ। ਰਾਂਦ=ਪੜ੍ਹਦਾ। ਹਰ ਯਕ=ਵੱਖੋ ਵੱਖ। ਜ਼ਬਾਂ=ਬੋਲੀ। ਫ਼ਰਸ=ਫ਼ਾਰਸੀ। ਗੋਯਦ=ਕਹਿੰਦੇ ਸੀ।

**ਅਰਥ**—ਹਰ ਕੋਈ ਹਰ ਇਕ ਕਿਤਾਬ ਦੀ ਵਾਰਤਾ ਨੂੰ ਪੜ੍ਹਦਾ ਸੀ। ਫਾਰਸੀ ਅਤੇ ਅਰਬੀ ਜ਼ਬਾਨ ਵਿਚ ਗੱਲਬਾਤ ਕਹਿੰਦੇ ਸੀ ।੧੭।

**ਇਲਮ ਰਾ ਸੁਖਨ ਰਾਂਦ ਬਾ ਯਕ ਦਿਗਰ ॥**
**ਜ਼ਿ ਕਾਮਿਲ ਜ਼ਿ ਜਾਹਿਲ ਜ਼ਿ ਨਾਦਰ ਸਿਯਰ ॥੧੮॥**

**ਪਦ ਅਰਥ**—ਇਲਮ=ਵਿਦਿਆ। ਰਾ=ਦੀ। ਸੁਖਨ=ਗੱਲ। ਰਾਂਦ=ਚਲਾਈ। ਬਾ=ਨਾਲ। ਯਕ ਦਿਗਰ=ਇਕ ਦੂਜੇ। ਜ਼ਿ=ਨਾਲ। ਕਾਮਿਲ=ਪੂਰਨ। ਜਾਹਿਲ=ਮੂਰਖ। ਨਾਦਰ=ਸੋਹਣਾ ਸੁਭਾਉ। ਸਿਯਰ=ਭੈੜੇ ਸੁਭਾਅ ਵਾਲੇ।

**ਅਰਥ**—ਇਕ ਨੇ ਦੂਜੇ ਨਾਲ ਵਿਦਿਆ ਦੀ ਗੱਲ ਚਲਾਈ। ਪੂਰਨ ਵਿਦਵਾਨ ਤੇ ਮੂਰਖ ਅਤੇ ਚੰਗੇ ਸੁਭਾਅ ਵਾਲੇ ਨਾਲ।੧੮।

**ਕਿ ਸ਼ਮਸ਼ੇਰਿ ਇਲਮੋ ਅਲਮ ਬਰ ਕਸ਼ੀਦ ॥**
**ਬਹਾਰੇ ਜਵਾਨੀ ਬ ਹਰ ਦੋ ਰਸ਼ੀਦ ॥੧੯॥**

**ਪਦ ਅਰਥ**—ਸ਼ਮਸ਼ੇਰਿ=ਤਲਵਾਰ ਦੀ। ਇਲਮੋ=ਵਿਦਿਆ ਦਾ। ਅਲਮ=ਝੰਡਾ। ਬਰ=ਉੱਚਾ। ਕਸ਼ੀਦ=ਚੁਕ ਲਿਆ। ਬਹਾਰੇ=ਰੁੱਤ, ਮੌਸਮ। ਰਸ਼ੀਦ=ਪੁਜ ਗਏ।

**ਅਰਥ**—ਤਲਵਾਰ ਦੀ ਵਿਦਿਆ ਦਾ ਝੰਡਾ ਉੱਚਾ ਚੁਕ ਲਿਆ। ਦੋਵੇਂ ਬਾਲਕ ਜਵਾਨੀ ਦੇ ਮੌਸਮ ਉਤੇ ਪੁਜ ਗਏ ਭਾਵ ਦੋਵੇਂ ਜਵਾਨ ਹੋ ਗਏ ।੧੯।

**ਬਹਾਰਸ਼ ਦਰਾਂਮਦ ਗੁਲੇ ਬੋਸਤਾਂ ॥**
**ਬਜੁੰਬਸ਼ ਦਰਾਂਮਦ ਸ਼ਾਹੇ ਚੀਂਸਤਾਂ ॥੨੦॥**

***ਪਦ ਅਰਥ***—ਬਹਾਰ=ਬਸੰਤ ਰੁੱਤ । ਸ਼=ਉਹਨਾਂ । ਗੁਲ=ਫੁੱਲ । ਬੋਸਤਾਂ=ਫੁੱਲਵਾੜੀ । ਬਜੁੰਬਸ਼=ਹਿਲਣਾ। ਸ਼ਾਹੇ=ਰਾਜਾ । ਚੀਂਸਤਾਂ=ਚੀਨ ਦੇਸ ਦਾ ।

***ਅਰਥ***—ਉਸ ਦੀ ਫੁੱਲਵਾੜੀ ਦੇ ਫੁੱਲ ਦੀ ਬਸੰਤ ਰੁਤ ਆ ਗਈ ਅਤੇ ਚੀਨ ਦੇਸ਼ ਦੇ ਰਾਜੇ ਨੇ ਵੀ ਹਿਲਜੁਲ ਕਰ ਦਿਤੀ । ਭਾਵ ਦੋਹਾਂ ਦੇ ਸਰੀਰ ਵਿਚ ਕਾਮ ਦਾ ਜੋਸ਼ ਵਧ ਗਿਆ ।੨੦।

**ਬਰਖਸ਼ ਅੰਦਰ ਆਮਦ ਸ਼ਾਹਿਨ ਸ਼ਾਹਿ ਚੀਂ ॥**
**ਬਖੂਬੀ ਦਰਾਂਮਦ ਤਨਿ ਨਾਜ਼ਨੀਂ ॥੨੧॥**

***ਪਦ ਅਰਥ***—ਬਰਖਸ਼=ਚਮਕ । ਆਮਦ=ਆਇਆ । ਸ਼ਾਹਿਨਸ਼ਾਹਿ=ਚੱਕਰਵਰਤੀ ਬਾਦਸ਼ਾਹ । ਚੀਂ=ਚੀਨ । ਬਖੂਬੀ=ਸੁੰਦਰਤਾ । ਤਨਿ=ਸਰੀਰ ਵਿਚ । ਨਾਜ਼ਨੀਂ=ਸੂਖਮ ਅੰਗਾਂ ਵਾਲੀ ਇਸਤ੍ਰੀ।

***ਅਰਥ***—ਚੀਨ ਦਾ ਬਾਦਸ਼ਾਹ ਚਮਕ ਦਮਕ ਵਿਚ ਆ ਗਿਆ । ਇਸਤ੍ਰੀ ਦੇ ਸਰੀਰ ਵਿਚ ਵੀ ਸੁੰਦਰਤਾ ਆ ਗਈ ।੨੧।

**ਬਖੂਬੀ ਦਰਾਮਦ ਗੁਲੇ ਬੋਸਤਾਂ ॥**
**ਬ ਐਸ਼ ਅੰਦਰ ਆਮਦ ਮਿਲਿ ਦੋਸਤਾਂ ॥੨੨॥**

***ਪਦ ਅਰਥ***—ਬਖੂਬੀ=ਸੁੰਦਰਤਾ । ਦਰਾਮਦ=ਵਿਚ ਆਏ । ਗੁਲੇ=ਫੁੱਲ । ਬੋਸਤਾਂ=ਫੁਲਵਾੜੀ । ਐਸ਼=ਖ਼ੁਸ਼ੀਆਂ, ਰੰਗ ਰਲੀਆਂ।

***ਅਰਥ***—ਫੁਲਵਾੜੀ ਦਾ ਫੁਲ ਭਾਵ ਲੜਕਾ ਅਤੇ ਲੜਕੀ ਸੁੰਦਰਤਾ ਵਿਚ ਆ ਗਏ । ਮਿੱਤਰਾਂ ਨਾਲ ਮਿਲ ਕੇ ਰੰਗ ਰਲੀਆਂ ਮਾਣਨ ਲਗੇ ।੨੨।

**ਜ਼ ਦੀਵਾਰਿ ਓ ਅੰਦਰੂੰ ਮੂਸ ਹਸਤ ॥**
**ਜ਼ ਦੀਵਾਰਿ ਓ ਹਮਚੁ ਸੂਰਾਖ਼ ਗਸ਼ਤ ॥੨੩॥**

***ਪਦ ਅਰਥ***—ਦੀਵਾਰਿ=ਕੰਧ ਦੇ । ਮੂਸ=ਚੂਹਾ । ਹਸਤ=ਰਹਿੰਦਾ ਸੀ । ਹਮਚੁ=ਜੇਹਾ । ਸੂਰਾਖ਼=ਛੇਕ । ਗਸ਼ਤ=ਹੋ ਗਿਆ ।

***ਅਰਥ***—ਉਸ ਕੰਧ ਦੇ ਵਿਚ ਇਕ ਚੂਹਾ ਰਹਿੰਦਾ ਸੀ । ਇਸ ਲਈ ਉਸ ਕੰਧ ਵਿਚ ਛੇਕ ਜਿਹਾ ਹੋ ਗਿਆ ।੨੩।

**ਬਦੀਦੇ ਅਜ਼ਾਂ ਅੰਦਰੂੰ ਹਰ ਦੋ ਤਨ ॥**
**ਚਰਾਗ਼ੇ ਜਹਾਂ ਆਫ਼ਤਾਬਿ ਯਮਨ ॥੨੪॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬਦੀਦੇ=ਵੇਖਦੇ ਸੀ। ਅਜ਼ਾਂ ਅੰਦਰੂੰ=ਉਸ ਦੇ ਵਿਚੋਂ। ਹਰ ਦੋ ਤਨ=ਦੋਵੇਂ ਜਣੇ। ਚਰਾਗੇ ਜਹਾਂ=ਜਗਤ ਦਾ ਦੀਵਾ (ਚੰਦਰਮਾ)। ਆਫ਼ਤਾਬਿ ਯਮਨ=ਯਮਨ ਦਾ ਸੂਰਜ।

**ਅਰਥ**—ਉਸ ਵਿਚੋਂ ਦੋਵੇਂ ਜਣੇ ਇਕ ਦੂਜੇ ਨੂੰ ਵੇਖਦੇ ਸੀ। ਉਹ ਲੜਕੀ ਜਗਤ ਦਾ ਦੀਵਾ ਭਾਵ ਚੰਦ੍ਰਮਾ ਅਤੇ ਲੜਕਾ ਯਮਨ ਦੇ ਸੂਰਜ ਸਮਾਨ ਸੀ।੨੪।

**ਚੁਨਾ ਇਸ਼ਕ ਆਵੇਖਤ ਹਰ ਦੋ ਨਿਹਾਂ॥**
**ਕਿ ਇਲਮਸ਼ ਰਵਦ ਦਸਤ ਹੋਸ਼ ਅਜ਼ ਜਹਾਂ॥੨੫॥**

**ਪਦ ਅਰਥ**—ਚੁਨਾ=ਇਸ ਤਰ੍ਹਾਂ। ਆਵੇਖਤ=ਫਸ ਗਿਆ, ਚੰਬੜ ਗਿਆ। ਹਰ ਦੋ=ਦੋਵੇਂ। ਨਿਹਾਂ=ਲੁਕਵਾਂ। ਇਲਮ=ਵਿਦਿਆ। ਸ਼=ਉਸ ਦਾ। ਹੋਸ਼=ਸੁਰਤ। ਰਵਦ=ਚਲਾ ਗਿਆ। ਅਜ਼ ਜਹਾਂ=ਜਗਤ ਤੋਂ।

**ਅਰਥ**—ਇਸ ਤਰ੍ਹਾਂ ਚੋਰੀ ਚੋਰੀ ਦੋਵੇਂ ਇਸ਼ਕ ਵਿਚ ਫਸ ਗਏ। ਜਿਸ ਕਰਕੇ ਉਹਨਾਂ ਦੀ ਵਿਦਿਆ ਅਤੇ ਜਹਾਨ ਦੀ ਹੋਸ਼ ਚਲੀ ਗਈ।੨੫।

**ਚੁਨਾ ਹਰ ਦੋ ਆਵੇਖਤ ਬਾਹਮ ਰਗੇਬ॥**
**ਕਿ ਦਸਤ ਅਜ਼ ਇਨਾਂ ਰਫ਼ਤ ਪਾਂ ਅਜ਼ ਰਕੇਬ॥੨੬॥**

**ਪਦ ਅਰਥ**—ਚੁਨਾ=ਅਜਿਹਾ। ਹਰ ਦੋ=ਦੋਵੇਂ। ਆਵੇਖਤ=ਫਸ ਗਏ। ਬਾਹਮ=ਆਪੋ ਵਿਚ। ਰਗੇਬ=ਵਡੀ ਇੱਛਾ। ਦਸਤ=ਹੱਥ। ਇਨਾਂ=ਵਾਂਗ। ਰਫ਼ਤ=ਗਿਆ। ਪਾਂ ਅਜ਼=ਪੈਰ ਤੋਂ। ਰਕੇਬ=ਰਕਾਬ (ਪੈਰ ਦਾ ਸਹਾਰਾ ਰੂਪ ਲੋਹੇ ਦਾ ਕੜਾ ਜਿਹਾ ਜੋ ਘੋੜੇ ਦੀ ਜ਼ੀਨ ਨਾਲ ਲਗਾ ਹੁੰਦਾ ਹੈ)।

**ਅਰਥ**—ਦੋਵੇਂ ਹੀ ਆਪੋ ਵਿਚ ਪਿਆਰ ਵਿਚ ਅਜਿਹੇ ਫਸ ਗਏ। ਜੋ (ਦੋਹਾਂ ਦੇ) ਹੱਥ ਵਿਚੋਂ ਵਾਗ ਅਤੇ ਪੈਰ ਵਿਚੋਂ ਰਕਾਬ ਨਿਕਲ ਗਈ।੨੬।

**ਬਿ ਪੁਰਸ਼ੀਦ ਹਰ ਦੋ ਕਿ ਐ ਨੇਕ ਖੋਇ॥**
**ਕਿ ਏ ਆਫ਼ਤਾਬਿ ਜਹਾਂ ਮਾਹ ਰੋਇ॥੨੭॥**

**ਪਦ ਅਰਥ**—ਪੁਰਸ਼ੀਦ=ਪੁਛਿਆ। ਹਰ ਦੋ=ਦੋਹਾਂ। ਆਫ਼ਤਾਬ=ਸੂਰਜ। ਮਾਹ=ਚੰਦ੍ਰਮਾ। ਰੋਇ=ਮੁਖ।

**ਅਰਥ**—ਦੋਹਾਂ ਨੇ ਇਕ ਦੂਜੇ ਨੂੰ ਪੁਛਿਆ-ਹੇ ਚੰਗੇ ਸੁਭਾਵ ਵਾਲੇ ਸੂਰਜ! ਅਤੇ ਜਗਤ ਦੇ ਚੰਦ੍ਰ ਮੁਖੜੇ! ਜੋ (ਤੇਰਾ ਕੀ ਹਾਲ) ਹੈ।੨੭।

**ਕਿ ਈਂ ਹਾਲ ਗੁਜ਼ਰਦ ਬ ਆਂ ਹਰ ਦੋ ਤਨ॥**
**ਬਿ ਪੁਰਸ਼ੀਦ ਅਖ਼ਵੰਦ ਵ ਅਖ਼ਵੰਦ ਜ਼ਨ॥੨੮॥**

**ਪਦ ਅਰਥ**—ਗੁਜ਼ਰਦ=ਗੁਜ਼ਰਦਾ ਹੈ। ਬ ਆਂ=ਉਹਨਾਂ। ਹਰ ਦੋ ਤਨ=ਦੋਹਾਂ ਜਣਿਆਂ। ਪੁਰਸ਼ੀਦ=ਪੁਛਿਆ। ਅਖ਼ਵੰਦ=ਪੜ੍ਹਾਉਣ ਵਾਲੇ ਮਾਸਟਰ। ਵ=ਅਤੇ। ਅਖ਼ਵੰਦ ਜ਼ਨ=ਪੜ੍ਹਾਉਣ ਵਾਲੀ ਇਸਤ੍ਰੀ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਉਹਨਾਂ ਦੋਹਾਂ ਜਣਿਆਂ ਦਾ ਹਾਲ ਇਸ ਤਰ੍ਹਾਂ ਦਾ ਗੁਜ਼ਰਦਾ ਹੈ। ਤਦ ਦੋਹਾਂ ਪਾਸੋਂ ਮਾਸਟਰ ਤੇ ਮਾਸਟਰਨੀ ਨੇ ਪੁਛਿਆ।੨੮। [ਦ: ਗ੍ਰੰ: ਪੰਨਾ ੧੪੧੮

**ਚਰਾਗੇ ਫ਼ਲਕ ਆਫ਼ਤਾਬਿ ਜਹਾਂ॥**
**ਚਿਰਾ ਲਾਗਰੀ ਗਸ਼ਤ ਵਜਹੇ ਹਮਾਂ॥੨੯॥**

***ਪਦ ਅਰਥ***—ਚਰਾਗੇ ਫ਼ਲਕ=ਅਕਾਸ਼ ਦੇ ਦੀਵੇ ਭਾਵ ਚੰਦ੍ਰਮਾ। ਆਫ਼ਤਾਬਿ ਜਹਾਂ=ਜਗਤ ਦੇ ਸੂਰਜ। ਚਿਰਾ=ਕਿਉਂ। ਲਾਗਰੀ=ਕਮਜ਼ੋਰ, ਲਿੱਸੇ। ਗਸ਼ਤ=ਹੁੰਦੇ ਜਾਂਦੇ। ਵਜਹ=ਕਾਰਨ। ਹਮਾਂ=ਉਹ ਭੀ।

***ਅਰਥ***—ਹੇ ਆਕਾਸ਼ ਦੇ ਚੰਦਰਮਾ ਅਤੇ ਜਗਤ ਦੇ ਸੂਰਜ! ਤੁਸੀਂ ਕਮਜ਼ੋਰ ਕਿਉਂ ਹੁੰਦੇ ਜਾਂਦੇ ਹੋ? ਉਹ ਕਾਰਨ ਦਸੋ! ।੨੯।

**ਚਿ ਆਜ਼ਾਰ ਗਸ਼ਤਹ ਬਿਗੋ ਜਾਨਿ ਮਾ॥**
**ਕਿ ਲਾਗਿਰ ਚਿਰਾ ਗਸ਼ਤੀ ਏ ਜਾਨਿ ਮਾ॥੩੦॥**

***ਪਦ ਅਰਥ***—ਚਿ=ਕੀ। ਆਜ਼ਾਰ=ਦੁਖ। ਗਸ਼ਤਹ=ਹੋਇਆ ਹੈ। ਬਿਗੋ=ਕਹੁ। ਜਾਨਿ ਮਾ=ਮੇਰੀ ਜਾਨ। ਲਾਗਿਰ=ਲਿੱਸੇ। ਚਿਰਾ=ਕਿਉਂ। ਗਸ਼ਤੀ=ਹੋ ਗਏ।

***ਅਰਥ***—ਹੇ ਮੇਰੀ ਜਾਨ! ਦਸ, ਤੈਨੂੰ ਕੀ ਦੁਖ ਹੋਇਆ ਹੈ? ਹੇ ਮੇਰੀ ਜਾਨ! ਕਹੁ ਕਮਜ਼ੋਰ ਕਿਉਂ ਹੋ ਗਏ ਹੋ? ।੩੦।

**ਅਜ਼ਾਰਸ਼ ਬਿਗੋ ਤਾ ਇਲਾਜਸ਼ ਕੁਨਮ॥**
**ਕਿ ਦਰਦਿ ਸ਼ੁਮਾ ਰਾ ਦਵਾਇਸ਼ ਕੁਨਮ॥੩੧॥**

***ਪਦ ਅਰਥ***—ਅਜ਼ਾਰ=ਦੁਖ। ਬਿਗੋ=ਦਸੋ। ਤਾ=ਤਦ। ਸ਼=ਉਸ ਦਾ। ਕੁਨਮ=ਮੈਂ ਕਰਾਂ। ਦਰਦਿ=ਦਰਦ ਦਾ। ਸ਼ੁਮਾ ਰਾ=ਤੁਹਾਨੂੰ। ਦਵਾਇਸ਼=ਉਸਦੀ ਦਵਾਈ। ਕੁਨਮ=ਮੈਂ ਕਰਾਂ।

***ਅਰਥ***—ਆਪਣੇ ਦੁਖ ਦਸੋ ਤਦ ਉਸ ਦਾ ਇਲਾਜ ਮੈਂ ਕਰਾਂ। ਜੋ ਤੁਹਾਨੂੰ ਦਰਦ ਹੈ, ਉਸ ਦੀ ਦਵਾਈ ਮੈਂ ਕਰਾਂ।੩੧।

**ਸ਼ੁਨੀਦ ਈਂ ਸੁਖਨ ਰਾ ਨ ਦਾਦਸ਼ ਜਵਾਬ॥**
**ਫਿਰੋ ਬੁਰਦ ਹਰ ਦੋ ਤਨੇ ਇਸ਼ਕ ਤਾਬ॥੩੨॥**

***ਪਦ ਅਰਥ***—ਸ਼ੁਨੀਦ=ਸੁਣੀ। ਈਂ ਸੁਖਨ ਰਾ=ਇਸ ਗੱਲ ਨੂੰ। ਨ ਦਾਦਸ਼=ਨਾ ਦਿਤਾ ਉਹਨਾਂ। ਫਿਰੋ ਬੁਰਦ=ਨੀਵੀਂ ਪਾ ਲਈ। ਹਰ ਦੋ ਤਨੇ=ਦੋਹਾਂ ਜਣਿਆਂ। ਇਸ਼ਕ=ਪ੍ਰੇਮ। ਤਾਬ=ਝਾਲ, ਦਬਾਓ।

***ਅਰਥ***—ਇਸ ਗੱਲ ਨੂੰ ਸੁਣ ਕੇ ਉਹਨਾਂ ਕੋਈ ਉੱਤਰ ਨਾ ਦਿਤਾ। ਦੋਹਾਂ ਜਣਿਆਂ ਨੇ ਪ੍ਰੇਮ ਦੇ ਦਬਾਓ ਨਾਲ ਧੌਣ ਨੀਵੀਂ ਕਰ ਲਈ।੩੨।

Sri Satguru Jagjit Singh Ji eLibrary NamdhariElibrary@gmail.com

**ਚੁ ਗੁਜ਼ਰੀਦ ਬਰ ਵੈ ਦੋ ਸਿਹ ਚਾਰ ਰੋਜ਼ ॥**
**ਬਰਾਮਦ ਦੋ ਤਨ ਹਰ ਦੋ ਗੇਤੀ ਫਿਰੋਜ਼ ॥੩੩॥**

***ਪਦ ਅਰਥ***—ਗੁਜ਼ਰੀਦ=ਬੀਤ ਗਏ। ਬਰ ਵੈ=ਉਤੇ। ਰੋਜ਼=ਦਿਨ। ਸਿਹ=ਤਿੰਨ। ਬਰਾਮਦ=ਆਏ। ਗੇਤੀ=ਜਗਤ। ਫਿਰੋਜ਼=ਪ੍ਰਗਟ।

***ਅਰਥ***—ਜਦ ਦੋ, ਤਿੰਨ, ਚਾਰ ਦਿਨ ਉਨ੍ਹਾਂ ਉਤੇ ਬੀਤ ਗਏ। ਦੋਹਾਂ ਜਣਿਆਂ ਦੇ ਦੋਵੇਂ ਸਰੀਰ ਜਗਤ ਵਿਚ ਪ੍ਰਗਟ ਹੋ ਗਏ ਭਾਵ ਇਸ਼ਕ ਦੀ ਹਾਲਤ ਪ੍ਰਗਟ ਹੋ ਗਈ।੩੩।

**ਬਰੋ ਦੂਰ ਗਸ਼ਤੰਦ ਤਿਫ਼ਲੀ ਗੁਬਾਰ ॥**
**ਕਿ ਮਿਹਰਸ਼ ਬਰਾਵੁਰਦ ਚੂੰ ਨੌ ਬਹਾਰ ॥੩੪॥**

***ਪਦ ਅਰਥ***—ਬਰੋ=ਉਨ੍ਹਾਂ ਉਤੋਂ। ਦੂਰ ਗਸ਼ਤ=ਦੂਰ ਹੋ ਗਿਆ। ਤਿਫ਼ਲੀ=ਅੰਞਾਣ ਪੁਣਾ। ਗੁਬਾਰ=ਹਨੇਰਾ। ਮਿਹਰਸ਼=ਸੂਰਜ ਉਹ। ਬਰਾਵੁਰਦ=ਨਿਕਲ ਆਇਆ। ਨੌ ਬਹਾਰ=ਨਵੀਂ ਰੁੱਤ।

***ਅਰਥ***—ਉਨ੍ਹਾਂ ਉਤੋਂ ਅੰਞਾਣਪੁਣੇ ਦਾ ਹਨੇਰਾ ਦੂਰ ਹੋ ਗਿਆ। ਜੋ ਉਹਨਾਂ ਦਾ ਨਵੀਂ ਰੁੱਤ ਰੂਪ ਸੂਰਜ ਨਿਕਲ ਆਇਆ।੩੪।

**ਵਜ਼ਾਂ ਫ਼ਾਜ਼ਿਲਸ਼ ਬੂਦ ਦੁਖ਼ਤਰ ਯਕੇ ॥**
**ਕਿ ਸੂਰਤ ਜਮਾਲ ਅਸਤ ਦਾਨਿਸ਼ ਬਸੇ ॥੩੫॥**

***ਪਦ ਅਰਥ***—ਵਜ਼ਾਂ=ਉਸ। ਫ਼ਾਜ਼ਿਲ=ਵਿਦਵਾਨ। ਸ਼=ਉਸ। ਬੂਦ=ਸੀ। ਦੁਖ਼ਤਰ=ਲੜਕੀ। ਜਮਾਲ=ਬਹੁਤ ਸੁੰਦਰ। ਦਾਨਿਸ਼=ਸਿਆਣੀ। ਬਸੇ=ਬਹੁਤ।

***ਅਰਥ***—ਉਸ ਵਿਦਵਾਨ ਦੀ ਇਕ ਲੜਕੀ ਸੀ। ਜੋ ਬੜੇ ਸੁੰਦਰ ਸਰੂਪ ਵਾਲੀ ਅਤੇ ਬਹੁਤ ਹੀ ਸਿਆਣੀ ਸੀ।੩੫।

**ਸ਼ਨਾਸੀਦ ਓ ਰਾ ਜ਼ ਹਾਲਤ ਵਜ਼ਾਂ ॥**
**ਬ ਖ਼ਲਵਤ ਦਰੂੰ ਗੁਫ਼ਤਸ਼ ਆਂ ਖੁਸ਼ ਜ਼ਬਾਂ ॥੩੬॥**

***ਪਦ ਅਰਥ***—ਸ਼ਨਾਸੀਦ=ਪਛਾਣ ਲਿਆ। ਓ ਰਾ=ਉਸ ਨੇ। ਖ਼ਲਵਤ=ਨਵੇਕਲੇ। ਗੁਫ਼ਤਸ਼=ਉਸ ਨੇ ਕਿਹਾ। ਆਂ=ਉਨ੍ਹਾਂ। ਖੁਸ਼ ਜ਼ਬਾਂ=ਮਿੱਠੀ ਜ਼ਬਾਨ।

***ਅਰਥ***—ਉਨ੍ਹਾਂ ਦੀ ਹਾਲਤ ਤੋਂ ਉਸ ਨੇ ਉਨ੍ਹਾਂ ਨੂੰ ਪਛਾਣ ਲਿਆ। ਫਿਰ ਉਸ ਨੇ ਇਕ ਨਵੇਕਲੀ ਥਾਂ ਵਿਚ ਲਿਜਾਕੇ ਉਨ੍ਹਾਂ ਨੂੰ ਬੜੀ ਮਿੱਠੀ ਜ਼ਬਾਨ ਨਾਲ ਕਿਹਾ।੩੬।

**ਕਿ ਐ ਸਰਵ ਕੱਦ ਮਾਹ ਰੂਇ ਸੀਮ ਤਨ ॥**
**ਚਰਾਗੇ ਫ਼ਲਕ ਆਫਤਾਬਿ ਯਮਨ ॥੩੭॥**

**ਪਦ ਅਰਥ**—ਸਰਵ=ਸਰੂ ਬ੍ਰਿਛ। ਮਾਹ ਰੂਇ=ਚੰਦ੍ਰਮੁਖੀ। ਸੀਮ=ਚਾਂਦੀ। ਚਰਾਗੇ ਫ਼ਲਕ=ਅਸਮਾਨ ਦੇ ਦੀਵੇ। ਆਫਤਾਬਿ ਯਮਨ=ਯਮਨ ਦੇ ਸੂਰਜ।

**ਅਰਥ**—ਹੇ ਸਰੂ ਵਰਗੇ ਕੱਦ, ਚੰਦ੍ਰਮਾ ਵਰਗੇ ਮੂੰਹ ਅਤੇ ਚਾਂਦੀ ਸਮਾਨ ਸਰੀਰ ਵਾਲੇ, ਅਸਮਾਨ ਦੇ ਦੀਵੇ ਅਤੇ ਯਮਨ ਦੇ ਸੂਰਜ! ।੩੭।

**ਜੁਦਾਈ ਮਰਾ ਅਜ਼ ਤੁਰਾ ਕਤਰਹ ਨੇਸਤ ॥**
**ਬਦੀਦਨ ਦੋ ਕਾਲਿਬ ਬਗੁਫ਼ਤਨ ਯਕੇਸਤ ॥੩੮॥**

**ਪਦ ਅਰਥ**—ਜੁਦਾਈ=ਵਿਛੋੜਾ। ਮਰਾ=ਮੈਨੂੰ। ਅਜ਼ ਤੁਰਾ=ਤੇਰੇ ਨਾਲੋਂ। ਕਤਰਹ=ਇਕ ਛਿਨ ਭਰ। ਨੇਸਤ=ਨਹੀਂ। ਬਦੀਦਨ=ਦੇਖਣ ਵਿਚ। ਕਾਲਿਬ=ਵਜੂਦ, ਸਰੀਰ।

**ਅਰਥ**—ਮੈਨੂੰ ਤੇਰੇ ਨਾਲੋਂ ਵਿਛੜਨਾ ਇਕ ਛਿਨ ਭਰ (ਭੀ ਚੰਗਾ) ਨਹੀਂ ਹੈ। ਦੇਖਣ ਵਿਚ ਦੋ ਸਰੀਰ ਹਨ, (ਪਰ) ਕਹਿਣ ਵਿਚ ਇਕ ਹੀ ਹੈ ।੩੮।

**ਬਮਨ ਹਾਲ ਗੋ ਤਾ ਚਿਹ ਗੁਜ਼ਰਦ ਤੁਰਾ ॥**
**ਕਿ ਸੋਜ਼ਦ ਹਮਹ ਜਾਨ ਜਿਗਰੇ ਮਰਾ ॥੩੯॥**

**ਪਦ ਅਰਥ**—ਬਮਨ=ਮੈਨੂੰ। ਗੋ=ਦਸ। ਚਿਹ=ਕੀ। ਗੁਜ਼ਰਦ=ਬੀਤਦਾ ਹੈ। ਤੁਰਾ=ਤੇਰੇ। ਸੋਜ਼ਦ=ਸੜਦਾ ਹੈ। ਹਮਹ=ਸਾਰੇ।

**ਅਰਥ**—ਤੂੰ ਮੈਨੂੰ ਹਾਲ ਦੱਸ, ਤੇਰੇ ਨਾਲ ਕੀ ਬੀਤ ਰਹੀ ਹੈ। (ਤੈਨੂੰ ਇਸ ਤਰ੍ਹਾਂ ਵੇਖ ਕੇ) ਮੇਰੀ ਜਾਨ ਤੇ ਜਿਗਰ ਸਦਾ ਹੀ ਸੜਦਾ ਰਹਿੰਦਾ ਹੈ ।੩੯।

**ਕਿ ਪਿਨਹਾਂ ਸੁਖ਼ਨ ਕਰਦ ਯਾਰਾਂ ਖ਼ਤਾਸਤ ॥**
**ਅਗਰ ਰਾਸਤ ਗੋਈ ਤੁ ਬਰ ਮਨ ਰਵਾਸਤ ॥੪੦॥**

**ਪਦ ਅਰਥ**—ਪਿਨਹਾਂ=ਲੁਕਾਉਣਾ। ਖ਼ਤਾਸਤ=ਭੁਲ ਹੈ। ਅਗਰ=ਜੇਕਰ। ਰਾਸਤ ਗੋਈ=ਸੱਚ ਆਖਿਆ। ਰਵਾਸਤ=ਠੀਕ ਹੈ।

**ਅਰਥ**—ਜੋ ਮਿਤ੍ਰਾਂ ਤੋਂ ਗੱਲ ਲੁਕਾਉਣੀ ਕਰਦਾ ਹੈ, ਇਹ ਬੜੀ ਭਾਰੀ ਭੁੱਲ ਹੈ। ਜੇਕਰ ਤੂੰ ਮੈਨੂੰ ਸੱਚ ਕਹਿ ਦੇਵੇਂ, (ਤਾਂ ਇਹ) ਤੇਰੇ ਤੇ ਮੇਰੇ ਲਈ ਠੀਕ ਹੈ ।੪੦।

**ਕਿ ਦੀਗਰ ਮਗੋਯਮ ਮਰਾ ਰਾਸਤ ਗੋ ॥**
**ਕਿ ਅਜ਼ ਖ਼ੂਨ ਜਿਗਰੇ ਮਰਾ ਤੋ ਬਿਸ਼ੋ ॥੪੧॥**

**ਪਦ ਅਰਥ**—ਦੀਗਰ=ਦੂਜੇ। ਮਗੋਯਮ=ਮੈਂ ਕਹਿੰਦੀ। ਮਰਾ=ਮੈਨੂੰ। ਰਾਸਤ ਗੋ=ਸੱਚ ਕਹੁ। ਬਿਸ਼ੋ=ਧੋ ਦੇਹੁ।

**ਅਰਥ**—ਮੈਨੂੰ ਸੱਚ ਦੱਸ ਦੇਹੁ ਜੋ ਮੈਂ ਦੂਜੇ ਕੋਲ ਨਹੀਂ ਕਹਾਂਗੀ। ਤੂੰ ਮੇਰੇ ਜਿਗਰ ਉੱਤੋਂ ਖ਼ੂਨ ਨੂੰ ਧੋ ਦੇਹ ।੪੧।

Sri Satguru Jagjit Singh Ji eLibrary NamdhariElibrary@gmail.com

**ਸੁਖਨ ਦੁਜ਼ਦਗੀ ਕਰਦ ਯਾਰਾਂ ਖਤਾਸਤ ॥**
**ਅਮੀਰਾਨ ਦੁਜ਼ਦੀ ਵਜ਼ੀਰਾਂ ਖਤਾਸਤ ॥੪੨॥**

***ਪਦ ਅਰਥ***—ਦੁਜ਼ਦਗੀ=ਚੋਰੀ ਚੋਰੀ। ਕਰਦ=ਕਰਨੀ। ਖਤਾਸਤ=ਪਾਪ ਹੈ। ਅਮੀਰਾਨ=ਰਾਜਿਆਂ। ਦੁਜਦੀ=ਚੋਰੀ।

***ਅਰਥ***—ਮਿਤ੍ਰਾਂ ਪਾਸੋਂ ਚੋਰੀ ਚੋਰੀ ਗੱਲ ਕਰਨੀ ਬੜਾ ਭਾਰੀ ਪਾਪ ਹੈ ਅਤੇ ਰਾਜਿਆਂ ਦੀ ਵਜ਼ੀਰਾਂ ਤੋਂ ਚੋਰੀ ਗੱਲ ਕਰਨੀ ਭੀ ਪਾਪ ਹੈ ।੪੨।

**ਸੁਖਨ ਗੁਫ਼ਤਨੋ ਰਾਸਤ ਗੁਫ਼ਤਨ ਖ਼ੁਸ਼ ਅਸਤ ॥**
**ਕਿ ਹੱਕ ਗੁਫ਼ਤਨੋ ਹਮਚੁ ਸਾਫ਼ੀ ਦਿਲ ਅਸਤ ॥੪੩॥**

***ਪਦ ਅਰਥ***—ਗੁਫਤਨੋ=ਆਖਣੀ। ਰਾਸਤ=ਸੱਚ। ਗੁਫਤਨ=ਆਖਣਾ। ਖ਼ੁਸ਼=ਚੰਗਾ। ਹੱਕ=ਸੱਚ। ਗੁਫ਼ਤਨੋ=ਬੋਲਣਾ ਹੀ। ਸਾਫ਼ੀ ਦਿਲ=ਸ਼ੁੱਧ ਮਨ। ਅਸਤ=ਹੈ।

***ਅਰਥ***—ਆਪਣੀ ਗੱਲ ਦੱਸਣੀ ਅਤੇ ਸੱਚ ਕਹਿਣਾ ਚੰਗਾ ਹੈ। ਜੋ ਸੱਚ ਬੋਲਣਾ ਹੈ, (ਏਹੋ ਹੀ) ਸ਼ੁੱਧ ਮਨ ਦੀ ਨਿਸ਼ਾਨੀ ਹੈ ।੪੩।

**ਬਸੇ ਬਾਰ ਗੁਫ਼ਤਸ਼ ਜਵਾਬੋ ਨ ਦਾਦ ॥**
**ਜਵਾਬਿ ਜ਼ਬਾਂ ਸੁਖਨ ਸ਼ੀਰੀਂ ਕੁਸ਼ਾਦ ॥੪੪॥**

***ਪਦ ਅਰਥ***—ਬਸੇ=ਬਹੁਤ। ਬਾਰ=ਵਾਰੀ। ਗੁਫ਼ਤਸ਼=ਕਿਹਾ ਉਸ ਨੇ। ਦਾਦ=ਦਿੱਤਾ। ਸ਼ੀਰੀਂ=ਮਿੱਠੀ। ਕੁਸ਼ਾਦ=ਖੋਲ੍ਹੀ।

***ਅਰਥ***—ਉਸ ਨੇ ਬਹੁਤ ਵਧੀਆ ਆਖਿਆ (ਪਰ ਉਸ ਨੇ ਕੋਈ) ਉੱਤਰ ਨਾ ਦਿੱਤਾ। ਉੱਤਰ ਵਾਸਤੇ (ਹੀ ਉਸ ਨੇ) ਮਿੱਠੀਆਂ ਮਿੱਠੀਆਂ ਗੱਲਾਂ ਲਈ ਜ਼ਬਾਨ ਖੋਲ੍ਹੀ ਸੀ ।੪੪।

**ਯਕੇ ਮਜਲਿਸ ਆਰਾਸਤਹ ਰੋਦ ਜਾਮ ॥**
**ਕਿ ਹਮ ਮਸਤ ਸ਼ੁਦ ਮਜਲਿਸੇ ਓ ਤਮਾਮ ॥੪੫॥**

***ਪਦ ਅਰਥ***—ਮਜਲਿਸ=ਸਭਾ। ਆਰਾਸਤਹ=ਬਣਾਈ। ਰੋਦ=ਰਾਗ। ਜਾਮ=ਪਿਆਲਾ। ਹਮ=ਸਾਰੇ। ਮਸਤ ਸ਼ੁਦ=ਬੇਹੋਸ਼ ਹੋ ਗਏ। ਮਜਲਿਸੇ=ਸਭਾ ਵਿਚ ਆਏ ਹੋਏ। ਤਮਾਮ=ਸਾਰੇ ਹੀ।

***ਅਰਥ***—(ਫਿਰ ਉਸ ਨੇ) ਇਕ ਸਭਾ ਬਣਾਈ, (ਜਿਸ ਵਿਚ) ਰਾਗ ਹੋਇਆ ਅਤੇ ਪਿਆਲਾ ਵੰਡਿਆ ਗਿਆ, ਜੋ ਉਸ ਸਭਾ ਵਿਚ ਆਏ ਹੋਏ ਸਾਰੇ ਹੀ ਬੇਹੋਸ਼ ਹੋ ਗਏ ।੪੫।

**ਬ ਕੈਫ ਸ਼ ਹਮਹ ਹਮ ਚੁਨਾ ਆਵੇਖ਼ਤੰਦ ॥**
**ਕਿ ਜ਼ਖ਼ਮੇ ਜਿਗਰ ਬਾ ਜ਼ੁਬਾਂ ਰੇਖਤੰਦ ॥੪੬॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬ=ਨਾਲ। ਕੈਫ=ਸ਼ਰਾਬ। ਸ਼=ਉਹ। ਹਮਹ=ਸਾਰੇ। ਹਮ ਚੁਨਾ=ਅਜੇਹਾ। ਆਵੇਖ਼ਤੰਦ= ਪਏ, ਡਿਗੇ, ਮਸਤ ਹੋ ਗਏ। ਕਿ=ਜੋ। ਬਾ=ਨਾਲ। ਰੇਖਤੰਦ=ਸੁੱਟਿਆ।

**ਅਰਥ**—ਉਹ ਸਾਰੇ ਸ਼ਰਾਬ ਨਾਲ ਇਸ ਤਰ੍ਹਾਂ ਮਸਤ ਹੋ ਗਏ। ਜੋ ਜਿਗਰ ਦੇ ਜ਼ਖਮਾਂ ਨੂੰ ਜ਼ਬਾਨ ਨਾਲ (ਬਾਹਰ) ਸੁੱਟਿਆ ਭਾਵ ਜੋ ਗੱਲਾਂ ਨਹੀਂ ਦੱਸਦੇ ਸਨ, ਉਹ ਸ਼ਰਾਬ ਦੀ ਮਸਤੀ ਵਿਚ ਆਖਣ ਲੱਗ ਪਏ।੪੬।

**ਸੁਖ਼ਨ ਬਾ ਜ਼ਬਾਂ ਹਮਚੁ ਗੋਯਦ ਮੁਦਾਮ ॥**
**ਨ ਗੋਯਦ ਬਜੁਜ਼ ਸੁਖ਼ਨ ਮਹਬੂਬ ਨਾਮ ॥੪੭॥**

**ਪਦ ਅਰਥ**—ਸੁਖ਼ਨ=ਗੱਲਾਂ। ਬਾ=ਨਾਲ। ਹਮਚੁ=ਅਜੇਹਾ। ਗੋਯਦ=ਕਹਿੰਦੇ। ਮੁਦਾਮ=ਸਦਾ। ਬਜੁਜ਼= ਬਿਨਾਂ। ਮਹਬੂਬ=ਪ੍ਰੀਤਮ, ਪਿਆਰੇ।

**ਅਰਥ**—ਜ਼ਬਾਨ ਨਾਲ ਹਮੇਸ਼ਾਂ ਅਜੇਹੀਆਂ ਹੀ ਗੱਲਾਂ ਕਹਿੰਦੇ ਸਨ। ਪਿਆਰੇ ਪ੍ਰੀਤਮ ਦੇ ਨਾਮ ਤੋਂ ਬਿਨਾਂ ਹੋਰ ਕੋਈ ਗੱਲ ਨਹੀਂ ਕਹਿੰਦੇ ਸਨ।੪੭।

**ਦਿਗਰ ਮਜਲਿਸ ਆਰਾਸਤ ਬਾ ਰੋਦ ਚੰਗ ॥**
**ਜਵਾਨਾਨਿ ਸ਼ਾਇਸਤਹ ਏ ਖ਼ੂਬ ਰੰਗ ॥੪੮॥**

**ਪਦ ਅਰਥ**—ਦਿਗਰ=ਦੂਜੀ। ਮਜਲਿਸ=ਸਭਾ। ਆਰਾਸਤ=ਕੀਤੀ। ਰੋਦ=ਵਾਜੇ ਅਤੇ। ਚੰਗ= ਸਾਰੰਗੀ। ਜਵਾਨਾਨਿ=ਜੁਆਨਾਂ। ਸ਼ਾਇਸਤਹ=ਸਜੀਲੇ। ਖ਼ੂਬ ਰੰਗ=ਬਹੁਤ ਸੋਹਣੇ।

**ਅਰਥ**—ਫਿਰ ਮੁਲਾਣੇ ਦੀ ਲੜਕੀ ਨੇ ਦੂਜੀ ਸਭਾ ਵਾਜਿਆਂ ਤੇ ਸਾਰੰਗੀਆਂ ਨਾਲ ਕੀਤੀ। ਇਹ ਬਹੁਤ ਸੋਹਣੇ ਤੇ ਸਜੀਲੇ ਜੁਆਨਾਂ ਵਾਸਤੇ ਸੀ।੪੮।

**ਹਮਹ ਮਸਤ ਖੋ ਸ਼ੁਦ ਹਮਹ ਖ਼ੂਬ ਮਸਤ ॥**
**ਇਨਾਨੇ ਫ਼ਜ਼ੀਲਤ ਬਿਰੂੰ ਸ਼ੁਦ ਜ਼ ਦਸਤ ॥੪੯॥**

**ਪਦ ਅਰਥ**—ਹਮਹ ਸਾਰੇ। ਮਸਤ=ਮਤਵਾਲੇ। ਖੋ=ਸੁਭਾਵ। ਸ਼ੁਦ=ਹੋ ਗਏ। ਖ਼ੂਬ=ਚੰਗੇ। ਮਸਤ= ਮਤਵਾਲੇ। ਇਨਾਨੇ=ਵਾਗ ਡੋਰ। ਫ਼ਜ਼ੀਲਤ=ਵਿਦਿਆ ਤੇ ਗੁਣ। ਬਿਰੂੰ ਸ਼ੁਦ=ਬਾਹਰ ਹੋ ਗਏ। ਜ਼=ਤੋਂ। ਦਸਤ=ਹੱਥ।

**ਅਰਥ**—ਸਾਰੇ ਮਸਤ ਸੁਭਾਵ ਵਾਲੇ, ਸਾਰੇ ਚੰਗੇ ਮਸਤ ਹੋ ਗਏ। ਵਿਦਿਆ ਦੀ ਵਾਗਡੋਰ ਤੋਂ ਹੱਥ ਬਾਹਰ ਹੋ ਗਏ।੪੯।

**ਹਰਾਂ ਕਸ ਕਿ ਅਜ਼ ਇਲਮ ਸੁਖਨਸ਼ ਬਿਰਾਂਦ ॥**
**ਕਿ ਅਜ਼ ਬੇਖੁਦੀ ਨਾਮਿ ਹਰ ਦੋ ਬਿਖਾਂਦ ॥੫੦॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਹਰਾਂ ਕਸ=ਜਿਸ ਕਿਸੇ ਨੇ । ਅਜ਼ ਇਲਮ=ਵਿਦਿਆ ਦੀ । ਸ਼=ਉਹਨਾਂ । ਬਿਰਾਂਦ= ਚਲਾਈ। ਬੇਖੁਦੀ=ਮਸਤੀ । ਹਰ ਦੋ=ਦੋਵੇਂ । ਬਿਖਾਂਦ=ਬੋਲਦੇ ਸਨ ।

**ਅਰਥ**—ਜਿਸ ਕਿਸੇ ਨੇ ਭੀ ਉਹਨਾਂ ਨਾਲ ਵਿਦਿਆ ਦੀ ਗੱਲ ਤੋਰੀ । ਦੋਵੇਂ ਮਸਤੀ ਵਿਚ ਇਕ ਦੂਜੇ ਦਾ ਨਾਮ ਹੀ ਬੋਲਦੇ ਸਨ ।੫੦। [ਦ: ਗ੍ਰੰ: ਪੰਨਾ ੧੪੧੯]

**ਚੁ ਇਲਮੋ ਫ਼ਜ਼ੀਲਤ ਫਰਾਮੋਸ਼ ਗਸ਼ਤ ॥**
**ਬਿਖ਼ਾਦੰਦ ਬਾ ਯਕ ਦਿਗਰ ਨਾਮ ਮਸਤ ॥੫੧॥**

**ਪਦ ਅਰਥ**—ਚੁ=ਜਦੋਂ । ਇਲਮੋ ਫ਼ਜ਼ੀਲਤ=ਵਿਦਿਆ ਅਤੇ ਬੁੱਧੀ ਦੀ ਚੁਤਰਾਈ । ਫਰਾਮੋਸ਼ ਗਸ਼ਤ=ਵਿਦਾ ਹੋ ਗਈ । ਬਿਖ਼ਾਦੰਦ=ਪੜ੍ਹਦੇ ਹਨ । ਬਾ ਯਕ ਦਿਗਰ ਨਾਮ=ਇਕ ਦੂਜੇ ਦਾ ਨਾਮ ।

**ਪਦ ਅਰਥ**—ਜਦੋਂ ਵਿਦਿਆ ਤੇ ਬੁੱਧੀ ਦੀ ਚਤੁਰਾਈ ਭੁੱਲ ਗਈ । ਮਸਤੀ ਨਾਲ ਇਕ ਦੂਜੇ ਦਾ ਨਾਮ ਹੀ ਪੜ੍ਹੀ ਜਾਂਦੇ ਹਨ ।੫੧।

**ਹਰਾਂਕਸ ਕਿ ਦੇਰੀਨਹ ਏ ਹਸਤ ਦੋਸਤ ॥**
**ਜ਼ਬਾਂ ਖੁਦ ਕੁਸ਼ਾਇੰਦਹ ਅਜ਼ ਨਾਮਿ ਓਸਤ ॥੫੨॥**

**ਪਦ ਅਰਥ**—ਦੇਰੀਨਹ=ਚਿਰਾਕਾ। ਹਸਤ=ਹੈਗਾ ਸੀ। ਖੁਦ=ਆਪਣੀ। ਕੁਸ਼ਾਇੰਦਹ=ਖੋਲ੍ਹਣ ਵਾਲਾ।

**ਅਰਥ**—ਜਿਸ ਕਿਸੇ ਦਾ ਕੋਈ ਪੁਰਾਣਾ ਮਿੱਤਰ ਹੈਗਾ ਸੀ । ਉਹ ਆਪਣੀ ਜ਼ਬਾਨ ਨਾਲ ਉਸੇ ਦਾ ਹੀ ਨਾਮ ਖੋਲ੍ਹਦਾ ਭਾਵ ਕਹਿ ਰਿਹਾ ਸੀ ।੫੨।

**ਸ਼ਨਾਸਦ ਕਿ ਈਂ ਗੁਲ ਸੁਖਨ ਆਸ਼ਿਕ ਅਸਤ ॥**
**ਕਿ ਗੁਫ਼ਤਨ ਹਮਾਯੂੰ ਸੁਬਕ ਤਨ ਖੁਸ਼ ਅਸਤ ॥੫੩॥**

**ਪਦ ਅਰਥ**—ਸ਼ਨਾਸਦ=ਪਛਾਣ ਲਿਆ। ਈਂ ਗੁਲ=ਇਹ ਲੜਕਾ। ਗੁਫ਼ਤਨ=ਕਿਹਾ। ਹਮਾਯੂੰ=ਸ਼ੁਭ ਲਗਨ । ਸੁਬਕ=ਕੋਮਲ । ਖੁਸ਼=ਚੰਗੇ ।

**ਅਰਥ**—ਇਸ ਤਰ੍ਹਾਂ ਦੀਆਂ ਗੱਲਾਂ ਤੋਂ ਪਛਾਣ ਲਿਆ ਜੋ ਇਹ ਲੜਕਾ ਆਸ਼ਕ ਹੋ ਗਿਆ ਹੈ। ਜੋ ਬੋਲਣ ਵਿਚ ਸ਼ੁਭ ਲਗਨ ਵਾਲਾ, ਕੋਮਲ ਸਰੀਰ ਵਾਲਾ ਤੇ ਚੰਗਾ ਹੈ ।੫੩।

**ਕਿ ਅਜ਼ ਇਸ਼ਕ ਅਜ਼ ਮੁਸ਼ਕ ਅਜ਼ ਖਮਰ ਖੂੰ ॥**
**ਕਿ ਪਿਨਹਾਂ ਨ ਮਾਂਦ ਅਸਤ ਆਮਦ ਬਿਰੂੰ ॥੫੪॥**

**ਪਦ ਅਰਥ**—ਇਸ਼ਕ=ਪ੍ਰੇਮ । ਮੁਸ਼ਕ=ਵਾਸ਼ਨਾ । ਖਮਰ=ਮਦ, ਸ਼ਰਾਬ । ਖੂੰ=ਖ਼ੂਨ ਕਰਨਾ । ਪਿਨਹਾਂ= ਲੁਕਣਾ । ਨ ਮਾਂਦ=ਰਹਿੰਦੇ । ਆਮਦ ਬਿਰੂੰ=ਬਾਹਰ ਆ ਜਾਂਦੇ ।

**ਅਰਥ**—ਜੋ ਪਰੇਮ, ਵਾਸ਼ਨਾ, ਸ਼ਰਾਬ ਤੇ ਖ਼ੂਨ ਨਾਲ ਗ੍ਰਸੇ ਹੋਏ ਹਨ । ਉਹ ਕਦੀ ਵੀ ਛਿਪਾਇਆਂ ਛਿਪੇ ਨਹੀਂ ਰਹਿੰਦੇ, ਸਮਾਂ ਪਾ ਕੇ ਜ਼ਰੂਰ ਪ੍ਰਗਟ ਹੋ ਜਾਂਦੇ ਭਾਵ ਬਾਹਰ ਆ ਜਾਂਦੇ ਹਨ ।੫੪।

Sri Satguru Jagjit Singh Ji eLibrary NamdhariElibrary@gmail.com

**ਬ ਸ਼ਹਰ ਅੰਦਰੂੰ ਗਸ਼ਤ ਸ਼ੁਹਰਤ ਪਦੀਦ ॥**
**ਕਿ ਆਜ਼ਾਦ ਸ਼ੁਦ ਸ਼ਾਹ ਓ ਦੁਖਤਰ ਵਜ਼ੀਰ ॥੫੫॥**

***ਪਦ ਅਰਥ***—ਗਸ਼ਤ=ਫਿਰ ਗਈ । ਸ਼ੁਹਰਤ=ਰੌਲਾ, ਖ਼ਬਰ । ਪਦੀਦ=ਪਰਗਟ । ਆਜ਼ਾਦ ਸ਼ੁਦ=ਖੁਲ੍ਹਮ ਖੁਲ੍ਹੇ ਹੋ ਗਏ । ਦੁਖਤਰ=ਲੜਕੀ ।

***ਅਰਥ***—ਸ਼ਹਿਰ ਵਿਚ ਖ਼ਬਰ ਪ੍ਰਗਟ ਹੋ ਗਈ ਤੇ ਰੌਲਾ ਪੈ ਗਿਆ ਕਿ ਰਾਜੇ (ਦਾ ਪੁੱਤਰ) ਤੇ ਵਜ਼ੀਰ ਦੀ ਲੜਕੀ ਆਪਸ ਵਿਚ ਪਿਆਰ ਹੋਣ ਕਰ ਕੇ ਖੁਲ੍ਹਮ ਖੁਲ੍ਹੇ ਹੋ ਗਏ ਹਨ ।੫੫।

**ਸ਼ੁਨੀਦ ਈਂ ਸੁਖ਼ਨ ਸ਼ਾਹ ਦੁ ਕਿਸ਼ਤੀ ਬਿਖਾਂਦ ॥**
**ਜੁਦਾ ਬਰ ਜੁਦਾ ਹਰ ਦੋ ਕਿਸ਼ਤੀ ਨਿਸ਼ਾਂਦ ॥੫੬॥**

***ਪਦ ਅਰਥ***—ਸ਼ੁਨੀਦ=ਸੁਣਿਆ । ਸੁਖ਼ਨ=ਬਚਨ । ਦੁਕਿਸ਼ਤੀ=ਦੋ ਬੇੜੀਆਂ । ਬਿਖਾਂਦ=ਮੰਗਵਾਈਆਂ । ਨਿਸ਼ਾਂਦ=ਬਿਠਾ ਦਿੱਤਾ ।

***ਅਰਥ***—ਰਾਜੇ ਨੇ ਇਸ ਗੱਲ ਨੂੰ ਸੁਣਦਿਆਂ ਹੀ ਦੋ ਬੇੜੀਆਂ ਮੰਗਵਾਈਆਂ । ਉਨ੍ਹਾਂ ਨੂੰ ਵੱਖਰੀ ਵੱਖਰੀ ਬੇੜੀ ਉੱਤੇ ਬਿਠਾ ਦਿੱਤਾ ।੫੬।

**ਰਵਾਂ ਕਰਦ ਓ ਰਾ ਬ ਦਰੀਯਾ ਅਜ਼ੀਮ ॥**
**ਦੋ ਕਿਸ਼ਤੀ ਯਕੇ ਸ਼ੁਦ ਹਮਹ ਮੌਜ ਬੀਮ ॥੫੭॥**

***ਪਦ ਅਰਥ***—ਰਵਾਂ ਕਰਦ=ਤੋਰ ਦਿੱਤੀਆਂ । ਅਜ਼ੀਮ=ਡੂੰਘੇ ਪਾਣੀ । ਯਕੇ ਸ਼ੁਦ=ਇਕ ਹੋ ਗਈਆਂ । ਮੌਜ=ਲਹਿਰਾਂ । ਬੀਮ=ਡਰਾਉਣੀਆਂ ।

***ਅਰਥ***—ਉਹਨਾਂ ਦੋਹਾਂ ਬੇੜੀਆਂ ਨੂੰ ਦਰਿਆ ਦੇ ਡੂਘੇ ਪਾਣੀ ਵਿਚ ਤੋਰ ਦਿੱਤਾ । ਦਰਿਆ ਦੀਆਂ ਡਰਾਉਣੀਆਂ ਲਹਿਰਾਂ ਨਾਲ ਦੋਵੇਂ ਬੇੜੀਆਂ ਇਕੱਠੀਆਂ ਹੋ ਕੇ ਇਕ ਹੋ ਗਈਆਂ ।੫੭।

**ਦੋ ਕਿਸ਼ਤੀ ਯਕੇ ਸ਼ੁਦ ਬਹੁਕਮਿ ਅਲਾਹ ॥**
**ਬ ਯਕ ਜਾ ਦਰਾਮਦ ਹੁਮਾ ਸ਼ਮਸ਼ ਮਾਹ ॥੫੮॥**

***ਪਦ ਅਰਥ***—ਸ਼ੁਦ=ਹੋ ਗਈਆਂ । ਬ=ਨਾਲ । ਯਕ ਜਾ=ਇਕ ਜਗ੍ਹਾ । ਸ਼ਮਸ਼ ਮਾਹ=ਸੂਰਜ ਚੰਦ ।

***ਅਰਥ***—ਅਲਾਹ ਦੇ ਹੁਕਮ ਨਾਲ ਦੋਵੇਂ ਬੇੜੀਆਂ ਇਕ ਹੋ ਗਈਆਂ । ਉਹ ਸੂਰਜ ਤੇ ਚੰਦਰਮਾ ਇਕ ਜਗ੍ਹਾ 'ਤੇ ਇਕੱਠੇ ਹੋ ਗਏ ਭਾਵ ਸੂਰਜ ਵਾਂਗੂੰ ਬਾਦਸ਼ਾਹ ਦਾ ਲੜਕਾ ਤੇ ਚੰਦਰਮਾ ਵਾਂਗੂੰ ਵਜ਼ੀਰ ਦੀ ਲੜਕੀ ਇਕ ਬੇੜੀ 'ਤੇ ਬੈਠ ਗਏ ।੫੮।

**ਬਿ ਬੀਂ ਕੁਦਰਤ ਕਿਰਦਗਾਰਿ ਅਲਾਹ ॥**
**ਦੋ ਤਨ ਰਾ ਯਕੇ ਕਰਦ ਅਜ਼ ਹੁਕਮਿ ਸ਼ਾਹਿ ॥੫੯॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਬਿ ਬੀਂ=ਵੇਖ। ਕੁਦਰਤਿ=ਸ਼ਕਤੀ। ਕਿਰਦਗਾਰਿ=ਕਰਤਾ ਪੁਰਖ। ਦੋ ਤਨ ਰਾ=ਦੋਹਾਂ ਦੇ ਸ੍ਰਗੀਰ ਨੂੰ। ਕਰਦ=ਕੀਤਾ।

**ਅਰਥ**—ਹੇ ਔਰੰਗਜ਼ੇਬ! ਉਸ ਕਰਤਾ ਪੁਰਖ ਵਾਹਿਗੁਰੂ ਦੀ ਸ਼ਕਤੀ ਵੱਲ ਵੇਖ। ਪ੍ਰਮਾਤਮਾ ਦੇ ਹੁਕਮ ਨੇ ਦੋਹਾਂ ਸਰੀਰਾਂ ਨੂੰ ਇਕ ਕਰ ਦਿੱਤਾ।੫੯।

**ਦੋ ਕਿਸ਼ਤੀ ਦਰਾਮਦ ਬ ਯਕ ਜਾ ਦੋ ਤਨ॥**

**ਚਰਾਗ਼ਿ ਅਰਬ ਆਫ਼ਤਾਬਿ ਯਮਨ॥੬੦॥**

**ਪਦ ਅਰਥ**—ਕਿਸ਼ਤੀ=ਬੇੜੀ। ਦਰਾਮਦ=ਆਉਂਦੇ ਹੋਏ। ਦੋ ਤਨ=ਦੋਵੇਂ ਸਰੀਰ। ਚਰਾਗ਼ਿ=ਦੀਵਾ। ਆਫ਼ਤਾਬਿ=ਸੂਰਜ।

**ਅਰਥ**—ਦੋਹਾਂ ਬੇੜੀਆਂ ਵਿਚ ਆਉਂਦੇ ਦੋਵੇਂ ਸਰੀਰ ਇਕ ਜਗ੍ਹਾ ਵਿਚ ਹੋ ਗਏ। ਅਰਬ ਦਾ ਦੀਵਾ ਤੇ ਯਮਨ ਦਾ ਸੂਰਜ। ਭਾਵ ਵਜ਼ੀਰ ਦੀ ਲੜਕੀ ਤੇ ਬਾਦਸ਼ਾਹ ਦਾ ਲੜਕਾ।੬੦।

**ਬ ਰਫ਼ਤੰਦ ਕਿਸ਼ਤੀ ਬ ਦਰਯਾਇ ਗਾਰ॥**

**ਬ ਮੌਜ ਅੰਦਰ ਆਮਦ ਚੁ ਬਰਗਿ ਬਹਾਰ॥੬੧॥**

**ਪਦ ਅਰਥ**—ਰਫ਼ਤੰਦ=ਤੁਰ ਪਏ। ਦਰਯਾਇ ਗਾਰ=ਡੂੰਘੀ ਨਦੀ। ਮੌਜ=ਲਹਿਰ। ਚੁ=ਵਾਂਗੂੰ। ਬਰਗ=ਪੱਤੇ। ਬਹਾਰ=ਬਸੰਤ ਰੁੱਤ।

**ਅਰਥ**—ਬੇੜੀ ਤੁਰ ਪਈ ਤੇ ਨਦੀ ਦੇ ਡੂੰਘੇ ਪਾਣੀ ਵਿਚ ਆ ਗਈ। ਬਸੰਤ ਰੁੱਤ ਦੇ ਪੱਤਿਆਂ ਵਾਂਗੂੰ ਲਹਿਰਾਂ ਵਿਚ ਬੇੜੀ ਆ ਗਈ।੬੧।

**ਯਕੇ ਅਜ਼ਦਹਾ ਬੂਦ ਆਂ ਜਾ ਨਸ਼ਸਤ॥**

**ਬ ਖੁਰਦਨ ਦਰਾਮਦ ਵਜ਼ਾਂ ਕਰਦ ਜਸਤ॥੬੨॥**

**ਪਦ ਅਰਥ**—ਅਜ਼ਦਹਾ=ਵੱਡਾ ਭਾਰਾ ਸੱਪ, ਸਰਾਲ। ਬੂਦ=ਸੀ। ਨਸ਼ਸਤ=ਬੈਠਾ। ਖੁਰਦਨ=ਖਾਣ ਵਾਸਤੇ। ਜਸਤ=ਝੱਪਟ।

**ਅਰਥ**—ਉਸ ਥਾਂ 'ਤੇ ਇਕ ਬੜੀ ਵੱਡੀ ਸਰਾਲ ਬੈਠੀ ਹੋਈ ਸੀ। ਉਹ ਝਪਟ ਕੇ ਇਹਨਾਂ ਨੂੰ ਖਾਣ ਵਾਸਤੇ ਆਈ।੬੨।

**ਦਿਗਰ ਪੇਸ਼ਤਰ ਬੂਦ ਕਹਰੇ ਬਲਾ॥**

**ਦੁ ਦਸਤਸ਼ ਸਤੂੰ ਕਰਦ ਬੇ ਸਰ ਨਮਾ॥੬੩॥**

**ਪਦ ਅਰਥ**—ਦਿਗਰ=ਦੂਜੀ। ਪੇਸ਼ਤਰ=ਸਾਹਮਣੇ। ਬੂਦ=ਸੀ। ਕਹਰੇ=ਡਰਾਉਣੀ। ਬਲਾ=ਡਾਇਣ। ਦਸਤਸ਼=ਉਸ ਦੇ ਹੱਥ। ਸਤੂੰ=ਥੰਮ੍ਹ। ਬੇ ਸਰ ਨਮਾ=ਸਿਰ ਤੋਂ ਬਿਨਾਂ ਦਿਖਾਈ ਦੇਣ ਵਾਲੇ।

**ਅਰਥ**—ਦੂਜੀ ਸਾਹਮਣੇ ਪਾਸੇ ਤੋਂ ਇਕ ਡਰਾਉਣੀ ਡਾਇਣ ਨਜ਼ਰ ਆਈ। ਉਸ ਨੇ ਆਪਣੇ ਦੋਵੇਂ ਹੱਥ ਥੰਮ੍ਹ ਵਾਂਗੂੰ ਉਤਾਂਹ ਕੀਤੇ, ਜੋ ਸਿਰ ਤੋਂ ਬਿਨਾਂ ਦਿਖਾਈ ਦੇਂਦੇ ਸਨ।੬੩।

Sri Satguru Jagjit Singh Ji eLibrary NamdhariElibrary@gmail.com

**ਮਿਯਾਂ ਰਫ਼ਤਹ ਸ਼ੁਦ ਕਿਸ਼ਤੀਏ ਹਰ ਦੋ ਦਸਤ ॥**
**ਬਨੇਸੇ ਦੁ ਮਾਨਦ ਅਜ਼ੋ ਮਾਰ ਮਸਤ ॥੬੪॥**

***ਪਦ ਅਰਥ***—ਮਿਯਾਂ=ਵਿਚਾਲੇ । ਰਫ਼ਤਹ=ਚਲੀ ਗਈ । ਬ=ਤੋਂ । ਨੇਸ਼ੇ=ਡੰਗ । ਦੁ=ਦੋ, (੨) । ਮਾਨਦ=ਬਚ ਗਏ । ਅਜ਼=ਉਸ । ਮਾਰ=ਸੱਪ । ਮਸਤ=ਮਤਾ ਹੋਇਆ ।

***ਅਰਥ***—ਬੇੜੀ ਉਸ ਦੇ ਦੋਹਾਂ ਹੱਥਾਂ ਦੇ ਵਿਚਾਲੇ ਤੋਂ ਚਲੀ ਗਈ । ਉਹ ਦੋਵੇਂ ਮਸਤ ਹੋਏ ਸੱਪ ਦੇ ਡੰਗ ਤੋਂ ਬਚ ਗਏ ।੬੪।

**ਗ੍ਰਿਫ਼ਤੰਦ ੳ ਰਾ ਬ ਦਸਤ ਅੰਦਰੂੰ ॥**
**ਬਿ ਬਖ਼ਸ਼ੀਦ ੳ ਰਾ ਨ ਖ਼ੁਰਦੰਦ ਖ਼ੂੰ ॥੬੫॥**

***ਪਦ ਅਰਥ***—ਗ੍ਰਿਫ਼ਤੰਦ=ਫੜਿਆ । ੳ ਰਾ=ਉਸ ਨੂੰ । ਬ ਦਸਤ=ਹੱਥ ਦੇ । ਬਖ਼ਸ਼ੀਦ=ਕ੍ਰਿਪਾ ਕੀਤੀ । ਖ਼ੁਰਦੰਦ=ਖਾਧਾ । ਖ਼ੂੰ=ਲਹੂ ।

***ਅਰਥ***—(ਬਲਾ ਨੇ) ਆਪਣੇ ਹੱਥਾਂ ਵਿਚ ਉਨ੍ਹਾਂ ਨੂੰ ਫੜ ਲਿਆ । ਪਰ ਉਨ੍ਹਾਂ ਉੱਤੇ ਰੱਬ ਨੇ ਕ੍ਰਿਪਾ ਕੀਤੀ, ਇਸ ਲਈ ਉਸ ਨੇ ਉਨ੍ਹਾਂ ਦਾ ਲਹੂ ਨਹੀਂ ਪੀਤਾ ।੬੫।

**ਚੁਨਾ ਜੰਗ ਸ਼ੁਦ ਅਜ਼ਦਹਾ ੳ ਬਲਾ ॥**
**ਕਿ ਬੇਰੂੰ ਨਿਆਮਦ ਬ ਹੁਕਮੇ ਖ਼ੁਦਾ ॥੬੬॥**

***ਪਦ ਅਰਥ***—ਚੁਨਾ=ਅਜੇਹਾ । ਜੰਗ ਸ਼ੁਦ=ਜੰਗ ਹੋਇਆ । ਅਜ਼ਦਹਾ=ਸਰਾਲ । ਬਲਾ=ਡਾਇਣ । ਬੇਰੂੰ=ਬਾਹਰ । ਨਿਆਮਦ=ਨਾ ਆਇਆ ।

***ਅਰਥ***—ਸਰਾਲ ਅਤੇ ਡਾਇਣ ਦਾ ਅਜੇਹਾ ਜੰਗ ਹੋਇਆ ਜੋ ਪ੍ਰਮਾਤਮਾ ਦੇ ਹੁਕਮ ਨਾਲ ਕੋਈ ਭੀ ਬਾਹਰ ਨਾ ਆਇਆ ।੬੬।

**ਚੁਨਾ ਮੌਜ ਖੇਜ਼ਦ ਜ਼ ਦਰਿਯਾ ਅਜ਼ੀਮ ॥**
**ਕਿ ਦੀਗਰ ਨ ਦਾਨਿਸ਼ਤ ਜੁਜ਼ ਯਕ ਕਰੀਮ ॥੬੭॥**

***ਪਦ ਅਰਥ***—ਚੁਨਾ=ਅਜੇਹੀ । ਮੌਜ=ਲਹਿਰ । ਖੇਜ਼ਦ=ਉੱਠਦੀ ਹੈ । ਜ਼=ਤੋਂ । ਅਜ਼ੀਮ=ਬੜਾ ਭਾਰੀ । ਦੀਗਰ=ਦੂਜਾ । ਨ ਦਾਨਿਸ਼ਤ=ਨਹੀਂ ਜਾਣਦਾ । ਜੁਜ਼=ਬਿਨਾਂ । ਕਰੀਮ=ਕ੍ਰਿਪਾਲੂ ।

***ਅਰਥ***—ਬੜੇ ਵੱਡੇ ਦਰਿਆ ਵਿਚੋਂ ਅਜੇਹੀਆਂ ਲਹਿਰਾਂ ਉੱਠੀਆਂ ਜੋ ਉਸ ਕ੍ਰਿਪਾਲੂ ਪ੍ਰਮਾਤਮਾ ਤੋਂ ਬਿਨਾਂ ਦੂਜਾ ਹੋਰ ਕੋਈ ਨਹੀਂ ਜਾਣ ਸਕਦਾ ।੬੭।

**ਰਵਾਂ ਗਸ਼ਤ ਕਿਸ਼ਤੀ ਬ ਮੌਜਿ ਬਲਾ ॥**
**ਬਰਾਇ ਖ਼ਲਾਸੀ ਜ਼ ਰਹਮਤ ਖ਼ੁਦਾ ॥੬੮॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਰਵਾਂ ਗਸ਼ਤ=ਤੁਰ ਪਈ। ਕਿਸ਼ਤੀ=ਬੇੜੀ। ਮੌਜਿ=ਲਹਿਰਾਂ ਵਿਚ। ਬਲਾ=ਬਾਲਾ, ਵੱਡੀਆਂ। ਬਰਾਇ=ਵਾਸਤੇ। ਖ਼ਲਾਸੀ=ਛੁਟਕਾਰੇ। ਰਹਮਤ=ਦਇਆ, ਮੇਹਰ।

**ਅਰਥ**—ਬੜੀਆਂ ਵੱਡੀਆਂ ਲਹਿਰਾਂ ਵਿਚ ਬੇੜੀ ਤੁਰ ਪਈ। ਜਿਸ ਤੋਂ ਛੁਟਕਾਰਾ ਪਾਉਣ ਵਾਸਤੇ ਖ਼ੁਦਾ ਦੀ ਮੇਹਰ ਮੰਗਦੇ ਸਨ।੬੮।

**ਬ ਆਖ਼ਿਰ ਹਮ ਅਜ਼ ਹੁਕਮਿ ਪਰਵਰਦਗਾਰ ॥**
**ਕਿਸ਼ਤੀ ਬਰਾਮਦ ਜ਼ ਦਰਿਯਾ ਕਿਨਾਰ ॥੬੯॥**

**ਪਦ ਅਰਥ**—ਆਖ਼ਿਰ=ਅੰਤ। ਹਮ=ਨੂੰ। ਪਰਵਰਦਗਾਰ=ਪਾਲਣਾ ਕਰਨ ਵਾਲਾ, ਵਾਹਿਗੁਰੂ। ਬਰਾਮਦ=ਆ ਗਈ। ਜ਼=ਤੋਂ। ਕਿਨਾਰ=ਕੰਢਾ।

**ਅਰਥ**—ਅੰਤ ਨੂੰ ਪਾਲਣਾ ਕਰਨ ਵਾਲੇ ਪ੍ਰਭੂ ਦੀ ਆਗਿਆ ਨਾਲ ਬੇੜੀ ਦਰਿਆ ਤੋਂ ਕੰਢੇ ਉੱਤੇ ਆ ਗਈ ਭਾਵ ਬਾਹਰ ਆ ਗਈ।੬੯।

**ਕਿ ਬੇਰੂੰ ਬਰਾਮਦ ਅਜ਼ਾਂ ਹਰ ਦੋ ਤਨ ॥**
**ਨਿਸ਼ਸਤਹ ਲਬਿ ਆਬਿ ਦਰਿਯਾ ਯਮਨ ॥੭੦॥**

**ਪਦ ਅਰਥ**—ਬੇਰੂੰ=ਬਾਹਰ। ਬਰਾਮਦ=ਆ ਗਏ। ਅਜ਼ਾਂ=ਉਸ ਤੋਂ। ਹਰ ਦੋ ਤਨ=ਦੋਵੇਂ ਜਣੇ। ਨਿਸ਼ਸਤਹ=ਬੈਠੇ। ਲਬਿ=ਕਢੇ। ਆਬਿ=ਪਾਣੀ।

**ਅਰਥ**—ਉਸ ਬੇੜੀ ਵਿਚੋਂ ਦੋਵੇਂ ਜਣੇ ਬਾਹਰ ਆ ਗਏ। ਯਮਨ ਦਰਿਆ ਦੇ ਪਾਣੀ ਦੇ ਕੰਢੇ ਉੱਤੇ ਬੈਠ ਗਏ।੭੦।

**ਦਰਾਮਦ ਯਕੇ ਸ਼ੇਰ ਦੀਦਨ ਸ਼ਿਤਾਬ ॥**
**ਬਖੁਰਦਨ ਅਜ਼ਾਂ ਹਰ ਦੋ ਤਨ ਰਾ ਕਬਾਬ ॥੭੧॥**

**ਪਦ ਅਰਥ**—ਦਰਾਮਦ=ਆਇਆ। ਦੀਦਨ=ਵੇਖਣਾ। ਸ਼ਿਤਾਬ=ਛੇਤੀ। ਬਖੁਰਦਨ=ਖਾਣ ਵਾਸਤੇ। ਅਜ਼ਾਂ=ਉਨ੍ਹਾਂ। ਕਬਾਬ=ਮਾਸ।

**ਅਰਥ**—ਵੇਖਦਿਆਂ ਹੀ ਛੇਤੀ ਨਾਲ ਇਕ ਸ਼ੇਰ ਆਇਆ। ਉਨ੍ਹਾਂ ਦੋਹਾਂ ਦੇ ਸਰੀਰ ਦਾ ਮਾਸ ਖਾਣ ਵਾਸਤੇ।੭੧।

**ਜ਼ਿ ਦਰਿਯਾ ਬਰਾਮਦ ਜ਼ ਮਗਰੇ ਅਜ਼ੀਮ ॥**
**ਖ਼ੁਰਮ ਹਰ ਦੋ ਤਨ ਰਾ ਬ ਹੁਕਮੇ ਕਰੀਮ ॥੭੨॥**

**ਪਦ ਅਰਥ**—ਬਰਾਮਦ=ਬਾਹਰ ਆਇਆ। ਮਗਰੇ=ਇਕ ਮਗਰਮੱਛ। ਅਜ਼ੀਮ=ਵੱਡਾ। ਖ਼ੁਰਮ=ਖਾਣਾ। ਕਰੀਮ=ਕ੍ਰਿਪਾਲੂ, ਪ੍ਰਮਾਤਮਾ।

**ਅਰਥ**—ਉਸ ਦਰਿਆ ਵਿਚੋਂ ਇਕ ਬੜਾ ਵੱਡਾ ਮਗਰਮੱਛ ਬਾਹਰ ਆਇਆ। ਪ੍ਰਮਾਤਮਾ ਦੇ ਹੁਕਮ ਨਾਲ ਦੋਹਾਂ ਦੇ ਸਰੀਰ ਨੂੰ ਖਾਣ ਵਾਸਤੇ।੭੨। [ਦ: ਗ੍ਰੰ: ਪੰਨਾ ੧੪੨੦

Sri Satguru Jagjit Singh Ji eLibrary NamdhariElibrary@gmail.com

**ਬ ਜਾਇਸ਼ ਦਰਾਮਦ ਜ਼ ਸ਼ੇਰੇ ਸ਼ਿਤਾਬ ॥**
**ਗਜ਼ੰਦਸ਼ ਹਮੀ ਬੁਰਦ ਬਰ ਰੋਦਿ ਆਬ ॥੭੩॥**

***ਪਦ ਅਰਥ***—ਜਾਇਸ਼=ਉਸ ਜਗ੍ਹਾ । ਦਰਾਮਦ=ਆ ਗਿਆ । ਸ਼ੇਰੇ=ਇਕ ਸ਼ੇਰ । ਸ਼ਿਤਾਬ=ਛੇਤੀ। ਗਜ਼ੰਦਸ਼=ਉਸ ਛਾਲ । ਹਮੀ ਬੁਰਦ=ਮਾਰੀ । ਬਰ=ਉੱਤੇ । ਰੋਦਿ=ਨਦੀ । ਆਬ=ਪਾਣੀ ।

***ਅਰਥ***—ਉਸ ਜਗ੍ਹਾ ਉੱਤੇ ਛੇਤੀ ਨਾਲ ਇਕ ਸ਼ੇਰ ਆ ਗਿਆ । ਉਸ ਨੇ ਨਦੀ ਦੇ ਪਾਣੀ ਉੱਪਰ ਛਾਲ ਮਾਰ ਦਿੱਤੀ ।੭੩।

**ਬ ਪੇਚਦ ਸਰ ਓ ਅਜ਼ਾਂ ਖਤਾ ਗਸ਼ਤ ਸ਼ੇਰ ॥**
**ਬ ਦਹਨਿ ਦਿਗਰ ਦੁਸ਼ਮਨ ਉਫ਼ਤਦ ਦਲੇਰ ॥੭੪॥**

***ਪਦ ਅਰਥ***—ਬ=ਨਾਲ । ਪੇਚਦ=ਫੇਰਨ । ਸਰ=ਸਿਰ । ਖਤਾ=ਖੁੰਝ, ਨਿਸਫਲ । ਗਸ਼ਤ=ਗਿਆ । ਬ=ਵਿਚ । ਦਹਨਿ-ਮੂੰਹ ਦੇ । ਦਿਗਰ=ਦੂਜੇ । ਉਫ਼ਤਦ=ਡਿੱਗ ਪਿਆ ।

***ਅਰਥ***—ਉਹਨਾਂ ਦੇ ਸਿਰ ਫੇਰ ਲੈਣ ਨਾਲ ਸ਼ੇਰ ਦਾ ਹਮਲਾ ਨਿਸਫਲ ਗਿਆ । ਦੂਸਰਾ ਬਹਾਦਰੀ ਨਾਲ ਦੁਸ਼ਮਨ ਦੇ ਮੂੰਹ ਵਿਚ ਡਿੱਗ ਪਿਆ ।੭੪।

**ਬ ਗੀਰਦ ਮਗਰ ਦਸਤਿ ਸ਼ੇਰੇ ਸ਼ਿਤਾਬ ॥**
**ਬ ਬੁਰਦੰਦ ਓ ਰਾ ਕਸ਼ੀਦਹ ਦਰ ਆਬ ॥੭੫॥**

***ਪਦ ਅਰਥ***—ਬ ਗੀਰਦ=ਫੜ ਲਿਆ । ਮਗਰ=ਸੰਸਾਰ, ਮਗਰਮੱਛ । ਦਸਤਿ=ਹੱਥ ਤੋਂ । ਬੁਰਦੰਦ=ਲੈ ਗਿਆ । ਕਸ਼ੀਦਹ=ਖਿੱਚ ਕੇ । ਦਰ ਆਬ=ਪਾਣੀ ਵਿਚ ।

***ਅਰਥ***—ਮਗਰਮੱਛ ਨੇ ਸ਼ੇਰ ਨੂੰ ਹੱਥ ਤੋਂ ਫੜ ਲਿਆ । ਉਸ ਨੂੰ ਖਿੱਚ ਕੇ ਡੂੰਘੇ ਪਾਣੀ ਦੇ ਵਿਚ ਲੈ ਗਿਆ ।੭੫।

**ਬਿ ਬੀਂ ਕੁਦਰਤਿ ਕਿਰਦਗਾਰਿ ਜਹਾਂ ॥**
**ਕਿ ਈਂ ਰਾ ਬਿ ਬਖਸ਼ੀਦ ਕੁਸਤਸ਼ ਅਜ਼ਾਂ ॥੭੬॥**

***ਪਦ ਅਰਥ***—ਬਿ ਬੀਂ=ਵੇਖ । ਕਿਰਦਗਾਰਿ=ਕਰਤਾ ਪੁਰਖ ਦੀ । ਜਹਾਂ=ਜੁਗਤ । ਈਂ ਰਾ=ਇਸ ਨੂੰ। ਬਖਸ਼ੀਦ=ਬਖ਼ਸ਼ ਦਿੱਤਾ । ਕੁਸਤਸ਼=ਮਾਰ ਦਿੱਤਾ ਉਸ ਨੂੰ । ਅਜ਼ਾਂ=ਉਸ ਨੇ ।

***ਅਰਥ***—ਹੇ ਔਰੰਗਜ਼ੇਬ! ਜਗਤ ਦੇ ਕਰਤੇ ਦੀ ਕੁਦਰਤ ਵੱਲ ਵੇਖ! ਜੋ ਇਨ੍ਹਾਂ ਨੂੰ (ਜ਼ਿੰਦਗੀ) ਬਖ਼ਸ਼ ਦਿੱਤੀ ਹੈ ਅਤੇ ਉਸ ਸ਼ੇਰ ਨੂੰ ਉਸ ਨੇ ਮਾਰ ਦਿੱਤਾ ਹੈ ।੭੬।

**ਬਿ ਰਫ਼ਤੰਦ ਹਰ ਦੋ ਬ ਹੁਕਮਿ ਅਮੀਰ ॥**
**ਯਕੇ ਸ਼ਾਹਜ਼ਾਦਹ ਵ ਦੁਖ਼ਤਰ ਵਜ਼ੀਰ ॥੭੭॥**

***ਪਦ ਅਰਥ***—ਰਫ਼ਤੰਦ=ਤੁਰ ਪਏ । ਹਰ ਦੋ=ਦੋਵੇਂ । ਅਮੀਰ=ਬਾਦਸ਼ਾਹ ਭਾਵ ਵਾਹਿਗੁਰੂ । ਸ਼ਾਹਜ਼ਾਦਹ=ਰਾਜੇ ਦਾ ਪੁੱਤਰ । ਦੁਖ਼ਤਰ=ਲੜਕੀ, ਬੇਟੀ ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਵਾਹਿਗੁਰੂ ਦੇ ਹੁਕਮ ਵਿਚ ਦੋਵੇਂ ਤੁਰ ਪਏ। ਇਕ ਰਾਜੇ ਦਾ ਪੁੱਤਰ ਅਤੇ ਦੂਜੀ ਵਜ਼ੀਰ ਦੀ ਲੜਕੀ ।੭੭।

**ਬਿ ਉਫਤਾਦ ਹਰ ਦੋ ਬ ਦਸਤਿ ਅਜ਼ੀਮ ॥**
**ਨ ਸ਼ਾਇਦ ਦਿਗਰ ਦੀਦ ਜੁਜ਼ ਯਕ ਕਰੀਮ ॥੭੮॥**

***ਪਦ ਅਰਥ***—ਬਿ ਉਫਤਾਦ=ਪੈ ਗਏ। ਹਰ ਦੋ=ਦੋਵੇਂ ਹੀ। ਦਸਤਿ=ਉਜਾੜ ਵਿਚ। ਅਜ਼ੀਮ=ਵੱਡੀ। ਸ਼ਾਇਦ=ਸਕੀਦਾ। ਦੀਦ=ਵੇਖ। ਜੁਜ਼=ਬਿਨਾਂ। ਕਰੀਮ=ਕ੍ਰਿਪਾਲੂ।

***ਅਰਥ***—ਬੜੀ ਵੱਡੀ ਉਜਾੜ ਵਿਚ ਦੋਵੇਂ ਹੀ ਪੈ ਗਏ। ਜਿਥੇ ਇਕ ਕ੍ਰਿਪਾਲੂ ਪ੍ਰਮਾਤਮਾ ਤੋਂ ਬਿਨਾਂ ਦੂਸਰਾ ਕੋਈ ਵੇਖ ਨਹੀਂ ਸਕਦਾ ਭਾਵ ਹੋਰ ਕੋਈ ਦਿਸਦਾ ਹੀ ਨਹੀਂ ।੭੮।

**ਬ ਮੁਲਕਿ ਹਬਸ਼ ਆਮਦ ਆਂ ਨੇਕ ਖ਼ੂਇ ॥**
**ਯਕੇ ਸ਼ਾਹਜ਼ਾਦਹ ਦਿਗਰ ਖ਼ੂਬ ਰੂਇ ॥੭੯॥**

***ਪਦ ਅਰਥ***—ਮੁਲਕਿ=ਦੇਸ ਵਿਚ। ਆਮਦ=ਆਏ। ਨੇਕ ਖ਼ੂਇ=ਚੰਗੇ ਸੁਭਾਉ ਵਾਲੇ। ਸ਼ਾਹਜ਼ਾਦਹ=ਬਾਦਸ਼ਾਹ ਦਾ ਪੁੱਤਰ। ਦਿਗਰ=ਦੂਸਰਾ। ਖ਼ੂਬ ਰੂਇ=ਸੁੰਦਰ ਚੇਹਰੇ ਵਾਲੀ।

***ਪਦ ਅਰਥ***—ਉਹ ਚੰਗੇ ਸੁਭਾਉ ਵਾਲੇ ਹਬਸ਼ ਮੁਲਕ ਵਿਚ ਆ ਗਏ। ਇਕ ਬਾਦਸ਼ਾਹ ਦਾ ਪੁੱਤਰ ਹੈ ਅਤੇ ਦੂਜੀ ਸੁੰਦਰ ਚੇਹਰੇ ਵਾਲੀ ਵਜ਼ੀਰ ਦੀ ਲੜਕੀ ।੭੯।

**ਦਰਾਂ ਜਾਂ ਬਿਆਮਦ ਕਿ ਬਿਨਸ਼ਸਤਹ ਸ਼ਾਹ ॥**
**ਨਸ਼ਸਤੰਦ ਸ਼ਬ ਰੰਗ ਜ਼ਰਰੀਂ ਕੁਲਾਹ ॥੮੦॥**

***ਪਦ ਅਰਥ***—ਦਰਾਂ ਜਾ=ਉਸ ਜਗ੍ਹਾ ਵਿਚ। ਬਿਆਮਦ=ਆ ਗਏ। ਬਿਨਸ਼ਸਤਹ=ਬੈਠਾ ਸੀ। ਸ਼ਾਹ= ਬਾਦਸ਼ਾਹ। ਨਸ਼ਸਤੰਦ=ਬੈਠੇ ਸਨ। ਸ਼ਬ ਰੰਗ=ਰਾਤ ਦੇ ਰੰਗ ਵਰਗੇ। ਜ਼ਰਰੀਂ=ਸੁਨਹਿਰੀ। ਕੁਲਾਹ=ਤਾਜ, ਟੋਪੀ।

***ਅਰਥ***—ਉਸ ਜਗ੍ਹਾ 'ਤੇ ਆ ਗਏ, ਜਿਥੇ ਬਾਦਸ਼ਾਹ ਬੈਠਾ ਹੋਇਆ ਸੀ। ਸੁਨਹਿਰੀ ਟੋਪੀ ਪਾ ਕੇ ਰਾਤ ਦੇ ਰੰਗ ਵਾਂਗੂ ਕਾਲਾ ਹਬਸ਼ੀ ਬਾਦਸ਼ਾਹ ਬੈਠਾ ਸੀ ।੮੦।

**ਬਿਦੀਦੰਦ ਓਰਾ ਬਿਖਾਂਦੰਦ ਪੇਸ਼ ॥**
**ਬ ਗੁਫ਼ਤੰਦ ਐ ਸ਼ੇਰ ਆਜ਼ਾਦ ਕੇਸ਼ ॥੮੧॥**

***ਪਦ ਅਰਥ***—ਦੀਦੰਦ=ਵੇਖਿਆ। ਓ ਰਾ=ਉਸ ਨੇ। ਬਿਖਾਂਦੰਦ=ਬੁਲਾਇਆ। ਪੇਸ਼=ਸਾਹਮਣੇ। ਗੁਫ਼ਤੰਦ=ਕਿਹਾ। ਆਜ਼ਾਦ=ਸੁਤੰਤਰ। ਕੇਸ਼=ਧਰਮ।

***ਅਰਥ***—ਉਸ ਨੇ ਵੇਖਿਆ ਅਤੇ ਕੋਲ ਬੁਲਾ ਲਿਆ। ਆਖਿਆ-ਹੇ ਸ਼ੇਰ ਦਿਲ ਤੇ ਆਜ਼ਾਦ ਧਰਮ ਵਾਲੇ ਸੂਰਮੇ! ।੮੧।

**ਜ਼ ਮੁਲਕੇ ਕਦਾਮੀ ਤੋ ਬਾ ਮਨ ਬਿਗੋਇ ॥**
**ਚਿ ਨਾਮੇ ਕਿਰਾ ਤੋ ਬ ਈਂ ਤਰਫ਼ ਜੋਇ ॥੮੨॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਕਦਾਮੀ=ਕੌਣ, ਕੇਹੜਾ । ਬਾ ਮਨ=ਮੈਨੂੰ । ਬਿਗੋਇ=ਦੱਸ । ਚਿ=ਕੀ । ਕਿਰਾ=ਕਿਸ ਨੂੰ । ਬ ਈਂ ਤਰਫ਼=ਇਸ ਪਾਸੇ । ਜੋਇ=ਢੂੰਢਦਾ ।

***ਅਰਥ***—ਤੇਰਾ ਦੇਸ ਕੇਹੜਾ ਹੈ ? ਮੈਨੂੰ ਦੱਸ, ਤੇਰਾ ਨਾਮ ਕੀ ਹੈ ? ਅਤੇ ਇਸ ਪਾਸੇ ਵੱਲ ਕਿਸ ਨੂੰ ਲੱਭਦਾ ਫਿਰਦਾ ਹੈਂ ? ।੮੨।

**ਵਗਰਨਹ ਮਰਾ ਤੋ ਨ ਗੋਈ ਚੁ ਰਾਸਤ ॥**
**ਕਿ ਮੁਰਦਨ ਸ਼ਿਤਾਬ ਅਸਤ ਏਜ਼ਦ ਗਵਾਹਸਤ ॥੮੩॥**

***ਪਦ ਅਰਥ***—ਵਗਰਨਹ=ਅਤੇ ਜੇ ਨਹੀਂ । ਮਰਾ=ਮੈਨੂੰ । ਗੋਈ=ਦੱਸੀ । ਰਾਸਤ=ਸੱਚ । ਮੁਰਦਨ=ਮਰਨਾ। ਸ਼ਿਤਾਬ=ਛੇਤੀ । ਗਵਾਹਸਤ=ਗਵਾਹ ਹੈ । ਏਜ਼ਦ=ਪ੍ਰਮਾਤਮਾ ।

***ਅਰਥ***—ਜੇ ਤੂੰ ਮੈਨੂੰ ਇਹ ਗੱਲ ਸੱਚ ਨਾ ਦੱਸੀ। ਫਿਰ ਤੇਰੀ ਮੌਤ ਛੇਤੀ ਹੈ, ਇਸ ਵਿਚ ਪ੍ਰਮਾਤਮਾ ਗਵਾਹ ਹੈ ।੮੩।

**ਸ਼ਾਹਨਸ਼ਾਹ ਪਿਸਰੇਮ ਮਾਯਿੰਦਰਾਂ ॥**
**ਕਿ ਦੁਖ਼ਤਰ ਵਜ਼ੀਰ ਅਸਤ ਈਂ ਨਉ ਜਵਾਂ ॥੮੪॥**

***ਪਦ ਅਰਥ***—ਪਿਸਰੇਮ=ਮੈਂ ਪੁੱਤਰ ਹਾਂ । ਦੁਖ਼ਤਰ=ਲੜਕੀ । ਅਸਤ=ਹੈ । ਈਂ=ਇਹ ।

***ਅਰਥ***—ਮਾਯਿੰਦਰਾਂ ਦੇਸ ਦੇ ਬਾਦਸ਼ਾਹ ਦਾ ਮੈਂ ਪੁੱਤਰ ਹਾਂ। ਇਹ ਨੌਜਵਾਨ ਵਜ਼ੀਰ ਦੀ ਲੜਕੀ ਹੈ।੮੪।

**ਹਕੀਕਤ ਬਿਗੁਫ਼ਤਸ਼ ਜ਼ ਪੇਸ਼ੀਨਹ ਹਾਲ ॥**
**ਕਿ ਬਰ ਵੈ ਚੁ ਬਿਗੁਜ਼ਸ਼ਤ ਚੰਦੀਂ ਜ਼ਵਾਲ ॥੮੫॥**

***ਪਦ ਅਰਥ***—ਹਕੀਕਤ=ਬ੍ਰਿਤਾਂਤ । ਬਿਗੁਫ਼ਤਸ਼=ਕਿਹਾ ਉਸ ਨੂੰ । ਪੇਸ਼ੀਨਹ=ਪਹਿਲੇ ਵਾਲਾ । ਬਰ ਵੈ=ਉਸ ਦੇ ਉੱਤੇ । ਗੁਜ਼ਸ਼ਤ=ਗੁਜ਼ਰ ਚੁੱਕਾ ਸੀ । ਚੰਦੀਂ=ਇਹਨਾਂ । ਜ਼ਵਾਲ=ਦੁੱਖ । ਚੋ=ਕਿਸ ਤਰ੍ਹਾਂ।

***ਅਰਥ***—ਜੋ ਪਹਿਲੇ ਵਾਲਾ ਬ੍ਰਿਤਾਂਤ ਸੀ, ਉਸ ਨੇ ਕਹਿ ਦਿੱਤਾ । ਉਸ ਉੱਤੇ ਜੋ ਭੀ ਦੁੱਖ ਗੁਜ਼ਰ ਚੁੱਕਾ ਸੀ, ਉਹ ਭੀ ਦੱਸਿਆ ।੮੫।

**ਬ ਮੇਹਰਸ਼ ਦਰਾਮਦ ਬਿਗੁਫ਼ਤ ਅਜ਼ ਜ਼ਬਾਂ ॥**
**ਮਰਾ ਖ਼ਾਨਾ ਗਾਹੇ ਜ਼ ਖ਼ੁਦ ਖਾਨਹ ਦਾਂ ॥੮੬॥**

***ਪਦ ਅਰਥ***—ਮੇਹਰ=ਪਿਆਰ । ਬ=ਵਿਚ । ਸ਼=ਉਸ । ਬਿਗੁਫ਼ਤ=ਕਿਹਾ । ਮਰਾ=ਮੇਰਾ । ਖ਼ਾਨਾ ਗਾਹੇ=ਘਰ, ਮਕਾਨ । ਖਾਨਹ=ਘਰ ਦਾ । ਦਾਂ=ਜਾਣੋ ।

***ਅਰਥ***—ਉਸ ਦੇ (ਮਨ ਵਿਚ) ਪਿਆਰ ਆ ਗਿਆ ਤੇ ਜ਼ਬਾਨ ਤੋਂ ਕਿਹਾ । ਜੋ ਭੀ ਮੇਰਾ ਘਰ ਮਕਾਨ ਹੈ, ਉਸ ਨੂੰ ਤੂੰ ਆਪਣਾ ਹੀ ਘਰ ਜਾਣ ਲੈ ।੮੬।

**ਵਜ਼ਾਰਤ ਖੁਦਸ਼ ਰਾ ਤੁਰਾ ਮੇ ਦਿਹਮ ॥**
**ਕੁਲਾਹੇ ਮੁਮਾਲਿਕ ਤੁ ਬਰ ਸਰ ਨਿਹਮ ॥੮੭॥**

**ਪਦ ਅਰਥ**—ਵਜ਼ਾਰਤ=ਵਜ਼ੀਰੀ। ਖੁਦਸ਼=ਆਪਣੀ। ਮੇ ਦਿਹਮ=ਦਿੰਦਾ ਹਾਂ। ਕੁਲਾਹ=ਤਾਜ, ਛਤ੍ਰ। ਮੁਮਾਲਿਕ=ਬਹੁਤੇ ਦੇਸ। ਤੁ=ਤੇਰੇ। ਬਰ ਸਰ=ਸਿਰ ਉੱਤੇ। ਨਿਹਮ=ਰੱਖਦਾ ਹਾਂ।

**ਅਰਥ**—ਆਪਣੀ ਵਜ਼ੀਰੀ ਮੈਂ ਤੈਨੂੰ ਦੇਂਦਾ ਹਾਂ ਅਤੇ ਬਹੁਤ ਸਾਰੇ ਮੁਲਕਾਂ ਦਾ ਛਤਰ ਤੇਰੇ ਸਿਰ ਉੱਤੇ ਰੱਖਦਾ ਹਾਂ।੮੭।

**ਬਿਗੁਫ਼ਤੰਦ ਈਂ ਰਾ ਓ ਕਰਦੰਦ ਵਜ਼ੀਰ॥**
**ਕਿ ਨਾਮੇ ਵਜ਼ਾਂ ਬੂਦ ਰੌਸ਼ਨ ਜ਼ਮੀਰ॥੮੮॥**

**ਪਦ ਅਰਥ**—ਬਿਗੁਫ਼ਤੰਦ=ਕਿਹਾ। ਈਂ ਰਾ=ਇਸ ਤਾਈਂ। ਕਰਦੰਦ=ਕੀਤਾ।

**ਅਰਥ**—ਇਹ ਗੱਲ ਆਖੀ ਤੇ ਉਸ ਨੂੰ ਵਜ਼ੀਰ ਬਣਾ ਦਿੱਤਾ। ਜਿਸ ਦਾ ਨਾਮ 'ਰੌਸ਼ਨ ਜ਼ਮੀਰ' ਸੀ।੮੮।

**ਬ ਹਰ ਜਾ ਕਿ ਦੁਸ਼ਮਨ ਸ਼ਨਾਸਦ ਅਜ਼ੀਮ॥**
**ਦਵੀਦੰਦ ਬਰ ਵੈ ਬ ਹੁਕਮਿ ਕਰੀਮ॥੮੯॥**

**ਪਦ ਅਰਥ**—ਬ ਹਰ ਜਾ=ਜਿਥੇ ਕਿਥੇ। ਕਿ=ਜੋ। ਸ਼ਨਾਸਦ=ਜਾਣਿਆ। ਅਜ਼ੀਮ=ਵੱਡਾ। ਦਵੀਦੰਦ=ਦੌੜਿਆ। ਬਰ ਵੈ=ਉਸ ਉੱਤੇ। ਕਰੀਮ=ਕ੍ਰਿਪਾਲੂ, ਪ੍ਰਮਾਤਮਾ।

**ਅਰਥ**—ਜਿਥੇ ਕਿਥੇ ਭੀ ਵੱਡਾ ਦੁਸ਼ਮਨ ਜਾਣ ਲਿਆ। ਪ੍ਰਮਾਤਮਾ ਦੇ ਹੁਕਮ ਨਾਲ ਉਸ ਉੱਤੇ ਹੱਲਾ ਕਰਕੇ ਜਾ ਪਿਆ।੮੯।

**ਕਿ ਖ਼ੂਨਸ਼ ਬਰੇਜ਼ੀਦ ਵ ਕਰਦੰਦ ਜ਼ੇਰ॥**
**ਦਿਗਰ ਜਾ ਸ਼ੁਨੀਦੇ ਦਵੀਦੇ ਦਲੇਰ॥੯੦॥**

**ਪਦ ਅਰਥ**—ਖ਼ੂਨਸ਼=ਲਹੂ ਉਸ। ਬਰੇਜ਼ੀਦ=ਡੋਲ੍ਹਿਆ। ਕਰਦੰਦ=ਕਰ ਲਿਆ। ਜ਼ੇਰ=ਅਧੀਨ। ਸ਼ੁਨੀਦੇ=ਸੁਣਿਆ। ਦਵੀਦੇ=ਦੌੜਿਆ।

**ਅਰਥ**—ਉਸ ਨੇ ਲਹੂ ਡੋਲ੍ਹਿਆ ਤੇ (ਵੈਰੀ ਨੂੰ) ਅਧੀਨ ਕਰ ਲਿਆ। ਦੂਜੀ ਜਗ੍ਹਾ ਤੇ ਸੁਣਿਆ (ਤਾਂ) ਦਲੇਰ (ਹੋ ਕੇ ਉਥੇ ਭੀ) ਧਾਵਾ ਕਰ ਦਿੱਤਾ।੯੦।

**ਬ ਹਰ ਜਾ ਕਿ ਤਰਕਸ਼ ਬਰੇਜ਼ੀਦ ਤੀਰ॥**
**ਕਿ ਕੁਸ਼ਤੇ ਅਦੂ ਰਾ ਬਿ ਕਰਦੇ ਅਸੀਰ॥੯੧॥**

**ਪਦ ਅਰਥ**—ਬ ਹਰ ਜਾ=ਜਿਥੇ ਕਿਥੇ। ਤਰਕਸ਼=ਭੱਥਾ। ਬਰੇਜ਼ੀਦ=ਸੁੱਟਿਆ। ਕੁਸ਼ਤੇ=ਮਾਰ ਦਿੱਤਾ। ਅਦੂ=ਵੈਰੀ। ਅਸੀਰ=ਕੈਦ।

**ਅਰਥ**—ਜਿਥੇ ਕਿਥੇ ਭੱਥੇ ਵਿਚੋਂ ਤੀਰ ਸੁੱਟਦਾ ਭਾਵ ਚਲਦਾ ਸੀ, ਉਥੇ ਹੀ ਵੈਰੀ ਨੂੰ ਮਾਰ ਸੁੱਟਦਾ ਸੀ ਜਾਂ ਕੈਦ ਕਰ ਲੈਂਦਾ ਸੀ।੯੧।

**ਬ ਮੁੱਦਤ ਯਕੇ ਸਾਲ ਤਾ ਚਾਰ ਮਾਹ॥**
**ਦਰਖਸ਼ਿੰਦਹ ਆਮਦ ਚੁ ਰਖਸ਼ਿੰਦਹ ਮਾਹ॥੯੨॥**

**ਪਦ ਅਰਥ**—ਮੁੱਦਤ=ਸਮਾਂ । ਮਾਹ=ਮਹੀਨੇ । ਸਾਲ=ਵਰ੍ਹਾ । ਦਰਖ਼ਸ਼ਿੰਦਹ=ਚਮਕੀਲਾ । ਚੁ=ਵਾਂਗੂ। ਰਖ਼ਸ਼ਿੰਦਹ=ਚਮਕਣ ਵਾਲਾ । ਮਾਹ=ਚੰਦਰਮਾ ।

**ਅਰਥ**—ਇਕ ਵਰ੍ਹਾ ਤੇ ਚਾਰ ਮਹੀਨੇ ਦੇ ਸਮੇਂ ਵਿਚ ਹੀ ਚਮਕਣ ਵਾਲੇ ਚੰਦਰਮਾ ਵਾਂਗੂ ਚਮਕ ਪਿਆ । ਭਾਵ-ਪੂਰਨਮਾਸ਼ੀ ਦੇ ਚੰਦਰਮਾ ਵਾਂਗੂ ਸਾਰੇ ਦੇਸ ਵਿਚ ਮਸ਼ਹੂਰ ਹੋ ਗਿਆ ।੯੨।

**ਬ ਦੋਜ਼ੰਦ ਦੁਸ਼ਮਨ ਬ ਸੋਜ਼ੰਦ ਤਨ ॥**
**ਬ ਯਾਦ ਆਮਦਸ਼ ਰੋਜ਼ਗਾਰਿ ਕੁਹਨ ॥੯੩॥**

**ਪਦ ਅਰਥ**—ਦੋਜ਼ੰਦ=ਪਰੋਂਦਾ ਸੀ । ਸੋਜ਼ੰਦ=ਸਾੜਦਾ ਸੀ । ਬ ਯਾਦ=ਚੇਤੇ ਵਿਚ । ਆਮਦਸ਼=ਆ ਗਿਆ ਉਹ । ਰੋਜ਼ਗਾਰਿ=ਸਮਾਂ । ਕੁਹਨ=ਪੁਰਾਣਾ ।

**ਅਰਥ**—ਵੈਰੀਆਂ ਨੂੰ ਤੀਰਾਂ ਵਿਚ ਪਰੋਂਦਾ ਸੀ, ਉਨ੍ਹਾਂ ਦੇ ਸਰੀਰ ਨੂੰ ਅੱਗ ਨਾਲ ਸਾੜਦਾ ਸੀ। ਉਸ ਨੂੰ ਪੁਰਾਣਾ ਸਮਾਂ ਯਾਦ ਆ ਗਿਆ ।੯੩।

**ਬਿ ਗੁਫ਼ਤਸ਼ ਯਕੇ ਰੋਜ਼ ਦੁਖ਼ਤਰ ਵਜ਼ੀਰ ॥**
**ਕਿ ਐ ਸ਼ਾਹਿ ਸ਼ਾਹਾਨ ਰੌਸ਼ਨ ਜ਼ਮੀਰ ॥੯੪॥**

**ਅਰਥ**—ਇਕ ਦਿਨ ਵਜ਼ੀਰ ਦੀ ਲੜਕੀ ਨੇ ਉਸ ਨੂੰ ਕਿਹਾ, ਜੋ ਹੇ ਰਾਜਿਆਂ ਦੇ ਰਾਜੇ! ਰੌਸ਼ਨ ਜ਼ਮੀਰ ।੯੪।

**ਬ ਯਕ ਬਾਰ ਮੁਲਕ ਤ ਫਰਾਮੋਸ਼ ਗਸ਼ਤ ॥**
**ਕਿ ਅਜ਼ ਮਸਤ ਮਸਤੀ ਹਮਹ ਹੋਸ਼ ਗਸ਼ਤ ॥੯੫॥**

**ਪਦ ਅਰਥ**—ਬ ਯਕ ਬਾਰ=ਇਕੋ ਵੇਰੀ ਹੀ । ਮੁਲਕ=ਦੇਸ । ਤ=ਤੈਨੂੰ । ਫਰਾਮੋਸ਼ ਗਸ਼ਤ=ਭੁੱਲ ਗਿਆ । ਅਜ਼=ਨਾਲ । ਹਮਹ=ਸਾਰੀ । ਗਸ਼ਤ=ਚਲੀ ਗਈ ।

**ਅਰਥ**—ਤੈਨੂੰ ਇਕੋ ਵੇਰ ਹੀ ਦੇਸ ਭੁੱਲ ਗਿਆ ਹੈ ? ਜੋ ਇਸ ਮਸਤੀ ਨਾਲ (ਐਸਾ) ਮਸਤ ਹੋਇਆ ਹੈਂ ਜੋ ਤੇਰੀ ਸਾਰੀ ਸੁਰਤ ਚਲੀ ਗਈ ਹੈ ।੯੫। [ਦ: ਗ੍ਰੰ: ਪੰਨਾ ੧੪੨੧

**ਤੁ ਆਂ ਮੁਲਕ ਪੇਸ਼ੀਨਹ ਰਾ ਯਾਦ ਕੁਨ ॥**
**ਕਿ ਸ਼ਹਿਰ ਪਿਦਰ ਰਾ ਤੋ ਆਬਾਦ ਕੁਨ ॥੯੬॥**

**ਪਦ ਅਰਥ**—ਆਂ=ਉਸ । ਪੇਸ਼ੀਨਹ=ਪਹਿਲੇ । ਰਾ=ਨੂੰ । ਪਿਦਰ=ਪਿਤਾ । ਕੁਨ=ਕਰ ।

**ਅਰਥ**—ਤੂੰ ਉਸ ਪਹਿਲੇ ਦੇਸ ਨੂੰ ਯਾਦ ਕਰ । ਜੋ ਤੇਰੇ ਪਿਤਾ ਦਾ ਸ਼ਹਿਰ ਹੈ, (ਉਸ ਨੂੰ ਤੂੰ) ਮੁੜ ਕੇ ਆਬਾਦ ਕਰ ।੯੬।

**ਨਿਗਾਹ ਦਾਸ਼ਤ ਅਜ਼ ਫ਼ੌਜ ਲਸ਼ਕਰ ਤਮਾਮ ॥**
**ਬਸੇ ਗੰਜ ਬਖਸ਼ੀਦ ਬਰ ਵੈ ਮੁਦਾਮ ॥੯੭॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਨਿਗਾਹ ਦਾਸ਼ਤ=ਨਜ਼ਰ ਵਿਚ ਰੱਖਿਆ। ਬਸੇ=ਬਹੁਤ। ਗੰਜ=ਖ਼ਜ਼ਾਨਾ। ਬਖਸ਼ੀਦ=ਵੰਡ ਦਿੱਤੇ। ਬਰ ਵੈ=ਉਨ੍ਹਾਂ ਉੱਤੇ। ਮੁਦਾਮ=ਸਦਾ ਹੀ।

***ਅਰਥ***—ਸਾਰੀ ਫ਼ੌਜ ਤੇ ਲਸ਼ਕਰ ਵੱਲ ਧਿਆਨ ਰੱਖਿਆ ਹੋਇਆ ਸੀ। ਸਦਾ ਹੀ ਉਨ੍ਹਾਂ ਵਿਚ ਬਹੁਤ ਸਾਰੇ ਖ਼ਜ਼ਾਨੇ ਵੰਡਦਾ ਰਹਿੰਦਾ ਸੀ।੯੭।

**ਯਕੇ ਲਸ਼ਕਰ ਆਰਾਸਤ ਚੂੰ ਨੌ ਬਹਾਰ॥**
**ਜ਼ਿ ਖ਼ੰਜਰ ਵ ਗੁਰਜੋ ਵ ਬਖ਼ਤਰ ਹਜ਼ਾਰ॥੯੮॥**

***ਪਦ ਅਰਥ***—ਆਰਾਸਤ=ਹਰ ਤਰ੍ਹਾਂ ਤਿਆਰ ਕੀਤੀ। ਨੌ ਬਹਾਰ=ਬਸੰਤ ਰੁੱਤ। ਖ਼ੰਜਰ=ਕਟਾਰਾਂ। ਬਖ਼ਤਰ=ਸੰਜੋਆਂ।

***ਅਰਥ***—ਬਸੰਤ ਰੁੱਤ ਵਾਂਗੂ ਇਕ ਫ਼ੌਜ ਨੂੰ ਹਰ ਤਰ੍ਹਾਂ ਨਾਲ ਤਿਆਰ ਕੀਤਾ ਭਾਵ ਨੌਜੁਆਨ ਸੂਰਮੇ ਤਿਆਰ ਕੀਤੇ, ਜੋ ਹਜ਼ਾਰਾਂ ਹੀ ਕਟਾਰਾਂ, ਗੁਰਜ ਤੇ ਸੰਜੋਆਂ ਨਾਲ ਸਜੇ ਹੋਏ ਸਨ।੯੮।

**ਜ਼ਿਰਹ ਖ਼ੋਦ ਖ਼ਫ਼ਤਾਨ ਬਰਗਸਤਵਾਂ॥**
**ਜ਼ਿ ਸ਼ਮਸ਼ੇਰ ਹਿੰਦੀ ਗਿਰਾਂ ਤਾ ਗਿਰਾਂ॥੯੯॥**

***ਪਦ ਅਰਥ***—ਜ਼ਿਰਹ=ਜਾਲੀਦਾਰ ਸੰਜੋਆਂ। ਖ਼ੋਦ=ਸਿਰ ਟੋਪ। ਖ਼ਫ਼ਤਾਨ=ਚਿਲਤੇ। ਬਰਗਸਤਵਾਂ=ਘੋੜਿਆਂ ਤੇ ਪਾਖਰ। ਹਿੰਦੀ=ਹਿੰਦੁਸਤਾਨੀ। ਸ਼ਮਸ਼ੇਰ=ਤਲਵਾਰ। ਗਿਰਾਂ=ਵੱਡੇ ਮੁੱਲ ਦੀਆਂ, ਭਾਰੀਆਂ।

***ਅਰਥ***—ਸੰਜੋਆਂ, ਟੋਪ, ਚਿਲਤੇ ਤੇ ਘੋੜਿਆਂ ਦੇ ਪਾਖਰ ਅਤੇ ਹਿੰਦੁਸਤਾਨੀ ਤਲਵਾਰਾਂ ਜੋ ਬਹੁਤੇ ਮੁੱਲ ਵਾਲੀਆਂ ਅਤੇ ਭਾਰੀ ਵਜ਼ਨ ਵਾਲੀਆਂ ਸਨ।੯੯।

**ਜ਼ਿ ਬੰਦੂਕ ਮਸ਼ਹਦ ਵ ਚੀਨੀ ਕਮਾਂ॥**
**ਜ਼ਿਰਹ ਰੂਮ ਸ਼ਮਸ਼ੇਰਿ ਹਿੰਦੋਸਤਾਂ॥੧੦੦॥**

***ਅਰਥ***—ਮਸ਼ਹਦ ਦੀਆਂ ਬੰਦੂਕਾਂ, ਚੀਨ ਦੀਆਂ ਕਮਾਨਾਂ ਭਾਵ ਧਨੁੱਖਾਂ, ਰੂਮ ਦੇਸ ਦੀਆਂ ਸੰਜੋਆਂ ਤੇ ਹਿੰਦੁਸਤਾਨ ਦੀਆਂ ਤਲਵਾਰਾਂ।੧੦੦।

**ਚਿ ਅਜ਼ ਤਾਜੀ ਅਸਪਾਨ ਪੌਲਾਦ ਨਾਲ॥**
**ਹਮਹ ਪਿੰਦਹ ਫ਼ੀਲਾਨ ਅਜ਼ ਸ਼ਬ ਮਿਸਾਲ॥੧੦੧॥**

***ਪਦ ਅਰਥ***—ਚਿ=ਕੀ। ਅਜ਼=ਤੋਂ। ਤਾਜੀ=ਅਰਬ ਦੇਸ ਦੇ ਘੋੜੇ। ਅਸਪਾਨ=ਹੋਰਨਾਂ ਦੇਸਾਂ ਦੇ ਘੋੜੇ। ਪੌਲਾਦ ਨਾਲ=ਅਸਪਾਤੀ ਖੁਰੀਆਂ। ਹਮਹ=ਸਾਰੇ। ਪਿੰਦਹ=ਮਤਵਾਲੇ। ਫ਼ੀਲਾਨ=ਹਾਥੀ। ਸ਼ਬ ਮਿਸਾਲ=ਰਾਤ ਵਰਗੇ ਕਾਲੇ।

***ਅਰਥ***—ਕੀ ਅਰਬੀ ਘੋੜੇ ਤੇ ਹੋਰਨਾਂ ਦੇਸਾਂ ਦੇ ਘੋੜੇ (ਜੋ) ਲੋਹੇ ਦੀਆਂ ਖੁਰੀਆਂ ਵਾਲੇ ਸਨ। ਸਾਰੇ ਹੀ ਮਸਤੇ ਹੋਏ ਹਾਥੀ (ਜੋ) ਰਾਤ ਵਾਂਗੂ ਕਾਲੇ ਰੰਗ ਦੇ ਸਨ।੧੦੧।

**ਹਮਹ ਸ਼ੇਰ ਮਰਦਨੋ ਜ਼ੋਰਾਵਰਾਂ ॥**
**ਕਿ ਸ਼ੇਰ ਅਫ਼ਗਨਾਂ ਰਾ ਬ ਸਫ਼ ਅਫ਼ਗਨਾਂ ॥੧੦੨॥**

***ਪਦ ਅਰਥ***—ਹਮਹ=ਸਾਰੇ । ਸ਼ੇਰ ਮਰਦਨੋ=ਬਹਾਦਰ ਯੋਧੇ । ਜ਼ੋਰ ਆਵਰਾਂ=ਮਹਾਂ ਬਲ ਵਾਲੇ । ਸ਼ੇਰ ਅਫ਼ਗਨੋ=ਸ਼ੇਰਾਂ ਨੂੰ ਮਾਰਨ ਵਾਲਿਆਂ । ਬ ਸਫ਼=ਕਤਾਰ ਦੀ ਕਤਾਰ । ਅਫ਼ਗਨਾਂ=ਮਾਰਨ ਵਾਲੇ ।

***ਅਰਥ***—ਸਾਰੇ ਹੀ ਬਹਾਦਰ ਯੋਧੇ ਇਸ ਤਰ੍ਹਾਂ ਦੇ ਮਹਾਂ ਬਲਵਾਨ ਸਨ । ਜੋ ਸ਼ੇਰਾਂ ਨੂੰ ਮਾਰਨ ਵਾਲੇ ਸੂਰਮਿਆਂ ਦੀ ਕਤਾਰ ਦੀ ਕਤਾਰ ਨੂੰ ਡੇਗਣ ਵਾਲੇ ਸਨ ।੧੦੨।

**ਬ ਰਜ਼ਮ ਅੰਦਰੂੰ ਹਮਚੁ ਪੀਲ ਅਫ਼ਗਨ ਅਸਤ ॥**
**ਬ ਬਜ਼ਮ ਅੰਦਰੂੰ ਚਰਬ ਚਾਲਾਕ ਦਸਤ ॥੧੦੩॥**

***ਪਦ ਅਰਥ***—ਬ=ਵਿਚ । ਰਜ਼ਮ=ਲੜਾਈ । ਹਮਚੁ=ਅਜੇਹਾ । ਪੀਲ ਅਫ਼ਗਨ=ਹਾਥੀ ਨੂੰ ਢਾਹੁਣ ਵਾਲਾ । ਅਸਤ=ਹੈਸੀ । ਬਜ਼ਮ=ਸਭਾ । ਚਰਬ=ਮਿੱਠਾ ਬੋਲਣ ਵਾਲਾ । ਚਾਲਾਕ ਦਸਤ=ਫੁਰਤੀਲਾ ਹੱਥ।

***ਅਰਥ***—ਜੋ ਜੰਗ ਵਿਚ ਹਾਥੀ ਨੂੰ ਢਾਹ ਲੈਣ ਵਾਲਾ ਅਜੇਹਾ ਸੂਰਮਾ ਸੀ । ਸਭਾ ਵਿਚ ਮਿੱਠਾ ਬੋਲਣ ਵਾਲਾ ਤੇ ਹੱਥਾਂ ਦਾ ਫੁਰਤੀਲਾ ਸੀ ।੧੦੩।

**ਨਿਸ਼ਾਂ ਮੇ ਦਿਹਦ ਨੇਜ਼ਹ ਰਾ ਨੋਕ ਖ਼ੂੰ ॥**
**ਕਸ਼ੀਦੰਦ ਅਜ਼ ਤੇਗ ਜ਼ਹਰ ਆਬ ਗੂੰ ॥੧੦੪॥**

***ਪਦ ਅਰਥ***—ਨਿਸ਼ਾਂ=ਨਿਸ਼ਾਨ, ਚਿੰਨ੍ਹ । ਮੇ ਦਿਹਦ=ਦੇਂਦੀ ਕੀ । ਨੇਜ਼ਹ ਰਾ ਨੋਕ=ਨੇਜ਼ੇ ਦੀ ਨੋਕ। ਖ਼ੂੰ=ਲਹੂ । ਕਸ਼ੀਦੰਦ=ਖਿੱਚੀਆਂ । ਜ਼ਹਰ=ਬਿਖ । ਆਬ ਗੂੰ=ਪਾਨ ਦਿੱਤੀ ਹੋਈ ।

***ਅਰਥ***—ਨੇਜ਼ੇ ਦੀ ਨੋਕ ਦਾ ਲਹੂ ਪਤਾ ਦੇਂਦੀ ਸੀ, ਅਤੇ ਖਿੱਚੀਆਂ ਹੋਈਆਂ ਤਲਵਾਰਾਂ ਨੂੰ ਜ਼ਹਿਰ ਦੀ ਪਾਨ ਚੜ੍ਹੀ ਹੋਈ ਸੀ ।੧੦੪।

**ਯਕੇ ਫ਼ੌਜ ਆਰਾਸਤਹ ਹਮਚੁ ਕੋਹ ॥**
**ਜਵਾਨਾਨਿ ਸ਼ਾਇਸਤਹ ਏ ਯਕ ਗਰੋਹ ॥੧੦੫॥**

***ਪਦ ਅਰਥ***—ਆਰਾਸਤਹ=ਤਿਆਰ ਕੀਤੀ । ਹਮਚੁ=ਵਾਂਗੂੰ । ਕੋਹ=ਪਹਾੜ । ਸ਼ਾਇਸਤਹ=ਸਜੀਲੇ। ਗਰੋਹ=ਜਥਾ ।

***ਅਰਥ***—ਪਹਾੜ ਦੇ ਸਮਾਨ ਇਕੋ ਸੈਨਾ ਤਿਆਰ ਕੀਤੀ । ਬੜੇ ਸਜੀਲੇ ਜੁਆਨਾਂ ਦਾ ਇਕ ਜਥਾ ਤਿਆਰ ਕੀਤਾ ।੧੦੫।

**ਬਿ ਪੋਸ਼ੀਦ ਦਸਤਾਰ ਦੁਖਤਰ ਵਜ਼ੀਰ ॥**
**ਬਿ ਬਸਤੰਦ ਸ਼ਮਸ਼ੇਰ ਜੁਸਤੰਦ ਤੀਰ ॥੧੦੬॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਪੋਸ਼ੀਦ=ਪਹਿਨੀ। ਦਸਤਾਰ=ਪੱਗ। ਦੁਖਤਰ=ਬੇਟੀ। ਬਸਤੰਦ=ਬੰਨ੍ਹ ਲਈ। ਜੁਸਤੰਦ=ਭਰਿਆ।

**ਅਰਥ**—ਵਜ਼ੀਰ ਦੀ ਲੜਕੀ ਨੇ ਸਿਰ ਉੱਤੇ ਪੱਗ ਪਹਿਨੀ ਭਾਵ ਬੰਨ੍ਹ ਲਈ। ਤਲਵਾਰ ਬੰਨ੍ਹ ਲਈ ਅਤੇ ਤੀਰਾਂ ਨੂੰ (ਭੱਥੇ ਵਿਚ) ਭਰ ਲਿਆ।੧੦੬।

**ਬ ਸਰਦਾਰੀ ਏ ਕਦਰਹ ਪੇਸ਼ੀਨਹ ਫ਼ੌਜ॥**
**ਰਵਾਂ ਕਰਦ ਲਸ਼ਕਰ ਚੁ ਦਰਿਆਇ ਮੌਜ॥੧੦੭॥**

**ਪਦ ਅਰਥ**—ਸਰਦਾਰੀ=ਜਥੇਦਾਰੀ। ਪੇਸ਼ੀਨਹ=ਅੱਗੇ ਵਾਲੀ। ਰਵਾਂ ਕਰਦ=ਤੋਰ ਦਿੱਤੀ। ਮੌਜ=ਲਹਿਰਾਂ।

**ਅਰਥ**—ਅੱਗੇ ਵਾਲੀ ਫ਼ੌਜ ਦੀ ਸਰਦਾਰੀ ਕਰਦੀ ਹੋਈ ਦਰਿਆ ਦੀਆਂ ਲਹਿਰਾਂ ਵਾਂਗੂ ਫ਼ੌਜ ਤੋਰ ਦਿੱਤੀ।੧੦੭।

**ਯਕੇ ਗੋਲ ਬਸਤਹ ਚੁ ਅਬਰਿ ਸਿਆਹ॥**
**ਬਿ ਲਰਜ਼ੀਦ ਬੂੰਮ ੳ ਬਿ ਲਰਜ਼ੀਦ ਮਾਹ॥੧੦੮॥**

**ਪਦ ਅਰਥ**—ਗੋਲ=ਇਕੱਠ, ਇੱਜੜ। ਬਸਤਹ=ਬੰਨ੍ਹਿਆ, ਕੱਠਾ ਕੀਤਾ। ਅਬਰਿ=ਬੱਦਲ ਦੀ। ਸਿਆਹ=ਕਾਲੀ। ਲਰਜ਼ੀਦ=ਕੰਬ ਗਈ। ਬੂੰਮ=ਧਰਤੀ। ਤ੍ਰਸੀਦ=ਡੋਲ ਗਿਆ। ਮਾਹ=ਚੰਦਰਮਾ।

**ਅਰਥ**—ਬੱਦਲ ਦੀ ਕਾਲੀ ਘਟਾ ਵਾਂਗੂ ਇਕ ਜੱਥਾ ਬਣਾ ਕੇ ਤੋਰ ਦਿੱਤਾ। ਧਰਤੀ ਕੰਬ ਗਈ ਤੇ ਚੰਦਰਮਾ ਡੋਲ ਗਿਆ।੧੦੮।

**ਬਿਆਵੁਰਦ ਲਸ਼ਕਰ ਚੁ ਵਰ ਵੈ ਹਦੂਦ॥**
**ਸਲਾਹੇ ਦਿਗਰ ਤੀਰ ਤੇ.ਗੋ ਨ ਬੂਦ॥੧੦੯॥**

**ਪਦ ਅਰਥ**—ਬਿਆਵੁਰਦ=ਲਿਆਇਆ। ਲਸ਼ਕਰ=ਫ਼ੌਜ। ਹਦੂਦ=ਹੱਦ। ਸਲਾਹ=ਸ਼ਸਤਰ। ਦਿਗਰ=ਦੂਸਰੀ। ਨ ਬੂਦ=ਨਾ ਹੋਈ।

**ਅਰਥ**—ਜਦ ਫ਼ੌਜ ਨੂੰ ਰਾਜ ਦੀ ਹੱਦ ਉੱਤੇ ਲੈ ਆਇਆ। ਤਦ ਹੋਰ ਤੀਰ, ਤਲਵਾਰਾਂ ਤੇ ਸ਼ਸਤਰਾਂ ਦੀ ਲੋੜ ਹੀ ਨਾ ਹੋਈ।੧੦੯।

**ਬਿ ਆਰਾਸਤ ਲਸ਼ਕਰ ਬਸਾਜ਼ਿ ਤਮਾਮ॥**
**ਹਮਹ ਖੰਜਰੋ ਗੁਰਜ ਗੋਪਾਲ ਨਾਮ॥੧੧੦॥**

**ਪਦ ਅਰਥ**—ਆਰਾਸਤ=ਬਣਾਇਆ। ਬ ਸਾਜ਼ਿ=ਸਾਮਾਨ ਸਮੇਤ। ਹਮਹ=ਸਾਰੇ। ਗੋਪਾਲ=ਗੁਲੇਲਾਂ। ਖੰਜਰੋ=ਕਟਾਰ।

**ਅਰਥ**—ਫ਼ੌਜ ਨੂੰ ਸਾਜ਼-ਸਾਮਾਨ ਨਾਲ (ਤਿਆਰ-ਬਰ-ਤਿਆਰ) ਕੀਤਾ ਹੋਇਆ ਸੀ। ਸਾਰਿਆਂ ਨੇ ਕਟਾਰ, ਗੁਰਜ, ਗੁਲੇਲ ਨਾਮ ਵਾਲੇ ਸ਼ਸਤਰ ਲਏ ਹੋਏ ਸਨ।੧੧੦।

Sri Satguru Jagjit Singh Ji eLibrary NamdhariElibrary@gmail.com

**ਬਿ ਬੁਰਦੰਦ ਅਕਲੀਮ ਤਾਰਾਜ ਸਖ਼ਤ ॥**
**ਬਿ ਬੁਰਦਨ ਸ਼ਹੇ ਬਾਦ ਪਾਯਾਨ ਰਖਤ ॥੧੧੧॥**

***ਪਦ ਅਰਥ***—ਬਿ ਬੁਰਦੰਦ=ਲੈ ਗਏ। ਅਕਲੀਮ=ਦੇਸ। ਤਾਰਾਜ=ਲੁੱਟ। ਸਖ਼ਤ=ਬੁਰੀ ਤਰ੍ਹਾਂ ਨਾਲ। ਸ਼ਹੇ=ਇਕ ਰਾਜਾ। ਬਾਦ=ਹਵਾ। ਪਾਯਾਨ=ਉੱਡਣ ਵਾਲੇ। ਰਖਤ=ਸਾਮਾਨ, ਕੱਪੜੇ।

***ਅਰਥ***—ਅਕਲੀਮ ਦੇਸ ਨੂੰ ਬੁਰੀ ਤਰ੍ਹਾਂ ਲੁੱਟ ਕੇ ਲੈ ਗਏ। ਇਕ ਰਾਜਾ ਹਵਾ ਵਰਗੇ ਉੱਡਣ ਵਾਲੇ ਘੋੜਿਆਂ ਨੂੰ ਤੇ ਹੋਰ ਸਾਮਾਨ ਨੂੰ ਲੈ ਗਿਆ।੧੧੧।

**ਚੁਨਾ ਜੰਗ ਕਰਦੰਦ ਆਂ ਮੁਲਕ ਰਾ ॥**
**ਚੁ ਬਰਗੇ ਦਰਖਤਾਂ ਜ਼ਿ ਬਾਦਿ ਖਿਜ਼ਾਂ ॥੧੧੨॥**

***ਪਦ ਅਰਥ***—ਚੁਨਾ=ਅਜੇਹਾ। ਕਰਦੰਦ=ਕਰਕੇ। ਆਂ=ਉਸ। ਰਾ=ਨੂੰ। ਚੁ=ਜਿਵੇਂ। ਬਰਗੇ=ਪੱਤਿਆਂ। ਬਾਦਿ=ਹਵਾ। ਖਿਜ਼ਾਂ=ਪੱਤਝੜ।

***ਅਰਥ***—ਜੰਗ ਨੇ ਉਸ ਮੁਲਕ ਨੂੰ ਅਜਿਹਾ ਕਰ ਦਿੱਤਾ। ਜਿਵੇਂ ਦਰੱਖ਼ਤਾਂ ਦੇ ਪੱਤਿਆਂ ਨੂੰ ਪੱਤ-ਝੜ ਦੀ ਹਵਾ ਕਰਦੀ ਹੈ।੧੧੨।

**ਬਿ ਕੁਸ਼ਤਨ ਅਦੂ ਰਾ ਕੁਸ਼ਾਇਦ ਬਪੇਸ਼ ॥**
**ਬ ਬੇਰੂੰ ਜ਼ਿ ਮੁਲਕਸ਼ ਹਮਹ ਰੂਏ ਰੇਸ਼ ॥੧੧੩॥**

***ਪਦ ਅਰਥ***—ਕੁਸ਼ਤਨ=ਮਾਰਨਾ। ਅਦੂ=ਵੈਰੀ। ਕੁਸ਼ਾਇਦ=ਖੁਲ੍ਹ ਗਿਆ। ਪੇਸ਼=ਅੱਗੇ ਦਾ ਰਾਹ। ਬੇਰੂੰ=ਬਾਹਰ। ਰੂਏ=ਮੂੰਹ। ਰੇਸ਼=ਛਿੱਲਿਆ ਹੋਇਆ।

***ਅਰਥ***—ਵੈਰੀ ਨੂੰ ਮਾਰਨ ਕਰਕੇ ਅੱਗੇ ਦਾ ਰਾਹ ਖੁਲ੍ਹ ਗਿਆ। ਉਸ ਮੁਲਕ ਤੋਂ ਜੇਹੜੇ ਬਾਹਰ ਸਨ, ਸਾਰਿਆਂ ਦੇ ਚੇਹਰੇ ਛਿੱਲ ਸੁੱਟੇ ਭਾਵ ਸਾਰਿਆਂ ਦੀਆਂ ਦਾੜ੍ਹੀਆਂ, ਮੁੱਛਾਂ ਮੁੰਨ ਦਿੱਤੀਆਂ।੧੧੩।

**ਪਰੀ ਚਿਹਰਹ ਏ ਹਮਚੁ ਸ਼ੇਰਿ ਨਿਯਾਦ ॥**
**ਬਿ ਕੁਸ਼ਤਨ ਅਦੂ ਰਾ ਚਿ ਖੰਜਰ ਕੁਸ਼ਾਦ ॥੧੧੪॥**

***ਪਦ ਅਰਥ***—ਪਰੀ ਚਿਹਰਹ=ਪਰੀ ਵਰਗੀ ਸੂਰਤ ਵਾਲੀ। ਹਮਚੁ=ਵਾਂਗੂ। ਨਿਯਾਦ=ਜੋਸ਼। ਕੁਸ਼ਤਨ=ਮਾਰਨ। ਬਿ=ਵਾਸਤੇ। ਖੰਜਰ=ਕਟਾਰ। ਕੁਸ਼ਾਦ=ਸੂਤਿਆ।

***ਅਰਥ***—ਪਰੀ ਵਰਗੇ ਚੇਹਰੇ ਵਾਲੇ ਸੂਰਮੇ ਨੂੰ ਸ਼ੇਰ ਵਰਗਾ ਜੋਸ਼ ਚੜ੍ਹਿਆ ਹੋਇਆ ਸੀ। ਇਸ ਲਈ ਉਸ ਨੇ ਵੈਰੀ ਨੂੰ ਮਾਰਨ ਵਾਸਤੇ ਕਟਾਰ ਨੂੰ ਸੂਤ ਲਿਆ ਭਾਵ-ਵਜ਼ੀਰ ਪੁੱਤਰੀ ਨੇ ਬੜੇ ਭਾਰੇ ਜੋਸ਼ ਨਾਲ ਕਟਾਰ ਮਿਆਨ ਵਿਚੋਂ ਕੱਢ ਲਈ।੧੧੪।

**ਬ ਹਰ ਜਾ ਦਵੀਦੇ ਬਿ ਕੁਸ਼ਤੇ ਅਜ਼ਾਂ ॥**
**ਬ ਹਰ ਜਾ ਰਸੀਦੇ ਬਿ ਬਸਤੇ ਅਜ਼ਾਂ ॥੧੧੫॥**

**ਪਦ ਅਰਥ**—ਹਰ ਜਾ=ਜਿਸ ਥਾਂ 'ਤੇ । ਦਵੀਦੇ=ਧਾਵਾ ਕਰਦੀ । ਕੁਸ਼ਤੇ=ਮਾਰ ਸੁੱਟਦੀ । ਰਸੀਦੇ=ਪਹੁੰਚਦੀ । ਬਸਤੇ=ਬੰਨ੍ਹ ਲੈਂਦੀ । ਅਜ਼ਾਂ=ਉਨ੍ਹਾਂ ਨੂੰ ।

**ਅਰਥ**—ਜਿਸ ਥਾਂ 'ਤੇ ਧਾਵਾ ਕਰਕੇ ਪੈਂਦੀ ਉਸੇ ਨੂੰ ਮਾਰ ਸੁੱਟਦੀ । ਜਿਸ ਥਾਂ 'ਤੇ ਪਹੁੰਚਦੀ ਉਸੇ ਨੂੰ ਬੰਨ੍ਹ ਲੈਂਦੀ ।੧੧੫।

**ਸ਼ੁਨੀਦ ਈਂ ਅਜ਼ਾਂ ਸ਼ਾਹਿ ਮਾਯਿੰਦਰਾਂ ॥**
**ਬ ਤੁੰਦੀ ਦਰਾਮਦ ਬ ਜਾਇ ਹਮਾਂ ॥੧੧੬॥**

**ਪਦ ਅਰਥ**—ਸ਼ੁਨੀਦ=ਸੁਣ ਲਈ । ਈਂ=ਇਹ । ਅਜ਼ਾਂ=ਉਨ੍ਹਾਂ ਦੀ । ਸ਼ਾਹਿ=ਰਾਜੇ । ਬ=ਨਾਲ । ਤੁੰਦੀ=ਗੁੱਸੇ, ਕਰੋਧ । ਜਾਇ=ਜਗ੍ਹਾ । ਹਮਾਂ=ਉਸੇ ।

**ਅਰਥ**—ਉਨ੍ਹਾਂ ਦੀ ਇਹ ਗੱਲ ਮਾਯਿੰਦਰਾਂ ਦੇ ਰਾਜੇ ਨੇ ਸੁਣ ਲਈ । ਗੁੱਸੇ ਨਾਲ ਉਸੇ ਜਗ੍ਹਾ ਉੱਤੇ ਆ ਗਿਆ ।੧੧੬।

**ਬ ਆਰਾਸਤਹ ਫੌਜ ਚੂੰ ਨੌ ਬਹਾਰ ॥**
**ਜ਼ ਤੋਪੇ ਤੁਫੰਗ ਖ਼ੰਜਰਿ ਆਬਦਾਰ ॥੧੧੭॥**

**ਪਦ ਅਰਥ**—ਆਰਾਸਤਹ=ਤਿਆਰ ਕੀਤੀ । ਤੋਪੇ ਤੁਫੰਗ=ਤੋਪ ਤੇ ਬੰਦੂਕ । ਆਬਦਾਰ=ਪਾਨ ਚੜ੍ਹੀ ਵਾਲੇ ।

**ਅਰਥ**—ਬਸੰਤ ਰੁੱਤ ਵਾਂਗੂ ਫ਼ੌਜ ਨੂੰ ਸਿਲਸਿਲੇਵਾਰ ਖੜਾ ਕੀਤਾ । ਜੋ ਤੋਪਾਂ, ਬੰਦੂਕਾਂ ਤੇ ਪਾਨ ਚੜ੍ਹੀ ਵਾਲੀ ਕਟਾਰ ਲਈ ਖੜੀ ਸੀ ।੧੧੭। [ਦ: ਗ੍ਰੰ: ਪੰਨਾ ੧੪੨੨

**ਬਪੇਸ਼ਿ ਸਫ ਆਮਦ ਚੁ ਦਰਿਯਾ ਅਮੀਕ ॥**
**ਜ਼ ਸਰਤਾ ਕਦਮ ਹਮਚੁ ਆਹਨ ਗ਼ਰੀਕ ॥੧੧੮॥**

**ਪਦ ਅਰਥ**—ਬਪੇਸ਼ਿ=ਸਾਹਮਣੇ ਵਾਲੀ । ਸਫ=ਕਤਾਰ । ਆਮਦ=ਆਇਆ । ਚੁ=ਵਾਂਗੂ । ਅਮੀਕ= ਡੂੰਘੀ । ਹਮਚੁ=ਵਾਂਗੂ । ਆਹਨ=ਲੋਹਾ । ਗ਼ਰੀਕ=ਮੜ੍ਹਿਆ ਹੋਇਆ ।

**ਅਰਥ**—ਡੂੰਘੀ ਨਦੀ ਵਾਂਗੂ ਸਾਹਮਣੇ ਵਾਲੀ ਕਤਾਰ ਵਾਲੇ ਆਏ । ਜੋ ਸਿਰ ਤੋਂ ਲੈ ਕੇ ਪੈਰਾਂ ਤੱਕ ਲੋਹੇ ਵਿਚ ਮੜ੍ਹੇ ਹੋਏ ਸਨ ।੧੧੮।

**ਬ ਆਵਾਜ਼ ਤੋਪੋ ਤਮਾਚਹ ਤੁਫ਼ੰਗ ॥**
**ਜ਼ਮੀਂ ਗਸ਼ਤ ਹਮਚੂੰ ਗੁਲੇ ਲਾਲਹ ਰੰਗ ॥੧੧੯॥**

**ਪਦ ਅਰਥ**—ਤਮਾਚਹ=ਰੀਵਾਲਵਰ, ਪਿਸਤੌਲ । ਤੁਫ਼ੰਗ=ਬੰਦੂਕ । ਗਸ਼ਤ=ਹੋ ਗਈ । ਗੁਲੇ=ਫੁੱਲ । ਹਮਚੂੰ=ਵਰਗੀ । ਲਾਲਹ=ਇਕ ਖ਼ਾਸ ਫੁੱਲ ਦਾ ਨਾਮ ਹੈ, ਜੋ ਅਤਿਅੰਤ ਲਾਲ ਹੁੰਦਾ ਹੈ ।

**ਅਰਥ**—ਤੋਪਾਂ, ਪਿਸਤੌਲਾਂ ਤੇ ਬੰਦੂਕਾਂ ਦੀ ਅਵਾਜ਼ ਹੋਣ ਲੱਗ ਪਈ । ਰਣਭੂਮੀ 'ਲਾਲੇ' ਦੇ ਫੁੱਲ ਵਰਗੀ ਲਾਲ ਹੋ ਗਈ ।੧੧੯।

Sri Satguru Jagjit Singh Ji eLibrary NamdhariElibrary@gmail.com

**ਬ ਮੈਦਾਂ ਦਰਾਮਦ ਕਿ ਦੁਖ਼ਤਰ ਵਜ਼ੀਰ ॥**
**ਬ ਯਕ ਦਸਤ ਚੀਨੀ ਕਮਾਂ ਦਸਤ ਤੀਰ ॥੧੨੦॥**

***ਪਦ ਅਰਥ***—ਮੈਦਾਂ=ਰਣਭੂਮੀ । ਦਰਾਮਦ=ਵਿਚ ਆਈ । ਦੁਖ਼ਤਰ=ਲੜਕੀ । ਦਸਤ=ਹੱਥ । ਚੀਨੀ ਕਮਾਂ=ਚੀਨ ਦੇਸ ਦੀ ਬਣੀ ਹੋਈ ਕਮਾਨ ।

***ਅਰਥ***—ਵਜ਼ੀਰ ਦੀ ਲੜਕੀ ਜੰਗ ਦੇ ਮੈਦਾਨ ਵਿਚ ਆਈ । ਇਕ ਹੱਥ ਵਿਚ ਚੀਨ ਦੇਸ ਦੀ ਕਮਾਨ ਤੇ ਦੂਜੇ ਹੱਥ ਵਿਚ ਤੀਰ ਲਿਆ ਹੋਇਆ ਸੀ ।੧੨੦।

**ਬ ਹਰ ਜਾ ਕਿ ਪਰੱਰਾ ਸ਼ਵਦ ਤੀਰਿ ਦਸਤ ॥**
**ਬ ਸਦ ਪਹਿਲੂਏ ਪੀਲ ਮਰਦਾਂ ਗੁਜ਼ਸ਼ਤ ॥੧੨੧॥**

***ਪਦ ਅਰਥ***—ਹਰ ਜਾ ਕਿ=ਜਿਥੇ ਕਿਤੇ । ਪਰੱਰਾ=ਉੱਡਣਾ । ਸ਼ਵਦ=ਹੁੰਦਾ । ਦਸਤ=ਹੱਥ । ਸਦ=ਸੌ । ਪਹਿਲੂਏ=ਪਸਲੀਆਂ । ਪੀਲ-ਹਾਥੀ । ਮਰਦਾਂ=ਸੂਰਮਿਆਂ । ਗੁਜ਼ਸ਼ਤ=ਗੁਜ਼ਰਦੇ ।

***ਅਰਥ***—ਜਿਥੇ ਕਿਤੇ ਹੱਥ ਦਾ ਤੀਰ ਉੱਡਣਾ ਹੁੰਦਾ । ਸੈਂਕੜੇ ਹਾਥੀਆਂ ਤੇ ਮਰਦਾਂ ਦੀਆਂ ਪਸਲੀਆਂ ਵਿਚੋਂ ਗੁਜ਼ਰਦਾ ਭਾਵ ਲੰਘ ਜਾਂਦਾ ਸੀ ।੧੨੧।

**ਚੁਨਾ ਮੌਜ ਖੇਜ਼ਦ ਜ਼ ਦਰਯਾ ਬਸੰਗ ॥**
**ਬਰਖ਼ਸ਼ ਅੰਦਰ ਆਮਦ ਚੁ ਤੇਗੋ ਨਿਹੰਗ ॥੧੨੨॥**

***ਪਦ ਅਰਥ***—ਚੁਨਾ=ਜਿਸ ਤਰ੍ਹਾਂ । ਮੌਜ=ਲਹਿਰਾਂ । ਖੇਜ਼ਦ=ਉੱਛਲਦੀਆਂ । ਜ਼=ਵਿਚ । ਬਸੰਗ=ਪੱਥਰ ਨਾਲ । ਰਖ਼ਸ਼=ਚਮਕਣਾ । ਆਮਦ=ਆਈਆਂ । ਚੁ=ਵਾਂਗੂ । ਨਿਹੰਗ=ਸੂਰਮਾ ।

***ਅਰਥ***—ਜਿਸ ਤਰ੍ਹਾਂ ਦਰਿਆ ਦੀਆਂ ਲਹਿਰਾਂ ਪੱਥਰ ਨਾਲ ਟਕਰਾ ਕੇ ਉੱਛਲਦੀਆਂ ਹਨ । ਸੂਰਮਿਆਂ ਦੀਆਂ ਤਲਵਾਰਾਂ ਉਸੇ ਤਰ੍ਹਾਂ ਚਮਕਣ ਲੱਗੀਆਂ ।੧੨੨।

**ਬ ਤਾਬਸ਼ ਦਰਾਮਦ ਯਕੇ ਤਾਬਨਾਕ ॥**
**ਬ ਰਖ਼ਸ਼ ਅੰਦਰ ਆਮਦ ਯਕੇ ਖ਼ੂੰਨ ਖਾਕ ॥੧੨੩॥**

***ਪਦ ਅਰਥ***—ਤਾਬਸ਼=ਚਮਕ । ਤਾਬਨਾਕ=ਚਮਕੀਲਾ । ਰਖ਼ਸ਼=ਚਮਕ । ਆਮਦ=ਆਇਆ । ਖ਼ੂੰਨ=ਲਹੂ । ਖਾਕ=ਮਿੱਟੀ ।

***ਅਰਥ***—ਇਕ ਚਮਕੀਲਾ (ਖੜਗ) ਚਮਕਣ ਵਿਚ ਆਇਆ । (ਤਾਂ) ਲਹੂ ਤੇ ਮਿੱਟੀ ਇਕੋ (ਰੰਗ) ਵਿਚ ਆ ਕੇ ਚਮਕਣ ਲੱਗੇ ।੧੨੩।

**ਬ ਤਾਬਸ਼ ਦਰਾਮਦ ਹਮਹ ਹਿੰਦ ਤੇਗ਼ ॥**
**ਬਿ ਗੁਰੱਰੀਦ ਲਸ਼ਕਰ ਚੁ ਦਰਯਾਇ ਮੇਗ਼ ॥੧੨੪॥**

***ਪਦ ਅਰਥ***—ਤਾਬਸ਼=ਚਮਕਣਾ । ਹਿੰਦ ਤੇਗ਼=ਹਿੰਦੁਸਤਾਨੀ ਤਲਵਾਰ । ਗੁਰੱਰੀਦ=ਗਰਜਨਾ । ਲਸ਼ਕਰ=ਫ਼ੌਜ, ਦਲ । ਦਰਯਾਇ ਮੇਗ਼=ਹੜ੍ਹ ਵਗਾਉਣ ਵਾਲੇ ਬੱਦਲ ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਹਿੰਦੁਸਤਾਨੀ ਤਲਵਾਰਾਂ ਸਭ ਪਾਸੇ ਚਮਕਣ ਲੱਗ ਪਈਆਂ। ਹੜ੍ਹ ਵਗਾਉਣ ਵਾਲੇ ਬੱਦਲ ਵਾਂਗੂ ਫ਼ੌਜ ਗਰਜਨ ਲੱਗ ਪਈ ।੧੨੪।

**ਬ ਰਖਸ਼ ਅੰਦਰ ਆਮਦ ਬ ਚੀਨੀ ਕਮਾਂ ॥**
**ਬ ਤਾਬ ਆਮਦਸ਼ ਤੇਗ ਹਿੰਦੋਸਤਾਂ ॥੧੨੫॥**

**ਪਦ ਅਰਥ**—ਰਖਸ਼=ਚਮਕ । ਤਾਬ=ਚਮਕ । ਤੇਗ ਹਿੰਦੋਸਤਾਂ=ਹਿੰਦੁਸਤਾਨ ਦੀ ਤਲਵਾਰ ।

**ਅਰਥ**—ਚੀਨੀ ਕਮਾਨ ਚਮਕ ਵਿਚ ਆਈ ਅਤੇ ਹਿੰਦੁਸਤਾਨੀ ਤਲਵਾਰ ਵੀ ਚਮਕ ਵਿਚ ਆਈ। ਭਾਵ-ਵਜ਼ੀਰ ਪੁੱਤਰੀ ਦੇ ਹੱਥ 'ਚ ਚੀਨੀ ਕਮਾਨ ਤੇ ਹਿੰਦੁਸਤਾਨੀ ਤਲਵਾਰ ਨੇ ਚੰਗੇ ਜੌਹਰ ਵਿਖਾਏ ।੧੨੫।

**ਗਰੇਵਹ ਬਰਾਵੁਰਦ ਚੰਦੀ ਕ੍ਰੋਹ ॥**
**ਲਰਜ਼ੀਦ ਦਰਯਾ ਬਿ ਦਰਰੀਦ ਕੋਹ ॥੧੨੬॥**

**ਪਦ ਅਰਥ**—ਗਰੇਵਹ=ਰੌਲਾ । ਬਰਾਵੁਰਦ=ਚੁੱਕਿਆ । ਚੰਦੀ=ਕਈ । ਕ੍ਰੋਹ=ਕੋਹ, ਮੀਲ । ਲਰਜ਼ੀਦ=ਕੰਬ ਗਿਆ । ਦਰਰੀਦ=ਪਾਟ ਗਿਆ । ਕੋਹ=ਪਹਾੜ ।

**ਅਰਥ**—ਫ਼ੌਜਾਂ ਦੇ ਗੱਜਣ ਅਤੇ ਸ਼ਸਤਰਾਂ ਦੇ ਚੱਲਣ ਦਾ ਕਈ ਕੋਹਾਂ ਤੱਕ ਸ਼ੋਰ-ਸ਼ਰਾਬਾ ਹੋਣ ਲੱਗ ਪਿਆ । (ਜਿਸ ਨਾਲ) ਦਰਿਆ ਕੰਬ ਗਿਆ ਅਤੇ ਪਹਾੜ ਪਾਟ ਗਿਆ ।੧੨੬।

**ਬ ਰਖਸ਼ ਅੰਦਰ ਆਮਦ ਜ਼ਮੀਨੋ ਜ਼ਮਾਂ ॥**
**ਬ ਤਾਬਸ਼ ਦਰਾਮਦ ਚੁ ਤੇਗਿ ਯਮਾਂ ॥੧੨੭॥**

**ਪਦ ਅਰਥ**—ਰਖਸ਼=ਚਮਕ । ਜ਼ਮੀਨੋ ਜ਼ਮਾਂ=ਧਰਤੀ ਤੇ ਅਕਾਸ਼ । ਤਾਬਸ਼=ਚਮਕ ।

**ਅਰਥ**—ਉਸ ਵੇਲੇ ਧਰਤੀ ਤੇ ਅਕਾਸ਼ ਭੀ ਚਮਕਣ ਲੱਗ ਪਏ ਜਿਸ ਵੇਲੇ ਯਮਨ ਦੇਸ਼ ਦੀਆਂ ਤਲਵਾਰਾਂ ਵਿਚੋਂ ਚਮਕ ਨਿਕਲੀ ।੧੨੭।

**ਬ ਤੇਜ਼ ਆਮਦ ਓ ਨੇਜ਼ਹ ਏ ਬਾਸਤੀਂ ॥**
**ਬ ਜੁੰਬਸ਼ ਦਰਾਮਦ ਤਨਿ ਨਾਜ਼ਨੀਂ ॥੧੨੮॥**

**ਪਦ ਅਰਥ**—ਤੇਜ਼=ਫੁਰਤੀ । ਨੇਜ਼ਹ=ਬਰਛਾ । ਬਾਸਤੀਂ=ਵਾਂਸ ਵਾਲਾ । ਜੁੰਬਸ਼=ਕ੍ਰੋਧ । ਨਾਜ਼ਨੀਂ=ਪਤਲਾ ਸਰੀਰ।

**ਅਰਥ**—ਉਸ ਵੇਲੇ ਬਾਂਸ ਦੇ ਛੜ ਵਾਲਾ ਬਰਛਾ ਤੇਜ਼ੀ ਨਾਲ ਆਇਆ । ਜਿਸ ਵੇਲੇ ਪਤਲੇ ਸਰੀਰ ਵਾਲੀ ਇਸਤ੍ਰੀ ਦੇ ਤਨ ਵਿਚ ਕ੍ਰੋਧ ਆ ਗਿਆ ।੧੨੮।

**ਬ ਸ਼ੋਰਸ਼ ਦਰਾਮਦ ਨਫ਼ਰਹਾਇ ਕਹਰ ॥**
**ਜ਼ਿ ਤੋਪੋ ਵ ਨੇਜ਼ਹ ਬਿਪੋਸ਼ੀਦ ਦਹਰ ॥੧੨੯॥**

**ਪਦ ਅਰਥ**—ਸ਼ੋਰਸ਼=ਰੌਲਾ ਗੌਲਾ । ਨਫ਼ਰਹਾਇ=ਨੌਕਰ ਲੋਕ, ਖਿਜਮਤਗਾਰ ਸੇਵਕ, ਤਨਖ਼ਾਹਦਾਰ ਫ਼ੌਜੀ । ਕਹਰ=ਕ੍ਰੋਧ । ਬਿਪੋਸ਼ੀਦ=ਲੁਕ ਗਿਆ । ਦਹਰ=ਜਗਤ ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਫ਼ੌਜੀ ਲੋਕਾਂ ਨੇ ਕ੍ਰੋਧ ਵਿਚ ਆ ਕੇ ਰੌਲਾ ਗੌਲਾ ਕਰ ਦਿੱਤਾ। ਜਗਤ ਤੋਪਾਂ ਅਤੇ ਨੇਜ਼ਿਆਂ ਵਿਚ ਲੁਕ ਗਿਆ।੧੨੯।

**ਬ ਜੁੰਬਸ਼ ਦਰਾਮਦ ਕਮਾਨੋ ਕਮੰਦ॥**
**ਦਰਖ਼ਸ਼ਾਂ ਸ਼ੁਦਹ ਤੇਗਿ ਸੀਮਾਬ ਹਿੰਦ॥੧੩੦॥**

**ਪਦ ਅਰਥ**—ਜੁੰਬਸ਼=ਹਿੱਲਣਾ। ਕਮਾਨੋ ਕਮੰਦ=ਫਾਹੀਆਂ। ਦਰਖ਼ਸ਼ਾਂ=ਚਮਕਣਾ। ਸ਼ੁਦਹ=ਹੋਈ। ਸੀਮਾਬ=ਪਾਰਾ। ਹਿੰਦ=ਹਿੰਦੁਸਤਾਨ।

**ਅਰਥ**—ਕਮਾਨਾਂ ਤੇ ਫਾਹੀਆਂ ਜੋਸ਼ ਨਾਲ ਹਿੱਲਣ ਲੱਗ ਪਈਆਂ। ਹਿੰਦੁਸਤਾਨ ਦੀ ਪਾਰੇ ਵਰਗੀ ਚਮਕੀਲੀ ਤਲਵਾਰ ਕਟਾ ਵੱਢ ਕਰਨ ਲੱਗੀ।੧੩੦।

**ਬ ਜੋਸ਼ ਆਮਦਸ਼ ਖੰਜਰ ਖ਼੍ਵਾਰ ਖ਼ੂੰ॥**
**ਜ਼ਬਾਂ ਨੇਜ਼ਹ ਮਾਰਸ਼ ਬਿਰਾਮਦ ਬਿਰੂੰ॥੧੩੧॥**

**ਪਦ ਅਰਥ**—ਬ=ਵਿਚ। ਜੋਸ਼=ਰੋਹ, ਕ੍ਰੋਧ। ਖੰਜਰ=ਕਟਾਰ। ਖ਼੍ਵਾਰ=ਖਾਣ ਵਾਲੀ। ਖ਼ੂੰ=ਲਹੂ। ਜ਼ਬਾਂ=ਜੀਭ। ਨੇਜ਼ਹ=ਬਰਛਾ। ਮਾਰ=ਸੱਪ। ਸ਼=ਉਸ। ਬਰਾਮਦ=ਆਈਆਂ। ਬਿਰੂੰ=ਬਾਹਰ।

**ਅਰਥ**—ਲਹੂ ਪੀਣ ਵਾਲੀ ਕਟਾਰ ਕ੍ਰੋਧ ਵਿਚ ਆਈ। ਸੱਪ ਦੀ ਜੀਭ ਵਰਗਾ ਬਰਛਾ ਭੀ ਬਾਹਰ ਨਿਕਲ ਆਇਆ ਭਾਵ ਜਿਸ ਤਰ੍ਹਾਂ ਸੱਪਾਂ ਦੀਆਂ ਜੀਭਾਂ ਲਾਲ ਹੁੰਦੀਆਂ ਹਨ, ਇਸ ਤਰ੍ਹਾਂ ਨੇਜ਼ਿਆਂ ਦੀਆਂ ਨੋਕਾਂ ਲਹੂ ਨਾਲ ਲਾਲ ਹੋਈਆਂ ਸਰੀਰ ਤੋਂ ਬਾਹਰ ਆਈਆਂ।੧੩੧।

**ਬ ਤਾਬਸ਼ ਦਰਾਮਦ ਤਬਿ ਤਾਬਨਾਕ॥**
**ਯਕੇ ਸੁਰਖ਼ ਗੋਗਿਰਦ ਸ਼ੁਦ ਖ਼ੂੰਨਿ ਖਾਕ॥੧੩੨॥**

**ਪਦ ਅਰਥ**—ਤਾਬਸ਼=ਚਮਕ। ਤਬਿ=ਪ੍ਰਕਾਸ਼, ਚਾਨਣ। ਤਾਬਨਾਕ=ਚਮਕੀਲਾ। ਸੁਰਖ਼=ਲਾਲ। ਗੋਗਿਰਦ=ਗੰਧਕ। ਸ਼ੁਦ=ਹੋ ਗਈ। ਖਾਕ=ਮਿੱਟੀ।

**ਅਰਥ**—ਚਮਕੀਲੇ (ਸ਼ਸਤਰਾਂ ਦਾ) ਪ੍ਰਕਾਸ਼ ਚਮਕਣ ਲੱਗ ਪਿਆ। ਗੰਧਕ ਵਾਂਗੂੰ ਧਰਤੀ ਲਹੂ ਤੇ ਮਿੱਟੀ ਨਾਲ ਲਾਲ ਹੋ ਗਈ।੧੩੨।

**ਦਿਹਾ ਦਿਹ ਦਰਾਮਦ ਜ਼ ਤੀਰੋ ਤੁਫੰਗ॥**
**ਹਯਾ ਹਯ ਦਰਾਮਦ ਨਿਹੰਗੋ ਨਿਹੰਗ॥੧੩੩॥**

**ਪਦ ਅਰਥ**—ਦਿਹਾ ਦਿਹ=ਠਾਹ ਠਾਹ। ਜ਼=ਤੋਂ। ਹਯਾ ਹਯ=ਹਾਇ ਹਾਇ। ਨਿਹੰਗ=ਸੂਰਮੇ।

**ਅਰਥ**—ਤੀਰਾਂ ਤੇ ਬੰਦੂਕਾਂ ਤੋਂ ਠਾਹ ਠਾਹ ਦੀ ਅਵਾਜ਼ ਆਉਣ ਲੱਗ ਪਈ। ਮਗਰਮੱਛ ਵਰਗੇ ਸੂਰਮਿਆਂ ਵਲੋਂ ਹਾਇ ਹਾਇ ਦੀ ਅਵਾਜ਼ ਆਉਂਦੀ ਸੀ।੧੩੩।

**ਚਕਾ ਚੱਕ ਬਰਖ਼ਾਸਤ ਤੀਰੋ ਕਮਾਂ॥**
**ਬਰਾਮਦ ਯਕੇ ਰੁਸਤ ਖ਼ੇਜ਼ ਅਜ਼ ਜਹਾਂ॥੧੩੪॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਚਕਾ ਚਕ=ਘਚ ਘਚ। ਬਰਖ਼ਾਸਤ=ਉੱਠੀ। ਬਰਾਮਦ=ਨਿਕਲ ਆਏ। ਰੁਸਤਖ਼ੇਜ਼= ਪਰਲੋ, ਕਿਆਮਤ। ਜਹਾਂ=ਜਗਤ।

**ਅਰਥ**—ਤੀਰਾਂ ਤੇ ਕਮਾਨਾਂ ਤੋਂ 'ਘਚਾ ਘਚ' ਸ਼ਬਦ ਉੱਠਿਆ। ਜਗਤ ਉੱਤੇ ਇਕੋ ਵੇਰੀ ਪਰਲੋ ਆ ਗਈ ਹੈ।੧੩੪।

**ਨ ਪੋਇੰਦਹ ਰਾ ਬਰ ਜ਼ਮੀਂ ਬੂਦ ਜਾ॥**

**ਨ ਪਰਿੰਦਹ ਰਾ ਦਰ ਹਵਾ ਬੂਦ ਰਾਹ॥੧੩੫॥**

**ਪਦ ਅਰਥ**—ਪੋਇੰਦਹ=ਪੈਦਲ। ਬਰ=ਉੱਪਰ। ਜ਼ਮੀਂ=ਜ਼ਮੀਨ। ਬੂਦ=ਸੀ। ਜਾ=ਜਗ੍ਹਾ। ਪਰਿੰਦਹ=ਪੰਛੀਆਂ। ਦਰ=ਵਿਚ, ਰਾਹ=ਰਸਤਾ।

**ਅਰਥ**—ਪੈਦਲਾਂ ਨੂੰ ਧਰਤੀ ਉੱਤੇ ਜਗ੍ਹਾ ਨਹੀਂ ਸੀ। ਪੰਛੀਆਂ ਨੂੰ ਹਵਾ ਵਿਚ ਰਸਤਾ ਨਹੀਂ ਸੀ। ਕਿਉਂਕਿ ਧਰਤੀ ਨੂੰ ਮੁਰਦਿਆਂ ਦੀਆਂ ਲੋਥਾਂ ਅਤੇ ਅਸਮਾਨ ਨੂੰ ਤੀਰਾਂ ਦੀ ਉਡਾਰੀ ਨੇ ਰੋਕਿਆ ਹੋਇਆ ਸੀ।੧੩੫।

**ਚੁਨਾ ਤੇਗ ਬਾਰੀਦ ਖੁਦ ਦਰ ਮਿਆਨੇ ਮੁਸਾਫ਼॥**

**ਕਿ ਅਜ਼ ਕੁਸ਼ਤਗਾਂ ਸ਼ੁਦ ਜ਼ਮੀਂ ਕੋਹ ਕਾਫ਼॥੧੩੬॥**

**ਪਦ ਅਰਥ**—ਚੁਨਾ=ਅਜੇਹੀ। ਬਾਰੀਦ=ਬਰਸੀ। ਖੁਦ ਦਰ=ਨਿਧੜਕ ਹੋ ਕੇ। ਮਿਆਨੇ=ਵਿਚ। ਮੁਸਾਫ਼=ਜੰਗ। ਕੁਸ਼ਤਗਾਂ=ਮੁਰਦਿਆਂ। ਸ਼ੁਦ=ਹੋ ਗਈ। ਕੋਹ ਕਾਫ਼=ਇਕ ਪਹਾੜ ਦਾ ਨਾਮ।

**ਅਰਥ**—ਇਸ ਤਰ੍ਹਾਂ ਨਾਲ ਨਿਧੜਕ ਹੋ ਕੇ ਜੁੱਧ ਵਿਚ ਤਲਵਾਰ ਚਲੀ। ਜੋ ਮੁਰਦਿਆਂ ਨਾਲ ਧਰਤੀ ਹੀ 'ਕੋਹ ਕਾਫ਼' ਹੋ ਗਈ। ਭਾਵ—ਮੁਰਦਿਆਂ ਦੇ ਬਹੁਤ ਉੱਚੇ ਢੇਰ ਲੱਗ ਗਏ।੧੩੬।

**ਕਿ ਪਾਓ ਸਰ ਅੰਬੋਹ ਚੰਦਾਂ ਸ਼ੁਦਹ॥**

**ਕਿ ਮੈਦਾਂ ਪੁਰ ਅਜ਼ ਗੋਇ ਚੌਗਾਂ ਸ਼ੁਦਹ॥੧੩੭॥**

**ਪਦ ਅਰਥ**—ਪਾਓ=ਪੈਰ ਅਤੇ। ਸਰ=ਸਿਰ। ਅੰਬੋਹ=ਢੇਰ। ਚੰਦਾਂ=ਐਨਾ। ਸ਼ੁਦਹ=ਹੋ ਗਿਆ। ਪੁਰ=ਭਰ ਗਿਆ। ਅਜ਼=ਨਾਲ। ਗੋਇ=ਗੇਂਦ। ਚੌਗਾਂ=ਖੂੰਡੀ, ਹਾਕੀ। ਸ਼ੁਦ=ਹੋ ਗਿਆ।

**ਅਰਥ**—ਪੈਰਾਂ ਤੇ ਸਿਰ ਦਾ ਏਨਾ ਵੱਡਾ ਢੇਰ ਹੋ ਗਿਆ (ਮਾਨੋ) ਖਿੱਦੂ ਤੇ ਖੂੰਡੀਆਂ ਨਾਲ ਮੈਦਾਨ ਭਰਿਆ ਹੋਇਆ ਹੈ। ਭਾਵ ਸਿਰ ਖਿੱਦੂ ਅਤੇ ਪੈਰਾਂ ਸਮੇਤ ਲੱਤਾਂ ਖੂੰਡੀਆਂ ਹਨ।੧੩੭।

**ਰਵਾਂ ਰਉ ਦਰਾਮਦ ਬ ਤੀਰੋ ਤੁਫ਼ੰਗ॥**

**ਕਿ ਪਾਰਹ ਸ਼ੁਦ ਖੋਦ ਖ਼ਿਫਤਾਨਿ ਜੰਗ॥੧੩੮॥**

**ਪਦ ਅਰਥ**—ਰਵਾਂ-ਰਉ=ਚਲੋ ਚਲੀ। ਪਾਰਹ=ਟੁਕੜੇ। ਸ਼ੁਦ=ਹੋਈ। ਖੋਦ=ਟੋਪ। ਖ਼ਿਫਤਾਨ=ਸੰਜੋਇ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਤੀਰਾਂ ਤੇ ਬੰਦੂਕਾਂ ਦੇ ਆਉਣ ਦੀ ਅਜਿਹੀ ਚਲੋ ਚਲੀ ਹੋਈ ਜੋ ਜੰਗ ਵਿਚ ਟੋਪ ਤੇ ਸੰਜੋਇ ਟੁਕੜੇ ਟੁਕੜੇ ਹੋ ਗਏ ।੧੩੮।

**ਚੁਨਾ ਤੇਗ ਤਾਬਸ਼ ਤਪੀਦ ਆਫ਼ਤਾਬ ॥**

**ਦਰਖ਼ਤਾਂ ਸ਼ੁਦਹ ਖੁਸ਼ਕ ਦਰਯਾਇ ਆਬ ॥੧੩੯॥**

***ਪਦ ਅਰਥ***—ਚੁਨਾ=ਅਜੇਹੀ। ਤੇਗ=ਤਲਵਾਰ। ਤਾਬਸ਼=ਤਪਸ਼। ਤਪੀਦ=ਤਪੀ। ਦਰਖ਼ਤਾਂ=ਬਿਰਛਾਂ। ਆਫ਼ਤਾਬ=ਸੂਰਜ । ਖੁਸ਼ਕ=ਸੁੱਕਣਾ । ਆਬ=ਪਾਣੀ । ਸ਼ੁਦਹ=ਹੋ ਗਏ ।

***ਅਰਥ***—ਸੂਰਜ ਦੀ ਤਪਸ਼ ਵਾਂਗੂ ਤਲਵਾਰ ਇਸ ਤਰ੍ਹਾਂ ਤਪ ਗਈ ਜਿਸ ਕਰ ਕੇ ਬਿਰਛਾਂ ਅਤੇ ਦਰਿਆਵਾਂ ਦਾ ਪਾਣੀ ਸੁੱਕ ਗਿਆ ।੧੩੯। [ਦ: ਗ੍ਰੰ: ਪੰਨਾ ੧੪੨੩

**ਚੁਨਾ ਤੀਰ ਬਾਰਾਂ ਸ਼ੁਦਹ ਹਮਚੁ ਬਰਕ ॥**

**ਕਿ ਉਫ਼ਤਾਦ ਸ਼ੁਦ ਫ਼ੀਲ ਚੂੰ ਫ਼ਰਕ ਫ਼ਰਕ ॥੧੪੦॥**

***ਪਦ ਅਰਥ***—ਚੁਨਾ=ਅਜੇਹੀ। ਬਾਰਾਂ=ਬਾਰਸ਼। ਹਮਚੁ=ਵਾਂਗੂ। ਬਰਕ=ਬਿਜਲੀ। ਉਫ਼ਤਾਦ=ਸ਼ੁਦ=ਡਿੱਗ ਪਏ । ਫ਼ੀਲ=ਹਾਥੀ । ਚੂੰ=ਵਰਗੇ । ਫ਼ਰਕ=ਮੁੰਡੀ ।

***ਅਰਥ***—ਤੀਰਾਂ ਦੀ ਬਾਰਸ਼ ਬਿਜਲੀ ਵਾਂਗੂੰ ਹੋਈ । ਜੋ ਹਾਥੀ ਡਿੱਗ ਪਏ, ਉਹਨਾਂ ਦੀ ਮੁੰਡੀ ਹੀ ਮੁੰਡੀ ਦਿਸ ਰਹੀ ਸੀ ।੧੪੦।

**ਬ ਹਰਬ ਅੰਦਰ ਆਮਦ ਵਜ਼ੀਰ ਚੁ ਬਾਦ ॥**

**ਯਕੇ ਤੇਗਿ ਮਾਯਿੰਦਰਾਨੀ ਕੁਸ਼ਾਦ ॥੧੪੧॥**

***ਪਦ ਅਰਥ***—ਹਰਬ=ਲੜਾਈ। ਵਜ਼ੀਰੇ=ਇਕ ਵਜ਼ੀਰ। ਚੁ=ਵਾਂਗੂ। ਬਾਦ=ਹਵਾ। ਮਾਯਿੰਦਰਾਨੀ=ਮਾਯਿੰਦਰਾਂ ਦੀ ਬਣੀ ਹੋਈ । ਕੁਸ਼ਾਦ=ਕੱਢੀ ਹੋਈ ।

***ਅਰਥ***—ਹਵਾ ਵਾਂਗੂ ਲੜਾਈ ਵਿਚ ਇਕ ਵਜ਼ੀਰ ਆਇਆ । ਇਕ ਹੱਥ ਮਾਯਿੰਦਰਾਂ ਦੀ ਬਣੀ ਹੋਈ ਤਲਵਾਰ ਕੱਢੀ ਹੋਈ ਸੀ ।੧੪੧।

**ਦਿਗਰ ਤਰਫ਼ ਆਮਦ ਬ ਦੁਖਤਰ ਅਜ਼ਾਂ ॥**

**ਬਰਹਨਹ ਯਕੇ ਤੇਗਿ ਹਿੰਦੋਸਤਾਂ ॥੧੪੨॥**

***ਪਦ ਅਰਥ***—ਦਿਗਰ ਤਰਫ=ਦੂਜੇ ਪਾਸੇ। ਦੁਖਤਰ=ਲੜਕੀ। ਅਜ਼ਾਂ=ਉਸ ਦੀ। ਬਰਹਨਹ=ਨੰਗੀ। ਹਿੰਦੋਸਤਾਂ=ਹਿੰਦੁਸਤਾਨ ਦੀ । ਤੇਗ=ਤਲਵਾਰ ।

***ਅਰਥ***—ਦੂਜੇ ਪਾਸੇ ਉਸ ਦੀ ਲੜਕੀ ਆਈ। ਹੱਥ ਵਿਚ ਹਿੰਦੁਸਤਾਨ ਦੀ ਇਕ ਨੰਗੀ ਤਲਵਾਰ ਫੜੀ ਹੋਈ ਸੀ ।੧੪੨।

**ਦਰਖਸ਼ਾਂ ਸ਼ੁਦਹ ਹਮਚੁਨਾ ਤੇਗਿ ਤੇਜ਼ ॥**

**ਅਦੂ ਰਾ ਅਜ਼ੋ ਦਿਲ ਸ਼ਵਦ ਰੇਜ਼ ਰੇਜ਼ ॥੧੪੩॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਦਰਖਸ਼ਾਂ ਸ਼ੁਦਹ=ਚਮਕਣ ਲੱਗੀ । ਹਮਚੁਨਾ=ਅਜਿਹੀ । ਅਦੂ=ਵੈਰੀ । ਅਜ਼ੋ=ਉਸ ਤੋਂ। ਸ਼ਵਦ=ਹੁੰਦਾ । ਰੇਜ਼ ਰੇਜ਼=ਟੁਕੜੇ ਟੁਕੜੇ ।

***ਅਰਥ***—ਤੇਜ਼ ਤਲਵਾਰਾਂ ਅਜਿਹੀਆਂ ਚਮਕਣ ਲੱਗੀਆਂ । ਉਹਨਾਂ ਤੋਂ ਵੈਰੀ ਦਾ ਦਿਲ ਟੁਕੜੇ ਟੁਕੜੇ ਹੁੰਦਾ ਸੀ ।੧੪੩।

**ਯਕੇ ਤੇਗ ਜ਼ਦ ਬਰ ਸਰੇ ਓ ਸਮੰਦ ॥**
**ਜ਼ਮੀਨਸ਼ ਦਰਾਮਦ ਚੁ ਕੋਹਿ ਬਲੰਦ ॥੧੪੪॥**

***ਪਦ ਅਰਥ***—ਜ਼ਦ=ਮਾਰੀ । ਬਰ ਸਰੇ=ਸਿਰ ਦੇ ਉੱਤੇ । ਸਮੰਦ=ਘੋੜੇ । ਜ਼ਮੀਨਸ਼=ਧਰਤੀ । ਕੋਹਿ ਬਲੰਦ=ਉੱਚਾ ਪਹਾੜ ।

***ਅਰਥ***—ਉਸਦੇ ਘੋੜੇ ਦੇ ਸਿਰ ਉੱਤੇ ਇਕ ਅਜਿਹੀ ਤਲਵਾਰ ਮਾਰੀ । ਉਹ ਉੱਚੇ ਪਹਾੜ ਵਾਂਗੂੰ ਜ਼ਮੀਨ ਉੱਤੇ ਆ ਕੇ ਡਿੱਗ ਪਿਆ ।੧੪੪।

**ਦਿਗਰ ਤੇਗ ਓ ਰਾ ਬਿਜ਼ਦ ਕਰਦ ਨੀਮ ॥**
**ਬਿਉਫ਼ਤਾਦ ਬੂਮਸ਼ ਚੁ ਕਰਖੇ ਅਜ਼ੀਮ ॥੧੪੫॥**

***ਪਦ ਅਰਥ***—ਓ ਰਾ=ਉਸ ਨੂੰ । ਬਿਜ਼ਦ=ਮਾਰੀ । ਕਰਦ ਨੀਮ=ਕਰ ਦਿੱਤਾ ਅੱਧ ਅੱਧ । ਉਫ਼ਤਾਦ=ਡਿੱਗ ਪਿਆ । ਬੂਮ=ਧਰਤੀ । ਕਰਖੇ=ਅਟਾਰੀ । ਅਜ਼ੀਮ=ਵੱਡੀ ।

***ਅਰਥ***—ਦੂਜੀ ਤਲਵਾਰ ਉਸ ਨੂੰ ਮਾਰੀ ਤੇ ਅੱਧੋ ਅੱਧ ਕਰ ਦਿੱਤਾ । ਉਹ ਉੱਚੀ ਅਟਾਰੀ ਵਾਂਗੂ ਧਰਤੀ ਉੱਤੇ ਡਿੱਗ ਪਿਆ ।੧੪੫।

**ਦਿਗਰ ਮਰਦ ਆਮਦ ਚੁ ਪੱਰਰਾ ਉਕਾਬ ॥**
**ਬਿਜ਼ਦ ਤੇਗ ਓ ਰਾ ਬਿ ਕਰਦਸ਼ ਖਰਾਬ ॥੧੪੬॥**

***ਪਦ ਅਰਥ***—ਦਿਗਰ=ਦੂਸਰਾ । ਚੁ=ਵਾਂਗੂ । ਪੱਰਰਾ=ਪੰਛੀ । ਬਿਜ਼ਦ=ਮਾਰੀ । ਓ ਰਾ=ਉਸ ਨੂੰ । ਖਰਾਬ=ਨਾਸ ।

***ਅਰਥ***—ਉਕਾਬ ਪੰਛੀ ਵਾਂਗੂ ਭਾਵ ਛੇਤੀ ਨਾਲ ਦੂਸਰਾ ਸੂਰਮਾ ਆਇਆ । ਉਸ ਨੂੰ ਭੀ ਤਲਵਾਰ ਮਾਰ ਕੇ ਨਾਸ ਕਰ ਸੁੱਟਿਆ ।੧੪੬।

**ਚੁ ਕਾਰੇ ਵਜ਼ੀਰਸ਼ ਬੀਰਾਹਤ ਰਸੀਦ ॥**
**ਦਿਗਰ ਮਿਹਨਤੇ ਸੋਇਮ ਆਮਦ ਪਦੀਦ ॥੧੪੭॥**

***ਪਦ ਅਰਥ***—ਚੁ=ਜਦੋਂ । ਸ਼=ਉਸ । ਰਾਹਤ=ਸੁਖ । ਰਸੀਦ=ਪੁੱਜਾ । ਦਿਗਰ=ਦੂਸਰਾ । ਮਿਹਨਤੇ= ਔਖਿਆਈ । ਸੋਇਮ=ਤੀਜੀ । ਪਦੀਦ=ਪ੍ਰਗਟ ।

***ਅਰਥ***—ਜਦੋਂ ਉਸ ਨੂੰ ਵਜ਼ੀਰ ਦੇ ਕੰਮ ਵਲੋਂ ਸੁੱਖ ਪੁੱਜਾ । ਦੂਸਰੀ ਮਿਹਨਤ ਸਫਲੀ ਹੋਈ ਤਾਂ ਤੀਜੀ (ਬਿਪਤਾ) ਪ੍ਰਗਟ ਆਣ ਹੋਈ ।੧੪੭।

Sri Satguru Jagjit Singh Ji eLibrary NamdhariElibrary@gmail.com

**ਸੋਇਮ ਦੇਵ ਆਮਦ ਬਗਲਤੀਦ ਖ਼ੂੰ ॥**
**ਜ਼ਿ ਦਹਲੀਜ਼ਿ ਦੋਜ਼ਖ ਦਰਾਮਦ ਬਰੂੰ ॥੧੪੮॥**

***ਪਦ ਅਰਥ***—ਸੋਇਮ=ਤੀਜਾ । ਦੇਵ=ਦੈਂਤ । ਬਗਲਤੀਦ=ਲਿਬੜਿਆ ਹੋਇਆ । ਖ਼ੂੰ=ਲਹੂ । ਜ਼ਿ=ਮਾਨੋ। ਦੋਜ਼ਖ=ਨਰਕ । ਦਹਲੀਜ਼ਿ=ਬੂਹੇ ਤੋਂ । ਦਰਾਮਦ=ਆਇਆ । ਬਰੂੰ=ਬਾਹਰ ।

***ਅਰਥ***—ਲਹੂ ਦਾ ਲਿਬੜਿਆ ਹੋਇਆ ਤੀਜਾ ਦੈਂਤ ਆਇਆ । ਮਾਨੋ ਨਰਕ ਦੇ ਬੂਹੇ ਵਿਚੋਂ ਬਾਹਰ ਨਿਕਲ ਕੇ ਆਇਆ ।੧੪੮।

**ਬਿਕੁਸ਼ਤੰਦ ਓ ਰਾ ਦੋ ਕਰਦੰਦ ਤਨ ॥**
**ਚੁ ਸ਼ੇਰੇ ਯਿਆਂ ਹਮਚੁ ਗੋਰਿ ਕੁਹਨ ॥੧੪੯॥**

***ਪਦ ਅਰਥ***—ਬਿਕੁਸ਼ਤੰਦ=ਮਾਰ ਦਿੱਤਾ । ਓ ਰਾ=ਉਸ ਨੂੰ । ਕਰਦੰਦ=ਕਰ ਦਿੱਤੇ । ਤਨ=ਸਰੀਰ। ਯਿਆਂ=ਵੱਡਾ । ਹਮਚੁ=ਵਾਂਗੂ । ਗੋਰਿ ਕੁਹਨ=ਬੁੱਢਾ ਗਊ, ਰੋਝ ।

***ਅਰਥ***—ਉਸ ਨੂੰ ਮਾਰ ਕੇ ਸਰੀਰ ਦੇ ਦੋ ਟੋਟੇ ਕਰ ਦਿੱਤੇ । ਵੱਡੇ ਸ਼ੇਰ ਵਾਂਗੂੰ ਜਾਂ ਬੁੱਢੇ ਗਊ ਰੋਝ ਵਾਂਗੂੰ ਉਸ ਇਸਤਰੀ ਨੇ ਤੀਜੇ ਦੈਂਤ ਨੂੰ ਭੀ ਮਾਰ ਦਿੱਤਾ ।੧੪੯।

**ਚਹਾਰੁਮ ਦਰਾਮਦ ਚੁ ਸ਼ੇਰੇ ਬਜੰਗ ॥**
**ਚੁ ਬਰ ਬਚਹ ਏ ਗੋਰ ਗੱਰਰਾਂ ਪਲੰਗ ॥੧੫੦॥**

***ਪਦ ਅਰਥ***—ਚਹਾਰੁਮ=ਚੌਥਾ । ਚੁ=ਜਿਵੇਂ । ਬਰ ਬਚਹ=ਬੱਚੇ ਉੱਤੇ । ਗੋਰ=ਗਊ ਖੁਰ, ਰੋਝ । ਗੱਰਰਾਂ=ਗਰਜਦਾ ਹੋਇਆ । ਪਲੰਗ=ਚਿਤ੍ਰਾ ।

***ਅਰਥ***—ਸ਼ੇਰ ਦੇ ਸਮਾਨ ਚੌਥਾ ਸੂਰਮਾ ਜੰਗ ਵਿਚ ਆਇਆ । ਜਿਵੇਂ ਰੋਝ ਦੇ ਬੱਚੇ ਉੱਤੇ ਚਿਤ੍ਰਾ ਗਰਜਦਾ ਹੋਇਆ ਆਉਂਦਾ ਹੈ ।੧੫੦।

**ਚੁਨਾ ਤੇਗ ਬਰ ਵੈ ਬਿਜ਼ਦ ਨਾਜ਼ਨੀਂ ॥**
**ਕਿ ਅਜ਼ ਪੁਸ਼ਤਿ ਅਸਪਸ਼ ਦਰਾਮਦ ਜ਼ਮੀਂ ॥੧੫੧॥**

***ਪਦ ਅਰਥ***—ਚੁਨਾ=ਅਜੇਹੀ । ਬਰ ਵੈ=ਉਸ ਉੱਤੇ । ਬਿਜ਼ਦ=ਮਾਰੀ । ਨਾਜ਼ਨੀਂ=ਪਤਲੇ ਸਰੀਰ ਵਾਲੀ । ਅਜ਼=ਤੋਂ । ਪੁਸ਼ਤਿ=ਪਿੱਠ । ਅਸਪਸ਼=ਘੋੜਾ, ਉਹ । ਦਰਾਮਦ=ਆਇਆ । ਜ਼ਮੀ=ਧਰਤੀ ।

***ਅਰਥ***—ਉਸ ਉੱਤੇ ਇਸਤਰੀ ਨੇ ਅਜਿਹੀ ਤਲਵਾਰ ਮਾਰੀ ਜੋ ਉਹ ਘੋੜੇ ਦੀ ਪਿੱਠ ਤੋਂ ਧਰਤੀ ਉੱਤੇ ਆਇਆ ਭਾਵ ਜ਼ਮੀਨ ਉੱਤੇ ਡਿੱਗ ਪਿਆ ।੧੫੧।

**ਕਿ ਪੰਜਮ ਦਰਾਮਦ ਚੁ ਦੇਵੇ ਅਜ਼ੀਮ ॥**
**ਯਕੇ ਜ਼ਖਮ ਰਾ ਜ਼ਦ ਬ ਹੁਕਮਿ ਕਰੀਮ ॥੧੫੨॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਪੰਜਮ-ਪੰਜਵਾਂ । ਦਰਾਮਦ=ਆਇਆ । ਦੇਵੇ=ਦੈਂਤ । ਅਜ਼ੀਮ=ਵੱਡਾ । ਜ਼ਦ=ਮਾਰ।

**ਅਰਥ**—ਜਦੋਂ ਪੰਜਵਾਂ ਵੱਡਾ ਦੈਂਤ ਆਇਆ। ਉਸ ਨੂੰ ਕ੍ਰਿਪਾਲੂ ਪ੍ਰਮਾਤਮਾ ਦੇ ਹੁਕਮ ਨਾਲ ਇਕੋ ਹੀ ਸੱਟ ਮਾਰ ਕੇ ਮਾਰ ਸੁੱਟਿਆ ।੧੫੨।

**ਚੁਨਾ ਤੇਗ ਬਰ ਵੈ ਜ਼ਦਹ ਖ਼ੂਬ ਰੰਗ ॥**
**ਜ਼ਿ ਸਰ ਤਾ ਕਦਮ ਆਮਦਹ ਜ਼ੇਰ ਤੰਗ ॥੧੫੩॥**

**ਪਦ ਅਰਥ**—ਚੁਨਾ=ਅਜੇਹੀ । ਬਰ ਵੈ=ਉਸ ਉੱਤੇ । ਜ਼ਦਹ=ਮਾਰੀ । ਖ਼ੂਬ ਰੰਗ=ਸੁੰਦਰੀ । ਸਰ ਤਾ ਕਦਮ=ਸਿਰ ਤੋਂ ਪੈਰਾਂ ਤੱਕ । ਆਮਦਹ=ਆ ਗਈ । ਜ਼ੇਰ=ਹੇਠਾਂ । ਤੰਗ=ਪੇਟੀ ।

**ਅਰਥ**—ਸੁੰਦਰੀ ਨੇ ਉਸ ਉੱਤੇ ਅਜੇਹੀ ਤਲਵਾਰ ਮਾਰੀ ਜੋ ਸਿਰ ਤੋਂ ਪੈਰਾਂ ਤੱਕ ਆ ਕੇ ਘੋੜੇ ਦੀ ਪੇਟੀ ਹੇਠਾਂ ਆ ਗਈ ।੧੫੩।

**ਸ਼ਸ਼ਮ ਦੇਵ ਆਮਦ ਚੁ ਇਫ਼ਰੀਤ ਮਸਤ ॥**
**ਚੁ ਤੀਰੇ ਕਮਾਂ ਹਮਚੁ ਕਬਜ਼ਹ ਗੁਜ਼ਸ਼ਤ ॥੧੫੪॥**

**ਪਦ ਅਰਥ**—ਸ਼ਸ਼ਮ=ਛੇਵਾਂ । ਦੇਵ=ਦੈਂਤ । ਆਮਦ=ਆਇਆ । ਇਫ਼ਰੀਤ=ਰਾਖਸ਼ । ਕਬਜ਼ਹ=ਮੁੱਠ ਭਾਵ ਚਿੱਲਾ । ਗੁਜ਼ਸ਼ਤ=ਜਾਂਦਾ ਹੈ ।

**ਅਰਥ**—ਮਤਵਾਲੇ ਰਾਖਸ਼ ਵਰਗਾ ਛੇਵਾਂ ਦੈਂਤ ਆਇਆ। ਜਿਵੇਂ ਕਮਾਨ ਦੇ ਚਿਲੇ ਵਿਚੋਂ ਤੀਰ ਜਾਂਦਾ ਹੈ ।੧੫੪।

**ਬਿਜ਼ਦ ਤੇਗ ਓ ਰਾ ਕਿ ਓ ਨੀਮ ਸ਼ੁਦ ॥**
**ਕਿ ਦਿਗਰ ਯਲਾਂ ਰਾ ਅਜ਼ੋ ਬੀਮ ਸ਼ੁਦ ॥੧੫੫॥**

**ਪਦ ਅਰਥ**—ਬਿਜ਼ਦ=ਮਾਰੀ। ਓ ਰਾ = ਉਸ ਨੂੰ। ਨੀਮ ਸ਼ੁਦ=ਅੱਧੋ ਅੱਧ ਹੋ ਗਿਆ। ਦਿਗਰ=ਦੂਸਰਾ। ਯਲਾਂ=ਸੂਰਮੇ । ਰਾ=ਨੂੰ । ਅਜ਼=ਉਸ ਤੋਂ । ਬੀਮ=ਡਰ । ਸ਼ੁਦ=ਹੋ ਗਿਆ ।

**ਅਰਥ**—ਉਸ ਤਲਵਾਰ ਮਾਰੀ, ਉਹ ਅੱਧੋ ਅੱਧ ਭਾਵ ਦੋ ਟੋਟੇ ਹੋ ਗਿਆ । ਦੂਜੇ ਸੂਰਮਿਆਂ ਨੂੰ ਉਸ ਔਰਤ ਤੋਂ ਡਰ ਹੋ ਗਿਆ ।੧੫੫।

**ਚੁਨੀ ਤਾ ਬ ਮਿਕਦਾਰ ਹਫ਼ਤਾਦ ਮਰਦ ॥**
**ਬ ਤੇਗ ਅੰਦਰ ਆਵੇਖ਼ਤ ਖਾਸ ਅਜ਼ ਨਬਰਦ ॥੧੫੬॥**

**ਪਦ ਅਰਥ**—ਚੁਨੀ=ਇਸੇ ਤਰ੍ਹਾਂ ਹੀ । ਮਿਕਦਾਰ=ਗਿਣਤੀ । ਹਫ਼ਤਾਦ=ਸੱਤਰ, ੭੦ । ਆਵੇਖ਼ਤ=ਲਟਕਾਏ । ਨਬਰਦ=ਯੁੱਧ ।

**ਅਰਥ**—ਇਸ ਤਰ੍ਹਾਂ ੭੦ ਦੀ ਗਿਣਤੀ ਤੱਕ ਚੰਗੇ ਚੰਗੇ ਜੋਧੇ ਜੰਗ ਵਿਚ ਤਲਵਾਰ ਅੰਦਰ ਲਟਕਾ ਲਏ ।੧੫੬।

Sri Satguru Jagjit Singh Ji eLibrary NamdhariElibrary@gmail.com

**ਦਿਗਰ ਕਸ ਨਿਆਮਦ ਤਮੰਨਾਇ ਜੰਗ ॥**
**ਕਿ ਬੇਰੂੰ ਨਿਆਮਦ ਦਿਲਾਵਰ ਨਿਹੰਗ ॥੧੫੭॥**

***ਪਦ ਅਰਥ***—ਦਿਗਰ ਕਸ=ਹੋਰ ਕਿਸੇ । ਤਮੰਨਾ=ਇੱਛਾ, ਖ਼ਿਆਲ । ਬੇਰੂੰ=ਬਾਹਰ । ਨਿਆਮਦ=ਨਾ ਆਇਆ । ਦਿਲਾਵਰ=ਦਲੇਰ ।

***ਅਰਥ***—ਹੋਰ ਕਿਸੇ ਨੂੰ ਜੰਗ ਦਾ ਖ਼ਿਆਲ ਨਾ ਆਇਆ । ਵੱਡੇ ਵੱਡੇ ਦਲੇਰ ਸੂਰਮੇ ਭੀ ਬਾਹਰ ਮੈਦਾਨ ਵਿਚ ਨਾ ਆਏ ।੧੫੭।

**ਬ ਹਰਬ ਆਮਦਸ਼ ਸ਼ਾਹ ਮਾਯਿੰਦਰਾਂ ॥**
**ਬ ਤਾਬਸ਼ ਤਪੀਦਨ ਦਿਲਿ ਮਰਦਮਾਂ ॥੧੫੮॥**

***ਪਦ ਅਰਥ***—ਬ=ਵਿਚ । ਹਰਬ=ਯੁੱਧ । ਆਮਦਸ਼=ਆਇਆ । ਤਾਬਸ਼=ਕਰੋਧ । ਤਪੀਦਨ=ਤਪ ਗਿਆ । ਮਰਦਮਾਂ=ਸੂਰਮਿਆਂ ।

***ਅਰਥ***—ਮਾਯਿੰਦਰਾਂ ਦਾ ਰਾਜਾ ਆਪ ਜੁੱਧ ਵਿਚ ਆਇਆ, ਸੂਰਮਿਆਂ ਦਾ ਦਿਲ ਕ੍ਰੋਧ ਨਾਲ ਤਪਨ ਲੱਗ ਪਿਆ ।੧੫੮।

**ਚੁ ਅਬਰਸ਼ ਤਗ ਅੰਦਾਖ਼ਤ ਦੌਰਿ ਯਲਾਂ ॥**
**ਬ ਰਖ਼ਸ਼ ਅੰਦਰ ਆਮਦ ਜ਼ਮੀਂ ਆਸਮਾਂ ॥੧੫੯॥**

***ਪਦ ਅਰਥ***—ਚੁ=ਜਦ । ਅਬਰ=ਬੱਦਲ । ਤਗ=ਛਾਲ । ਅੰਦਾਖ਼ਤ=ਮਾਰੀ । ਦੌਰਿ=ਗਿਰਦ, ਚੁਫੇਰੇ। ਯਲਾਂ=ਸੂਰਮਿਆਂ । ਰਖ਼ਸ਼=ਚੱਕਰ ।

***ਅਰਥ***—ਜਦ ਉਸ ਦੇ ਸੂਰਮਿਆਂ ਨੇ ਬੱਦਲਾਂ ਵਾਂਗੂ ਚੁਫੇਰੇ ਛਾਲਾਂ ਮਾਰੀਆਂ ਤਾਂ ਧਰਤੀ ਤੇ ਅਕਾਸ਼ ਚੱਕਰ ਵਿਚ ਆ ਗਏ ਭਾਵ ਧਰਤੀ ਤੇ ਅਕਾਸ਼ ਘੁੰਮਣ ਲੱਗ ਪਏ ।੧੫੯।

**ਬ ਤਾਬਸ਼ ਦਰਾਮਦ ਜ਼ਮੀਨੋ ਜ਼ਮਾਂ ॥**
**ਦਰਖ਼ਸ਼ਾਂ ਸ਼ੁਦਹ ਤੇਗਿ ਹਿੰਦੀ ਯਮਾਂ ॥੧੬੦॥**

***ਪਦ ਅਰਥ***—ਤਾਬਸ਼=ਚਮਕ । ਜ਼ਮਾਂ=ਅਸਮਾਨ । ਦਰਖ਼ਸ਼ਾਂ=ਚਮਕੀਲੀ । ਸ਼ੁਦਹ=ਹੋ ਗਈ ।

***ਅਰਥ***—ਉਸ ਵੇਲੇ ਧਰਤੀ ਤੇ ਅਕਾਸ਼ ਵਿਚ ਚਮਕ ਹੋ ਗਈ । ਜਦੋਂ ਹਿੰਦੁਸਤਾਨੀ ਤੇ ਯਮਨ ਦੀਆਂ ਤਲਵਾਰਾਂ ਚਮਕੀਆਂ ।੧੬੦।

**ਚਲਾ ਚਲ ਦਰਾਮਦ ਕਮਾਨੋ ਕਮੰਦ ॥**
**ਹਯਾ ਹਯ ਬਰਾਮਦ ਗੁਰਜੋ ਗਜ਼ੰਦ ॥੧੬੧॥**

***ਪਦ ਅਰਥ***—ਚਲਾ ਚਲ=ਚਲੋ ਚਲੀ, ਜੋਰੋ ਜੋਰੀ । ਕਮੰਦ=ਫਾਹੀਆਂ । ਹਯਾ ਹਯ=ਹਾਇ ਹਾਇ। ਗਜ਼ੰਦ=ਸੱਟਾਂ ਖਾ ਕੇ ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਕਮਾਨਾਂ ਤੇ ਫਾਹੀਆਂ ਦੀ ਚਲੋ ਚਲੀ ਹੋਈ। ਗੁਰਜਾਂ ਦੀਆਂ ਸੱਟਾਂ ਖਾਣ ਵਾਲਿਆਂ ਦੀ ਹਾਇ ਹਾਇ ਦੀ ਅਵਾਜ਼ ਆਉਣ ਲੱਗ ਪਈ।੧੬੧। [ਦ: ਗ੍ਰੰ: ਪੰਨਾ ੧੪੨੪

**ਚਕਾ ਚਕ ਬਰਖਾਸਤ ਤੀਰ ਓ ਤੁਫ਼ੰਗ॥**
**ਜ਼ਮੀਂ ਲਾਲ ਸ਼ੁਦ ਚੂੰ ਗੁਲਿ ਲਾਲਹ ਰੰਗ॥੧੬੨॥**

**ਪਦ ਅਰਥ**—ਚਕਾ ਚਕ=ਸ਼ੂਕਰ, ਸਰੱਾਟਾ। ਬਰਖਾਸਤ=ਉੱਠਿਆ। ਚੂੰ=ਵਰਗੀ। ਗੁਲਿ ਲਾਲਹ= ਲਾਲੇ ਦੇ ਫੁੱਲ।

**ਅਰਥ**—ਤੀਰਾਂ ਤੇ ਬੰਦੂਕਾਂ ਦਾ ਸੱਰਾਟਾ ਉੱਠਿਆ। ਧਰਤੀ ਲਹੂ ਨਾਲ ਲਾਲੇ ਦੇ ਫੁੱਲ ਵਰਗੀ ਲਾਲ ਰੰਗ ਦੀ ਹੋ ਗਈ।੧੬੨।

**ਹਯਾ ਹੂ ਦਰਾਮਦ ਚੁ ਪਹਨ ਅੰਦਰੂੰ॥**
**ਦਿਹਾ ਦੇਹ ਸ਼ੁਦਹ ਖੰਜਰੇ ਖਾਰ ਖ਼ੂੰ॥੧੬੩॥**

**ਪਦ ਅਰਥ**—ਪਹਨ=ਰਣ ਭੂਮੀ। ਚੁ=ਜਦੋਂ। ਦਿਹਾ ਦੇਹ=ਘਚਾ ਘਚ। ਖ਼ੂੰ=ਲਹੂ। ਖੰਜਰੇ=ਕਟਾਰ, ਹਥਿਆਰ।

**ਅਰਥ**—ਜਦੋਂ ਲਹੂ ਪੀਣ ਵਾਲੀ ਕਟਾਰ ਦੀ ਘਚਾ ਘਚ ਹੋਈ (ਤਦ) ਰਣ-ਭੂਮੀ ਵਿਚੋਂ ਹਾਇ ਹਾਇ ਦੀ ਅਵਾਜ਼ ਆਈ।੧੬੩।

**ਬ ਰਖਸ਼ ਅੰਦਰ ਆਮਦ ਯਕੇ ਤਾਬ ਰੰਗ॥**
**ਬ ਰਖਸ਼ ਅੰਦਰ ਆਮਦ ਦੋ ਚਾਲਾਕ ਜੰਗ॥੧੬੪॥**

**ਪਦ ਅਰਥ**—ਰਖਸ਼=ਚਮਕ, ਪ੍ਰਕਾਸ਼। ਤਾਬ ਰੰਗ=ਚਮਕੀਲਾ ਰੰਗ। ਰਖਸ਼=ਘੋੜਾ। ਦੋ=ਦੋਵੇਂ। ਜੰਗ=ਜੁੱਧ, ਲੜਾਈ।

**ਅਰਥ**—ਜਦੋਂ ਦੋ ਫੁਰਤੀਲੇ (ਜੋਧੇ) ਘੋੜਿਆਂ 'ਤੇ (ਚੜ੍ਹ ਕੇ) ਜੰਗ ਵਿਚ ਆਏ। ਤਦੋਂ ਇਕ ਚਮਕੀਲੇ ਰੰਗ ਦਾ ਪ੍ਰਕਾਸ਼ ਹੋ ਗਿਆ।੧੬੪।

**ਬ ਸ਼ੋਰਸ਼ ਦਰਾਮਦ ਸਰਾਫੀਲ ਸੂਰ॥**
**ਬ ਰਖਸ਼ ਅੰਦਰ ਆਮਦ ਤਨਿ ਖਾਸ ਹੂਰ॥੧੬੫॥**

**ਪਦ ਅਰਥ**—ਸ਼ੋਰਸ਼=ਰੌਲਾ ਗੌਲਾ। ਦਰਾਮਦ=ਹੋਈ। ਸਰਾਫੀਲ=ਇਕ ਫ਼ਰਿਸ਼ਤੇ ਦਾ ਨਾਉਂ ਹੈ। ਖਾਸ ਹੂਰ=ਚੰਗੀ ਅਪੱਛਰਾਂ। ਰਖਸ਼=ਘੋੜਾ।

**ਅਰਥ**—(ਉਸੇ ਵੇਲੇ) ਅਸਰਾਫੀਲ ਦੀ ਤੁਰੀ ਨੇ ਸ਼ੋਰ ਮਚਾ ਦਿੱਤਾ। ਜਦੋਂ ਉੱਤਮ ਅਪੱਛਰਾਂ ਦਾ ਸਰੀਰ ਘੋੜੇ (ਦੀ ਕਾਠੀ) ਵਿਚ ਆ ਗਿਆ। ਭਾਵ ਉਸ ਵੇਲੇ ਮੈਦਾਨੇ ਜੰਗ ਵਿਚ ਰੌਲਾ ਮਚ ਗਿਆ ਅਤੇ ਵੈਰੀ ਦਲ ਵਾਸਤੇ ਕਿਆਮਤ ਦਾ ਦਿਨ ਆ ਗਿਆ।੧੬੫।

Sri Satguru Jagjit Singh Ji eLibrary NamdhariElibrary@gmail.com

**ਰ ਸ਼ੋਰਸ਼ ਦਰਾਮਦ ਜ਼ ਤਨ ਦਰ ਖਰੋਸ਼ ॥**
**ਬ ਬਾਜ਼ੂਏ ਮਰਦਾਂ ਬਰਾਵੁਰਦ ਜੋਸ਼ ॥੧੬੬॥**

***ਪਦ ਅਰਥ***—ਸ਼ੋਰਸ਼=ਰੌਲਾ । ਦਰਾਮਦ=ਮਚ ਗਿਆ । ਤਨ ਦਰ=ਸਰੀਰ ਵਿਚ । ਖਰੋਸ਼=ਕ੍ਰੋਧ । ਬਾਜ਼ੂਏ=ਬਾਹਵਾਂ । ਬਰਾਵੁਰਦ=ਕੱਢਿਆ । ਜੋਸ਼=ਉਬਾਲ, ਗੁੱਸਾ ।

***ਅਰਥ***—ਜਦੋਂ ਸਰੀਰ ਵਿਚ ਕ੍ਰੋਧ ਜਾਗਿਆ ਤਦ ਰਣ-ਭੂਮੀ ਵਿਚੋਂ ਰੌਲੇ ਦੀ ਅਵਾਜ਼ ਆਈ ਅਤੇ ਸੂਰਮਿਆਂ ਦੀਆਂ ਬਾਹਵਾਂ ਵਿਚੋਂ ਗੁੱਸਾ ਭਾਵ ਉਛਾਲਾ ਬਾਹਰ ਆ ਗਿਆ ।੧੬੬।

**ਯਕੇ ਫ਼ਰਸ਼ ਆਰਾਸਤ ਸੁਰਖ਼ ਅਤਲਸੀ ॥**
**ਬਿ ਖਾਨਦ ਚੁ ਮਕਤਬਿ ਜ਼ਬਾਂ ਪਹਲਵੀ ॥੧੬੭॥**

***ਪਦ ਅਰਥ***—ਫ਼ਰਸ਼=ਵਿਛੌਣਾ । ਆਰਾਸਤ=ਵਿਛਾ ਦਿੱਤਾ । ਸੁਰਖ਼=ਲਾਲ ਰੰਗ । ਅਤਲਸੀ=ਚਮਕਦਾਰ । ਖਾਨਦ=ਪੜ੍ਹਦੇ ਹਨ । ਚੁ=ਜਿਵੇਂ । ਮਕਤਬਿ=ਸਕੂਲ । ਜ਼ਬਾਂ=ਬੋਲੀ । ਪਹਲਵੀ=ਨਾਮ ਹੈ ।

***ਅਰਥ***—ਲਾਲ ਰੰਗ ਦੀ ਚਮਕਦਾਰ ਰੇਸ਼ਮੀ ਅਤਲਸ਼ ਦਾ ਫ਼ਰਸ਼ ਵਿਛਾ ਦਿੱਤਾ ਭਾਵ ਸਾਰੀ ਧਰਤੀ ਲਾਲ ਹੋ ਗਈ । ਮਾਨੋ ਮਦਰੱਸੇ ਵਿਚ (ਮੁੰਡੇ) ਪਹਲਵੀ ਬੋਲੀ ਪੜ੍ਹ ਰਹੇ ਹਨ ।੧੬੭।

**ਬ ਮਰਦੁਮ ਚੁਨਾ ਕੁਸ਼ਤਹ ਸ਼ੁਦ ਕਾਰਜ਼ਾਰ ॥**
**ਜ਼ਬਾਂ ਦਰ ਗੁਜ਼ਾਰਮ ਨਿਯਾਯਦ ਸ਼ੁਮਾਰ ॥੧੬੮॥**

***ਪਦ ਅਰਥ***—ਬ=ਵਿਚ । ਮਰਦੁਮ=ਪੁਰਖਾਂ । ਚੁਨਾ=ਇਤਨੇ । ਕੁਸ਼ਤਹ ਸ਼ੁਦ=ਮਾਰੇ ਗਏ । ਕਾਰਜ਼ਾਰ=ਜੁਧ । ਜ਼ਬਾਂ=ਜੀਭ । ਦਰ ਗੁਜ਼ਾਰਮ=ਚੁੱਪ ਕਰਦਾ । ਨਿਯਾਯਦ=ਨਹੀਂ ਆ ਸਕਦੀ । ਸ਼ੁਮਾਰ=ਗਿਣਤੀ ।

***ਅਰਥ***—ਲੜਾਈ ਵਿਚ ਏਨੇ ਆਦਮੀ ਮਾਰੇ ਗਏ ਕਿ ਉਹਨਾਂ ਦੀ ਗਿਣਤੀ ਜ਼ਬਾਨ ਨਾਲ ਨਹੀਂ ਹੋ ਸਕਦੀ ।੧੬੮।

**ਗੁਰੇਜ਼ਾਂ ਸ਼ੁਦਹ ਸ਼ਾਹਿ ਮਾਯਿੰਦਰਾਂ ॥**
**ਬਿ ਕੁਸ਼ਤੰਦ ਲਸ਼ਕਰ ਗਿਰਾਂ ਤਾ ਗਿਰਾਂ ॥੧੬੯॥**

***ਪਦ ਅਰਥ***—ਗੁਰੇਜ਼ਾਂ ਸ਼ੁਦਹ=ਨੱਸਦਾ ਹੋਇਆ । ਸ਼ਾਹਿ=ਰਾਜਾ । ਕੁਸ਼ਤੰਦ=ਮਾਰਿਆ ਗਿਆ । ਲਸ਼ਕਰ=ਫ਼ੌਜ । ਗਿਰਾਂ ਤਾ ਗਿਰਾਂ=ਬਹੁਤ ਤੋਂ ਬਹੁਤ ।

***ਅਰਥ***—ਮਾਯਿੰਦਰਾਂ ਦਾ ਰਾਜਾ ਰਣ-ਭੂਮੀ ਵਿਚੋਂ ਨੱਸਦਾ ਹੋਇਆ । ਉਸ ਦੀ ਬਹੁਤ ਵੱਡੀ ਫ਼ੌਜ ਮਾਰੀ ਗਈ ।੧੬੯।

**ਕਿ ਪੁਸਤ ਸ਼ ਬਿਉਫਤਾਦ ਦੁਖਤਰ ਵਜ਼ੀਰ ॥**
**ਬਿ ਬਸਤੰਦ ਓ ਰਾ ਵਾ ਕਰਦੰਦ ਅਸ਼ੀਰ ॥੧੭੦॥**

***ਪਦ ਅਰਥ***—ਪੁਸਤ=ਪਿੱਛੇ । ਸ਼=ਉਸ ਦੇ । ਬਿਉਫਤਾਦ=ਚੱਲ ਪਈ । ਦੁਖਤਰ=ਲੜਕੀ । ਬਸਤੰਦ=ਬੰਨ੍ਹ ਲਿਆ । ਓ ਰਾ=ਉਸ ਨੂੰ । ਕਰਦੰਦ=ਕੀਤਾ । ਅਸ਼ੀਰ=ਕੈਦ ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਵਜ਼ੀਰ ਦੀ ਲੜਕੀ ਉਸ ਦੇ ਪਿੱਛੇ ਪੈ ਗਈ। ਉਸ ਨੂੰ ਬੰਨ੍ਹ ਲਿਆ ਅਤੇ ਕੈਦ ਕਰ ਲਿਆ।੧੭੦।

**ਬ ਨਿਜ਼ਦੇ ਬਿਆਵਰੁਦ ਜੋ ਸ਼ਾਹਿ ਖੇਸ਼॥**
**ਬਿ ਗੁਫ਼ਤਹ ਕਿ ਐ ਸ਼ਾਹਾਨਿ ਪੇਸ਼॥੧੭੧॥**

**ਪਦ ਅਰਥ**—ਨਿਜ਼ਦੇ=ਨੇੜੇ, ਕੋਲ। ਬਿਆਵੁਰਦ=ਲੈ ਆਈ। ਸ਼ਾਹਿ=ਰਾਜੇ। ਖੇਸ਼=ਆਪਣੇ। ਗੁਫ਼ਤਹ=ਕਿਹਾ। ਪੇਸ਼=ਪਹਿਲੇ। ਬ=ਉਸ।

**ਅਰਥ**—ਉਸ ਨੂੰ ਆਪਣੇ ਰਾਜੇ ਭਾਵ ਪਤੀ ਦੇ ਕੋਲ ਲੈ ਆਈ। ਆ ਕੇ ਕਿਹਾ—ਹੇ ਪਹਿਲੇ ਰਾਜਿਆਂ ਦੇ ਰਾਜੇ!।੧੭੧।

**ਬਿਗੋਯਦ ਕਿ ਐ ਸ਼ਾਹਿ ਮਾਯਿੰਦਰਾਂ॥**
**ਬਿ ਬਸਤਹ ਬਿਆਵੁਰਦ ਨਿਜ਼ਦਿ ਸ਼ੁਮਾਂ॥੧੭੨॥**

**ਅਰਥ**—ਬਿਗੋਯਦ=ਆਖਿਆ। ਐ ਸ਼ਾਹਿ=ਹੇ ਰਾਜੇ। ਬਸਤਹ=ਬੰਨ੍ਹ ਕੇ। ਬਿਆਵੁਰਦ=ਲਿਆਂਦਾ ਹੈ। ਨਿਜ਼ਦਿ=ਕੋਲ। ਸ਼ੁਮਾਂ=ਤੁਹਾਡੇ।

**ਅਰਥ**—(ਫਿਰ) ਆਖਿਆ—ਹੇ ਰਾਜੇ! (ਇਹ) ਮਾਯਿੰਦਰਾਂ ਦਾ ਰਾਜਾ ਹੈ, ਜਿਸ ਨੂੰ ਬੰਨ੍ਹ ਕੇ ਮੈਂ ਤੁਹਾਡੇ ਕੋਲ ਲੈ ਆਂਦਾ ਹੈ।੧੭੨।

**ਅਗਰ ਤੋ ਬਿਗੋਈ ਬਜਾਂ ਈਂ ਬਰਮ॥**
**ਵ ਗਰ ਤੋ ਬਿਗੋਈ ਬਜ਼ਿੰਦਾ ਦਿਹਮ॥੧੭੩॥**

**ਪਦ ਅਰਥ**—ਅਗਰ-ਜੇਕਰ। ਤੋ=ਤੂੰ। ਬਿਗੋਈ=ਆਖੇਂ। ਬਜਾਂ=ਜਾਨ ਤੋਂ। ਈਂ=ਇਸ ਨੂੰ। ਬਰਮ=ਲੈ ਜਾਵਾਂ। ਵ ਗਰ=ਅਤੇ ਜੇ। ਬਜ਼ਿੰਦਾ=ਕੈਦੀਆਂ ਦੇ ਘਰ ਜੇਹਲ। ਦਿਹਮ=ਦੇਵਾਂ।

**ਅਰਥ**—ਹੇ ਰਾਜਾ! ਜੇਕਰ ਤੂੰ ਆਖੇਂ ਤਾਂ ਇਸ ਨੂੰ ਜਾਨ ਤੋਂ ਲੈ ਜਾਵਾਂ ਭਾਵ ਜਾਨੋਂ ਮਾਰ ਦੇਵਾਂ ਅਤੇ ਜੇ ਆਖੇਂ (ਤਾਂ) ਜੰਦਰੇ ਵਿਚ ਦੇ ਦੇਵਾਂ ਭਾਵ ਕੈਦ ਕਰ ਦੇਵਾਂ।੧੭੩।

**ਬਿ ਜ਼ਿੰਦਾ ਸਪੁਰਦੰਦ ਓ ਰਾ ਅਜ਼ੀਮ॥**
**ਸਤਾਨਦ ਅਜ਼ੋ ਤਾਜਿ ਸ਼ਾਹੀ ਕਲੀਮ॥੧੭੪॥**

**ਪਦ ਅਰਥ**—ਬਿ=ਵਿਚ। ਜ਼ਿੰਦਾ=ਕੈਦ ਖਾਨਾ, ਬੰਦੀ ਘਰ। ਸਪੁਰਦੰਦ=ਸਪੁਰਦ ਕੀਤਾ, ਭੇਜ ਦਿੱਤਾ। ਓ ਰਾ=ਉਸ ਨੂੰ। ਅਜ਼ੀਮ=ਵੱਡਾ। ਸਤਾਨਦ=ਲੈ ਲਿਆ। ਅਜ਼ੋ=ਉਸ ਤੋਂ। ਤਾਜਿ=ਛਤਰ ਚੌਰ ਵਾ ਜਿਗਾ ਕਲਗੀ। ਸ਼ਾਹੀ=ਪਾਤਸ਼ਾਹੀ, ਹਕੂਮਤ। ਕਲੀਮ=ਦੇਸ।

**ਅਰਥ**—ਉਸ ਨੂੰ ਵੱਡੇ ਕੈਦਖਾਨੇ ਵਿਚ ਭੇਜ ਦਿੱਤਾ ਅਤੇ ਉਸ ਪਾਸੋਂ ਦੇਸ ਦੀ ਪਾਤਸ਼ਾਹੀ ਦਾ ਛਤਰ ਤੇ ਚੌਰ ਲੈ ਲਿਆ।੧੭੪।

**ਸ਼ਹਨਸ਼ਾਹਗੀ ਯਾਫ਼ਤ ਹੁਕਮਿ ਰਜ਼ਾਕ॥**
**ਬਸੇ ਦੁਸ਼ਮਨਾ ਰਾ ਕੁਨਦ ਚਾਕ ਚਾਕ॥੧੭੫॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਸ਼ਹਨਸ਼ਾਹਗੀ=ਚਕ੍ਰਵਰਤੀ ਰਾਜ ਦੀ ਹਕੂਮਤ। ਯਾਫ਼ਤ=ਪਾ ਲਿਆ। ਰਜ਼ਾਕ=ਰਾਜ਼ਕ, ਅੰਨ ਦਾਤਾ, ਵਾਹਿਗੁਰੂ। ਬਸੇ=ਬਹੁਤ। ਦੁਸ਼ਮਨਾ ਰਾ=ਵੈਰੀਆਂ ਨੂੰ। ਕੁਨਦ=ਕੀਤਾ। ਚਾਕ=ਟੁਕੜੇ।

***ਅਰਥ***—ਵਾਹਿਗੁਰੂ ਦੇ ਹੁਕਮ ਨਾਲ ਚੱਕ੍ਰਵਰਤੀ ਰਾਜ ਦੀ ਹਕੂਮਤ ਪਾ ਲਈ। ਬਹੁਤ ਸਾਰੇ ਵੈਰੀਆਂ ਨੂੰ ਟੁਕੜੇ ਟੁਕੜੇ ਕਰ ਦਿੱਤਾ।੧੭੫।

**ਚੁਨਾ ਕਰਦਹ ਸ਼ੁਦ ਕਸਦਿ ਮਿਹਨਤ ਕਸੇ॥**
**ਕਿ ਰਹਮਤ ਬਿ ਬਖਸ਼ੰਦ ਜ਼ੋ ਰਹਮਤੇ॥੧੭੬॥**

***ਪਦ ਅਰਥ***—ਚੁਨਾ=ਅਜੇਹੀ। ਕਰਦਹ ਸ਼ੁਦ=ਕੀਤੀ ਜਾਵੇ। ਕਸਦਿ=ਹਮਲੇ। ਮਿਹਨਤ=ਔਖਿਆਈ, ਤਕਲੀਫ਼। ਕਸੇ=ਕੋਈ। ਰਹਮਤ=ਦਇਆ। ਬਖਸ਼ੰਦ=ਕਰਦਾ। ਰਹਮਤੇ=ਦਿਆਲੂ।

***ਅਰਥ***—ਜਿਹੜਾ ਕੋਈ ਅਜਿਹੀ ਤਕਲੀਫ਼ ਦੇ ਹਮਲੇ ਨੂੰ ਸਹਾਰਨਾ ਕਰ ਲੈਂਦਾ ਹੈ। ਦਿਆਲੂ ਪਰਮੇਸ਼ਰ ਉਸ ਦੇ ਉੱਤੇ ਦਇਆ ਕਰਦਾ ਹੈ।੧੭੬।

**ਕਿ ਓ ਸ਼ਾਹਬਾਨੋ ਸ਼ੁਦੋ ਮੁਲਕ ਸ਼ਾਹ॥**
**ਕਿ ਸ਼ਾਹੀ ਹਮੀ ਯਾਫਤ ਹੁਕਮਿ ਅਲਾਹ॥੧੭੭॥**

***ਪਦ ਅਰਥ***—ਸ਼ਾਹਬਾਨੋ=ਰਾਣੀ। ਸ਼ੁਦੋ=ਹੋ ਗਈ ਅਤੇ। ਮੁਲਕ=ਦੇਸ। ਸ਼ਾਹ=ਰਾਜਾ। ਸ਼ਾਹੀ=ਪਾਤਸ਼ਾਹੀ, ਹਕੂਮਤ। ਹਮੀ ਯਾਫਤ=ਪਾ ਲਈ। ਹੁਕਮਿ=ਹੁਕਮ ਨਾਲ। ਅਲਾਹ=ਰੱਬ, ਪ੍ਰਮਾਤਮਾ।

***ਅਰਥ***—ਉਹ ਰਾਣੀ ਹੋ ਗਈ ਅਤੇ ਉਹ ਦੇਸ਼ ਦਾ ਰਾਜਾ। ਪ੍ਰਮਾਤਮਾ ਦੇ ਹੁਕਮ ਨਾਲ ਉਹਨਾਂ ਪਾਤਸ਼ਾਹੀ ਪਾ ਲਈ।੧੭੭।

**ਬਿਦੇਹ ਸਾਕੀਆ ਸਾਗਰਿ ਸਬਜ਼ ਆਬ॥**
**ਕਿ ਬੇਰੂੰ ਬਿਉਫਤਾਦ ਪਰਦਹ ਨਿਕਾਬ॥੧੭੮॥**

***ਪਦ ਅਰਥ***—ਸਾਗਰਿ=ਪਿਆਲਾ। ਸਬਜ਼=ਹਰਾ। ਆਬ=ਪਾਣੀ। ਬੇਰੂੰ=ਬਾਹਰ। ਬਿਉਫਤਾਦ=ਡਿੱਗ ਪਵੇ। ਪਰਦਹ=ਪੜਦਾ। ਨਿਕਾਬ=ਘੁੰਡ।

***ਅਰਥ***—ਹੇ ਸਤਿਗੁਰੋ! ਹਰੀ ਨਾਮ ਰੂਪੀ ਹਰੇ ਰੰਗ ਦਾ ਪਿਆਲਾ ਦੇਹੁ। ਜਿਸ ਨਾਲ ਘੁੰਡ ਦਾ ਪੜਦਾ ਬਾਹਰ ਡਿੱਗ ਪਵੇ।੧੭੮।

**ਬਿਦੇਹ ਸਾਕੀਆ ਸਬਜ਼ ਰੰਗੇ ਫਰੰਗ॥**
**ਕਿ ਵਕਤੇ ਬਕਾਰ ਅਸਤ ਅਜ਼ ਰੋਜ਼ ਜੰਗ॥੧੭੯॥੧੦॥**

***ਅਰਥ***—ਹੇ ਸਤਿਗੁਰੋ! ਸਾਵੇ ਰੰਗ ਦਾ ਪ੍ਰੇਮ ਦੇਹੁ। ਜੋ ਜੁਧ ਦੇ ਦਿਨ ਅਤੇ ਜੁਧ ਦੇ ਵੇਲੇ ਲੋੜੀਂਦਾ ਹੈ।੧੭੯।੧੦।

ਦਸਵੀਂ ਹਿਕਾਯਤ (ਕਹਾਣੀ) ਸੰਪੂਰਨ ਹੋਈ।

Sri Satguru Jagjit Singh Ji eLibrary NamdhariElibrary@gmail.com

# ਹਿਕਾਯਤ ਯਾਰ੍ਹਵੀਂ

## ਵਾਹਿਗੁਰੂ ਜੀ ਕੀ ਫਤਹ ॥

**ਤੋਈ ਦਸਤਗੀਰ ਅਸਤ ਦਰਮਾਂਦਗਾਂ ॥**
**ਤੋਈ ਕਾਰ ਸਾਜ਼ ਅਸਤ ਬੇਚਾਰਗਾਂ ॥੧॥**

***ਪਦ ਅਰਥ***—ਤੋਈ=ਤੂੰਹੀ। ਦਸਤਗੀਰ=ਹੱਥ ਫੜਨ ਵਾਲਾ, ਸਹਾਰਾ ਦੇਣ ਵਾਲਾ। ਅਸਤ=ਹੈਂ। ਦਰਮਾਂਦਗਾਂ=ਥੱਕੇ ਹਾਰੇ ਹੋਏ। ਕਾਰ ਸਾਜ਼=ਕੰਮ ਬਣਾਉਣ ਵਾਲਾ। ਬੇਚਾਰਗਾਂ=ਵਿਚਾਰਿਆਂ, ਨਿਰਉਪਾਵਾਂ।

***ਅਰਥ***—ਹੇ ਵਾਹਿਗੁਰੂ! ਤੂੰ ਹੀ ਥੱਕੇ ਹਾਰੇ ਹੋਇਆਂ ਨੂੰ ਸਹਾਰਾ ਦੇਣ ਵਾਲਾ ਹੈਂ ਅਤੇ ਗ਼ਰੀਬਾਂ ਦੇ ਕੰਮਾਂ ਨੂੰ ਬਣਾਉਣ ਵਾਲਾ ਭੀ ਤੂੰ ਹੀ ਹੈਂ ।੧। [ਦ: ਗ੍ਰੰ: ਪੰਨਾ ੧੪੨੫

**ਸ਼ਹਨਸ਼ਾਹ ਬਖਸ਼ਿੰਦਹ ਏ ਬੇਨਿਆਜ਼ ॥**
**ਜ਼ਮੀਨੋ ਜ਼ਮਾਂ ਰਾ ਤੋਈ ਕਾਰ ਸਾਜ਼ ॥੨॥**

***ਪਦ ਅਰਥ***—ਬਖਸ਼ਿੰਦਹ=ਬਖ਼ਸ਼ ਦੇਂਦਾ ਹੈਂ। ਬੇਨਿਆਜ਼=ਇੱਛਾ ਤੋਂ ਬਿਨਾਂ, ਮੰਗੇ ਤੋਂ ਬਿਨਾਂ। ਜ਼ਮੀਨੋ ਜ਼ਮਾਂ ਰਾ=ਧਰਤੀ ਤੇ ਅਕਾਸ਼ ਦਾ। ਕਾਰ ਸਾਜ਼=ਕੰਮ ਬਨਾਉਣ ਵਾਲਾ।

***ਅਰਥ***—ਤੂੰ ਮੰਗਣ ਤੋਂ ਬਿਨਾਂ ਚੱਕ੍ਰਵਰਤੀ ਰਾਜ ਦੇਂਦਾ ਹੈਂ। ਤੂੰ ਧਰਤੀ ਅਤੇ ਅਕਾਸ਼ ਦਾ ਕੰਮ ਬਨਾਉਣ ਵਾਲਾ ਹੈਂ ।੨।

**ਹਿਕਾਯਤ ਸ਼ੁਨੀਦੇਮ ਸ਼ਾਹਿ ਕਲਿੰਜਰ ॥**
**ਕੁਨਾਨੀਦ ਯਕ ਦਰ ਚੁ ਅਜ਼ ਕੋਹ ਮੰਜ਼ਰ ॥੩॥**

***ਪਦ ਅਰਥ***—ਹਿਕਾਯਤ=ਕਹਾਣੀ। ਸ਼ੁਨੀਦੇਮ=ਮੈਂ ਇਕ ਸੁਣੀ। ਕਲਿੰਜਰ=ਸ਼ਹਿਰ ਦਾ ਨਾਮ। ਕੁਨਾਨੀਦ=ਬਣਵਾਇਆ। ਦਰ=ਬੂਹਾ। ਚੁ=ਵਰਗਾ। ਮੰਜ਼ਰ=ਨਜ਼ਾਰਾ, ਵੇਖਣ ਯੋਗ।

***ਅਰਥ***—ਹੇ ਔਰੰਗਜ਼ੇਬ! ਕਲਿੰਜਰ ਦੇਸ ਦੇ ਰਾਜੇ ਦੀ ਕਹਾਣੀ ਅਸਾਂ ਸੁਣੀ ਹੈ। ਜਿਸ ਨੇ ਪਹਾੜ ਵਰਗਾ ਦੇਖਣ ਯੋਗ ਇਕ ਦਰਵਾਜ਼ਾ ਬਣਵਾਇਆ ਸੀ ।੩।

**ਯਕੇ ਪਿਸਰਿ ਓ ਬੂਦ ਹੁਸਨਲ ਜਮਾਲ ॥**
**ਕਿ ਲਾਇਕ ਜਹਾਂ ਬੂਦ ਅਜ਼ ਮੁਲਕੋ ਮਾਲ ॥੪॥**

***ਪਦ ਅਰਥ***—ਪਿਸਰ=ਪੁੱਤਰ। ਬੂਦ=ਸੀ। ਹੁਸਨਲ ਜਮਾਲ=ਬਹੁਤ ਸੋਹਣੇ ਰੂਪ ਵਾਲਾ। ਮੁਲਕੋ ਮਾਲ=ਦੇਸ ਤੇ ਦੌਲਤ। ਲਾਇਕ=ਯੋਗ। ਜਹਾਂ=ਜਗਤ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਉਸ ਦਾ ਇਕ ਪੁੱਤਰ ਬੜੇ ਸੋਹਣੇ ਸਰੂਪ ਵਾਲਾ ਸੀ। ਜੋ ਸੰਸਾਰ ਵਿਚ ਹਰ ਤਰ੍ਹਾਂ ਨਾਲ ਆਪਣੇ ਦੇਸ ਦੇ ਦੌਲਤ ਨੂੰ ਸੰਭਾਲਣ ਦੇ ਜੋਗ ਸੀ।੪।

**ਯਕੇ ਸ਼ਾਹ ਓ ਜਾਇ ਦੁਖਤਰ ਅਜ਼ੋ॥**
**ਕਿ ਦੀਗਰ ਨ ਜ਼ਨ ਬੂਦ ਸਮਨ ਬਰਕ ਜ਼ੋ॥੫॥**

***ਪਦ ਅਰਥ***—ਸ਼ਾਹ=ਸ਼ਾਹੂਕਾਰ। ਓ ਜਾਇ=ਉਸ ਥਾਂ 'ਤੇ। ਦੁਖਤਰ=ਲੜਕੀ। ਅਜ਼ੋ=ਉਸ ਦੀ। ਦੀਗਰ=ਦੂਜੀ। ਜ਼ਨ=ਇਸਤਰੀ। ਸਮਨ=ਚੰਬੇਲੀ। ਬਰਕ=ਪੱਤਰ। ਜ਼ੋ=ਉਸ ਤੋਂ।

***ਅਰਥ***—ਉਸੇ ਜਗ੍ਹਾ 'ਤੇ ਇਕ ਸ਼ਾਹੂਕਾਰ ਲੜਕੀ ਸੀ। ਜੋ ਚੰਬੇਲੀ ਦੇ ਪੱਤਰ ਵਰਗੀ ਕੋਮਲ ਸੀ, ਉਸ ਵਰਗੀ ਹੋਰ ਕੋਈ ਦੂਜੀ ਇਸਤਰੀ ਨਹੀਂ ਸੀ।੫।

**ਵਜ਼ਾਂ ਦੁਖਤਰਿ ਸ਼ਾਹ ਆਂ ਪਿਸਰਿ ਸ਼ਾਹ॥**
**ਸ਼ੁਦ ਆਸ਼ੁਫਤਹ ਬਰ ਵੈ ਚੁ ਬਰ ਸ਼ਮਸ ਮਾਹ॥੬॥**

***ਪਦ ਅਰਥ***—ਵਜ਼ਾਂ=ਤੋਂ। ਦੁਖਤਰਿ=ਲੜਕੀ। ਸ਼ਾਹ=ਸ਼ਾਹੂਕਾਰ। ਆਂ=ਉਸ। ਪਿਸਰਿ ਸ਼ਾਹ=ਰਾਜ ਪੁੱਤਰ। ਸ਼ੁਦ ਆਸ਼ੁਫਤਹ=ਮੋਹਿਤ ਹੋ ਗਈ। ਚੁ=ਜੈਸਾ। ਬਰ=ਉੱਪਰ। ਸ਼ਮਸ ਮਾਹ=ਸੂਰਜ, ਚੰਦ।

***ਅਰਥ***—ਸ਼ਾਹੂਕਾਰ ਦੀ ਲੜਕੀ ਉਸ ਰਾਜ ਪੁੱਤਰ ਉੱਤੇ ਮੋਹਤ ਹੋ ਗਈ। ਜਿਸ ਤਰ੍ਹਾਂ ਸੂਰਜ ਉੱਤੇ ਚੰਦਰਮਾ।੬।

**ਬਿਗੋਯਦ ਕਿ ਐ ਸ਼ਾਹ ਮਾ ਰਾ ਬਿਕੁਨ॥**
**ਕਿ ਦਹਸ਼ਤ ਕਸੇ ਮਰਦ ਦੀਗਰ ਮਕੁਨ॥੭॥**

***ਪਦ ਅਰਥ***—ਬਿਗੋਯਦ=ਕਿਹਾ। ਮਾ ਰਾ=ਮੈਨੂੰ। ਬਿਕੁਨ=ਕਰ ਲੈ ਭਾਵ ਵਿਆਹ ਲੈ। ਦਹਸ਼ਤ=ਡਰ। ਕਸੇ=ਹੋਰ ਕਿਸੇ। ਦੀਗਰ=ਦੂਜੇ। ਮਕੁਨ=ਨਾ ਕਰ।

***ਅਰਥ***—ਉਸ ਲੜਕੀ ਨੇ ਆਖਿਆ ਹੇ ਬਾਦਸ਼ਾਹ! ਮੈਨੂੰ ਵਿਆਹ ਲੈ। ਭਾਵ ਮੈਨੂੰ ਆਪਣੀ ਇਸਤਰੀ ਬਣਾ ਲੈ। ਹੋਰ ਕਿਸੇ ਦੂਜੇ ਮਰਦ ਦਾ ਡਰ ਨਾ ਕਰ।੭।

**ਸ਼ੁਨੀਦਮ ਕਿ ਦਰ ਸ਼ਾਹਿ ਹਿੰਦੋਸਤਾਂ॥**
**ਕਿ ਨਾਮਿ ਵਜ਼ਾਂ ਸ਼ੇਰ ਸ਼ਾਹਿ ਜਵਾਂ॥੮॥**

***ਪਦ ਅਰਥ***—ਸ਼ੁਨੀਦਮ=ਮੈਂ ਸੁਣਿਆ। ਦਰ=ਵਿਚ। ਹਿੰਦੋਸਤਾਂ=ਹਿੰਦੁਸਤਾਨ। ਵਜ਼ਾਂ=ਉਸ ਦਾ। ਜਵਾਂ=ਜਵਾਨ ਜੋਧਾ।

***ਅਰਥ***—ਮੈਂ ਹਿੰਦੁਸਤਾਨ ਵਿਚ ਇਕ ਬਾਦਸ਼ਾਹ ਸੁਣਿਆ ਹੈ। ਉਸ ਬਲਵਾਨ ਰਾਜੇ ਦਾ ਨਾਮ ਸ਼ੇਰ ਸ਼ਾਹ ਹੈ।੮।

Sri Satguru Jagjit Singh Ji eLibrary NamdhariElibrary@gmail.com

## ਚੁਨਾਨਸਤ ਦਸਤੂਰਿ ਮੁਲਕਿ ਖ਼ੁਦਾ ॥
## ਬ ਯਕ ਦਾਨਹ ਬੇਗਾਨਹ ਰੇਜ਼ਦ ਜ਼ੁਦਹ ॥੯॥

**ਪਦ ਅਰਥ**—ਚੁਨਾਨਸਤ=ਅਜੇਹਾ ਹੈ। ਦਸਤੂਰਿ=ਨਿਯਮ, ਤਰੀਕਾ। ਮੁਲਕਿ ਖ਼ੁਦਾ=ਰੱਬੀ ਦੇਸ। ਬ=ਬਰਾਬਰ। ਦਾਨਹ=ਦਾਣਾ। ਬੇਗਾਨਹ=ਦੂਜੇ ਦਾ। ਰੇਜ਼ਦ=ਸੁੱਟਦੇ, ਰੱਖਦੇ। ਜ਼ੁਦਹ=ਵੱਖਰਾ।

**ਅਰਥ**—(ਉਸ) ਰੱਬੀ ਦੇਸ ਦਾ ਅਜੇਹਾ ਤਰੀਕਾ ਹੈ ਕਿ ਦੂਜੇ ਦਾ ਹੱਕ ਇਕ ਦਾਣੇ ਜਿੰਨਾ ਭੀ ਹੋਵੇ ਤਾਂ ਉਹ ਵੱਖਰਾ ਰੱਖਦੇ ਹਨ।੯।

## ਬਿ ਗੀਰੰਦ ਸ਼ਾਹੀ ਬਿਉਫ਼ਤਾਦ ਤੁਰਗ ॥
## ਬਪੇਸ਼ਸ਼ ਗੁਰੇਜ਼ਦ ਚੁ ਅਜ਼ ਬਾਜ਼ ਮੁਰਗ ॥੧੦॥

**ਪਦ ਅਰਥ**—ਗੀਰੰਦ=ਫੜਦੇ ਸੀ। ਸ਼ਾਹੀ=ਰਾਜ। ਬਿਉਫ਼ਤਾਦ=ਸੁੱਟਿਆ। ਤੁਰਗ=ਪੰਛੀ। ਬਪੇਸ਼ਸ਼=ਉਸ ਦੇ ਅੱਗੇ। ਗੁਰੇਜ਼ਦ=ਭੱਜਦਾ ਹੈ। ਚੁ=ਜਿਵੇਂ। ਮੁਰਗ=ਕੁੱਕੜ। ਅਜ਼=ਤੋਂ।

**ਅਰਥ**—ਰਾਜ ਲੈਣ ਵਾਸਤੇ ਜਿਸ ਦੇ ਪਿੱਛੇ ਜਾਨਵਰ ਘੋੜਾ ਸੁੱਟਿਆ। ਉਹ ਅੱਗੇ ਅੱਗੇ ਇਸ ਤਰ੍ਹਾਂ ਭੱਜਦਾ ਗਿਆ, ਜਿਵੇਂ ਬਾਜ਼ ਤੋਂ ਕੁੱਕੜ ਭੱਜ ਜਾਂਦਾ ਹੈ।੧੦।

## ਬਗੀਰਦ ਅਜ਼ ਹਰ ਦੋ ਅਸਪਿ ਕਲਾਂ ॥
## ਕਿ ਮੁਲਕਿ ਅਰਾਕਸ਼ ਬਿਆਮਦ ਅਜ਼ਾਂ ॥੧੧॥

**ਪਦ ਅਰਥ**—ਅਜ਼=ਉਸ ਤੋਂ। ਬਗੀਰਦ=ਫੜੇ ਹਨ। ਹਰ ਦੋ=ਦੋਵੇਂ। ਅਸਪਿ=ਘੋੜੇ। ਕਲਾਂ=ਵੱਡੇ। ਅਰਾਕਸ਼='ਅਰਾਕ' ਇਕ ਦੇਸ ਦਾ ਨਾਮ ਹੈ। ਬਿਆਮਦ=ਆਏ। ਅਜ਼ਾਂ=ਉਸ ਕੋਲ।

**ਅਰਥ**—ਉਸ ਪਾਸੋਂ ਦੋਵੇਂ ਵੱਡੇ ਘੋੜੇ ਲੈ ਲਏ। ਜੋ ਅਰਾਕ ਮੁਲਕ ਵਿਚੋਂ ਉਸ ਕੋਲ ਆਏ ਸਨ।੧੧।

## ਬਿ ਬਖ਼ਸ਼ੀਦ ਓ ਰਾ ਬਸੇ ਜ਼ਰਦ ਫ਼ੀਲ ॥
## ਕਿ ਬੇਰੂੰ ਬਿਆਵੁਰਦ ਦਰਯਾਇ ਨੀਲ ॥੧੨॥

**ਪਦ ਅਰਥ**—ਬਖ਼ਸ਼ੀ=ਬਖ਼ਸ਼ ਦਿੱਤੇ। ਓ ਰਾ=ਉਸ ਨੂੰ। ਬਸੇ=ਬਹੁਤ ਸਾਰੇ। ਜ਼ਰਦ=ਪੀਲਾ ਭਾਵ ਸੋਨਾ। ਫ਼ੀਲ=ਹਾਥੀ। ਬੇਰੂੰ=ਬਾਹਰ। ਬਿਆਵਰੁਦ=ਲਿਆਇਆ ਸੀ। ਨੀਲ=ਨਾਮ ਹੈ।

**ਅਰਥ**—ਉਸ ਨੂੰ ਬਹੁਤ ਸਾਰਾ ਸੋਨਾ ਤੇ ਹਾਥੀ ਬਖ਼ਸ਼ ਦਿੱਤੇ। ਜੋ ਨੀਲ ਦਰਿਆਇ ਦੇ ਬਾਹਰੋਂ ਭਾਵ ਪਾਰ ਤੋਂ ਲਿਆਇਆ ਸੀ।੧੨।

## ਯਕੇ ਨਾਮ ਰਾਹੋ ਸੁਰਾਹੋ ਦਿਗਰ ॥
## ਚੁ ਆਹੂ ਕਲਾਂ ਪਾ ਅਜ਼ੀਮੇ ਦੋ ਨਰ ॥੧੩॥

**ਪਦ ਅਰਥ**—ਆਹੂ=ਹਰਨ। ਕਲਾਂ=ਵੱਡੇ। ਪਾ=ਪੈਰ। ਅਜ਼ੀਮੇ=ਵੱਡੇ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਇਕ (ਘੋੜੇ) ਦਾ ਨਾਮ ਰਾਹੂ ਤੇ ਦੂਜੇ ਦਾ ਸੁਰਾਹੂ ਸੀ। ਉਹ ਦੋਵੇਂ ਵੱਡੇ ਘੋੜੇ ਹਰਨਾਂ ਵਾਂਗੂੰ ਵੱਡੇ ਪੈਰਾਂ ਵਾਲੇ ਦੋ ਮਨੁੱਖ ਸਨ।੧੩।

**ਅਗਰ ਅਸਪ ਹਰ ਦੋ ਅਜ਼ਾਂ ਮੇ ਦਿਹਦ॥**
**ਵਜ਼ਾਂ ਪਸ ਤੁਰਾ ਖ਼ਾਨਹ ਬਾਨੂ ਕੁਨਦ॥੧੪॥**

**ਪਦ ਅਰਥ**—ਅਗਰ=ਜੇਕਰ। ਅਸਪ=ਘੋੜੇ। ਹਰ ਦੋ=ਦੋਵੇਂ। ਅਜ਼ਾਂ=ਉਸ ਤੋਂ। ਮੇ ਦਿਹਦ=ਲਿਆ ਦੇਂਦੀ ਹੈ। ਵਜ਼ਾਂ ਪਸ=ਉਸ ਤੋਂ ਮਗਰੋਂ। ਤੁਰਾ=ਤੈਨੂੰ। ਬਾਨੂ=ਇਸਤਰੀ। ਕੁਨਦ=ਕਰਾਂਗਾ।

**ਅਰਥ**—ਦੋਵੇਂ ਘੋੜੇ ਜੇਕਰ ਉਸ ਪਾਸੋਂ ਲਿਆ ਦੇਵੇਂ। ਤਦ ਉਸ ਤੋਂ ਮਗਰੋਂ ਮੈਂ ਤੈਨੂੰ ਘਰ ਦੀ ਇਸਤਰੀ ਕਰਾਂਗਾ।੧੪।

**ਸ਼ੁਨੀਦ ਈਂ ਸੁਖਨ ਰਾ ਹਮੀ ਸ਼ੁਦ ਰਵਾਂ॥**
**ਬਿਆਮਦ ਬ ਸ਼ਹਰਿ ਸ਼ਾਹ ਹਿੰਦੋਸਤਾਂ॥੧੫॥**

**ਪਦ ਅਰਥ**—ਸ਼ੁਨੀਦ=ਸੁਣੀ। ਈਂ ਸੁਖਨ=ਇਹ ਗੱਲ। ਸ਼ੁਦ ਰਵਾਂ=ਤੁਰ ਪਈ।

**ਅਰਥ**—ਇਸ ਗੱਲ ਨੂੰ ਸੁਣਿਆ ਤੇ ਤੁਰ ਪਈ। ਫਿਰ ਹਿੰਦੁਸਤਾਨ ਦੇ ਰਾਜੇ ਦੇ ਸ਼ਹਿਰ ਵਿਚ ਆ ਗਈ।੧੫।

**ਨਿਸ਼ਸਤੰਦ ਬਰ ਰੋਦਿ ਜਮਨਾ ਲਬਿ ਆਬ॥**
**ਬਿ ਬੁਰਦੰਦ ਬਾਦਹ ਵ ਖੁਰਦੰਦ ਕਬਾਬ॥੧੬॥**

**ਪਦ ਅਰਥ**—ਨਿਸ਼ਸਤੰਦ=ਬੈਠ ਗਈ। ਬਰ=ਉੱਪਰ। ਰੋਦਿ=ਨਦੀ। ਲਬਿ=ਕਢੇ। ਆਬ=ਪਾਣੀ। ਬੁਰਦੰਦ=ਲੈ ਗਈ। ਬਾਦਹ=ਸ਼ਰਾਬ। ਵ=ਅਤੇ। ਖੁਰਦੰਦ=ਖਾਧਾ। ਕਬਾਬ=ਭੁੰਨਿਆ ਮਾਸ।

**ਅਰਥ**—ਜਮਨਾ ਨਦੀ ਦੇ ਪਾਣੀ ਦੇ ਕੰਢੇ ਉੱਤੇ ਬੈਠ ਗਈ। ਪੀਣ ਵਾਸਤੇ ਸ਼ਰਾਬ ਅਤੇ ਖਾਣ ਵਾਸਤੇ ਮਾਸ ਲੈ ਗਈ।੧੬।

**ਪਸੇ ਦੋ ਬਰਾਮਦ ਸ਼ਬੇ ਚੂੰ ਸਿਆਹ॥**
**ਰਵਾਂ ਕਰਦ ਆਬ ਸ਼ ਬਸੇ ਪੁਸ਼ਤਹ ਕਾਹ॥੧੭॥**

**ਪਦ ਅਰਥ**—ਪਸੇ ਦੋ=ਦੋ ਪਹਿਰ। ਬਰਾਮਦ=ਗੁਜ਼ਰ ਗਏ। ਸ਼ਬੇ=ਰਾਤ ਦੇ। ਚੂੰ=ਜਦ। ਸਿਆਹ=ਕਾਲੀ। ਰਵਾਂ ਕਰਦ=ਰੋੜ੍ਹ ਦਿੱਤੇ। ਆਬ=ਪਾਣੀ। ਸ਼=ਉਹ। ਬਸੇ=ਬਹੁਤ। ਪੁਸ਼ਤਹ=ਪੂਲੇ। ਕਾਹ=ਘਾਹ।

**ਅਰਥ**—ਜਦ ਹਨੇਰੀ ਰਾਤ ਦੇ ਦੋ ਪਹਿਰ ਗੁਜ਼ਰ ਗਏ ਤਦ ਉਸ ਨੇ ਘਾਹ ਦੇ ਬਹੁਤ ਸਾਰੇ ਪੂਲੇ ਪਾਣੀ ਵਿਚ ਰੋੜ੍ਹ ਦਿੱਤੇ।੧੭।

Sri Satguru Jagjit Singh Ji eLibrary NamdhariElibrary@gmail.com

**ਬ ਦੀਦੰਦ ਓ ਰਾ ਬਸੇ ਪਾਸਬਾਂ ॥**
**ਬ ਤੁੰਦੀ ਦਰਾਮਦ ਬ ਤਾਬਸ਼ ਹੁਮਾਂ ॥੧੮॥**

***ਪਦ ਅਰਥ***—ਦੀਦੰਦ=ਵੇਖਿਆ। ਬਸੇ=ਬਹੁਤੇ। ਪਾਸਬਾਂ=ਰਾਖੇ, ਚੌਕੀਦਾਰਾਂ। ਬ=ਨਾਲ। ਤੁੰਦੀ=ਰੋਹ, ਕ੍ਰੋਧ। ਦਰਾਮਦ=ਵਿਚ ਆਏ। ਤਾਬਸ਼=ਚਮਕ। ਹੁਮਾਂ=ਉਸੇ ਵੇਲੇ।

***ਅਰਥ***—ਉਨ੍ਹਾਂ ਪੂਲਿਆਂ ਨੂੰ ਬਹੁਤ ਸਾਰੇ ਪਹਿਰੇਦਾਰਾਂ ਨੇ ਵੇਖਿਆ ਅਤੇ ਰੋਹ ਵਿਚ ਆ ਕੇ ਉਸੇ ਵੇਲੇ ਚਮਕੇ ।੧੮।

**ਬਸੇ ਬਰ ਵੈ ਬੰਦੂਕ ਬਾਰਾਂ ਕੁਨਦ ॥**
**ਚੁ ਬਾ ਬਰਕ ਅਬਰ ਸ਼ ਬਹਾਰਾਂ ਕੁਨਦ ॥੧੯॥**

***ਪਦ ਅਰਥ***—ਬਸੇ=ਬਹੁਤ। ਬਰ ਵੈ=ਉਸ ਉੱਤੇ। ਬਾਰਾਂ=ਬਾਰਸ਼, ਬਰਖਾ। ਕੁਨਦ=ਕਰ ਦਿੱਤੀ। ਚੁ=ਜੈਸੇ, ਜਿਵੇਂ। ਬਾ=ਸਹਿਤ, ਸਮੇਤ। ਬਰਕ=ਬਿਜਲੀ। ਅਬਰ ਸ਼=ਬੱਦਲ, ਘਟਾਂ। ਸ਼=ਉਸ। ਬਹਾਰਾਂ=ਬਰਸਾਤ। ਕੁਨਦ=ਕਰਦੇ ਹਨ।

***ਅਰਥ***—ਉਨ੍ਹਾਂ ਨੇ ਉਸ ਉੱਤੇ ਬਹੁਤੀਆਂ ਬੰਦੂਕਾਂ ਨਾਲ ਗੋਲੀਆਂ ਦੀ ਵਰਖਾ ਕਰ ਦਿੱਤੀ। ਜਿਵੇਂ ਬਿਜਲੀ ਦੇ ਸਮੇਤ ਬੱਦਲ ਬਰਸਾਤ ਰੁੱਤ ਵਿਚ ਵਰਖਾ ਕਰਦੇ ਹਨ ।੧੯।

**ਹਮੀ ਵਜ਼ਹ ਕਰਦਹ ਦੋ ਸਿਹ ਚਾਰ ਬਾਰ ॥**
**ਹਮ ਆਖਿਰ ਕੁਨਦ ਖ਼ਾਬ ਖ਼ੁਫ਼ਤ ਇਖ਼ਤਿਆਰ ॥੨੦॥**

***ਪਦ ਅਰਥ***—ਹਮੀ ਵਜ਼ਹ=ਇਸੇ ਤਰ੍ਹਾਂ। ਕਰਦਹ=ਕੀਤਾ। ਸਿਹ=ਤਿੰਨ। ਬਾਰ=ਵੇਰੀ। ਹਮ ਆਖ਼ਿਰ=ਓੜਕ ਨੂੰ। ਕੁਨਦ=ਕੀਤਾ। ਖ਼ਾਬ=ਨੀਂਦ। ਖ਼ੁਫ਼ਤ=ਸੌਣਾ। ਇਖ਼ਤਿਆਰ=ਪਸੰਦ।

***ਅਰਥ***—ਇਸੇ ਤਰ੍ਹਾਂ ਦੇ ਨਾਲ ਦੋ ਤਿੰਨ ਚਾਰ ਵੇਰੀ ਕੀਤਾ। ਓੜਕ ਨੂੰ ਨੀਂਦ ਦਾ ਸਮਾਂ ਜਾਣ ਕੇ ਸੌਣਾ ਪਸੰਦ ਕੀਤਾ ।੨੦।

**ਬਿਦਾਨਦ ਕਿ ਖ਼ੁਫ਼ਤਹ ਸ਼ੁਦਹ ਪਾਸਬਾਂ ॥**
**ਬਿ ਪਯ ਮੁਰਦਹ ਸ਼ੁਦ ਹਮਚੁ ਜ਼ਖ਼ਮਿ ਯਲਾਂ ॥੨੧॥**

***ਪਦ ਅਰਥ***—ਦਾਨਦ=ਜਾਣ ਲਿਆ। ਕਿ=ਜੋ। ਖ਼ੁਫ਼ਤਹ ਸ਼ੁਦ=ਸੌਂ ਗਏ ਹਨ। ਪਾਸਬਾਂ=ਰਾਖੇ ਲੋਕ। ਪਯ ਮੁਰਦਹ=ਥੱਕੇ ਟੁੱਟੇ। ਹਮਚੁ=ਵਾਂਗੂ। ਯਲਾਂ=ਸੂਰਮਿਆਂ।

***ਅਰਥ***—ਉਸ ਨੇ ਜਾਣ ਲਿਆ ਜੋ ਪਹਿਰੇਦਾਰ ਸੌਂ ਗਏ ਹਨ। ਜ਼ਖ਼ਮੀ ਸੂਰਮਿਆਂ ਵਾਂਗ ਥੱਕੇ ਟੁੱਟੇ ਹੋਏ ਹਨ ।੨੧।

**ਰਵਾਂ ਕਰਦ ਓ ਜਾ ਬਿਆਮਦ ਅਜ਼ਾਂ ॥**
**ਕਿ ਬੁਨਗਾਹ ਅਜ਼ ਸ਼ਾਹ ਕਰਖਿ ਗਿਰਾਂ ॥੨੨॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਰਵਾਂ ਕਰਦ=ਤੁਰ ਪਈ। ਓ ਜਾ=ਉਸ ਥਾਂ ਤੋਂ। ਬਿਆਮਦ=ਆ ਗਈ। ਅਜ਼ਾਂ=ਉਥੇ। ਕਿ=ਜੋ। ਬੁਨਗਾਹ=ਨੀਂਦ, ਜੜ੍ਹ। ਕਰਖਿ=ਅਟਾਰੀ। ਗਿਰਾਂ=ਵੱਡੀ, ਉੱਚੀ।

***ਅਰਥ***—ਉਸ ਥਾਂ ਤੋਂ ਤੁਰ ਪਈ ਅਤੇ ਉਥੇ ਆ ਗਈ ਜੋ ਜਿਥੇ ਰਾਜਾ ਦੀ ਉੱਚੀ ਅਟਾਰੀ ਦੀ ਨੀਂਹ ਸੀ ਭਾਵ ਕਿਲ੍ਹੇ ਦੇ ਪਿਛਲੇ ਪਾਸੇ ਵੱਲ ਆ ਗਈ।੨੨।

**ਘਰੀ ਰਾ ਬਿਕੋਬਦ ਘਰੀਆ ਘਰਿਆਰ ॥**
**ਵਜ਼ਾਂ ਮੇਖ ਕੋਬਦ ਬਿਪੁਸ਼ਤਿ ਦੀਵਾਰ ॥੨੩॥**

***ਪਦ ਅਰਥ***—ਘਰੀ=ਘੜਿਆਲ। ਬਿਕੋਬਦ=ਵਜਾਉਂਦਾ ਹੈ। ਘਰੀਆ ਘਰਿਆਰ=ਘੜਿਆਲ ਵਜਾਉਣ ਵਾਲਾ। ਵਜ਼ਾਂ=ਉਸ। ਮੇਖ=ਕਿੱਲੀ। ਕੋਬਦ=ਠੋਕਦੀ ਹੈ। ਬਿਪੁਸ਼ਤਿ=ਪਿਛਵਾੜੇ ਦੀ। ਦੀਵਾਰ=ਕੰਧ।

***ਅਰਥ***—ਘੜਿਆਲ ਵਜਾਉਣ ਵਾਲਾ ਜਦੋਂ ਜਦੋਂ ਘੜਿਆਲ ਵਜਾਂਦਾ ਸੀ। ਤਦੋਂ ਤਦੋਂ ਪਿਛਵਾੜੇ ਦੀ ਕੰਧ ਵਿਚ ਲੋਹੇ ਦੀਆਂ ਕਿੱਲੀਆਂ ਠੋਕਦੀ ਸੀ।੨੩। [ਦ: ਗ੍ਰੰ: ਪੰਨਾ ੧੪੨੬

**ਚੁਨਾ ਤਾ ਬਰਾਮਦ ਦੀਵਾਰਿ ਅਜ਼ੀਮ ॥**
**ਦੋ ਅਸਪਸ਼ ਨਜ਼ਰ ਕਰਦ ਹੁਕਮਿ ਕਰੀਮ ॥੨੪॥**

***ਪਦ ਅਰਥ***—ਚੁਨਾ=ਇਸੇ ਤਰ੍ਹਾਂ ਹੀ। ਤਾ=ਤੱਕ। ਬਰਾਮਦ=ਉੱਪਰ ਆ ਗਈ। ਅਜ਼ੀਮ=ਉੱਚੀ। ਅਸਪ=ਘੋੜੇ। ਸ਼=ਉਸ ਨੇ। ਨਜ਼ਰ ਕਰਦ=ਵੇਖੇ। ਕਰੀਮ=ਕ੍ਰਿਪਾਲੂ, ਪ੍ਰਮੇਸ਼ਰ।

***ਅਰਥ***—ਇਸੇ ਤਰ੍ਹਾਂ ਉਨ੍ਹਾਂ ਕਿੱਲੀਆਂ ਦੇ ਉੱਪਰ ਚੜ੍ਹਦੀ ਚੜ੍ਹਦੀ ਉਸ ਉੱਚੀ ਕੰਧ ਦੇ ਉੱਪਰ ਤੱਕ ਆ ਗਈ ਅਤੇ ਉਸ ਨੇ ਪ੍ਰਮੇਸ਼ਰ ਦੇ ਹੁਕਮ ਨਾਲ ਉਹ ਦੋਵੇਂ ਘੋੜੇ ਵੇਖ ਲਏ।੨੪।

**ਯਕੇ ਰਾ ਬਿਜ਼ਦ ਤਾ ਅਜ਼ੋ ਨੀਮ ਕਰਦ ॥**
**ਦਰੇ ਪਾਸਬਾਨੀ ਬਰ ਅਜ਼ ਨੀਮ ਕਰਦ ॥੨੫॥**

***ਪਦ ਅਰਥ***—ਯਕੇ ਰਾ=ਇਕ ਨੂੰ। ਬਿਜ਼ਦ=ਮਾਰਿਆ। ਤਾ=ਅਤੇ। ਅਜ਼ੋ=ਉਸ ਤੋਂ। ਨੀਮ ਕਰਦ=ਅੱਧਾ ਕੀਤਾ। ਦਰੇ=ਬੂਹੇ ਵਿਚ। ਪਾਸਬਾਨੀ=ਰਖਵਾਲਾ। ਅਜ਼ ਨੀਮ=ਅੱਧੋ ਵਿਚ। ਕਰਦ=ਕਰ ਦਿੱਤਾ।

***ਅਰਥ***—ਇਕ ਨੂੰ ਮਾਰਿਆ ਤੇ ਉਸ ਨੂੰ ਅੱਧਾ ਅੱਧਾ ਕਰ ਦਿੱਤਾ। ਰਖਵਾਲੀ ਦੇ ਬੂਹੇ ਉੱਤੇ ਉਸ ਨੂੰ ਅੱਧੋ ਅੱਧ ਭਾਵ ਦੋ ਟੁਕੜੇ ਕਰ ਦਿੱਤਾ।੨੫।

**ਦਿਗਰ ਰਾ ਬਿਜ਼ਦ ਤਾ ਜੁਦਾ ਗਸ਼ਤ ਸਰ ॥**
**ਸੋਇਮ ਰਾ ਬ ਕੁਸ਼ਤਨ ਸ਼ਵਦ ਖ਼ੂੰਨ ਤਰ ॥੨੬॥**

***ਪਦ ਅਰਥ***—ਦਿਗਰ ਰਾ=ਦੂਜੇ ਨੂੰ। ਬਿਜ਼ਦ=ਮਾਰਿਆ। ਜੁਦਾ=ਵੱਖਰਾ। ਗਸ਼ਤ=ਹੋ ਗਿਆ। ਸਰ=ਸਿਰ। ਸੋਇਮ=ਤੀਜੇ ਨੂੰ। ਕੁਸ਼ਤਨ=ਮਾਰਿਆ। ਸ਼ਵਦ=ਹੋ ਗਿਆ। ਤਰ=ਲੇਥੂ ਪੇਥੂ।

Sri Satguru Jagjit Singh Ji eLibrary NamdhariElibrary@gmail.com

**ਅਰਥ**—ਦੂਜੇ ਨੂੰ ਖੰਡਾ ਮਾਰਿਆ ਅਤੇ ਉਸ ਦਾ ਸਿਰ ਵੱਖਰਾ ਹੋ ਗਿਆ। ਤੀਜੇ ਨੂੰ ਮਾਰਿਆ ਉਹ ਭੀ ਲਹੂ ਵਿਚ ਲੇਥੂ ਪੇਥੂ ਹੋ ਗਿਆ ਭਾਵ ਲਹੂ ਨਾਲ ਲਿਬੜ ਗਿਆ।੨੬।

**ਚਵੁਮ ਰਾ ਜੁਦਾ ਕਰਦ ਪੰਜਮ ਬਿਕੁਸ਼ਤ ॥**
**ਸ਼ਸ਼ਮ ਰਾ ਬਿਕੁਸ਼ਤੰਦ ਜਮਦਾਰ ਮੁਸ਼ਤ ॥੨੭॥**

**ਪਦ ਅਰਥ**—ਚਵੁਮ=ਚੌਥੇ। ਜੁਦਾ=ਵੱਖਰਾ। ਬਿਕੁਸ਼ਤ=ਮਾਰਿਆ। ਸ਼ਸ਼ਮ=ਛੇਵਾਂ। ਜਮਦਾਰ=ਕਟਾਰ। ਮੁਸ਼ਤ=ਮੁੱਠ।

**ਅਰਥ**—ਚੌਥੇ ਦਾ (ਸਿਰ) ਵੱਖਰਾ ਕੀਤਾ, ਪੰਜਵੇਂ ਨੂੰ ਮਾਰਿਆ। ਛੇਵੇਂ ਨੂੰ ਕਟਾਰ ਦੀ ਮੁੱਠ ਨਾਲ ਮਾਰਿਆ।੨੭।

**ਸ਼ਸ਼ੁਮ ਚੌਂਕੀਅਸ ਕੁਸ਼ਤ ਆਮਦ ਅਜ਼ਾਂ ॥**
**ਕਿ ਹਫ਼ਤੁਮ ਗਿਰਾਂ ਬੂਦ ਚੌਂਕੀ ਗਿਰਾਂ ॥੨੮॥**

**ਪਦ ਅਰਥ**—ਸ਼ਸ਼ੁਮ=ਛੇਵਾਂ। ਚੌਂਕੀਅਸ=ਚੌਂਕੀਦਾਰ। ਕੁਸ਼ਤ=ਮਾਰਿਆ। ਅਜ਼ਾਂ=ਉਹ। ਹਫ਼ਤੁਮ=ਸਤਵਾਂ। ਗਿਰਾਂ=ਵੱਡੀ। ਬੂਦ=ਸੀ।

**ਅਰਥ**—ਛੇਵਾਂ ਚੌਂਕੀਦਾਰ ਮਾਰਿਆ, ਫਿਰ ਉਸ ਤੋਂ ਅੱਗੇ ਆਈ ਤਾਂ ਕਿ ਸਤਵਾਂ ਚੌਕੀਦਾਰ ਮਾਰ ਦੇਵਾਂ ਜੋ ਚੌਕੀਆਂ ਵਿਚੋਂ ਬੜੀ ਵੱਡੀ ਚੌਂਕੀ ਉੱਤੇ ਖੜਾ ਸੀ।੨੮।

**ਕਿ ਹਫ਼ਤੁਮ ਹਮੀ ਕੁਸ਼ਤ ਜ਼ਖ਼ਮਿ ਅਜ਼ੀਮ ॥**
**ਕਿ ਦਸਤਸ਼ ਕੁਨਦ ਰਖਸ਼ ਹੁਕਮਿ ਕਰੀਮ ॥੨੯॥**

**ਪਦ ਅਰਥ**—ਹਫ਼ਤਮ=ਸਤਵਾਂ। ਹਮੀ=ਭੀ। ਕੁਸ਼ਤ=ਮਾਰਿਆ। ਜ਼ਖ਼ਮਿ=ਫਟ। ਦਸਤਸ਼=ਹੱਥ ਉਹ। ਰਖਸ਼=ਘੋੜਾ।

**ਅਰਥ**—ਸਤਵੇਂ ਨੂੰ ਭੀ ਬੜਾ ਵੱਡਾ ਫਟ ਮਾਰਿਆ। ਫਿਰ ਰੱਬ ਦੇ ਹੁਕਮ ਨਾਲ ਉਸ ਨੇ ਘੋੜੇ ਵੱਲ ਹੱਥ ਕੀਤਾ।੨੯।

**ਚੁਨਾ ਤਾਜ਼ੀਆਨਹ ਬਿਜ਼ਦ ਤਾਜ਼ੀਅਸ਼ ॥**
**ਕਿ ਬਾਲਾ ਬਰਾਮਦ ਬ ਜਮਨ ਅੰਦਰਸ਼ ॥੩੦॥**

**ਪਦ ਅਰਥ**—ਚੁਨਾ=ਅਜੇਹਾ। ਤਾਜ਼ੀਆਨਹ=ਕੋਰੜਾ, ਚਾਬਕ। ਬਿਜ਼ਦ=ਮਾਰਿਆ। ਤਾਜ਼ੀਅਸ਼=ਘੋੜਾ। ਕਿ=ਜੋ। ਬਾਲਾ=ਉੱਪਰ। ਬਰਾਮਦ=ਨਿਕਲਿਆ। ਜਮਨ=ਜਮਨਾ। ਅੰਦਰਸ਼=ਵਿਚ।

**ਅਰਥ**—ਉਸ ਨੇ ਉੱਤੇ ਚੜ੍ਹ ਕੇ ਘੋੜੇ ਨੂੰ ਅਜੇਹਾ ਚਾਬਕ ਮਾਰਿਆ। ਜੋ ਘੋੜਾ ਕੰਧ ਦੇ ਉੱਪਰੋਂ ਦੀ ਨਿਕਲ ਕੇ ਜਮਨਾ ਦਰਿਆ ਵਿਚ ਆ ਗਿਆ।੩੦।

**ਵ ਗਸ਼ਤਨ ਦਰ ਆਬੇ ਬ ਬੇਰੂੰ ਅਜ਼ਾਂ ॥**
**ਕਿ ਹੈਰਤ ਬਿਮਾਂਦੰਦ ਸ਼ਾਹਿ ਜਹਾਂ ॥੩੧॥**

***ਪਦ ਅਰਥ***—ਗਸ਼ਤਨ=ਹੋਣਾ, ਹੁੰਦੇ ਸਾਰ । ਦਰ ਆਬੇ=ਪਾਣੀ ਵਿਚ । ਬੇਰੂੰ=ਬਾਹਰ । ਅਜ਼ਾਂ=ਉਸ ਤੋਂ । ਹੈਰਤ=ਅਸਚਰਜ । ਬਿਮਾਂਦੰਦ=ਰਹਿ ਗਿਆ । ਸ਼ਾਹਿ ਜਹਾਂ=ਜਗਤ ਦਾ ਰਾਜਾ ।

***ਅਰਥ***—ਪਾਣੀ ਵਿਚ ਹੁੰਦੇ ਸਾਰ ਹੀ ਘੋੜਾ ਉਸ ਤੋਂ ਬਾਹਰ ਹੋ ਗਿਆ । ਜੋ ਜਗਤ ਦਾ ਰਾਜਾ ਇਹ ਸਭ ਕੁਝ ਵੇਖ ਕੇ ਅਸਚਰਜ ਰਹਿ ਗਿਆ ।੩੧।

**ਕਿ ਦੰਦ ਖ਼ੁਰਦ ਦਸਤ ਅਜ਼ ਸ਼ੇਰ ਸ਼ਾਹ ॥**
**ਬ ਹੈਰਤ ਹਮੀ ਰਫ਼ਤ ਆਲਮ ਪਨਾਹ ॥੩੨॥**

***ਪਦ ਅਰਥ***—ਕਿ=ਜੋ । ਦਸਤ=ਹੱਥ । ਹੈਰਤ=ਅਸਚਰਜ, ਹੈਰਾਨ । ਹਮੀ ਰਫ਼ਤ=ਭੀ ਚਲੀ ਗਈ। ਖ਼ੁਰਦ=ਖਾਧਾ । ਆਲਮ=ਦੁਨੀਆਂ । ਪਨਾਹ=ਆਸਰਾ, ਸਹਾਰਾ ।

***ਅਰਥ***—ਜੋ ਸ਼ੇਰ ਸ਼ਾਹ ਨੇ ਹੱਥ ਨੂੰ ਚੱਕ ਵੱਢਿਆ । ਬਾਦਸ਼ਾਹ ਹੱਕਾ ਬੱਕਾ ਭਾਵ ਹੈਰਾਨ ਹੋ ਗਿਆ ।੩੨।

**ਕਿ ਮਾਰਾ ਕੁਜਾ ਬੁਰਦ ਅਸਪਿ ਅਜ਼ੀਮ ॥**
**ਬਿ ਬਖਸ਼ੀਦ ਓ ਰਾ ਹਮਚੁ ਕਸਮਿ ਕਰੀਮ ॥੩੩॥**

***ਪਦ ਅਰਥ***—ਕਿ=ਕਿਹੜਾ । ਮਾਰਾ=ਮੇਰਾ । ਕੁਜਾ-ਕਿਥੇ । ਬੁਰਦ=ਲੈ ਗਿਆ । ਅਸਪਿ=ਘੋੜਾ । ਅਜ਼ੀਮ=ਵੱਡਾ । ਬਖਸ਼ੀਦ=ਮਾਫ਼ੀ । ਓ ਰਾ=ਉਸ ਨੂੰ । ਹਮਚੁ=ਅਜੇਹੇ । ਕਸਮਿ=ਸੌਂਹ । ਕਰੀਮ=ਰੱਬ ।

***ਅਰਥ***—ਕਿਹੜਾ (ਆਦਮੀ) ਮੇਰਾ ਵੱਡਾ ਘੋੜਾ ਕਿਥੇ ਲੈ ਗਿਆ ਹੈ ? ਜੋ ਅਜੇਹਾ ਸੂਰਮਾ ਹੈ, ਮੈਂ ਉਸ ਨੂੰ ਮੁਆਫ਼ ਕੀਤਾ । ਜੇ ਝੂਠ ਕਹਾਂ ਤਾਂ ਮੈਨੂੰ ਰੱਬ ਦੀ ਸੌਂਹ, ਉਹ ਮੇਰੇ ਕੋਲ ਆ ਕੇ ਘੋੜਾ ਮੋੜ ਲਿਆਵੇ ਮੈਂ ਉਸ ਨੂੰ ਕੁਝ ਨਹੀਂ ਕਹਾਂਗਾ ।੩੩।

**ਦਰੇਗਾ ਅਗਰ ਰੂਏ ਓ ਦੀਦਮੇ ॥**
**ਬਸਦ ਗੰਜ ਸਰ ਬਸਤਹ ਬਖ਼ਸ਼ੀਦ ਮੇ ॥੩੪॥**

***ਪਦ ਅਰਥ***—ਦਰੇਗਾ=ਅਫ਼ਸੋਸ । ਅਗਰ=ਜੇਕਰ । ਰੂਏ=ਚੇਹਰਾ । ਓ=ਉਸ ਦਾ । ਦੀਦਮੇ=ਮੈਂ ਵੇਖ ਲਵਾਂ । ਬਸਦ=ਸੌ, ਇਕ ਸੌ । ਗੰਜ=ਖ਼ਜ਼ਾਨਾ । ਸਰ ਬਸਤਹ=ਨਕੋ ਨੱਕ ਭਰਿਆ ਹੋਇਆ । ਬਖ਼ਸ਼ੀਦ ਮੇ=ਮੈਂ ਬਖ਼ਸ਼ ਦੇਵਾਂਗਾ ।

***ਅਰਥ***—ਪਰ ਅਫ਼ਸੋਸ ! ਜੇਕਰ ਮੈਂ ਉਸ ਸੂਰਮੇ ਦਾ ਮੂੰਹ ਵੇਖਾਂ ਭਾਵ ਦਰਸ਼ਨ ਕਰ ਲਵਾਂ । ਤਦ ਉਸ ਨੂੰ ਇਕ ਸੌ ਖ਼ਜ਼ਾਨਾ ਨੱਕੋ ਨੱਕ ਭਰਿਆ ਹੋਇਆ ਬਖ਼ਸ਼ ਦੇਵਾਂਗਾ ।੩੪।

**ਕਿ ਹੈਫ਼ਸਤ ਗਰ ਦੀਦਹ ਏ ਯਾਫ਼ਤਮ ॥**
**ਬਜਾਇ ਦਿਗਰ ਦਿਲ ਨ ਜ਼ੋ ਤਾਫ਼ਤਮ ॥੩੫॥**

Sri Satguru Jagjit Singh Ji eLibrary NamdhariElibrary@gmail.com

**ਪਦ ਅਰਥ**—ਹੈਫ਼ਸਤ=ਅਫ਼ਸੋਸ ਹੈ। ਗਰ=ਜੇਕਰ। ਦੀਦਹ ਏ=ਵੇਖਣਾ। ਯਾਫ਼ਤਮ=ਪਾਉਂਦਾ ਮੈਂ। ਬ=ਵੱਲ। ਜਾਇ=ਥਾਉਂ। ਜ਼ੋ=ਉਸ ਵਲੋਂ। ਤਾਫ਼ਤਮ=ਫੇਰਦਾ।

**ਅਰਥ**—ਪਰ ਅਫ਼ਸੋਸ ਹੈ, ਜੇਕਰ ਉਸ ਦਾ ਦਰਸ਼ਨ ਮੈਂ ਪਾਉਂਦਾ। ਤਦ ਉਸ ਜਗ੍ਹਾ ਵਲੋਂ ਦਿਲ ਨੂੰ ਮੈਂ ਨਾ ਫੇਰਦਾ ਭਾਵ ਮਨ ਨੂੰ ਪਿਆਰ ਵਲੋਂ ਹਟਾ ਕੇ ਕ੍ਰੋਧ ਵਿਚ ਕਦੇ ਭੀ ਨਾ ਆਉਂਦਾ।੩੫।

**ਕਿ ਦੀਦਾਰ ਬਖ਼ਸ਼ਦ ਅਗਰ ਓ ਮਰਾ॥**
**ਕਿ ਸਦ ਗੰਜ ਸਰ ਬਸਤਹ ਬਖ਼ਸ਼ਮ ਵਰਾ॥੩੬॥**

**ਪਦ ਅਰਥ**—ਦੀਦਾਰ=ਦਰਸ਼ਨ। ਬਖ਼ਸ਼ਦ=ਬਖ਼ਸ਼ ਦੇਵੇ। ਅਗਰ=ਜੇਕਰ। ਮਰਾ=ਮੈਨੂੰ। ਸਦ=ਸੌ। ਗੰਜ=ਖ਼ਜ਼ਾਨਾ। ਸਰ ਬਸਤਹ=ਭਰਿਆ ਹੋਇਆ। ਬਖ਼ਸ਼ਮ=ਬਖ਼ਸ਼ ਦੇਵਾਂਗਾ ਮੈਂ। ਵਰਾ=ਉਸ ਨੂੰ।

**ਅਰਥ**—ਜੇਕਰ ਉਹ ਆਪ ਹੀ ਮੈਨੂੰ ਦਰਸ਼ਨ ਦੇਵੇ ਤਾਂ ਮੈਂ ਉਸ ਨੂੰ ਸੌ ਖ਼ਜ਼ਾਨਾ ਭਰਿਆ ਹੋਇਆ ਬਖ਼ਸ਼ ਦੇਵਾਂਗਾ।੩੬।

**ਚੁ ਸ਼ੁਹਰਤ ਕੁਨਾਨੀਦ ਸ਼ਹਰ ਅੰਦਰੂੰ॥**
**ਬਿ ਬਖ਼ਸ਼ੀਦ ਮਨ ਖ਼ੂਨ ਅਜ਼ਾਂ ਖਾਰ ਖ਼ੂੰ॥੩੭॥**

**ਪਦ ਅਰਥ**—ਸ਼ੁਹਰਤ=ਢੰਡੋਰਾ। ਕੁਨਾਨੀਦ=ਕਰਾਇਆ। ਅਜ਼ਾਂ=ਉਸ। ਖਾਰ ਖ਼ੂੰ=ਕਾਤਲ।

**ਅਰਥ**—ਜਦ ਉਸ ਨੇ ਸ਼ਹਿਰ ਵਿਚ ਢੰਡੋਰਾ ਕਰਾ ਦਿੱਤਾ (ਕਿ) ਮੈਂ ਉਸ ਖ਼ੂੰ-ਖਾਰ (ਧਾੜਵੀ ਦੇ) ਖ਼ੂਨ ਨੂੰ ਮੁਆਫ਼ ਕਰਦਾ ਹਾਂ ਪਰ ਇਕ ਵੇਰ ਉਹ ਮੇਰੇ ਕੋਲ ਆ ਜਾਵੇ।੩੭।

**ਬਿ ਬਸਤੰਦ ਦਸਤਾਰ ਅਜ਼ ਜਾਮਹ ਜ਼ਰ॥**
**ਬ ਪੇਸ਼ਿ ਸ਼ਾਹ ਆਮਦ ਚੁ ਜ਼ੱਰਰੀ ਸਿਪਰ॥੩੮॥**

**ਪਦ ਅਰਥ**—ਬਸਤੰਦ=ਬੰਨ੍ਹ ਲਈ। ਦਸਤਾਰ=ਪੱਗ। ਅਜ਼=ਦੀ। ਜਾਮਹ=ਕੱਪੜਾ। ਜ਼ਰ=ਸੋਨਾ। ਬ ਪੇਸ਼ਿ=ਸਾਹਮਣੇ। ਸ਼ਾਹ=ਰਾਜਾ। ਆਮਦ=ਆ ਗਈ। ਚੁ=ਵਾਂਗੂ। ਜੱਰਰੀ=ਸੁਨਹਿਰੀ ਢਾਲ ਭਾਵ ਸੂਰਜ ਵਾਂਗ ਲਿਸ਼ਕਣ ਵਾਲੀ।

**ਅਰਥ**—ਤਦ ਸ਼ਾਹੂਕਾਰ ਦੀ ਲੜਕੀ ਨੇ ਸੁਨਹਿਰੀ ਕੱਪੜੇ ਦੀ ਦਸਤਾਰ ਸਿਰ ਉੱਤੇ ਬੰਨ੍ਹ ਲਈ ਅਤੇ ਸੁਨਹਿਰੀ ਢਾਲ ਭਾਵ ਸੂਰਜ ਵਾਂਗ ਲਿਸ਼ਕਣ ਵਾਲੀ ਲੈ ਕੇ ਰਾਜੇ ਦੇ ਸਾਹਮਣੇ ਆ ਗਈ।੩੮।

**ਬਿਗੋਯਦ ਕਿ ਸ਼ੇਰ ਅਫ਼ਗਨੋ ਸ਼ੇਰ ਸ਼ਾਹ॥**
**ਕਿ ਅਜ਼ ਰਾਹ ਰਾ ਮਨ ਬਿ ਬੁਰਦੰਦ ਰਾਹ॥੩੯॥**

***ਪਦ ਅਰਥ***—ਬਿਗੋਯਦ=ਆਖਿਆ। ਅਫ਼ਗਨੋ=ਡੇਗਣ ਵਾਲੇ ਭਾਵ ਮਾਰਨ ਵਾਲੇ। ਅਜ਼=ਨਾਲ। ਰਾਹ ਰਾ=ਢੰਗ ਦੇ। ਮਨ=ਮੈਂ। ਬਿ ਬੁਰਦੇਮ=ਲੈ ਗਿਆ ਹਾਂ। ਦਾਹ=ਘੋੜੇ ਦਾ ਨਾਮ ਹੈ।

***ਅਰਥ***—ਅਤੇ ਆਖਿਆ, ਹੇ ਸ਼ੇਰ ਨੂੰ ਮਾਰ ਸੁੱਟਣ ਵਾਲੇ ਸ਼ੇਰ ਸ਼ਾਹ! (ਤੇਰੇ) ਰਾਹੂ (ਨਾਮ ਵਾਲੇ ਘੋੜੇ) ਨੂੰ ਇਸ ਢੰਗ ਦੇ ਨਾਲ ਮੈਂ ਲੈ ਗਿਆ ਹਾਂ ।੩੯।

**ਅਜਬ ਮਾਂਦ ਸਾਹਿਬ ਖ਼ਿਰਦ ਈਂ ਜਵਾਬ ॥**
**ਦਿਗਰ ਬਾਰ ਗੋਯਦ ਕਿ ਬਰ ਵੈ ਸ਼ਿਤਾਬ ॥੪੦॥**

***ਪਦ ਅਰਥ***—ਅਜਬ ਮਾਂਦ=ਹੈਰਾਨ ਹੋ ਗਿਆ। ਸਾਹਿਬ ਖ਼ਿਰਦ=ਬੁੱਧੀ, ਬੁੱਧੀਵਾਨ। ਈਂ=ਏਹ। ਦਿਗਰ ਬਾਰ=ਦੂਜੀ ਵੇਰੀ। ਗੋਯਦ=ਕਿਹਾ। ਬਰ=ਉੱਤੇ। ਵੈ=ਉਸ। ਸ਼ਿਤਾਬ=ਛੇਤੀ।

***ਅਰਥ***—ਬੁੱਧੀਵਾਨ ਰਾਜਾ ਉਸ ਦੇ ਜਵਾਬ ਨੂੰ ਸੁਣ ਕੇ ਅਸਚਰਜ ਭਾਵ ਹੈਰਾਨ ਹੋ ਗਿਆ। ਉਸ ਦੇ ਉੱਤੇ ਦੂਜੀ ਵੇਰ ਛੇਤੀ ਨਾਲ ਆਖਿਆ ।੪੦।

**ਕਿ ਨਕਲਸ਼ ਨਮਾਈ ਮਰਾ ਸ਼ੇਰ ਤਨ ॥**
**ਬਵਜਹੇ ਚਰਾ ਬੁਰਦ ਅਸਪਿ ਕੁਹਨ ॥੪੧॥**

***ਪਦ ਅਰਥ***—ਨਕਲਸ਼=ਉਸ ਦੀ ਨਕਲ, ਉਹ ਨਮੂਨਾ। ਨਮਾਈ=ਵਿਖਾ। ਮਰਾ=ਮੈਨੂੰ। ਸ਼ੇਰ ਤਨ=ਬਲਵਾਨ ਯੋਧੇ। ਬਵਜਹੇ=ਤਰੀਕੇ ਨਾਲ, ਢੰਗ ਨਾਲ। ਚਰਾ=ਕਿਹੜੇ। ਬੁਰਦ=ਲੈ ਗਿਆ। ਅਸਪਿ=ਘੋੜਾ। ਕੁਹਨ=ਪੁਰਾਣਾ ਭਾਵ ਪਹਿਲਾ।

***ਅਰਥ***—ਹੇ ਸ਼ੇਰ (ਸਮਾਨ) ਸਰੀਰ ਵਾਲੇ ਸੂਰਮੇ! ਮੈਨੂੰ ਉਸ ਦੀ ਨਕਲ ਕਰਕੇ ਵਿਖਾ। ਜੋ ਕੇਹੜੇ ਢੰਗ ਨਾਲ ਤੂੰ ਪੁਰਾਣੇ ਭਾਵ ਪਹਿਲੇ ਘੋੜੇ ਨੂੰ ਕਿਲ੍ਹੇ ਵਿਚੋਂ ਕੱਢ ਕੇ ਲੈ ਗਿਆ ਹੈਂ ।੪੧।

**ਨਿਸ਼ਸਤੰਦ ਅਜ਼ਾਂ ਵਜਹੇ ਬਰ ਰੋਦਿ ਆਬ ॥**
**ਬਿ ਬੁਰਦੰਦ ਬਾਦਹ ਬਿਖ਼ੁਰਦੰਦ ਕਬਾਬ ॥੪੨॥**

***ਪਦ ਅਰਥ***—ਨਿਸ਼ਸਤੰਦ=ਬੈਠ ਗਈ। ਅਜ਼ਾਂ=ਉਸੇ। ਵਜਹੇ=ਢੰਗ ਨਾਲ। ਬਰ=ਉੱਪਰ। ਰੋਦਿ=ਨਦੀ। ਆਬ=ਪਾਣੀ। ਬਿ ਬੁਰਦੰਦ=ਲੈ ਗਈ। ਬਾਦਹ=ਸ਼ਰਾਬ। ਬਿਖ਼ੁਰਦੰਦ=ਖਾ ਲਿਆ। ਕਬਾਬ=ਭੁੰਨਵਾਂ ਮਾਸ।

***ਅਰਥ***—ਨਦੀ ਦੇ ਪਾਣੀ ਦੇ ਕੰਢੇ ਉੱਤੇ ਉਸੇ ਹੀ ਢੰਗ ਨਾਲ ਬੈਠ ਗਈ। (ਫਿਰ ਉਸ ਨੇ) ਸ਼ਰਾਬ ਪੀਤੀ ਅਤੇ ਭੁੰਨਿਆ ਹੋਇਆ ਮਾਸ ਖਾਧਾ ।੪੨।

**ਰਵਾਂ ਕਰਦ ਅੱਵਲ ਬਸੇ ਪੁਸ਼ਤਿ ਕਾਹ ॥**
**ਦਗ਼ਾ ਮੇ ਦਿਹਦ ਪਾਸਬਾਨਾਨਿ ਸ਼ਾਹ ॥੪੩॥**

**ਪਦ ਅਰਥ**—ਰਵਾਂ ਕਰਦ=ਰੋੜ੍ਹੇ। ਅੱਵਲ=ਪਹਿਲੇ। ਬਸੇ=ਬਹੁਤ ਸਾਰੇ। ਪੁਸ਼ਤਿ=ਪੂਲੇ। ਕਾਹ=ਘਾਹ। ਦਗ਼ਾ=ਧੋਖਾ। ਮੇ ਦਿਹਦ=ਦੇਂਦੀ ਰਹੀ। ਪਾਸਬਾਨਾਨਿ=ਪਹਿਰੇਦਾਰਾਂ ਨੂੰ।

**ਅਰਥ**—ਫਿਰ ਉਸ ਨੇ ਪਹਿਲੇ ਦੀ ਤਰ੍ਹਾਂ ਹੀ ਬਹੁਤ ਸਾਰੇ ਘਾਹ ਦੇ ਪੂਲੇ ਨਦੀ ਵਿਚ ਰੋੜ੍ਹ ਦਿੱਤੇ। ਇਸ ਤਰ੍ਹਾਂ ਨਾਲ ਰਾਜੇ ਦੇ ਪਹਿਰੇਦਾਰਾਂ ਨੂੰ ਧੋਖਾ ਦੇਂਦੀ ਰਹੀ ।੪੩।

**ਵਜ਼ਾਂ ਪਸ ਬਿਕੋਸ਼ਸ਼ ਕੁਨਾਨੀਦ ਲਖ਼ਤ ॥**
**ਬਪੈਰਸ਼ ਦਰਾਮਦ ਜ਼ ਦਰਿਆਇ ਸਖ਼ਤ ॥੪੪॥**

**ਪਦ ਅਰਥ**—ਵਜ਼ਾਂ ਪਾਸ=ਉਸ ਦੇ ਪਿੱਛੋਂ। ਬਿਕੋਸ਼ਸ਼=ਯਤਨ। ਕੁਨਾਨੀਦ=ਕੀਤਾ। ਲਖ਼ਤ=ਥੋੜ੍ਹਾ ਜਿਹਾ। ਬਪੈਰਸ਼=ਉਸ ਤੋਂ ਪਾਰ। ਜ਼=ਤੋਂ। ਸਖ਼ਤ=ਭਾਰੀ, ਕਠਨ।

**ਅਰਥ**—ਉਸ ਦੇ ਪਿੱਛੋਂ ਥੋੜ੍ਹੀ ਜਿਹੀ ਕੋਸ਼ਿਸ਼ ਕੀਤੀ ਅਤੇ ਉਸ ਕਠਿਨ ਦਰਿਆਉ ਤੋਂ ਤਰ ਕੇ ਪਾਰ ਵੱਲ ਆ ਗਈ ।੪੪।

**ਵਜ਼ਾਂ ਬਿਸ਼ਕੁਨਾਨੀਦ ਓ ਗਰਦ ਸ਼ੁਦ ॥**
**ਬਦੀਦਸ਼ ਅਜ਼ੋ ਸ਼ਾਹ ਪਯਮੁਰਦਾ ਸ਼ੁਦ ॥੪੫॥**

**ਪਦ ਅਰਥ**—ਵਜ਼ਾਂ=ਉਸ ਤੋਂ। ਬਿਸ਼ਕੁਨਾਨੀਦ=ਮਾਰੇ। ਓ=ਉਹ। ਗਰਦ ਸ਼ੁਦ=ਧੂੜ ਹੋ ਗਈ। ਬ ਦੀਦਸ਼=ਵੇਖ ਕੇ ਉਹ। ਪਯਮੁਰਦਾ=ਹੈਰਾਨ।

**ਅਰਥ**—ਅਤੇ ਉਸੇ ਤਰੀਕੇ ਨਾਲ ਮਾਰੇ ਅਤੇ ਉਹ ਧੂੜ ਹੋ ਗਈ ਭਾਵ ਸਭ ਦੇ ਵੇਖਦਿਆਂ ਵੇਖਦਿਆਂ ਨੱਸ ਗਈ ਤੇ ਘੱਟਾ ਉੱਡਦਾ ਹੀ ਨਜ਼ਰ ਆਇਆ। ਉਸ ਨੂੰ ਵੇਖਦਾ ਹੀ ਰਾਜਾ ਹੈਰਾਨੀ ਨਾਲ ਡੌਰ ਭੌਰ ਹੋ ਗਿਆ ।੪੫।

**ਘੜੀ ਯਕ ਬਿਮਾਂਦਹ ਗਰੂਬਿ ਆਫ਼ਤਾਬ ॥**
**ਵਜ਼ਾਂ ਜਾ ਬਿਯਾਮਦ ਕੁਸ਼ਾਯਦ ਤਨਾਬ ॥੪੬॥**

**ਪਦ ਅਰਥ**—ਘੜੀ ਯਕ=ਇਕ ਘੜੀ। ਬਿਮਾਂਦਹ=ਰਹਿੰਦੀ ਸੀ। ਗਰੂਬਿ=ਛੁਪਣ ਵਿਚ। ਆਫ਼ਤਾਬ=ਸੂਰਜ। ਵਜ਼ਾਂ=ਉਸੇ। ਜਾ=ਜਗ੍ਹਾ। ਬਿਯਾਮਦ=ਆ ਗਈ। ਕੁਸ਼ਾਯਦ=ਖੋਲ੍ਹਣਾ। ਤਨਾਬ=ਰੱਸੇ।

**ਅਰਥ**—ਫਿਰ ਜਦ ਸੂਰਜ ਡੁੱਬਣ ਵਿਚ ਇਕ ਘੜੀ ਰਹਿੰਦੀ ਸੀ, ਉਸ ਵੇਲੇ ਉਸ ਥਾਂ ਉੱਤੇ ਆ ਗਈ ਅਤੇ ਦੂਜੇ ਘੋੜੇ ਦੀ ਅਗਾੜੀ ਪਿਛਾੜੀ ਦੇ ਰੱਸੇ ਖੋਲ੍ਹ ਦਿੱਤੇ ।੪੬। [ਦ: ਗ੍ਰੰ: ਪੰਨਾ ੧੪੨੭

**ਲਗਾਮਸ਼ ਬਿਦਾਦੰਦ ਸਵਾਰੇ ਸ਼ੁਦਸਤ ॥**
**ਬਿਜ਼ਦ ਤਾਜ਼ੀਆਨਹ ਚੁ ਇਫ਼ਰੀਤਿ ਮਸਤ ॥੪੭॥**

Sri Satguru Jagjit Singh Ji eLibrary NamdhariElibrary@gmail.com

***ਪਦ ਅਰਥ***—ਲਗਾਮਸ਼=ਲਗਾਮ, ਕੜਿਆਲਾ, ਉਸ ਨੂੰ। ਬਿਦਾਦੰਦ=ਦੇ ਦਿੱਤੀ। ਸਵਾਰੇ ਸ਼ੁਦਸਤ=ਅਸਵਾਰ ਹੋ ਗਈ। ਬਿਜ਼ਦ=ਮਾਰਿਆ। ਤਾਜ਼ੀਆਨਹ=ਕੋਰੜਾ, ਚਾਬਕ। ਚੁ=ਵਰਗੇ। ਇਫ਼ਰੀਤਿ=ਦੈਂਤ। ਮਸਤ=ਮਸਵਾਲਾ।

***ਅਰਥ***—ਫਿਰ ਉਸ ਨੂੰ ਲਗਾਮ ਦੇ ਦਿੱਤੀ ਅਤੇ ਉਸ ਉੱਤੇ ਅਸਵਾਰ ਹੋ ਗਈ। ਮਗਰੋਂ ਦੈਂਤ ਵਰਗੇ ਮਤਵਾਲੇ ਘੋੜੇ ਨੂੰ ਇਕ ਚਾਬਕ ਮਾਰ ਦਿੱਤੀ।੪੭।

**ਚੁਨਾ ਅਸਪ ਖ਼ੇਜ਼ੀਦ ਬਰਤਰ ਜ਼ ਸ਼ਾਹ ॥**
**ਜ਼ ਬਾਲਾ ਦਰਾਮਦ ਦਰੀਆਇ ਗਾਹ ॥੪੮॥**

***ਪਦ ਅਰਥ***—ਚੁਨਾ=ਅਜੇਹਾ। ਅਸਪ=ਘੋੜਾ। ਖੇਜ਼ੀਦ=ਕੁੱਦਿਆ। ਬਰਤਰ=ਉੱਪਰ ਦੀ। ਸ਼ਾਹ=ਰਾਜਾ। ਜ਼=ਵਿਚ। ਬਾਲਾ=ਉਚਿਆਈ। ਦਰਾਮਦ=ਆ ਗਿਆ। ਗਾਹ=ਥਾਂ, ਟਿਕਾਣੇ।

***ਅਰਥ***—ਜਿਸ ਨਾਲ ਘੋੜਾ ਅਜੇਹਾ ਉਚਿਆਈ ਨਾਲ ਕੁੱਦਿਆ ਜੋ ਰਾਜੇ ਦੇ ਉੱਪਰੋਂ ਹੀ ਟਿਕਾਣੇ ਉੱਤੇ ਦਰਿਆ ਵਿਚ ਆ ਗਿਆ।੪੮।

**ਬ ਪੈਰਸ਼ ਦਰਾਮਦ ਜ਼ਿ ਦਰਿਆ ਅਜ਼ੀਮ ॥**
**ਕਿ ਪਾਰਸ਼ ਹਮੇ ਗਸ਼ਤ ਹੁਕਮਿ ਕਰੀਮ ॥੪੯॥**

***ਪਦ ਅਰਥ***—ਪੈਰਸ਼=ਤਰ ਕੇ। ਦਰਾਮਦ=ਵਿਚ ਆਈ। ਜ਼ਿ=ਤੋਂ। ਅਜ਼ੀਮ=ਵੱਡਾ। ਕਿ=ਜੋ। ਪਾਰਸ਼=ਉਸ ਪਾਰ। ਹਮੇ ਗਸ਼ਤ=ਹੋ ਗਿਆ। ਕਰੀਮ=ਕ੍ਰਿਪਾਲੂ, ਰੱਬ।

***ਅਰਥ***—ਫਿਰ ਉਹ ਘੋੜਾ ਉਸ ਵੱਡੇ ਦਰਿਆ ਵਿਚ ਤਰਦਾ ਆਇਆ ਅਤੇ ਰੱਬ ਦੇ ਹੁਕਮ ਨਾਲ ਉਸ ਪਾਰ ਲੰਘ ਗਿਆ।੪੯।

**ਫਿਰੋਦ ਆਮਦ ਅਜ਼ ਅਸਪ ਕਰਦਸ਼ ਸਲਾਮ ॥**
**ਬਿਗੋਯਦ ਸੁਖ਼ਨ ਸ਼ਾਹ ਅਰਬੀ ਕਲਾਮ ॥੫੦॥**

***ਪਦ ਅਰਥ***—ਫਿਰੋਦ=ਹੇਠਾਂ। ਆਮਦ=ਆਈ। ਅਜ਼=ਤੋਂ। ਅਸਪ=ਘੋੜਾ। ਕਰਦਸ਼=ਕੀਤੀ ਉਸ ਨੂੰ। ਬਿਗੋਯਦ=ਕਿਹਾ। ਸੁਖ਼ਨ=ਗੱਲ। ਅਰਬੀ ਕਲਾਮ=ਅਰਬ ਦੇਸ ਦੀ ਬੋਲੀ।

***ਅਰਥ***—ਫਿਰ ਘੋੜੇ ਤੋਂ ਹੇਠਾਂ ਉਤਰ ਆਈ ਅਤੇ ਉਸ ਨੂੰ ਸਲਾਮ ਕੀਤੀ ਅਤੇ ਰਾਜੇ ਨੂੰ ਅਰਬੀ ਬੋਲੀ ਵਿਚ ਗੱਲ ਆਖੀ।੫੦।

**ਤੋ ਅਕਲਸ਼ ਚਿਰਾਂ ਕੁਸ਼ਤਹਈ ਸ਼ੇਰ ਸ਼ਾਹ ॥**
**ਕਿ ਮਾ ਰਾਹ ਬੁਰਦਨ ਤੋ ਦਾਦਨ ਸੁਰਾਹ ॥੫੧॥**

**ਪਦ ਅਰਥ**—ਤੋ=ਤੇਰੀ। ਸ਼=ਆਪਣੀ। ਕੁਸ਼ਤਹਈ=ਮਾਰ ਲਈ। ਬੁਰਦਨ=ਲੈ ਗਿਆ। ਦਾਦਨ=ਦਿੱਤਾ।

**ਅਰਥ**—ਹੇ ਸ਼ੇਰ ਸ਼ਾਹ! ਤੂੰ ਆਪਣੀ ਅਕਲ ਕਿਉਂ ਮਾਰ ਲਈ ਹੈ? ਕਿਉਂਕਿ ਮੈਂ ਤਾਂ 'ਰਾਹੂ' ਘੋੜਾ ਲੈ ਗਿਆ ਸੀ, ਪਰ 'ਸੁਰਾਹੂ' ਨਾਮੇ ਘੋੜਾ ਤੂੰ ਆਪੇ ਮੈਨੂੰ ਦੇ ਦਿੱਤਾ ਹੈ ।੫੧।

**ਬਿਗੁਫ਼ਤਸ਼ ਚੁਨੀ ਤਾ ਰਵਾਂ ਕਰਦ ਰਖ਼ਸ਼॥**
**ਬਿਯਾਦ ਆਮਦ ਓ ਏਜ਼ਦ ਏ ਦਾਦ ਬਖ਼ਸ਼॥੫੨॥**

**ਪਦ ਅਰਥ**—ਗੁਫ਼ਤ=ਆਖਿਆ। ਸ਼=ਉਸ ਨੂੰ। ਚੁਨੀ=ਅਜੇਹਾ। ਰਵਾਂ ਕਰਦ=ਤੋਰ ਦਿੱਤਾ। ਰਖਸ਼=ਘੋੜਾ। ਬਿਯਾਦ ਆਮਦ=ਚੇਤੇ ਆਇਆ। ਏਜ਼ਦ=ਰੱਬ। ਦਾਦ=ਦਾਤਾਂ। ਬਖ਼ਸ਼=ਦੇਣ ਵਾਲਾ।

**ਅਰਥ**—ਉਸ ਨੂੰ ਇਸ ਤਰ੍ਹਾਂ ਆਖਿਆ ਅਤੇ ਘੋੜਾ ਤੋਰ ਦਿੱਤਾ। ਦਾਤਾਂ ਬਖ਼ਸ਼ਣ ਵਾਲਾ ਰੱਬ ਉਸ ਨੂੰ ਯਾਦ ਆ ਗਿਆ ।੫੨।

**ਬਿ ਉਫ਼ਤਾਦ ਪੁਸ਼ਤ ਅਸਪਹਾ ਬੇਸ਼ੁਮਾਰ॥**
**ਕਿ ਓ ਰਾ ਨਾ ਹਮ ਬਰ ਕੁਨਦ ਕਸ ਸਵਾਰ॥੫੩॥**

**ਪਦ ਅਰਥ**—ਉਫ਼ਤਾਦ=ਪੈ ਗਏ। ਪੁਸ਼ਤ=ਪਿੱਛੇ। ਅਸਪਹਾ=ਘੋੜਿਆਂ ਵਾਲੇ। ਬੇਸ਼ੁਮਾਰ=ਅਨਗਿਣਤ। ਹਮ=ਭੀ। ਬਰ ਕੁਨਦ=ਫੜਿਆ।

**ਅਰਥ**—ਅਨਗਿਣਤ ਹੀ ਘੋੜਿਆਂ ਵਾਲੇ ਪਿੱਛੇ ਪੈ ਗਏ ਭਾਵ ਉਸਦੇ ਪਿੱਛੇ ਘੋੜੇ ਦੌੜਾਏ ਪਰ ਕਿਸੇ ਭੀ ਸਵਾਰ ਨੇ ਉਸ ਨੂੰ ਫੜਿਆ ਨਹੀਂ ।੫੩।

**ਬਿਜ਼ਦ ਮਰਦ ਦਸਤਾਰਹਾ ਪੇਸ਼ਿ ਸ਼ਾਹ॥**
**ਕਿ ਐ ਸ਼ਾਹ ਸ਼ਾਹਾਨਿ ਆਲਮ ਪਨਾਹ॥੫੪॥**

**ਪਦ ਅਰਥ**—ਬਿਜ਼ਦ=ਮਾਰੀਆਂ। ਮਰਦ=ਸੂਰਮਿਆਂ। ਦਸਤਾਰ=ਪੱਗਾਂ। ਪੇਸ਼ਿ=ਸਾਹਮਣੇ। ਆਲਮ=ਸੰਸਾਰ, ਦੁਨੀਆਂ। ਪਨਾਹ=ਆਸਰਾ।

**ਅਰਥ**—ਸੂਰਮਿਆਂ ਨੇ ਸਿਰਾਂ ਤੋਂ ਪੱਗਾਂ ਲਾਹ ਕੇ ਰਾਜੇ ਦੇ ਸਾਹਮਣੇ ਵਗਾਹ ਮਾਰੀਆਂ ਅਤੇ ਕਿਹਾ, ਜੋ ਹੇ ਰਾਜਿਆਂ ਦੇ ਰਾਜੇ ਤੇ ਦੁਨੀਆਂ ਦੇ ਆਸਰੇ! ।੫੪।

**ਬਿਗੀਰਦ ਕਸੇ ਹਰ ਦੋ ਆਹੂ ਬੁਰਾਕ॥**
**ਤੋ ਓ ਰਾ ਬਿ ਬਖ਼ਸ਼ੀਦ ਖ਼ੁਦ ਦਸਤ ਤਾਕ॥੫੫॥**

# ਹਿਕਾਯਤ ਬਾਰ੍ਹਵੀਂ

## ਵਾਹਿਗੁਰੂ ਜੀ ਕੀ ਫਤਹ॥

**ਰਜ਼ਾ ਬਖਸ਼ ਬਖਸ਼ਿੰਦਹ ਏ ਬੇਸ਼ੁਮਾਰ॥**
**ਰਿਹਾਈ ਦਿਹ ਓ ਪਾਕ ਪਰਵਰਦਿਗਾਰ॥੧॥**

***ਪਦ ਅਰਥ***—ਰਜ਼ਾ ਬਖਸ਼=ਅਨੰਦ ਦੇਣ ਵਾਲਾ। ਬਖਸ਼ਿੰਦਹ=ਬਖ਼ਸ਼ਸ਼ ਕਰਨ ਵਾਲਾ। ਬੇਸ਼ੁਮਾਰ=ਅਨਗਿਣਤ। ਰਿਹਾਈ=ਛੁਟਕਾਰਾ। ਦਿਹ=ਦੇਣ ਵਾਲਾ। ਪਾਕ=ਪਵਿੱਤਰ। ਪਰਵਰਦਿਗਾਰ=ਪਾਲਨਾ ਕਰਨ ਵਾਲਾ।

***ਅਰਥ***—ਜੋ ਅਨੰਦ ਦੇਣ ਵਾਲਾ ਅਨਗਿਣਤ ਦਾਤਾਂ ਦੀ ਬਖ਼ਸ਼ਸ਼ ਕਰਨ ਵਾਲਾ ਹੈ। ਉਹ ਪਵਿੱਤਰ ਪਾਲਨਾ ਕਰਨ ਵਾਲਾ ਹੀ ਛੁਟਕਾਰਾ ਭਾਵ ਖਲਾਸੀ ਦੇਣ ਵਾਲਾ ਹੈ।੧।

**ਰਹੀਮੋ ਕਰੀਮੋ ਮਕੀਨੋ ਮਕਾਂ॥**
**ਅਜ਼ੀਮੋ ਫ਼ਹੀਮੋ ਜ਼ਮੀਨੋ ਜ਼ਮਾਂ॥੨॥**

***ਪਦ ਅਰਥ***—ਰਹੀਮੋ=ਦਿਆਲੂ ਅਤੇ। ਕਰੀਮੋ=ਕ੍ਰਿਪਾਲੂ ਅਤੇ। ਮਕੀਨੋ=ਮਕਾਨ ਵਾਲਿਆਂ ਅਤੇ। ਮਕਾਂ=ਮਕਾਨਾਂ। ਅਜ਼ੀਮੋ=ਵੱਡਾ ਅਤੇ। ਫ਼ਹੀਮੋ=ਜਾਣਨਹਾਰ ਅਤੇ। ਜ਼ਮੀਨੋ=ਜ਼ਮੀਨ ਅਤੇ। ਜ਼ਮਾਂ=ਅਕਾਸ਼।

***ਅਰਥ***—ਉਹ ਦਇਆ ਕਰਨ ਵਾਲਾ ਅਤੇ ਕ੍ਰਿਪਾਲੂ ਹੈ, ਉਹ ਮਕਾਨਾਂ ਵਾਲਿਆਂ ਅਤੇ ਮਕਾਨਾਂ ਵਿਚ ਪੂਰਨ ਹੈ। ਉਹ ਸਾਰਿਆਂ ਤੋਂ ਵੱਡਾ ਹੈ ਅਤੇ ਧਰਤੀ ਤੇ ਅਕਾਸ਼ ਦੇ ਭੇਦ ਨੂੰ ਜਾਣਨਹਾਰ ਹੈ।੨।

**ਸ਼ੁਨੀਦਮ ਸੁਖ਼ਨ ਕੋਹਿ ਕੈਬਰ ਅਜ਼ੀਮ॥**
**ਕਿ ਅਫ਼ਗਾਂ ਯਕੇ ਬੂਦ ਆਂ ਜਾ ਰਹੀਮ॥੩॥**

***ਪਦ ਅਰਥ***—ਸ਼ੁਨੀਦਮ=ਮੈਂ ਸੁਣੀ ਹੈ। ਸੁਖ਼ਨ=ਵਾਰਤਾ। ਕੋਹਿ=ਪਹਾੜਾਂ। ਕੈਬਰ=ਖੈਬਰ। ਅਜ਼ੀਮ=ਵੱਡਾ। ਅਫ਼ਗਾਂ=ਪਠਾਣ। ਯਕੇ ਬੂਦ=ਇਕ ਸੀ। ਆਂ ਜਾ=ਉਹ ਜਗ੍ਹਾ। ਰਹੀਮ=ਨਾਮ ਹੈ।

Sri Satguru Jagjit Singh Ji eLibrary NamdhariElibrary@gmail.com

***ਅਰਥ***—ਹੇ ਔਰੰਗਜ਼ੇਬ! ਵੱਡੇ ਪਹਾੜ ਖੈਬਰ ਦੀ ਅਸਾਂ ਇਕ ਵਾਰਤਾ ਸੁਣੀ ਹੋਈ ਹੈ। ਉਸ ਥਾਂ 'ਤੇ ਇਕ 'ਰਹੀਮ' ਨਾਮ ਦਾ ਪਠਾਣ ਰਹਿੰਦਾ ਸੀ।੩।

**ਯਕੇ ਬਾਨੂਏ ਬੂਦ ਓ ਹਮਚੁ ਮਾਹ॥**
**ਕੁਨਦ ਦੀਦਨਸ਼ ਰਿਸ਼ਤਹ ਗਰਦਨ ਜ਼ ਸ਼ਾਹ॥੪॥**

***ਪਦ ਅਰਥ***—ਯਕੇ=ਇਕ। ਬਾਨੂਏ=ਔਰਤ। ਬੂਦ=ਸੀ। ਹਮਚੁ=ਵਾਂਗ। ਮਾਹ=ਚੰਦਰਮਾ। ਕੁਨਦ=ਕੀਤਾ। ਦੀਦਨਸ਼=ਉਸ ਨੂੰ ਵੇਖਣਾ। ਰਿਸ਼ਤਹ=ਫਾਹੀ। ਗਰਦਨ=ਗਿੱਚੀ।

***ਅਰਥ***—ਉਸ ਦੀ ਚੰਦਰਮਾ ਵਰਗੀ ਇਕ ਔਰਤ ਸੀ। ਉਸ ਦਾ ਵੇਖਣਾ ਹੀ ਰਾਜਿਆਂ ਦੇ ਗਲ ਦੀ ਫਾਹੀ ਹੋ ਜਾਂਦੀ ਸੀ।

ਭਾਵ—ਉਸ ਨੂੰ ਵੇਖਣ ਵਾਲਾ ਉਸ ਉੱਤੇ ਮੋਹਤ ਹੋ ਜਾਂਦਾ ਸੀ ਅਤੇ ਉਹ ਇਸ ਪਰੇਮ ਫਾਹੀ ਵਿਚ ਫਸ ਜਾਂਦਾ ਸੀ।੪।

**ਦੋ ਅਬਰੂ ਚੁ ਅਬਰੇ ਬਹਾਰਾਂ ਕੁਨਦ॥**
**ਬਿ ਮਿਯਗਾਂ ਚੁ ਅਜ਼ ਤੀਰ ਬਾਰਾਂ ਕੁਨਦ॥੫॥**

***ਪਦ ਅਰਥ***—ਦੋ=ਦੋਵੇਂ। ਅਬਰੂ=ਭਰਵੱਟੇ, ਭਵਾਂ। ਚੁ=ਵਾਂਗੂ। ਅਬਰੇ=ਬੱਦਲ। ਕੁਨਦ=ਕਰਦੇ। ਬਹਾਰਾਂ=ਬਰਸਾਤੀ। ਬਿ=ਨਾਲ। ਮਿਯਗਾਂ=ਪਲਕਾਂ। ਬਾਰਾਂ=ਬਰਖਾ।

***ਅਰਥ***—ਉਸ ਦੇ ਦੋਵੇਂ ਭਰਵੱਟੇ ਬਰਸਾਤੀ ਬੱਦਲ ਵਾਂਗ ਬਹਾਰ ਕਰਦੇ ਸਨ। ਜਿਨ੍ਹਾਂ ਦੀਆਂ ਝਿਮਣੀਆਂ ਤੀਰਾਂ ਦੀ ਬਾਰਸ਼ ਕਰਦੀਆਂ ਸਨ।

ਭਾਵ—ਜਿਸ ਵੱਲ ਤੱਕਦੀਆਂ ਸਨ, ਉਸ ਨੂੰ ਜ਼ਖ਼ਮੀ ਕਰ ਦੇਂਦੀਆਂ ਸਨ।੫।

**ਰੁਖ਼ੇ ਚੂੰ ਖ਼ਲਾਸੀ ਦਿਹਦ ਮਾਹ ਰਾ॥**
**ਬਹਾਰਿ ਗੁਲਿਸਤਾਂ ਦਿਹਦ ਸ਼ਾਹ ਰਾ॥੬॥**

***ਪਦ ਅਰਥ***—ਰੁਖ਼ੇ=ਮੁਖੜਾ। ਖਲਾਸੀ=ਛੁਟਕਾਰਾ। ਦਿਹਦ=ਦੇਂਦਾ ਹੈ। ਬਹਾਰਿ=ਬਸੰਤ ਰੁੱਤ। ਗੁਲਿਸਤਾਂ=ਫੁਲਵਾੜੀ। ਦਿਹਦ=ਦੇਵੇ। ਸ਼ਾਹ ਰਾ=ਰਾਜੇ ਨੂੰ।

***ਅਰਥ***—ਉਸ ਦੇ ਮੁਖੜੇ ਦਾ ਦਰਸ਼ਨ ਚੰਦਰਮਾ ਨੂੰ ਛੁਟਕਾਰਾ ਦਿਵਾ ਦੇਂਦਾ ਸੀ। ਅਰਥਾਤ-ਮੂੰਹ ਵੇਖਣ ਵਾਲੇ ਨੂੰ ਚੰਦਰਮਾ ਦਾ ਵੇਖਣਾ ਭੁੱਲ ਜਾਂਦਾ ਸੀ, ਭਾਵ ਚੰਦਰਮਾ ਨਾਲੋਂ ਭੀ ਮੁੱਖ ਸੋਹਣਾ ਸੀ ਅਤੇ ਰਾਜਿਆਂ ਦੇ ਮਨਾਂ ਰੂਪ ਫੁਲਵਾੜੀ ਨੂੰ ਬਸੰਤ ਰੁੱਤ ਹੋ ਕੇ ਖਿੜਾ ਦੇਂਦਾ ਸੀ ਭਾਵ ਉਸ ਨੂੰ ਵੇਖਦਿਆਂ ਹੀ ਰਾਜਿਆਂ ਦਾ ਮਨ ਖੇੜੇ ਵਿਚ ਹੋ ਜਾਂਦਾ ਸੀ।੬।

[ਦ: ਗ੍ਰੰ: ਪੰਨਾ ੧੪੨੮]

Sri Satguru Jagjit Singh Ji eLibrary NamdhariElibrary@gmail.com

**ਬ ਅਬਰੂ ਕਮਾਨਿ ਸ਼ੁਦਹ ਨਾਜ਼ਨੀਂ ॥**
**ਬ ਚਸ਼ਮਸ਼ ਜ਼ਨਦ ਕੈਬਰਿ ਕਹਰਗੀਂ ॥੭॥**

***ਪਦ ਅਰਥ***—ਅਬਰੂ=ਭਰਵੱਟੇ। ਸ਼ੁਦਹ=ਹੈਸਨ। ਕਮਾਨ=ਧਨੁੱਖ। ਨਾਜ਼ਨੀਂ=ਇਸਤਰੀ। ਚਸ਼ਮਸ਼=ਅੱਖਾਂ ਉਸ ਦੀਆਂ। ਜ਼ਨਦ=ਮਾਰਦੇ। ਕੈਬਰਿ=ਤੀਰ। ਕਹਰਗੀਂ=ਕ੍ਰੋਧ ਭਰੇ।

***ਅਰਥ***—ਉਸ ਇਸਤਰੀ ਦੇ ਦੋਵੇਂ ਭਰਵੱਟੇ ਕਮਾਨ ਵਾਂਗੂ ਟੇਢੇ ਬਣੇ ਹੋਏ ਸਨ ਜਿਸ ਨਾਲ ਉਹ ਅੱਖਾਂ ਵਿਚੋਂ ਕ੍ਰੋਧ ਦੇ ਭਰੇ ਹੋਏ ਤੀਰ ਮਾਰਦੀ ਸੀ। ਭਾਵ ਜਿਸ ਵੱਲ ਤੱਕਦੀ ਸੀ, ਉਸ ਨੂੰ ਜ਼ਖ਼ਮੀ ਕਰ ਦਿੰਦੀ ਸੀ।੭।

**ਬ ਮਸਤੀ ਦਿਹਦ ਹਮ ਚੁਨੀ ਰੂਇ ਮਸਤ ॥**
**ਗੁਲਿਸਤਾਂ ਕੁਨਦ ਬੂਮ ਸ਼ੋਰੀਦਹ ਦਸਤ ॥੮॥**

***ਪਦ ਅਰਥ***—ਬ=ਵਿਚ। ਮਸਤੀ=ਬਿਸੁਰਤੀ। ਦਿਹਦ=ਦੇਂਦਾ। ਹਮ ਚੁਨੀ=ਅਜਿਹਾ। ਰੂਇ=ਚੇਹਰਾ। ਗੁਲਿਸਤਾਂ=ਫੁਲਵਾੜੀ। ਬੂਮ=ਧਰਤੀ। ਸ਼ੋਰੀਦਹ=ਕੱਲਰ ਵਾਲੀ। ਦਸਤ=ਉਜਾੜ।

***ਅਰਥ***—ਚਿਹਰੇ ਦੀ ਮਸਤੀ ਨਾਲ ਸ਼ਰਾਬ ਨੂੰ ਭੀ ਬੇ-ਸੁਰਤ ਕਰ ਦੇਂਦੀ ਸੀ (ਅਤੇ) ਫੁਲਵਾੜੀ ਨੂੰ ਭੀ ਕੱਲਰੀ ਜ਼ਮੀਨ ਤੇ ਉਜਾੜ ਕਰ ਦੇਂਦੀ ਸੀ।੮।

**ਖ਼ੁਸ਼ੇ ਖ਼ੁਸ਼ ਜਮਾਲੋ ਕਮਾਲਿ ਹੁਸਨ ॥**
**ਬਸੂਰਤ ਜਵਾਨਸਤ ਫ਼ਿਕਰਿ ਕੁਹਨ ॥੯॥**

***ਪਦ ਅਰਥ***—ਖ਼ੁਸ਼ੇ=ਸੁੰਦਰ। ਖ਼ੁਸ਼ ਜਮਾਲ=ਬਹੁਤ ਚੰਗਾ ਸਰੂਪ। ਓ=ਅਤੇ। ਕਮਾਲਿ ਹੁਸਨ=ਹੱਦ ਦਰਜੇ ਦੀ ਸੁੰਦਰਤਾਈ। ਬ=ਵਿਚ। ਸੂਰਤ=ਸ਼ਕਲ। ਜਵਾਨਸਤ=ਜੁਆਨ ਹੈਸੀ। ਫ਼ਿਕਰ=ਵਿਚਾਰ ਸੋਚ ਵਿਚ। ਕੁਹਨ=ਪੁਰਾਣੀ।

***ਅਰਥ***—ਬਹੁਤ ਚੰਗੇ ਸਰੂਪ ਵਾਲੀ ਸੀ, ਅਤੇ ਹੱਦ ਦਰਜੇ ਦੀ ਸੁੰਦਰਤਾਈ ਵਾਲੀ ਸੀ। ਸ਼ਕਲ ਵਿਚ ਤਾਂ ਜਵਾਨ ਹੈਸੀ, ਪਰ ਸਮਝ ਸੋਚ ਵਿਚ ਪੁਰਾਣੀ ਵਿਚਾਰ ਵਾਲੀ ਇਸਤਰੀ ਸੀ।੯।

**ਯਕੇ ਹੁਸਨ ਖਾਂ ਬੂਦ ਓ ਜਾ ਫ਼ਗਾਂ ॥**
**ਬਦਾਨਿਸ਼ ਹਮੀ ਬੂਦ ਅਕਲਸ਼ ਜਵਾਂ ॥੧੦॥**

***ਪਦ ਅਰਥ***—ਬੂਦ=ਸੀ। ਓ ਜਾ=ਉਸ ਥਾਂ। ਫ਼ਗਾਂ=ਅਫ਼ਗਾਨ, ਪਠਾਣ। ਬਦਾਨਿਸ਼=ਬੁੱਧੀ ਉਸ ਦੀ। ਹਮੀ=ਭੀ। ਬੂਦ=ਸੀ। ਅਕਲਸ਼=ਸੋਚ ਉਸ ਦੀ। ਜਵਾਂ=ਜਵਾਨ।

***ਅਰਥ***—ਉਸ ਥਾਂ 'ਤੇ ਇਕ 'ਹੁਸਨ ਖਾਂ' ਪਠਾਣ ਹੈਗਾ ਸੀ। ਉਸ ਦੀ ਬੁੱਧੀ ਵਿਚ ਉਸ ਦੀ ਅਕਲ ਜਵਾਨ ਸੀ। ਭਾਵ ਬੁੱਧੀਵਾਨ, ਚੰਗੀ ਸੋਚ ਵਿਚਾਰ ਤੇ ਸਮਝ ਵਾਲਾ ਸੀ।੧੦।

Sri Satguru Jagjit Singh Ji eLibrary NamdhariElibrary@gmail.com

**ਕੁਨਦ ਦੋਸਤੀ ਬਾ ਹਮਹ ਯਕ ਦਿਗਰ ॥**
**ਕਿ ਲੈਲੀ ਓ ਮਜਨੂੰ ਖ਼ਜ਼ਿਲ ਗਸ਼ਤਹ ਸਰ ॥੧੧॥**

***ਪਦ ਅਰਥ***—ਕੁਨਦ=ਕਰਦੇ ਹਨ। ਦੋਸਤੀ=ਪਿਆਰ। ਬਾ ਹਮਹ=ਆਪੋ ਵਿਚ। ਯਕ ਦਿਗਰ=ਇਕ ਦੂਜੇ ਨੂੰ। ਖ਼ਜ਼ਿਲ=ਸ਼ਰਮਿੰਦੇ ਹੁੰਦੇ ਗਏ। ਗਸ਼ਤਹ=ਨਿਵਾ ਲੈਂਦੇ। ਸਰ=ਸਿਰ।

***ਅਰਥ***—ਇਕ ਦੂਜੇ ਨੂੰ ਆਪੋ ਵਿਚ ਪਿਆਰ ਕਰਦੇ ਸਨ। ਉਹਨਾਂ ਦੇ ਪਿਆਰ ਨੂੰ ਵੇਖ ਕੇ ਲੇਲੀ ਅਤੇ ਮਜਨੂੰ ਸ਼ਰਮਿੰਦੇ ਹੁੰਦੇ ਹੋਏ ਸਿਰ ਨੀਵਾਂ ਕਰ ਲੈਂਦੇ ਸਨ ਕਿ ਏਹੋ ਜਿਹਾ ਪਿਆਰ ਸਾਡੇ ਵਿਚ ਨਹੀਂ ਹੋਇਆ।੧੧।

**ਚੁ ਬਾ ਯਕ ਦਿਗਰ ਹਮ ਚੁਨੀਂ ਗਸ਼ਤ ਮਸਤ ॥**
**ਚੁ ਪਾ ਅਜ਼ ਰਕਾਬੋ ਇਨਾਂ ਰਫ਼ਤ ਦਸਤ ॥੧੨॥**

***ਪਦ ਅਰਥ***—ਚੁ=ਜਦ। ਬਾ=ਨਾਲ। ਹਮਾ ਚੁਨੀਂ=ਇਸ ਤਰ੍ਹਾਂ। ਗਸ਼ਤ=ਹੋ ਗਿਆ। ਮਸਤ=ਪ੍ਰੇਮ। ਪਾ=ਪੈਰ। ਅਜ਼=ਤੋਂ। ਰਕਾਬੋ=ਰਕਾਬ ਵਿਚੋਂ। ਇਨਾਂ=ਰਾਸ, ਵਾਗਾਂ। ਰਫ਼ਤ=ਨਿਕਲ ਗਈ। ਦਸਤ=ਹੱਥ।

***ਅਰਥ***—ਇਕ ਦੂਜੇ ਨਾਲ ਇਸ ਤਰ੍ਹਾਂ ਦਾ ਪ੍ਰੇਮ ਹੋ ਗਿਆ ਜੋ ਪੈਰਾਂ ਵਿਚੋਂ ਰਕਾਬ ਤੇ ਹੱਥਾਂ ਵਿਚੋਂ ਵਾਗਾਂ ਨਿਕਲ ਗਈਆਂ। ਭਾਵ ਇਸ਼ਕ ਵਿਚ ਇਸ ਤਰ੍ਹਾਂ ਫਸ ਗਏ ਕਿ ਨਾ ਹੀ ਦੁਨੀਆਂ ਦੀ ਪ੍ਰਵਾਹ ਰਹੀ ਤੇ ਨਾ ਹੀ ਮਨ ਕਾਬੂ ਵਿਚ ਰਿਹਾ।੧੨।

**ਤਲਬ ਕਰਦ ਓ ਖ਼ਾਨਾ ਏ ਖ਼ਿਲਵਤੇ ॥**
**ਮਿਆਂ ਆਮਦਸ਼ ਜ਼ੋ ਬਦਨ ਸ਼ਹਵਤੇ ॥੧੩॥**

***ਪਦ ਅਰਥ***—ਤਲਬ ਕਰਦ=ਸੱਦਿਆ। ਓ=ਉਸ ਨੂੰ। ਖਾਨਾ ਏ=ਘਰ ਵਿਚ। ਖ਼ਿਲਵਤੇ=ਇਕੱਲਾ। ਮਿਆਂ=ਵਿਚ। ਆਮਦ=ਹੋ ਗਿਆ। ਸ਼=ਉਸ। ਬਦਨ=ਸਰੀਰ। ਸ਼ਹਵਤੇ=ਕਾਮ।

***ਅਰਥ***—ਉਸ ਨੇ ਇਸ ਨੂੰ ਇਕੱਲੇ ਘਰ ਵਿਚ ਸੱਦਿਆ। ਫਿਰ ਉਸ ਦੇ ਆਇਆਂ ਤੇ ਉਸ ਦੇ ਸਰੀਰ ਵਿਚ ਕਾਮ ਦਾ ਵੇਗ ਹੋ ਗਿਆ।੧੩।

**ਹਮੀਂ ਜ਼ੁਫ਼ਤ ਖ਼ੁਰਦੰਦ ਦੂ ਸੇ ਚਾਰ ਮਾਹ ॥**
**ਖ਼ਬਰ ਕਰਦ ਜੋ ਦੁਸ਼ਮਨੇ ਨਿਜ਼ਦਿ ਸ਼ਾਹ ॥੧੪॥**

***ਪਦ ਅਰਥ***—ਹਮੀਂ=ਇਸ ਤਰ੍ਹਾਂ। ਜ਼ੁਫ਼ਤ ਖ਼ੁਰਦੰਦ=ਇਕੱਠੇ ਪੀਂਦਿਆਂ ਖਾਂਦਿਆਂ। ਸੇ=ਤਿੰਨ। ਮਾਹ=ਮਹੀਨੇ। ਨਿਜ਼ਦਿ=ਪਾਸ। ਸ਼ਾਹ=ਰਾਜੇ।

***ਅਰਥ***—ਇਸ ਤਰ੍ਹਾਂ ਇਕੱਠੇ ਖਾਂਦਿਆਂ ਪੀਂਦਿਆਂ ਦੋ ਤਿੰਨ ਚਾਰ ਮਹੀਨੇ ਗੁਜ਼ਰ ਗਏ। ਇਕ ਦੁਸ਼ਮਨ ਨੇ ਰਾਜੇ ਪਾਸ ਖ਼ਬਰ ਕਰ ਦਿੱਤੀ।੧੪।

Sri Satguru Jagjit Singh Ji eLibrary NamdhariElibrary@gmail.com

**ਬ ਹੈਰਤ ਦਰਾਮਦ ਫਗਾਨੇ ਰਹੀਮ ॥**
**ਕਸ਼ੀਦਨ ਯਕੇ ਤੇਗ਼ ਗੁਰੱਰਾ ਅਜ਼ੀਮ ॥੧੫॥**

***ਪਦ ਅਰਥ***—ਬ=ਵਿਚ। ਹੈਰਤ=ਹੈਰਾਨੀ। ਫਗਾਨੇ=ਅਫਗਾਨੇ, ਪਠਾਣ। ਕਸ਼ੀਦਨ=ਖਿੱਚ ਲਈ। ਤੇਗ=ਤਲਵਾਰ। ਗੁਰਰਾ=ਗਰਜਿਆ। ਅਜ਼ੀਮ=ਬੜਾ ਵੱਡਾ।

***ਅਰਥ***—ਰਹੀਮ ਖਾਨ ਪਠਾਣ ਹੈਰਾਨੀ ਵਿਚ ਆਇਆ ਅਤੇ ਮਿਆਨ ਵਿਚੋਂ ਇਕ ਤਲਵਾਰ ਨੂੰ ਖਿੱਚ ਕੇ ਬੜਾ ਭਾਰੀ ਗੱਜਿਆ।੧੫।

**ਚੁ ਖ਼ਬਰਸ਼ ਰਸੀਦ ਆਂ ਕਿ ਆਮਦ ਸ਼ੌਹਰ ॥**
**ਹਮਾਂ ਯਾਰ ਖੁਦ ਰਾ ਬਿਜ਼ਦ ਤੇਗ ਸਰ ॥੧੬॥**

***ਪਦ ਅਰਥ***—ਚੁ=ਜਦ। ਖ਼ਬਰ=ਪਤਾ, ਸੂਹ। ਸ਼=ਉਸ ਨੂੰ। ਰਸੀਦ=ਪੁੱਜੀ। ਆਂ ਕਿ=ਜੋ ਕਿ। ਆਮਦ=ਆਉਂਦਾ ਹੈ। ਸ਼ੌਹਰ=ਖ਼ਾਵੰਦ, ਪਤੀ। ਹਮਾਂ=ਉਸ ਵੇਲੇ। ਯਾਰ ਖੁਦ ਰਾ=ਆਪਣੇ ਯਾਰ 'ਤੇ। ਬਿਜ਼ਦ=ਮਾਰੀ। ਤੇਗ=ਤਲਵਾਰ। ਸਰ=ਸਿਰ।

***ਅਰਥ***—ਜਦ ਉਸ ਇਸਤਰੀ ਨੂੰ ਖ਼ਬਰ ਲੱਗ ਗਈ ਕਿ ਮੇਰਾ ਪਤੀ ਆ ਰਿਹਾ ਹੈ ਤਦ ਉਸ ਇਸਤਰੀ ਨੇ ਆਪਣੇ ਯਾਰ ਦੇ ਸਿਰ ਵਿਚ ਤਲਵਾਰ ਮਾਰ ਦਿੱਤੀ।੧੬।

**ਹਮਾਂ ਗੋਸ਼ਤਿ ਓ ਦੇਗ਼ ਅੰਦਰ ਨਿਹਾਦ ॥**
**ਮਸਾਲਿਹ ਬਿਅੰਦਾਖ਼ਤ ਆਤਿਸ਼ ਬਿਦਾਦ ॥੧੭॥**

***ਪਦ ਅਰਥ***—ਹਮਾਂ=ਉਹੀ। ਗੋਸ਼ਤਿ=ਮਾਸ। ਨਿਹਾਦ=ਪਾ ਦਿੱਤਾ। ਬਿਅੰਦਾਖ਼ਤ=ਪਾ ਦਿੱਤਾ। ਆਤਿਸ਼=ਅੱਗ। ਬਿਦਾਦ=ਬਾਲ ਦਿੱਤੀ।

***ਅਰਥ***—ਉਸ ਦਾ ਮਾਸ ਦੇਗ ਵਿਚ ਪਾ ਦਿੱਤਾ, ਵਿਚ ਮਸਾਲੇ ਭੀ ਪਾ ਦਿੱਤੇ ਅਤੇ ਹੇਠਾਂ ਅੱਗ ਬਾਲ ਦਿੱਤੀ।੧੭।

**ਸ਼ੌਹਰ ਰਾ ਖੁਰਾਨੀਦ ਬਾਕੀ ਬਿਮਾਂਦ ॥**
**ਹਮਹ ਨੌਕਰਾਂ ਰਾ ਜ਼ਿਆਫ਼ਤ ਕੁਨਾਂਦ ॥੧੮॥**

***ਪਦ ਅਰਥ***—ਸ਼ੌਹਰ=ਖ਼ਾਵੰਦ। ਰਾ=ਨੂੰ। ਖੁਰਾਨੀਦ=ਖੁਆਇਆ। ਬਿਮਾਂਦ=ਬਚ ਰਿਹਾ। ਹਮਹ=ਸਾਰਿਆਂ। ਜ਼ਿਆਫ਼ਤ=ਪ੍ਰੀਤੀ ਭੋਜਨ। ਕੁਨਾਂਦ=ਕਰ ਦਿੱਤੀ।

***ਅਰਥ***—ਉਹ ਮਾਸ ਪਹਿਲੇ ਆਪਣੇ ਪਤੀ ਨੂੰ ਖੁਆਇਆ, ਬਾਕੀ ਜੋ ਬਚ ਰਿਹਾ ਉਹ ਸਾਰਾ ਸਾਰੇ ਨੌਕਰਾਂ ਨੂੰ ਪ੍ਰੀਤੀ ਭੋਜਨ ਖੁਆ ਕੇ ਪ੍ਰਾਹੁਣਾਚਾਰੀ ਕੀਤੀ।੧੮।

**ਚੁ ਖੁਸ਼ ਗਸ਼ਤ ਸ਼ੌਹਰ ਨ ਦੀਦਸ਼ ਚੁ ਨਰ ॥**
**ਬਿਕੁਸ਼ਤ ਆਂ ਕਸੇ ਰਾ ਕਿ ਦਾਦਸ਼ ਖਬਰ ॥੧੯॥**

***ਪਦ ਅਰਥ***—ਚੁ=ਜਦ। ਖੁਸ਼=ਪ੍ਰਸੰਨ। ਗਸ਼ਤ=ਹੋ ਗਿਆ। ਸ਼ੌਹਰ=ਪਤੀ। ਦੀਦ=ਵੇਖਿਆ। ਸ਼=ਉਸ ਨੇ। ਕੁਸ਼ਤ=ਮਾਰ ਦਿੱਤਾ। ਆਂ=ਉਸ ਨੇ। ਕਸੇ=ਆਦਮੀ। ਦਾਦ=ਦਿੱਤੀ। ਸ਼=ਉਸ ਨੂੰ।

***ਅਰਥ***—ਜਦ ਉਸ ਨੇ ਕਿਸੇ ਭੀ ਆਦਮੀ ਨੂੰ ਉਥੇ ਨਾ ਵੇਖਿਆ ਤਾਂ ਪਤੀ ਪ੍ਰਸੰਨ ਹੋ ਕੇ ਚਲਾ ਗਿਆ ਅਤੇ ਉਸ ਆਦਮੀ ਨੂੰ ਮਾਰ ਸੁੱਟਿਆ, ਜਿਸ ਨੇ ਆ ਕੇ ਖ਼ਬਰ ਦਿੱਤੀ ਸੀ ਕਿ ਤੇਰੇ ਘਰ ਕੋਈ ਆਦਮੀ ਆਇਆ ਹੈ ।੧੯।

**ਬਿਦਿਹ ਸਾਕੀਆ ਸਾਗਰਿ ਸਬਜ਼ ਗੂੰ ॥**
**ਕਿ ਮਾਰਾ ਬਕਾਰ ਅਸਤ ਜੰਗ ਅੰਦਰੂੰ ॥੨੦॥**

***ਪਦ ਅਰਥ***—ਸਾਗਰਿ=ਪਿਆਲਾ। ਸਬਜ਼=ਹਰਾ। ਗੂੰ=ਰੰਗ। ਮਾਰਾ=ਮੈਨੂੰ। ਬਕਾਰ=ਲੋੜੀਂਦਾ। ਅਸਤ= ਹੈ। ਅੰਦਰੂੰ=ਵਿਚ।

***ਅਰਥ***—ਹੇ ਸਤਿਗੁਰੋ! ਹਰੇ ਰੰਗ ਦਾ ਨਾਮ ਰੂਪੀ ਪਿਆਲਾ ਦੇਹੁ। ਜੋ ਮੈਨੂੰ ਜੰਗ ਦੇ ਅੰਦਰ ਲੋੜੀਂਦਾ ਹੈ ।੨੦।

**ਲਬਾ ਲਬ ਬਿਕੁਨ ਓ ਦਮ ਬ ਦਮ ਨੋਸ਼ ਕੁਨ ॥**
**ਗਮਿ ਹਰ ਦੋ ਆਲਮ ਫਿਰਾਮੋਸ਼ ਕੁਨ ॥੨੧॥੧੨॥**

***ਪਦ ਅਰਥ***—ਲਬਾ ਲਬ=ਨੱਕੋ ਨੱਕ, ਪੂਰਾ ਕੰਢਿਆਂ ਤੱਕ। ਬਿਕੁਨ=ਤੂੰ ਕਰ। ਓ=ਅਤੇ। ਦਮ ਬ-ਦਮ=ਸਵਾਸ ਗਿਰਾਸ। ਨੋਸ਼ ਕੁੰਨ=ਤੂੰ ਪੀਂਦਾ ਰਹੁ। ਗਮਿ=ਚਿੰਤਾ। ਹਰ ਦੋ=ਦੋਹਾਂ। ਆਲਮ=ਲੋਕ। ਫਿਰਾਮੋਸ਼ ਕੁਨ=ਭੁਲਾ ਦੇਹੁ।

***ਅਰਥ***—ਹੇ ਸਤਿਗੁਰੋ! ਨੱਕੋ ਨੱਕ ਭਰ ਕੇ ਪਿਆਲਾ ਦੇਹੁ ਅਤੇ ਹੇ ਮਨ! ਤੂੰ ਉਸ ਪਿਆਲੇ ਨੂੰ ਸਵਾਸ ਗਿਰਾਸ ਪੀਂਦਾ ਰਹੁ ਅਤੇ ਦੋਹਾਂ ਲੋਕਾਂ ਦੀ ਚਿੰਤਾ ਨੂੰ ਭੁਲਾ ਦੇਹੁ ॥੨੧॥੧੨॥

ਬਾਰ੍ਹਵੀਂ ਹਿਕਾਯਤ [ਕਹਾਣੀ] ਸੰਪੂਰਨ ਹੋਈ।

—ਸਮਾਪਤ—

Sri Satguru Jagjit Singh Ji eLibrary NamdhariElibrary@gmail.com

# ਬੇਨਤੀ

ਸ੍ਰੀ ਦਸਮ ਗ੍ਰੰਥ ਸਟੀਕ ਦੀ ਦਸਵੀਂ ਤੇ ਆਖਰੀ ਪੋਥੀ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਹੈ।

ਇਸ ਕਾਰਜ ਦੀ ਅਰੰਭਤਾ ਤੋਂ ਲੈ ਕੇ ਸਮਾਪਤੀ ਤੱਕ ਸ੍ਰੀ ਦਸਮ ਪਿਤਾ ਜੀ ਦਾ ਮਿਹਰ ਭਰਿਆ ਹੱਥ ਸਾਡੇ ਸਿਰ 'ਤੇ ਰਿਹਾ ਹੈ।

ਇਹਨਾਂ ਪੋਥੀਆਂ ਦੀ ਸੰਪਾਦਨਾ ਤੇ ਸੋਧ ਸੁਧਾਈ ਦਾ ਕੰਮ ਬੜੀ ਮਿਹਨਤ ਤੇ ਲਗਨ ਨਾਲ ਕੀਤਾ ਗਿਆ ਹੈ। ਕਿਉਂਕਿ ਦਸਮ ਬਾਣੀ ਦੇ ਪਾਠਾਂ ਵਿਚ ਕਾਫ਼ੀ ਮਤ-ਭੇਦ ਹਨ। ਫਿਰ ਵੀ ਕਿਸੇ ਉਕਾਈ ਦਾ ਰਹਿ ਜਾਣਾ ਸੁਭਾਵਕ ਹੈ। ਸੋ ਵਿਦਵਾਨ ਪਾਠਕਾਂ ਦੇ ਚਰਨਾਂ ਵਿਚ ਸਨਿਮਰ ਜੋਦੜੀ ਹੈ ਕਿ ਜੇਕਰ ਕੋਈ ਤਰੁਟੀ ਉਹਨਾਂ ਦੇ ਧਿਆਨ ਵਿਚ ਆਵੇ ਤਾਂ ਉਹ ਪ੍ਰਕਾਸ਼ਕਾਂ ਨੂੰ ਸੂਚਿਤ ਕਰਨ ਦੀ ਕ੍ਰਿਪਾਲਤਾ ਕਰਨ, ਤਾਂ ਕਿ ਅਗਲੀ ਐਡੀਸ਼ਨ ਵਿਚ ਸੁਧਾਈ ਕੀਤੀ ਜਾ ਸਕੇ। ਪ੍ਰਕਾਸ਼ਕ ਉਹਨਾਂ ਦੇ ਧੰਨਵਾਦੀ ਹੋਣਗੇ।

*'ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰ ॥'*

ਜੂਨ 2004

ਸੋਧਕ—ਜਗਦੀਸ਼ ਸਿੰਘ 'ਕਮਲਾ'
ਕ੍ਰਿਸ਼ਨਾ ਨਗਰ, ਗਲੀ ਨੰ. 4, ਨੇੜੇ ਸੇਵਾ ਪੰਥੀ ਆਸ਼ਰਮ,
ਸ਼ਹੀਦ ਊਧਮ ਸਿੰਘ ਚੌਂਕ, ਸ੍ਰੀ ਅੰਮ੍ਰਿਤਸਰ।

Sri Satguru Jagjit Singh Ji eLibrary NamdhariElibrary@gmail.com